**One stop shop for all your taxi needs**



**The Friendly Group Ltd. Chelsea Taxi Brokers**

Address: 287 10 AVE 2nd Floor, New York NY 10001

Ph: 212-947-9833, 212-695-0601

40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ

*Ask us about Purchase or new buyer and financing.

We are here at your service to sell and buy or insure medallions and we are in business to help our Punjabi Community since last 40 years.

*All types of insurance*
* Medallion transfers * Accident claims * Taxi Stand Facility available

ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੁਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।



Twenty-Fifth Year of Publication | ਨਿਊਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 26, Issue 20; May 17, 2025 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਪ੍ਰਮਾਣੂ ਬੰਬ 'ਤੇ ਬਲੈਕਮੇਲਿੰਗ ਬਰਦਾਸ਼ਤ ਨਹੀਂ ਕਰਾਂਗੇ: ਮੋਦੀ

### "ਕਸ਼ਮੀਰ ਬਾਰੇ ਨਾ ਕੋਈ ਗੱਲ ਹੋਵੇਗੀ ਅਤੇ ਨਾ ਕਿਸੇ ਦੀ ਵਿਚੋਲਗੀ"



**ਨਵੀਂ ਦਿੱਲੀ:** ਆਪ੍ਰੇਸ਼ਨ ਸੰਧੂਰ ਨੂੰ ਅੱਤਵਾਦ ਖ਼ਿਲਾਫ਼ ਲੜਾਈ 'ਚ ਇਕ ਨਵੀਂ ਲਕੀਰ ਦੱਸਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਫ਼ ਕਰ ਦਿੱਤਾ ਕਿ ਹਾਲੇ ਸਿਰਫ਼ ਇਸ ਨੂੰ ਮੁਲਤਵੀ ਕੀਤਾ ਗਿਆ ਹੈ। ਦੇਸ਼ ਦੇ ਨਾਂ ਸੰਬੋਧਨ 'ਚ ਪਾਕਿਸਤਾਨ ਨੂੰ ਸਖ਼ਤ ਚਿਤਾਵਨੀ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਭਵਿੱਖ 'ਚ ਵੀ ਅੱਤਵਾਦੀ ਹਮਲਿਆਂ ਦਾ ਮੂੰਹਤੋੜ ਜਵਾਬ ਦਿੱਤਾ ਜਾਏਗਾ। ਪ੍ਰਧਾਨ ਮੰਤਰੀ ਨੇ ਸਪੱਸ਼ਟ ਕਿਹਾ ਕਿ ਭਾਰਤ ਹੁਣ ਨਿਊਕਲੀਅਰ ਬਲੈਕਮੇਲਿੰਗ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਆਪ੍ਰੇਸ਼ਨ ਸਿੰਧੂਰ ਨੂੰ ਨਿਆਂ ਦੀ ਅਖੰਡ ਪ੍ਰਤਿਗਿਆ ਦੱਸਿਆ। ਪ੍ਰਧਾਨ ਮੰਤਰੀ ਦੇ ਮੁਤਾਬਕ ਪਾਕਿਸਤਾਨ ਵਲੋਂ ਅੱਗੇ ਕੋਈ ਅੱਤਵਾਦੀ ਸਰਗਰਮੀ ਤੇ ਫ਼ੌਜੀ ਹਿਮਾਕਤ ਨਾ ਦਿਖਾਉਣ ਦੀ ਸ਼ਰਤ 'ਤੇ ਹੀ ਆਪ੍ਰੇਸ਼ਨ ਸਿੰਧੂਰ ਨੂੰ ਮੁਲਤਵੀ ਕੀਤਾ ਗਿਆ ਹੈ ਪਰ ਪਾਕਿਸਤਾਨ ਦੇ ਹਰ ਕਦਮ ਨੂੰ ਇਸ ਕਸੌਟੀ 'ਤੇ ਮਾਪਿਆ ਜਾਏਗਾ। ਇਕ ਪਾਸੇ ਜਦੋਂ ਅਮਰੀਕੀ ਰਾਸ਼ਟਰਪਤੀ ਵਾਰ-ਵਾਰ ਸੀਜ਼ਫਾਇਰ ਲਈ ਸਿਹਰਾ ਲੈ ਰਹੇ ਹਨ, ਅਜਿਹੇ 'ਚ ਪ੍ਰਧਾਨ ਮੰਤਰੀ ਦਾ ਇਹ ਸਪੱਸ਼ਟ ਸੰਦੇਸ਼ ਨਾ ਸਿਰਫ਼ ਪਾਕਿਸਤਾਨ ਬਲਕਿ ਅਮਰੀਕਾ ਨੂੰ ਵੀ ਸੀ ਤੇ ਦੇਸ਼ 'ਚ ਸਵਾਲ ਪੁੱਛ ਰਹੇ ਸਿਆਸੀ ਦਲਾਂ ਨੂੰ ਵੀ। ਪਹਿਲਗਾਮ 'ਚ ਅੱਤਵਾਦੀਆਂ ਵਲੋਂ ਬੇਕਸੂਰ ਲੋਕਾਂ ਨੂੰ, ਪਰਿਵਾਰ ਵਾਲਿਆਂ, ਬੱਚਿਆਂ ਦੇ ਸਾਹਮਣੇ ਧਰਮ ਪੁੱਛ ਕੇ ਮਾਰੇ ਜਾਣ ਬਾਰੇ ਮੋਦੀ ਨੇ ਕਿਹਾ ਕਿ ਅੱਤਵਾਦੀਆਂ ਨੇ ਸਾਡੀਆ ਭੈਣਾਂ ਦਾ ਸਿੰਧੂਰ ਉਜਾੜਿਆ ਸੀ, ਇਸੇ ਲਈ ਭਾਰਤ ਨੇ ਅੱਤਵਾਦ ਦੇ ਹੈੱਡਕੁਆਰਟਰਸ ਉਜਾੜ ਦਿੱਤੇ। ਉਨ੍ਹਾਂ ਭਾਰਤੀ ਫ਼ੌਜੀ ਦਸਤਿਆਂ ਦੀ ਬਹਾਦਰੀ ਨੂੰ ਸਲਾਮ ਕਰਦੇ ਹੋਏ ਕਿਹਾ ਕਿ ਅੱਤਵਾਦੀਆਂ ਦੇ ਹੈੱਡਕੁਆਰਟਰ ਤੇ ਟ੍ਰੇਨਿੰਗ ਕੈਂਪਾਂ ਨੂੰ ਖੰਡਰ 'ਚ ਤਬਦੀਲ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਇਨ੍ਹਾਂ ਅੱਤਵਾਦੀ ਟਿਕਾਣਿਆਂ ਨੂੰ ਵਿਸ਼ਵ ਅੱਤਵਾਦ ਦੀ ਯੂਨੀਵਰਸਿਟੀ ਦੱਸਦੇ ਹੋਏ ਉਨ੍ਹਾਂ ਦੇ ਤਾਰ ਨਿਊਯਾਰਕ ਦੇ 9/11 ਹਮਲੇ ਅਤੇ ਲੰਡਨ ਦੇ ਟਿਊਬ ਧਮਾਕਿਆਂ ਨਾਲ ਵੀ ਜੋੜੇ। ਧਿਆਨ ਦੇਣ ਦੀ ਗੱਲ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਬਿਹਾਰ 'ਚ ਇਕ ਸਭਾ ਨੂੰ ਸੰਬੋਧਨ ਕਰਦੇ ਹੋਏ ਸਾਫ਼ ਕਰ ਦਿੱਤਾ ਸੀ ਕਿ ਅੱਤਵਾਦੀਆਂ ਤੇ ਉਨ੍ਹਾਂ ਦੇ ਆਕਾਵਾਂ ਨੂੰ ਅਜਿਹੀ ਸਜ਼ਾ ਮਿਲੇਗੀ, ਜਿਸ ਬਾਰੇ ਉਨ੍ਹਾਂ ਸੁਪਨੇ 'ਚ ਵੀ ਨਹੀਂ ਸੋਚਿਆ ਸੀ। ਭਾਰਤੀ ਫ਼ੌਜਾਂ ਨੇ ਇਸ ਨੂੰ ਸੱਚ ਕਰ ਕੇ ਦਿਖਾਇਆ। ਅੱਤਵਾਦ ਦੇ ਇਹ ਆਕਾ ਜਿਹੜੇ ਪਿਛਲੇ ਢਾਈ-ਤਿੰਨ ਦਹਾਕਿਆਂ ਤੋਂ ਪਾਕਿਸਤਾਨ 'ਚ ਖੁੱਲ੍ਹੇਆਮ ਘੁੰਮ ਰਹੇ ਸਨ, ਉਨ੍ਹਾਂ ਨੂੰ ਇਕ ਝਟਕੇ 'ਚ ਖ਼ਤਮ ਕਰ ਦਿੱਤਾ ਗਿਆ ਹੈ। ਅੱਤਵਾਦੀਆਂ ਨੇ ਸੁਪਨੇ 'ਚ ਵੀ ਨਹੀਂ ਸੋਚਿਆ ਸੀ ਕਿ ਭਾਰਤ ਏਨਾ ਵੱਡਾ ਫ਼ੈਸਲਾ ਲੈ ਸਕਦਾ ਹੈ ਪਰ ਇਕਜੁੱਟ ਭਾਰਤ ਨੇ ਫੌਲਾਦੀ ਫ਼ੈਸਲਾ ਕੀਤਾ ਤੇ ਇਸ ਨੂੰ ਕਰ ਕੇ ਦਿਖਾਇਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਹਰ ਅੱਤਵਾਦੀ ਤੇ ਹਰ ਅੱਤਵਾਦੀ ਸੰਗਠਨ ਜਾਣ ਚੁੱਕਾ ਹੈ ਕਿ ਸਾਡੀਆ ਭੈਣਾਂ, ਬੇਟੀਆਂ ਦੇ ਮੱਥੇ ਤੋਂ ਸਿੰਧੂਰ ਹਟਾਉਣ ਦਾ ਅੰਜਾਮ ਕੀ ਹੁੰਦਾ ਹੈ।

**(ਬਾਕੀ ਸਫ਼ਾ 6 'ਤੇ)**

## ਪ੍ਰਧਾਨ ਮੰਤਰੀ ਨੇ ਅਚਾਨਕ ਆਦਮਪੁਰ ਪਹੁੰਚ ਕੇ ਜਵਾਨਾਂ ਨਾਲ ਮੁਲਾਕਾਤ ਕੀਤੀ

**ਆਦਮਪੁਰ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੰਗਲਵਾਰ ਸਵੇਰੇ ਪੰਜਾਬ ਦੇ ਆਦਮਪੁਰ ਏਅਰਬੇਸ 'ਤੇ ਭਾਰਤੀ ਹਵਾਈ ਸੈਨਾ ਦੇ ਜਵਾਨਾਂ ਨਾਲ ਮੁਲਾਕਾਤ ਕਰਨ ਅਤੇ ਦੇਸ਼ ਦੀ ਰੱਖਿਆ ਲਈ ਉਨ੍ਹਾਂ ਦੀ ਹਿੰਮਤ ਅਤੇ ਨਿਡਰਤਾ ਲਈ ਰਾਸ਼ਟਰ ਦਾ ਧੰਨਵਾਦ ਕਰਨ ਲਈ ਅਚਾਨਕ ਆਦਮਪੁਰ ਪਹੁੰਚ ਗਏ। ਉਨ੍ਹਾਂ ਦਾ ਇਹ ਦੌਰਾ

*(ਬਾਕੀ ਸਫ਼ਾ 6 'ਤੇ)*

# ਅਸੀਂ ਭਾਰਤ-ਪਾਕਿਸਤਾਨ ਨੂੰ ਪ੍ਰਮਾਣੂ ਜੰਗ ਤੋਂ ਰੋਕਿਆ: ਟਰੰਪ

### ਭਾਰਤ ਵਲੋਂ ਕੀਤੇ ਗਏ ਖੰਡਨ ਤੋਂ ਬਾਅਦ ਟਰੰਪ ਨੇ ਤੀਜੀ ਵਾਰ ਦੁਹਰਾਇਆ



**ਨਵੀਂ ਦਿੱਲੀ:** ਪਿਛਲੇ ਸ਼ਨੀਵਾਰ ਨੂੰ ਦੋ ਵਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਹ ਦਾਅਵਾ ਕੀਤਾ ਸੀ ਕਿ ਭਾਰਤ ਅਤੇ ਪਾਕਿਸਤਾਨ ਦੇ ਵਿਚਕਾਰ ਜੰਗਬੰਦੀ ਉਨ੍ਹਾਂ ਨੇ ਕਰਵਾਇਆ। ਹੁਣ ਤੀਜੀ ਵਾਰ ਉਨ੍ਹਾਂ ਨੇ ਫੇਰ ਦਾਅਵਾ ਕੀਤਾ ਹੈ ਕਿ ਭਾਰਤ ਅਤੇ ਪਾਕਿਸਤਾਨ ਦੇ ਵਿਚਕਾਰ ਪਰਮਾਣੂ ਸੰਘਰਸ਼ ਨੂੰ ਰੋਕਣ ਵਿਚ ਉਨ੍ਹਾਂ ਦੀ ਸਰਕਾਰ ਨੇ ਮੱਧਸਥਤਾ ਕੀਤੀ ਅਤੇ ਲੱਖਾਂ ਲੋਕਾਂ ਦੀ ਜਾਨ ਬਚਾਈ।

ਰਾਸ਼ਟਰਪਤੀ ਟਰੰਪ ਦਾ ਇਹ ਦਾਅਵਾ ਸੋਮਵਾਰ ਨੂੰ ਉਸ ਸਮੇਂ ਆਇਆ ਜਦੋਂ ਭਾਰਤ ਵੱਲੋਂ ਆਪਰੇਸ਼ਨ ਸੰਧੂਰ ਨੂੰ ਮੁਲਤਵੀ ਕਰਨ ਦੀ ਗੱਲ ਕੀਤੀ ਗਈ ਹੈ ਅਤੇ ਪਾਕਿਸਤਾਨ ਵੱਲੋਂ ਸੀਮਾ 'ਤੇ ਆਮ ਤੌਰ 'ਤੇ ਸ਼ਾਂਤੀ ਹੈ। ਅਮਰੀਕੀ ਰਾਸ਼ਟਰਪਤੀ ਨੇ ਦੱਖਣੀ ਏਸ਼ੀਆ ਦੇ ਇਨ੍ਹਾਂ ਦੋਨਾਂ ਦੇਸ਼ਾਂ ਦੇ ਵਿਚਕਾਰ ਤਣਾਅ ਖਤਮ ਕਰਨ ਲਈ ਵਪਾਰ ਨੂੰ ਵੀ ਨੀਤੀ ਵਜੋਂ ਵਰਤਣ ਦੀ ਗੱਲ ਕੀਤੀ ਹੈ। ਭਾਰਤ ਸਰਕਾਰ ਦੇ ਵਿਸ਼ਵਾਸਯੋਗ ਸ੍ਰੋਤ ਇਕ ਦਿਨ ਪਹਿਲਾਂ ਹੀ ਅਮਰੀਕਾ ਦੇ ਇਸ ਦਾਅਵੇ ਨੂੰ ਖਾਰਜ ਕਰ ਚੁੱਕੇ ਹਨ। ਭਾਰਤ ਦਾ ਕਹਿਣਾ ਹੈ ਕਿ ਉਸ ਦੀ ਫ਼ੌਜੀ ਕਾਰਵਾਈ ਤੋਂ ਪਸਤ ਹੋ ਕੇ ਪਾਕਿਸਤਾਨ ਨੇ ਅਮਰੀਕਾ ਨੂੰ ਅਰਜੋਈ ਕੀਤੀ ਕਿ ਉਹ ਜੰਗਬੰਦੀ ਕਰਨ ਲਈ ਤਿਆਰ ਹੈ ਅਤੇ ਇਸ ਦੀ ਸੂਚਨਾ ਭਾਰਤ ਨੂੰ ਦਿੱਤੀ ਜਾਵੇ। ਟਰੰਪ ਨੇ ਸੋਮਵਾਰ ਨੂੰ ਕਿਹਾ- 'ਮੈਂ ਤੁਹਾਨੂੰ ਪਿਛਲੇ ਕੁਝ ਦਿਨਾਂ ਵਿਚ ਘਟੀ ਇਕ ਇਤਿਹਾਸਕ ਘਟਨਾ ਬਾਰੇ ਦੱਸਣਾ ਹੈ। ਸ਼ਨੀਵਾਰ ਨੂੰ ਸਾਡੀ ਸਰਕਾਰ ਨੇ ਭਾਰਤ ਅਤੇ ਪਾਕਿਸਤਾਨ ਦੇ ਵਿਚਕਾਰ ਇਕ ਵੱਡੇ ਸੰਘਰਸ਼ ਨੂੰ ਖਤਮ ਕਰਨ ਲਈ ਸਥਾਈ ਜੰਗਬੰਦੀ ਕਰਵਾਉਣ ਵਿਚ ਮਦਦ ਕੀਤੀ ਹੈ। ਇਹ ਦੋਨਾਂ ਪਰਮਾਣੂ ਹਥਿਆਰਾਂ ਨਾਲ ਸੰਪੰਨ ਦੇਸ਼ ਹਨ।

ਦੋਨਾਂ ਕੋਲ ਸਥਿਤੀ ਦੀ ਗੰਭੀਰਤਾ ਨੂੰ ਸਮਝਣ ਦੀ ਲੋੜੀਂਦੀ ਸੋਝੀ ਅਤੇ ਮਜ਼ਬੂਤੀ ਵੀ ਹੈ। ਅਸੀਂ ਉਨ੍ਹਾਂ ਦੀ ਬਹੁਤ ਮਦਦ ਕੀਤੀ। ਅਸੀਂ ਵਪਾਰ ਵਿਚ ਵੀ ਉਨ੍ਹਾਂ ਦੀ ਮਦਦ ਕੀਤੀ। ਮੈਂ ਕਿਹਾ ਕਿ ਇਸਨੂੰ ਟਾਲ ਦਿਓ ਅਤੇ ਅਸੀਂ ਦੋਨਾਂ ਦੇ ਨਾਲ ਵਪਾਰ ਕਰਨ ਲਈ ਤਿਆਰ ਹਾਂ। ਜੇ ਨਹੀਂ ਟਾਲੋਗੇ ਤਾਂ ਅਸੀਂ ਵਪਾਰ ਨਹੀਂ ਕਰ ਸਕਦੇ। ਵਪਾਰ ਦੀ ਜਿਵੇਂ ਮੈਂ ਵਰਤੋਂ ਕਰਦਾ ਹਾਂ, ਹੋਰ ਕੋਈ ਨਹੀਂ ਕਰਦਾ। ਫਿਰ ਅਚਾਨਕ ਹੀ ਦੋਨਾਂ ਨੇ ਕਿਹਾ ਹੈ ਕਿ ਅਸੀਂ ਸੰਘਰਸ਼ ਨੂੰ ਟਾਲ ਰਹੇ ਹਾਂ। ਸਪੱਸ਼ਟ ਹੈ ਕਿ ਅਸੀਂ ਇਕ ਪਰਮਾਣੂ ਸੰਘਰਸ਼ ਨੂੰ ਰੋਕਿਆ।

ਮੈਨੂੰ ਲੱਗਦਾ ਹੈ ਕਿ ਇਹ ਬਹੁਤ ਹੀ ਵੱਡਾ ਪਰਮਾਣੂ ਯੁੱਧ ਹੁੰਦਾ। ਇਸ ਵਿਚ ਲੱਖਾਂ ਲੋਕਾਂ ਦੀ ਮੌਤ ਹੋ ਜਾਂਦੀ।

*(ਬਾਕੀ ਸਫ਼ਾ 6 'ਤੇ)*


Travelopod
Flights Lower Than Online

**Discounted Flights To INDIA**

***ਇੰਡੀਆ ਜਾਣ ਲਈ ਸਸਤੀਆਂ ਟਿਕਟਾਂ ਲੈਣ ਵਸਤੇ ਅੱਜ ਹੀ ਕਾਲ ਕਰੋ:***

**SALE: $350 OFF**

**For Special Sale Fares**

**Call Now: 1-800-674-3868**

**5* Ratings & 24x7 Service**

**EXTRA $50 OFF with Promo Code: FLY50**

**HURRY! Book Now & Save Big on Your Flights to India!**

Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

**Sistar Mortgage**
A Nationwide Lender

Over 2 Decades of experience providing high level servicing for new and experienced borrowers!


**Residential and Commercial Loans**
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਉਧਰੋਂ ਗੋਲੀ ਚੱਲੀ ਤਾਂ ਇਧਰੋਂ ਚੱਲੇਗਾ ਗੋਲਾ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਾਕਿਸਤਾਨ ਦੇ ਨਾਲ ਤਣਾਅ ਘੱਟ ਕਰਨ ਦੇ ਸਮਝੌਤੇ 'ਤੇ ਚਰਚਾ ਦੌਰਾਨ ਅਮਰੀਕਾ ਦੇ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਨੂੰ ਕਿਹਾ ਕਿ ਜੇਕਰ ਪਾਕਿਸਤਾਨ ਨੇ ਭਾਰਤ 'ਤੇ ਹਮਲਾ ਕੀਤਾ ਤਾਂ ਭਾਰਤ ਪੂਰੀ ਤਾਕਤ ਨਾਲ ਜਵਾਬੀ ਹਮਲਾ ਕਰੇਗਾ। ਹਲਕਿਆਂ ਮੁਤਾਬਿਕ ਸਾਹਮਣੇ ਆਈ ਖ਼ਬਰ 'ਚ ਇਹ ਵੀ ਕਿਹਾ ਗਿਆ ਕਿ ਮੋਦੀ ਨਾਲ ਗੱਲਬਾਤ ਤੋਂ ਬਾਅਦ ਵੈਂਸ ਨੇ ਪਾਕਿਸਤਾਨ ਦੇ ਫ਼ੌਜ ਮੁਖੀ ਆਸਿਮ ਮੁਨੀਰ ਨਾਲ ਵੀ ਗੱਲਬਾਤ ਕੀਤੀ ਅਤੇ ਫਿਰ ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨਾਲ ਵੀ ਚਰਚਾ ਕੀਤੀ। ਵਿਦੇਸ਼ ਮੰਤਰਾਲੇ ਦੇ ਹਲਕਿਆਂ ਮੁਤਾਬਿਕ ਗੱਲਬਾਤ ਦੌਰਾਨ ਪ੍ਰਧਾਨ ਮੰਤਰੀ ਨੇ ਜੇ.ਡੀ. ਵੈਂਸ ਨੂੰ ਕਿਹਾ ਕਿ ਜੇਕਰ ਪਾਕਿਸਤਾਨ ਹਮਲਾ ਕਰੇਗਾ ਤਾਂ ਅਸੀਂ ਹੋਰ ਮਜ਼ਬੂਤੀ ਨਾਲ ਉਸ ਦਾ ਜਵਾਬ ਦੇਵਾਂਗੇ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਜੇਕਰ ਪਾਕਿਸਤਾਨ ਗੋਲੀਬਾਰੀ ਨਹੀਂ ਕਰਦਾ, ਤਾਂ ਭਾਰਤ ਵੀ ਸੰਜਮ ਵਰਤੇਗਾ। ਹਲਕਿਆਂ ਮੁਤਾਬਿਕ ਮੋਦੀ ਨੇ ਵੈਂਸ ਨੂੰ ਕਿਹਾ ਕਿ ਜੇਕਰ 'ਉਥੋਂ ਗੋਲੀ 7 ਚੱਲੇਗੀ ਤਾਂ ਇਥੋਂ ਗੋਲਾ ਚੱਲੇਗਾ। ਉਨ੍ਹਾਂ ਕਿਹਾ ਕਿ ਤਕਨੀਕ ਅਤੇ ਫ਼ੌਜ ਦੀ ਵਰਤੋਂ 'ਚ ਭਾਰਤ ਅਤੇ ਪਾਕਿਸਤਾਨ ਦਰਮਿਆਨ ਬਹੁਤ ਵੱਡਾ ਫ਼ਰਕ ਸੀ। ਪਾਕਿਸਤਾਨ ਨੂੰ ਇਹ ਅਹਿਸਾਸ ਹੋਇਆ ਕਿ ਉਹ ਉਸ ਪੱਧਰ ਦਾ ਨਹੀਂ ਹੈ। ਭਾਰਤ ਨੇ ਆਪਣੀ ਮਰਜ਼ੀ ਨਾਲ ਹਮਲਾ ਕੀਤਾ ਅਤੇ ਪਾਕਿਸਤਾਨ ਦੇ ਜ਼ਿਆਦਾਤਰ ਹਮਲਿਆਂ ਨੂੰ ਨਾਕਾਮ ਕੀਤਾ।




## ਅਮਰੀਕਾ ਤੇ ਸਾਊਦੀ ਅਰਬ ਨੇ ਨਿਭਾਇਆ ਅਹਿਮ ਰੋਲ

**ਸਾਨ ਫਰਾਂਸਿਸਕੋ:** ਭਾਰਤ ਤੇ ਪਾਕਿਸਤਾਨ ਦਰਮਿਆਨ ਚੱਲ ਰਹੇ ਫ਼ੌਜੀ ਸੰਘਰਸ਼ ਨੂੰ ਘਟਾਉਣ ਲਈ ਅਮਰੀਕਾ ਆਪਣੀਆਂ ਕੋਸ਼ਿਸ਼ਾਂ ਨੂੰ ਲਗਾਤਾਰ ਜਾਰੀ ਰੱਖ ਰਿਹਾ ਸੀ। ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਲਗਾਤਾਰ ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਤੇ ਉਥੋਂ ਦੇ ਫ਼ੌਜ ਮੁਖੀ ਆਸਿਮ ਮੁਨੀਰ ਨਾਲ ਲਗਾਤਾਰ ਸੰਪਰਕ ਰੱਖ ਰਹੇ ਸਨ। ਸਾਊਦੀ ਅਰਬ ਤੇ ਅਮਰੀਕਾ ਦੋਵੇਂ ਦੇਸ਼ ਇਸੇ ਦਿਸ਼ਾ ਵਿਚ ਬਹੁਤ ਸੰਜੀਦਗੀ ਨਾਲ ਅੱਗੇ ਹੋ ਕੇ ਕੰਮ ਕਰ ਰਹੇ ਸਨ। ਇਸ ਗੱਲ ਨੂੰ ਪੂਰੀ ਦੁਨੀਆ ਸਵੀਕਾਰ ਕਰਨ ਲਈ ਤਿਆਰ ਹੈ ਕਿ ਜੇ ਭਾਰਤ ਇਸ ਵੇਲੇ ਜੰਗਬੰਦੀ ਕਰਨ ਲਈ ਸਹਿਮਤ ਹੋਇਆ ਹੈ ਤਾਂ ਸੱਚੀਂ ਇਹ ਉਸ ਦੀ ਇਕ ਤਰ੍ਹਾਂ ਨਾਲ ਦੂਹਰੀ ਜਿੱਤ ਹੈ।



# 'ਆਪ੍ਰੇਸ਼ਨ ਸੰਧੂਰ' ਅਜੇ ਜਾਰੀ ਹੈ: ਭਾਰਤੀ ਹਵਾਈ ਫ਼ੌਜ




**ਨਵੀਂ ਦਿੱਲੀ:** ਭਾਰਤੀ ਹਵਾਈ ਫ਼ੌਜ ਨੇ ਕਿਹਾ ਕਿ 'ਆਪ੍ਰੇਸ਼ਨ ਸੰਧੂਰ' ਅਜੇ ਜਾਰੀ ਹੈ ਤੇ ਆਉਣ ਵਾਲੇ ਸਮੇਂ 'ਚ ਇਸ ਨੂੰ ਲੈ ਕੇ ਜਾਣਕਾਰੀ ਦਿੱਤੀ ਜਾਏਗੀ। ਹਵਾਈ ਫ਼ੌਜ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਸੰਦੇਸ਼ ਪਾ ਕੇ ਉਕਤ ਜਾਣਕਾਰੀ ਦਿੱਤੀ। ਭਾਰਤੀ ਹਵਾਈ ਫ਼ੌਜ ਨੇ ਲਿਖਿਆ ਕਿ ਉਨ੍ਹਾਂ ਆਪ੍ਰੇਸ਼ਨ ਸੰਧੂਰ 'ਚ ਆਪਣੇ ਨਿਰਧਾਰਿਤ ਕੰਮਾਂ ਨੂੰ ਸਟੀਕਤਾ ਤੇ ਸਫ਼ਲਤਾ ਨਾਲ ਅੰਜਾਮ ਦਿੱਤਾ। ਉਨ੍ਹਾਂ ਲਿਖਿਆ ਕਿ ਆਪ੍ਰੇਸ਼ਨ ਰਾਸ਼ਟਰੀ ਉਦੇਸ਼ਾਂ ਦੇ ਮੁਤਾਬਿਕ ਸੋਚ-ਸਮਝ ਕੇ ਅਤੇ ਸਮਝਦਾਰੀ ਨਾਲ ਸੰਚਾਲਿਤ ਕੀਤੇ ਗਏ। ਹਵਾਈ ਫ਼ੌਜ ਨੇ ਕਿਹਾ ਕਿ ਕਿਉਂਕਿ ਆਪ੍ਰੇਸ਼ਨ ਅਜੇ ਵੀ ਜਾਰੀ ਹੈ, ਇਸ ਲਈ ਸਹੀ ਸਮੇਂ 'ਤੇ ਤਫਸੀਲੀ ਜਾਣਕਾਰੀ ਦਿੱਤੀ ਜਾਏਗੀ। ਫ਼ੌਜ ਨੇ ਕਿਆਸ ਲਾਉਣ ਅਤੇ ਬਿਨਾਂ ਤਸਦੀਕ ਦੇ ਜਾਣਕਾਰੀ ਪ੍ਰਸਾਰਤ ਕਰਨ ਤੋਂ ਬਚਣ ਦੀ ਵੀ ਅਪੀਲ ਕੀਤੀ।

# ਸਿੰਧੂ ਜਲ ਸਮਝੌਤਾ ਮੁਲਤਵੀ ਰਹੇਗਾ

**ਨਵੀਂ ਦਿੱਲੀ:** ਸਰਕਾਰੀ ਸੂਤਰਾਂ ਨੇ ਕਿਹਾ ਕਿ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਸਿੰਧੂ ਜਲ ਸੰਧੀ ਨੂੰ ਮੁਲਤਵੀ ਰੱਖਣ ਸਮੇਤ ਪਾਕਿਸਤਾਨ ਵਿਰੁੱਧ ਭਾਰਤ ਦੇ ਸਜ਼ਾਤਮਿਕ ਉਪਾਅ ਲਾਗੂ ਰਹਿਣਗੇ। ਇਹ ਸਪੱਸ਼ਟੀਕਰਨ ਭਾਰਤ ਤੇ ਪਾਕਿਸਤਾਨ ਵਲੋਂ ਗੋਲੀਬਾਰੀ ਤੇ ਫ਼ੌਜੀ ਕਾਰਵਾਈਆਂ ਨੂੰ ਰੋਕਣ ਲਈ ਇਕ ਸਮਝੌਤਾ ਕਰਨ ਤੋਂ ਬਾਅਦ ਆਇਆ ਹੈ। ਸੂਤਰਾਂ ਨੇ ਕਿਹਾ ਕਿ 23 ਅਪ੍ਰੈਲ ਨੂੰ ਪਾਕਿਸਤਾਨ ਵਿਰੁੱਧ ਐਲਾਨੇ ਗਏ ਭਾਰਤ ਦੇ ਉਪਾਅ ਲਾਗੂ ਰਹਿਣਗੇ। ਉਨ੍ਹਾਂ ਕਿਹਾ ਕਿ ਅੱਤਵਾਦ ਨੂੰ ਸਜ਼ਾ ਦਿੱਤੇ ਬਿਨਾਂ ਨਹੀਂ ਛੱਡਿਆ ਜਾਵੇਗਾ ਅਤੇ ਅੱਤਵਾਦ 'ਤੇ ਭਾਰਤ ਦਾ ਇਰਾਦਾ ਦ੍ਰਿੜ੍ਹ ਹੈ। ਪਾਕਿਸਤਾਨ ਦੇ ਜਲ ਮੰਤਰਾਲੇ ਦੇ ਇਕ ਸੂਤਰ ਨੇ ਕਿਹਾ ਸਿੰਧੂ ਜਲ ਸੰਧੀ ਅਸਲ 'ਚ ਜੰਗਬੰਦੀ ਚਰਚਾ ਦਾ ਹਿੱਸਾ ਨਹੀਂ ਸੀ। ਭਾਰਤ ਸਰਕਾਰ ਦੇ ਇਕ ਸੂਤਰ ਨੇ ਦੱਸਿਆ ਕਿ ਸੰਧੀ ਦੀ ਸਥਿਤੀ 'ਚ ਕੋਈ ਬਦਲਾਅ ਨਹੀਂ ਹੋਵੇਗਾ।



# ਅਮਰੀਕਾ ਦੀ ਵਿਚੋਲਗੀ ਨਾਲ ਸਹਿਮਤ ਹੋਏ ਦੋਵੇਂ ਦੇਸ਼: ਟਰੰਪ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਅਮਰੀਕਾ ਦੀ ਵਿਚੋਲਗੀ ਨਾਲ ਹੋਈ ਗੱਲਬਾਤ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਪੂਰੀ ਤੇ ਤੁਰੰਤ ਜੰਗਬੰਦੀ ਲਈ ਸਹਿਮਤ ਹੋ ਗਏ ਹਨ। ਅਮਰੀਕਾ ਦੀ ਵਿਚੋਲਗੀ ਨਾਲ ਹੋਈ ਜੰਗਬੰਦੀ ਭਾਰਤ ਤੇ ਪਾਕਿਸਤਾਨ ਦੀਆਂ ਫ਼ੌਜਾਂ ਵਲੋਂ ਇਕ ਦੂਜੇ ਦੇ ਫੌਜੀ ਟਿਕਾਣਿਆਂ 'ਤੇ ਹਮਲਾ ਕਰਨ ਤੋਂ ਕੁਝ ਘੰਟਿਆਂ ਬਾਅਦ ਹੋਈ ਹੈ। ਟਰੰਪ ਨੇ ਕਿਹਾ ਕਿ ਅਮਰੀਕਾ ਦੀ ਵਿਚੋਲਗੀ ਨਾਲ ਹੋਈ ਰਾਤ ਭਰ ਦੀ ਗੱਲਬਾਤ ਤੋਂ ਬਾਅਦ



ਮੈਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਭਾਰਤ ਤੇ ਪਾਕਿਸਤਾਨ ਇਕ ਪੂਰੀ ਤੇ ਤੁਰੰਤ ਜੰਗਬੰਦੀ ਲਈ ਸਹਿਮਤ ਹੋ ਗਏ ਹਨ। ਅਮਰੀਕੀ ਰਾਸ਼ਟਰਪਤੀ ਨੇ ਟਰੁੱਥ ਸੋਸ਼ਲ 'ਤੇ ਇਕ ਪੋਸਟ 'ਚ ਐਲਾਨ ਕਰਦਿਆਂ ਕਿਹਾ ਕਿ ਆਮ ਸਮਝ ਤੇ ਮਹਾਨ ਬੁੱਧੀ ਦੀ ਵਰਤੋਂ ਕਰਨ 'ਤੇ ਦੋਵਾਂ ਦੇਸ਼ਾਂ ਨੂੰ ਵਧਾਈਆਂ। ਇਸ ਮਾਮਲੇ ਵੱਲ ਧਿਆਨ ਦੇਣਠ ਲਈ ਤੁਹਾਡਾ ਧੰਨਵਾਦ! ਟਰੰਪ ਦੁਆਰਾ ਇਹ ਐਲਾਨ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੁਆਰਾ ਵਿਦੇਸ਼ ਮੰਤਰੀ ਜੈ ਸ਼ੰਕਰ, ਪਾਕਿਸਤਾਨ ਦੇ ਵਿਦੇਸ਼ ਮੰਤਰੀ ਇਸਹਾਕ ਡਾਰ ਤੇ ਪਾਕਿਸਤਾਨ ਦੇ ਫੌਜ ਮੁਖੀ ਜਨਰਲ ਆਸਿਮ ਮੁਨੀਰ ਨਾਲ ਗੱਲ ਕਰਨ ਤੋਂ ਬਾਅਦ ਕੀਤਾ ਗਿਆ। ਰੂਬੀਓ ਨੇ ਵੀ ਐਕਸ 'ਤੇ ਇਸੇ ਤਰ੍ਹਾਂ ਦਾ ਬਿਆਨ ਦਿੱਤਾ।

# ਸਰਹੱਦੀ ਪਿੰਡਾਂ ਦੇ ਲੋਕਾਂ ਨੇ ਲਿਆ ਸੁੱਖ ਦਾ ਸਾਹ

**ਫ਼ਿਰੋਜ਼ਪੁਰ:** ਭਾਰਤ-ਪਾਕਿਸਤਾਨ ਦਰਮਿਆਨ ਸ਼ੁਰੂ ਹੋਈ ਜੰਗ ਵਿਚਾਲੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪਹਿਲਕਦਮੀ ਸਦਕਾ ਦੋਵੇਂ ਦੇਸ਼ਾਂ ਵਲੋਂ ਗੋਲੀਬੰਦੀ ਲਈ ਸਹਿਮਤ ਹੋਣ 'ਤੇ ਜਿੱਥੇ ਸ਼ਹਿਰੀ ਲੋਕਾਂ ਵਿਚ ਖੁਸ਼ੀ ਪਾਈ ਜਾ ਰਹੀ ਹੈ, ਉੱਥੇ ਸਰਹੱਦੀ ਪਿੰਡਾਂ ਦੇ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ। ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤੀ ਫ਼ੌਜ ਵਲੋਂ ਪਾਕਿਸਤਾਨ ਸਥਿਤ ਅੱਤਵਾਦੀ ਟਿਕਾਣਿਆਂ 'ਤੇ ਕੀਤੇ ਆਪ੍ਰੇਸ਼ਨ ਸੰਦੂਰ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਸ਼ੁਰੂ ਹੋਈ ਜੰਗ ਦਰਮਿਆਨ ਸਰਹੱਦ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਵਿਚ ਅਸਥਿਰਤਾ ਦਾ ਮਾਹੌਲ ਪਾਇਆ ਜਾਣ ਲੱਗਾ ਸੀ ਅਤੇ ਲੋਕਾਂ ਵਲੋਂ ਜ਼ਿਲ੍ਹਾ ਪ੍ਰਸ਼ਾਸਨ ਜਾਂ ਫ਼ੌਜ ਵਲੋਂ ਪਿੰਡ ਖ਼ਾਲੀ ਕਰਨ ਲਈ ਨਾ ਕਹੇ ਜਾਣ ਦੇ ਬਾਵਜੂਦ ਆਪਣਾ ਜ਼ਰੂਰੀ ਸਾਮਾਨ, ਬਾਲ ਬੱਚੇ ਤੇ ਮਾਲ ਡੰਗਰ ਨੂੰ ਸੁਰੱਖਿਅਤ ਥਾਵਾਂ ਵੱਲ ਲਿਜਾਣਾ ਸ਼ੁਰੂ ਕਰ ਦਿੱਤਾ ਸੀ। ਸਰਹੱਦ 'ਤੇ ਵਸੇ ਪਿੰਡਾਂ ਝੁੱਗੇ ਹਜ਼ਾਰਾ ਸਿੰਘ, ਗੱਟੀ ਰਾਜੋ ਕੇ, ਜੱਲੋ ਕੇ, ਟੇਂਡੀ ਵਾਲਾ, ਭੱਖੜਾ ਆਦਿ ਦੇ ਲੋਕਾਂ ਦਾ ਕਹਿਣਾ ਸੀ ਕਿ ਉਹ 1965 ਤੇ 1971 ਦੀਆਂ ਲੜਾਈਆਂ ਅਤੇ ਹੜ੍ਹਾਂ ਦੀ ਮਾਰ ਦਾ ਸੰਤਾਪ ਹੰਢਾ ਚੁੱਕੇ ਹਨ ਅਤੇ ਇਸ ਵਾਰ ਦੀ ਜੰਗ ਪਹਿਲਾਂ ਲੱਗੀਆਂ ਲੜਾਈਆਂ ਨਾਲੋਂ ਵੱਖਰੀ ਹੋਣੀ ਸੀ ਪਰ ਸ਼ੁਕਰ ਹੈ ਕਿ ਇਕ ਵਾਰ ਸੰਕਟ ਟੱਲ ਗਿਆ ਹੈ। ਇਨ੍ਹਾਂ ਪਿੰਡਾਂ ਦੇ ਬਜ਼ੁਰਗਾਂ ਨੇ ਕਿਹਾ ਕਿ ਲੜਾਈ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ ਬਲਕਿ ਇਸ ਨਾਲ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਇਸ ਦਾ ਸੰਤਾਪ ਲੰਮੇ ਸਮੇਂ ਤੱਕ ਹੰਢਾਉਣਾ ਪੈਂਦਾ ਹੈ। ਜ਼ੀਰੋ ਲਾਈਨ 'ਤੇ ਵਸੇ ਪਿੰਡ ਗੱਟੀ ਰਾਜੋ ਕੇ ਦੇ ਲੋਕਾਂ ਦਾ ਕਹਿਣਾ ਸੀ ਕਿ ਉਨ੍ਹਾਂ ਪਹਿਲੀਆਂ ਜੰਗਾਂ ਦਾ ਮੰਜ਼ਰ ਦੇਖਿਆ ਹੈ ਤੇ ਆਪਣੇ ਤਨ 'ਤੇ ਹੰਢਾਇਆ ਹੈ। ਲੜਾਈ ਲੱਗਣ ਦੀਆਂ ਗੱਲਾਂ ਕਰਨੀਆਂ ਬਹੁਤ ਸੁਖਾਲੀਆਂ ਹੁੰਦੀਆਂ ਹਨ ਪਰ ਇਸ ਨੂੰ ਭੁਗਤਣਾ ਬੜਾ ਔਖਾ ਹੁੰਦਾ ਹੈ। ਸਰਹੱਦਾਂ ਦੇ ਤਣਾਅ ਨੂੰ ਵਧਾ ਚੜ੍ਹਾ ਕੇ ਪੇਸ਼ ਕਰਦੇ ਰਹੇ ਕੁੱਝ ਟੀ.ਵੀ. ਚੈਨਲਾਂ 'ਤੇ ਮਨਚਲੇ ਲੋਕਾਂ ਨੂੰ ਨਸੀਹਤ ਦਿੰਦਿਆਂ ਝੁੱਗੇ ਹਜ਼ਾਰਾ ਸਿੰਘ ਵਾਲਾ ਦੇ ਲੋਕਾਂ ਨੇ ਕਿਹਾ ਕਿ ਜੋ ਲੋਕ ਦੂਰ ਬੈਠ ਕੇ ਇਸ ਨੂੰ ਐਕਸ਼ਨ ਸੀਨ ਵਜੋਂ ਦੇਖਦੇ ਹਨ, ਉਹ ਕਦੇ ਵੀ ਉਸ ਦਰਦ ਨੂੰ ਨਹੀਂ ਸਮਝ ਸਕਦੇ ਜੋ ਸਰਹੱਦ ਨੇੜੇ ਰਹਿਣ ਵਾਲੇ ਲੋਕ ਮਹਿਸੂਸ ਕਰਦੇ ਹਨ। ਸਰਹੱਦ 'ਤੇ ਘਟੇ ਤਣਾਅ ਦੀਆਂ ਆਈਆਂ ਖ਼ਬਰਾਂ ਦਰਮਿਆਨ ਲੰਗਰ ਪ੍ਰਸ਼ਾਦਾ ਛਕ ਰਹੇ ਬਜ਼ੁਰਗ ਜੋੜੇ ਨੇ ਸੁੱਖ ਦਾ ਸਾਹ ਲੈਂਦਿਆਂ ਕਿਹਾ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦਾ ਬਲਕਿ ਇਸ ਨਾਲ ਇਨਸਾਨੀਅਤ ਦਾ ਵੱਡੇ ਪੱਧਰ 'ਤੇ ਘਾਣ ਹੁੰਦਾ ਹੈ ਫਿਰ ਭਾਵੇਂ ਉਹ ਕਿਸੇ ਦੇਸ਼ ਜਾਂ ਮਜ਼ਹਬ ਨਾਲ ਸਬੰਧਤ ਹੋਵੇ। ਉਨ੍ਹਾਂ ਕਿਹਾ ਕਿ ਉਹ ਪ੍ਰਮਾਤਮਾ ਦਾ ਸ਼ੁਕਰਾਨਾ ਕਰਦੇ ਹਨ ਕਿ ਸੰਕਟ ਟੱਲ ਗਿਆ ਹੈ।



## 'ਕਿਸੇ ਵੀ ਅੱਤਵਾਦੀ ਕਾਰੇ ਨੂੰ ਭਾਰਤ ਵਿਰੁੱਧ ਜੰਗ ਦੀ ਕਾਰਵਾਈ ਮੰਨਿਆ ਜਾਵੇਗਾ'

**ਨਵੀਂ ਦਿੱਲੀ:** ਉੱਚ ਸਰਕਾਰੀ ਸੂਤਰਾਂ ਨੇ ਕਿਹਾ ਹੈ ਕਿ ਭਾਰਤ 'ਚ ਭਵਿੱਖ 'ਚ ਹੋਣ ਵਾਲੇ ਅੱਤਵਾਦੀ ਕਾਰੇ/ਹਮਲੇ ਨੂੰ ਦੇਸ਼ ਵਿਰੁੱਧ ਜੰਗ ਦੀ ਕਾਰਵਾਈ ਮੰਨਿਆ ਜਾਵੇਗਾ ਤੇ ਉਸ ਅਨੁਸਾਰ ਜਵਾਬ ਦਿੱਤਾ ਜਾਵੇਗਾ। ਇਸ ਫੈਸਲੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਅੱਤਵਾਦੀ ਘਟਨਾਵਾਂ ਵਿਰੁੱਧ ਸਖ਼ਤੀ ਨਾਲ ਪੇਸ਼ ਆ ਰਹੀ ਹੈ ਤੇ ਦੋਸ਼ੀਆਂ/ਸਾਜਿਸ਼ਕਾਰਾਂ ਨੂੰ ਸਖ਼ਤੀ ਨਾਲ ਜਵਾਬ ਦੇਣ ਦੇ ਆਪਣੇ ਇਰਾਦੇ ਨੂੰ ਸਪੱਸ਼ਟ ਕਰਦੀ ਹੈ। ਇਸ ਨੂੰ ਪਾਕਿਸਤਾਨ ਨੂੰ ਇਕ ਸੰਦੇਸ਼ ਵਜੋਂ ਦੇਖਿਆ ਜਾਂਦਾ ਹੈ, ਜੋ ਭਾਰਤੀਆਂ ਨੂੰ ਨਿਸ਼ਾਨਾ ਬਣਾਉਣ 'ਚ ਸ਼ਾਮਿਲ ਵੱਖ-ਵੱਖ ਅੱਤਵਾਦੀ ਸਮੂਹਾਂ ਨਾਲ ਜੁੜਿਆ ਹੋਇਆ ਹੈ।

# ਪੰਜਾਬ 'ਚ 33% ਸਰਕਾਰੀ ਨੌਕਰੀਆਂ ਔਰਤਾਂ ਲਈ ਰਾਖਵੀਂਆਂ: ਡਾ. ਬਲਜੀਤ ਕੌਰ

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਔਰਤਾਂ ਸਰਕਾਰੀ ਨੌਕਰੀਆਂ 'ਚ ਹੋਰ ਵਧੇਰੇ ਮੌਕੇ ਦੇਣ ਅਤੇ ਲਿੰਗ ਸਮਾਨਤਾ ਨੂੰ ਉਤਸ਼ਾਹਿਤ ਕਰਨ ਵੱਲ ਇਕ ਵੱਡਾ ਕਦਮ ਚੁੱਕਦਿਆਂ ਪੰਜਾਬ ਸਿਵਲ ਸੇਵਾਵਾਂ (ਔਰਤਾਂ ਲਈ ਅਸਾਮੀਆਂ 'ਚ ਰਿਜ਼ਰਵੇਸ਼ਨ) ਨਿਯਮ ਤਿਆਰ ਕਰਕੇ ਲਾਗੂ ਕਰ ਦਿੱਤੇ ਗਏ ਹਨ। ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਮੰਤਰੀ ਨੇ ਕਿਹਾ ਕਿ ਇਹ ਨਿਯਮ ਲਾਗੂ ਹੋਣ ਨਾਲ ਸੂਬੇ ਦੇ ਸਰਕਾਰੀ ਵਿਭਾਗਾਂ, ਬੋਰਡਾਂ ਅਤੇ ਨਿਗਮਾਂ ਵਿਚ ਗਰੁੱਪ-ਏ.ਬੀ.ਸੀ. ਅਤੇ ਡੀ ਦੀਆਂ ਨੌਕਰੀਆਂ 'ਚ ਹਰ ਵਰਗ ਦੀਆਂ ਔਰਤਾਂ ਲਈ 33% ਰਿਜ਼ਰਵੇਸ਼ਨ ਹੋਵੇਗੀ। ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਇਸ ਫ਼ੈਸਲੇ 'ਤੇ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਕਦਮ ਪੰਜਾਬ ਸਰਕਾਰ ਦੀ ਲਿੰਗ-ਨਿਰਪੱਖ, ਸਮਾਨ ਸਮਾਜ ਬਣਾਉਣ ਵੱਲ ਵਚਨਬੱਧਤਾ ਦਾ ਪ੍ਰਮਾਣ ਹੈ।





# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਡਾ. ਮਨਮੋਹਨ ਸਿੰਘ ਬਾਰੇ ਪ੍ਰਕਾਸ਼ਤ ਪੁਸਤਕ ਰਿਲੀਜ਼

**ਲੁਧਿਆਣਾ:** ਭਾਰਤ ਦੀ ਮਿਸ਼ਰਤ ਅਰਥ ਵਿਵਸਥਾ ਨੂੰ 1990 ਵਿਆਂ ਵਿਚ ਇਕ ਨਵੀਂ ਦਿਸ਼ਾ ਦੇਣ ਵਾਲੇ ਵਿਸ਼ਵ ਪ੍ਰਸਿੱਧ ਅਰਥ-ਸ਼ਾਸ਼ਤਰੀ ਡਾ. ਮਨਮੋਹਨ ਸਿੰਘ ਹੁਰਾਂ ਦੇ ਜੀਵਨ ਅਤੇ ਯੋਗਦਾਨ ਬਾਰੇ ਬਹੁਮੁੱਲੇ ਸੰਦੇਸ਼ਾਂ, ਲੇਖਾਂ ਨਾਲ ਸਜੱਗ ਪੁਸਤਕ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਮਾਡਲ ਟਾਊਨ ਐਕਸਟੈਂਸ਼ਨ ਲੁਧਿਆਣਾ ਵਿਖੇ ਡਾ. ਐਸ.ਐਸ. ਜੌਹਲ ਸਾਬਕਾ ਵੀ.ਸੀ. ਸੈਂਟਰਲ ਯੂਨੀਵਰਸਿਟੀ ਬਠਿੰਡਾ, ਡਾ. ਸਤਿਬੀਰ ਸਿੰਘ ਗੋਸਲ, ਵੀ.ਸੀ. ਪੀ.ਏ.ਯੂ. ਲੁਧਿਆਣਾ ਅਤੇ ਡਾ. ਐਸ.ਪੀ. ਸਿੰਘ ਸਾਬਕਾ ਵੀ.ਸੀ. ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਰਿਲੀਜ਼ ਕੀਤੀ ਗਈ। ਇਹ ਪੁਸਤਕ ਸ. ਗੁਰਮੀਤ ਸਿੰਘ ਡਾਇਰੈਕਟਰ ਓਵਰਸੀਜ਼ ਅਤੇ ਫਾਊਂਡਰ ਮੈਂਬਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਸੰਕਲਿਤ ਤੇ ਸੰਪਾਦਿਤ ਕੀਤੀ ਗਈ ਹੈ ਤੇ ਸਿੱਖ ਬੁੱਕ ਟਰੱਸਟ ਇੰਟਰਨੈਸ਼ਨਲ ਵਲੋਂ ਪ੍ਰਕਾਸ਼ਤ ਕੀਤੀ ਗਈ ਹੈ। ਲੁਧਿਆਣਾ ਵਿਖੇ ਡੀਸੀਪੀ ਕਾਨੂੰਨ ਅਤੇ ਵਿਵਸਥਾ ਪਰਮਿੰਦਰ ਸਿੰਘ ਭੰਡਾਲ ਵੀ ਮੌਜੂਦ ਸਨ।



ਸਮਾਗਮ ਦੀ ਸ਼ੁਰੂਆਤ ਸ. ਅਮਰਜੀਤ ਸਿੰਘ ਟੈਕਸਲਾ, ਡਾਇਰੈਕਟਰ ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਇੰਸਟੀਚਿਊਟ ਤੇ ਸਾਥੀਆਂ ਵਲੋਂ ਸ਼ਬਦ ਗਾਇਨ ਨਾਲ ਹੋਈ। ਸਵਾਗਤੀ ਸ਼ਬਦ ਉਪਰੰਤ ਸ. ਗੁਰਮੀਤ ਸਿੰਘ ਨੇ ਪੁਸਤਕ ਦੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਬਹੁਆਕਾਰੀ ਦੋ-ਭਾਸ਼ਾਈ ਪੁਸਤਕ ਵਿਚ 51 ਆਰਟੀਕਲ ਅਤੇ ਦੇਸ਼-ਵਿਦੇਸ਼ ਦੇ ਹਰ ਖਿੱਤੇ ਦੇ ਵਿਅਕਤੀਆਂ ਵਲੋਂ ਦਿੱਤੀਆਂ ਗਈਆਂ ਸ਼ਰਧਾਂਜਲੀਆਂ ਸ਼ਾਮਲ ਹਨ। ਇਸ ਪੁਸਤਕ ਦਾ ਮੁਖਬੰਦ ਡਾ. ਐਸ. ਐਸ. ਜੌਹਲ, ਸ. ਮੋਨਟੇਕ ਸਿੰਘ ਆਹਲੂਵਾਲੀਆ ਅਤੇ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਲਿਖੇ ਹਨ। ਡਾ. ਐਸ. ਪੀ. ਸਿੰਘ ਨੇ ਪੁਸਤਕ ਦੀ ਸੰਰਚਨਾ ਦੀ ਸ਼ਲਾਘਾ ਕੀਤੀ ਅਤੇ ਇਸ ਨੂੰ ਸਾਹਿਤ ਅਕਾਦਮੀ ਤੇ ਹੋਰਨਾਂ ਸੰਸਥਾਵਾਂ ਵਲੋਂ ਹੋਰ ਭਾਸ਼ਾਵਾਂ ਵਿਚ ਪ੍ਰਕਾਸ਼ਤ ਕਰਨ ਦੀ ਸਲਾਹ ਦਿੱਤੀ। ਡਾ. ਐਸ.ਐਸ. ਗੋਸਲ ਹੁਰਾਂ ਪੁਸਤਕ ਵਿਚ ਡਾ. ਮਨਮੋਹਨ ਸਿੰਘ ਬਾਰੇ ਦਿੱਤੀ ਜਾਣਕਾਰੀ ਨੂੰ ਬਹੁਤ ਕੀਮਤੀ ਅਤੇ ਸੰਭਾਲਣਯੋਗ ਦੱਸਿਆ। ਡਾ. ਐਸ.ਐਸ. ਜੌਹਲ ਨੇ ਆਪਣੇ ਜੀਵਨ ਦੇ ਕਈ ਸਾਲ ਜਿਹੜੇ ਡਾ. ਮਨਮੋਹਨ ਸਿੰਘ ਦੇ ਨਾਲ ਅਰਥ-ਸ਼ਾਸ਼ਤਰੀ ਹੋਣ ਦੇ ਨਾਤੇ ਕੰਮ ਕਰਦਿਆਂ ਬਿਤਾਏ, ਉਹ ਗੱਲਾਂ ਸਾਂਝੀਆਂ ਕੀਤੀਆਂ। ਉਨ੍ਹਾਂ ਡਾ. ਮਨਮੋਹਨ ਸਿੰਘ ਹੁਰਾਂ ਨੂੰ ਵੱਡਾ ਸੋਚਵਾਨ ਅਤੇ ਅਮਲੀ ਰੂਪ ਵਿਚ ਕੰਮ ਸਿਰੇ ਚੜ੍ਹਾਉਣ ਵਾਲਾ ਮਹਾਨ ਵਿਅਕਤੀ ਦੱਸਿਆ।

ਬਾਖ਼ੂਬੀ ਮੰਚ ਸੰਚਾਲਨ ਕਰਦਿਆਂ ਸ. ਕੇ.ਬੀ. ਸਿੰਘ ਨੇ ਡਾ. ਮਨਮੋਹਨ ਸਿੰਘ ਵਲੋਂ ਵਿਵਸਥਾ ਵਿਚ ਕੀਤੇ ਕਲਿਆਣਕਾਰੀ ਕਾਰਜਾਂ ਨੂੰ ਸਮੂਹਿਕ ਤੌਰ 'ਤੇ ਲਾਗੂ ਕਰਨ ਦੀ ਸਫਲ ਸਟਰੈਟਿਜੀ ਦਾ ਜ਼ਿਕਰ ਕੀਤਾ।

ਸ. ਜਤਿੰਦਰਪਾਲ ਸਿੰਘ ਸਾਬਕਾ ਚੇਅਰਮੈਨ ਅਤੇ ਫਾਊਂਡਰ ਮੈਂਬਰ ਸਟੱਡੀ ਸਰਕਲ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਘੱਟ-ਗਿਣਤੀ ਲੋਕਾਂ ਨੂੰ ਮੁਹਾਰਤ ਹਾਸਲ ਕਰਨ ਵਾਲੇ ਸੱਜਣਾਂ ਦੀ ਕਦਰ ਪਾਉਣ ਦੀ ਪ੍ਰੇਰਣਾ ਕੀਤੀ। ਇਸ ਮੌਕੇ ਹਾਜ਼ਰ ਪਤਵੰਤਿਆਂ ਵਿਚ ਸਾਬਕਾ ਮੇਅਰ ਹਰਚਰਨ ਸਿੰਘ ਗੋਹਲਵੜੀਆ, ਹੀਰਾ ਸਿੰਘ ਗਾਬੜੀਆ, ਰਣਜੋਧ ਸਿੰਘ ਚੇਅਰਮੈਨ ਰਾਮਗੜ੍ਹੀਆ ਐਜੂਕੇਸ਼ਨ ਕੌਂਸਲ, ਤੇਜਵਿੰਦਰ ਸਿੰਘ ਬਿੱਗ ਬੈਨ, ਬਾਬਾ ਅਜੀਤ ਸਿੰਘ, ਬਰਜਿੰਦਰਪਾਲ ਸਿੰਘ ਚੀਫ਼ ਆਰਗੇਨਾਈਜ਼ਰ, ਗੁਰਮੀਤ ਸਿੰਘ ਪ੍ਰਧਾਨ ਗੁਰਦੁਆਰਾ ਕਲਗੀਧਰ ਸਿੰਘ ਸਭਾ, ਡਾ. ਹਰੀ ਸਿੰਘ ਜਾਚਕ ਪ੍ਰਬੰਧਕੀ ਮੈਂਬਰ ਤੇ ਡਾ. ਗੁਲਜ਼ਾਰ ਸਿੰਘ ਪੰਧੇਰ ਜਨਰਲ ਸਕੱਤਰ ਪੰਜਾਬੀ ਸਾਹਿਤ ਅਕੈਡਮੀ, ਅਮਰਜੀਤ ਸਿੰਘ ਟਿੱਕਾ ਟਰੱਸਟੀ ਗੁਰਦੁਆਰਾ ਬਾਬਾ ਦੀਪ ਸਿੰਘ ਮਾਡਲ ਟਾਊਨ ਐਕਸਟੈਨਸ਼ਨ, ਤੇਜਿੰਦਰ ਸਿੰਘ ਡੰਗ ਮੈਂਬਰ ਗੁਰਦੁਆਰਾ ਫੇਰੂਮਾਨ ਸਾਹਿਬ, ਬਲਵਿੰਦਰ ਸਿੰਘ ਬੈਂਸ ਸਾਬਕਾ ਐਮ.ਐਲ.ਏ. ਤੇ ਮੈਂਬਰ ਐਸ.ਜੀ.ਪੀ.ਸੀ.,ਗੁਰਪ੍ਰੀਤ ਸਿੰਘ ਤੂਰ ਸਾਬਕਾ ਡੀ.ਆਈ.ਜੀ., ਰਣਜੀਤ ਸਿੰਘ ਢਿੱਲੋਂ ਸਾਬਕਾ ਐਮ.ਐਲ.ਏ, ਸ. ਪਰਮਿੰਦਰ ਸਿੰਘ ਭੰਡਾਲ ਡਿਪਟੀ ਕਮਿਸ਼ਨਰ ਆਫ਼ ਪੁਲਿਸ ਲੁਧਿਆਣਾ, ਡਾ. ਪੂਰਨ ਸਿੰਘ, ਡਾ. ਐਮ.ਐਸ. ਤੂਰ, ਡਾ. ਸ਼ੈਲਜਾ ਕੌਸ਼ਲ, ਡਾ. ਅਮਰਜੀਤ ਸਿੰਘ ਦੂਆ ਜਨਰਲ ਸੈਕਟਰੀ ਐਜੂਕੇਸ਼ਨ ਚੀਫ਼ ਖਾਲਸਾ ਦੀਵਾਨ, ਸ. ਜਸਪਾਲ ਸਿੰਘ ਠੱਕਰਾਲ ਤੇ ਬੀਬੀ ਹਰਵਿੰਦਰ ਕੌਰ, ਗੁਰਦੁਆਰਾ ਸਰਾਭਾ ਨਗਰ, ਮਾਸਟਰ ਤਰਲੋਚਨ ਸਿੰਘ, ਕੀਰਤਨ ਸੇਵਾ ਸੁਸਾਇਟੀ, ਹਰਦੀਪ ਸਿੰਘ, ਵਿਕਰਮਜੀਤ ਸਿੰਘ ਵਿਰਕ ਸਾਬਕਾ ਏ.ਜੀ.ਐਮ., ਡਾ. ਜਸਪਾਲ ਸਿੰਘ ਜਨਰਲ ਸਕੱਤਰ ਗੁਰੂ ਰਾਮਦਾਸ ਸੈਂਟਰ ਫ਼ਾਰ ਇਕਨੋਮਿਕ ਗ੍ਰੋਥ, ਜਸਪਾਲ ਸਿੰਘ ਕੋਚ, ਸੁਰਜੀਤ ਸਿੰਘ ਲੋਹੀਆ, ਹਰਵਿੰਦਰ ਸਿੰਘ ਕਥੂਰੀਆ ਅਤੇ ਪ੍ਰਤਾਪ ਸਾਬਕਾ ਚੇਅਰਮੈਨ, ਪ੍ਰਿੰਸੀਪਲ ਅਰਵਿੰਦਰ ਸਿੰਘ ਭੱਲਾ ਤੇ ਹੋਰ ਬਹੁਤ ਸਾਰੇ ਪਤਵੰਤੇ ਹਾਜ਼ਰ ਸਨ।

# ਰੋਹਿਤ ਸ਼ਰਮਾ ਵਲੋਂ ਟੈਸਟ ਮੈਚਾਂ ਤੋਂ ਸੰਨਿਆਸ

**ਨਵੀਂ ਦਿੱਲੀ:** ਰੋਹਿਤ ਸ਼ਰਮਾ ਟੈਸਟ ਕ੍ਰਿਕਟ ਤੋਂ ਸੰਨਿਆਸ ਲੈ ਚੁੱਕੇ ਹਨ। ਉਸਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਪਾਉ ਦਿਆਂ ਆਪਣੀ ਰਿਟਾਇਰਮੈਂਟ ਬਾਰੇ ਜਾਣਕਾਰੀ ਦਿੱਤੀ। ਰੋਹਿਤ, ਜੋ ਪਹਿਲਾਂ ਹੀ ਟੀ-20 ਤੋਂ ਸੰਨਿਆਸ ਲੈ ਚੁੱਕਾ ਹੈ, ਇੱਕ ਰੋਜ਼ਾ ਮੈਚ ਖੇਡਣਾ ਜਾਰੀ ਰੱਖੇਗਾ। ਬੁੱਧਵਾਰ ਸ਼ਾਮ ਨੂੰ ਰਿਪੋਰਟਾਂ ਸਾਹਮਣੇ ਆਈਆਂ ਕਿ ਉਸਨੂੰ ਇੰਗਲੈਂਡ ਦੌਰੇ 'ਤੇ ਟੈਸਟ ਕਪਤਾਨੀ ਤੋਂ ਹਟਾ ਦਿੱਤਾ ਜਾਵੇਗਾ, ਜਿਸ ਤੋਂ ਬਾਅਦ ਉਸਨੇ ਲਾਲ ਗੇਂਦ ਦੀ ਕ੍ਰਿਕਟ ਨੂੰ ਅਲਵਿਦਾ ਕਹਿ ਦਿੱਤਾ। ਭਾਰਤ ਲਈ 67 ਟੈਸਟਾਂ ਵਿਚ, ਉਸਨੇ 40.57 ਦੀ ਔਸਤ ਨਾਲ 4301 ਦੌੜਾਂ ਬਣਾਈਆਂ।


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease,
At any Age, Try Alternative Treatment


Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577
State of CA


# Matrimonials

## ਲੜਕੇ ਦੀ ਲੋੜ ਹੈ

Looking for a USA Citizen match for Ramdasia Sikh girl, 1988 born, 5'9", divorcee and has one child living with. She belongs to Punjab (Ludhiana). She has completed her nursing associate in India, currently working in India. Please whatApp biodata and recent picture at 262-960-7366.

19-22

ੂ ਚਟਿਡਿਣਨ ਂਅ ਗਰਿਲ 27, 5'6" ਸਿ ਲੋਕਨਿਗ ੋਰ ਅ ਸੁਟਿਅਬਲਣ ਮਅਟਚਹ। ੰਹਣ ਹਅਸ ਦੋਨਣ ਧੰਧ (ਧੋਚਟੋਰ ੋ ਧਣਨਟਅਲ ਮਣਦਚਿਨਿਣ) ਅਨਦ ਨਣਵਣਰ ਮਅਰਰਇਦ। ੰਣਕਨਿਗ ਅਨ ਣਦੁਚਅਟਣਦ ਅਨਦ ੱਣਲਲ ਸਣਟਟਲਣਦ ਬੋ ਨਿ ਟਹਣ ੂੰਓ। ਫਰਣਾਇਰਣਨਚਣ ਟੋ ਸਅਮਣ ਚਅਸਟਣ। ਫਲਣਅਸਣ ਚੋਨਟਅਚਟ ਅਟ: 937-776-6474

17-20

Jatt Sikh family seeking a suitable match for their USA citizen girl 30, 5'5''. Girl is working as a Dentist. ਓਨਟਰਿਣ ਾਅਮਲਿ ਸਿ ਨਿ ਟਹਣੂ ੰਓ। Seeking a Doctor or engineer match from the USA. Jatt Sikh should be preffered. Please contact us at: 773-679-5664

## ਲੜਕੀ ਦੀ ਲੋੜ ਹੈ

Verma family seeks a compatible match for their 34 years (1991 born), 5'11" son , U.S citizen. Cast no bar. Serious enquiries only. Please Contact us at +1224-595-9926 or Email: inderjeetverma08@gmail.com

20-23

Ramgharia Sikh Turbaned boy 33, 5'8" , MEng Western University Canada, Working as Senior Software Engineer in Toronto Canada, Looking for a professionally qualified girl living in Canada or US. Email: dev.kirat@gmail.com Ph +1 (313) 718-0178

19-26

ਸੈਣੀ ਸਿੱਖ ਲੜਕਾ, ਉਮਰ 29 ਸਾਲ, ਕੱਦ 5'6" Bio Tech ਵਿਚ ਮਾਸਟਰਜ਼ ਕੀਤੀ ਹੋਈ ਅਤੇ Stannford University ਵਿਚ ਰਿਸਰਚ ਜੋਬ ਕਰਦੇ ਲੜਕੇ ਲਈ ਲੜਕੀ ਦੀ ਲੋੜ ਹੈ। ਸੈਣੀ ਪਰਿਵਾਰ ਨਾਲ ਸਬੰਧਤ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਚਾਹਵਾਨ ਫੋਨ ਨੰਬਰ 510 557 6988 'ਤੇ ਸੰਪਰਕ ਕਰ ਸਕਦੇ ਹਨ।

18-21

Sikh Sunaar family from Ohio seeks a comparable match from USA (Student visa/H1B) for their 24, 5' 11", US Citizen (India born) Son. He has done Bachelors degree in Computer Science/Software Development & MBA. He is non-vegetarian and does not drink or smoke. No Sibling. Father is running Trucking and Gold Business. Caste no bar. Please contact us at Phone number 513-448-8599 or E-mail at Kanwal450@gmail.com.

18-21

Seeking an educated and professional match (American citizen or Permanent Resident) for a 1992-born Punjab boy (Ramdasia and others), 5'8". Education: B.Tech, MBA (IIT Delhi), MS in Business Analytics (University of Colorado). Currently working as a Business Analyst in Chicago, USA; H1B picked recently. Belongs to a well-educated and reputed family. Caste no bar. Please contact at +91-7589242016 (WhatsApp) and +1-7204996020.

17-20

Jatt Sikh family seeking a match for their son, born in America. He is 22 years old, 6ft tall and wears a Turban. He did study in computer science and working as a Software Engineer. He has property both in America and India. Seeking a nice girl that enjoys family and lives in USA. He has no siblings. Please contact us at: 206-208-4064 or E-Mail at gursikhjatt@gmail.com

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

Jatt Sikh SF Bay Area family seeking bride for their USA born Son 24, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com


ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746
To Advertise In Punjab Times
Call: 847-359-0746

# ਧਮਾਕਿਆਂ ਦੀ ਧਮਕ ਵਿਚ ਗੁਜ਼ਰੇ ਚਾਰ ਦਿਨ

**ਜਲੰਧਰ:** ਪਹਿਲਗਾਮ ਹਮਲੇ ਦਾ ਬਦਲਾ ਲੈਂਦੇ ਹੋਏ ਭਾਰਤੀ ਸੈਨਾ ਵੱਲੋਂ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ ਨੌਂ ਅੱਤਵਾਦੀ ਠਿਕਾਣਿਆਂ ਉੱਤੇ ਕੀਤੇ ਗਏ ਹਮਲੇ ਉਪਰੰਤ ਦੋਹਾਂ ਦੇਸ਼ਾਂ ਵਿੱਚ ਬਣੇ ਜੰਗ ਵਰਗੇ ਹਾਲਾਤ ਨੂੰ ਝੇਲਦੇ ਹੋਏ, ਦੋਹਾਂ ਦੇਸ਼ਾਂ ਦੇ ਲੋਕਾਂ ਨੇ 7 ਮਈ ਤੋਂ 10 ਮਈ ਤੱਕ ਦੇ ਚਾਰ ਦਿਨ ਬਹੁਤ ਤਨਾਅ ਭਰੇ ਮਾਹੌਲ ਵਿੱਚ ਗੁਜ਼ਾਰੇ।

ਇਨ੍ਹਾਂ ਚਾਰ ਦਿਨਾਂ ਵਿੱਚ ਪਾਕਿਸਤਾਨ ਵੱਲੋਂ ਭਾਰਤ ਦੇ 15 ਸ਼ਹਿਰਾਂ ਉੱਤੇ ਡਰੋਨ ਹਮਲੇ ਕਰਨ ਦਾ ਯਤਨ ਕੀਤਾ ਗਿਆ। ਭਾਰਤ ਵੱਲੋਂ ਪਾਕਿਸਤਾਨ ਦੇ ਫੌਜੀ ਟਿਕਾਣਿਆਂ ਅਤੇ ਹਵਾਈ ਸਿਸਟਮ ਨੂੰ ਤਹਿਸ਼ ਨਹਿਸ਼ ਕਰਨ ਲਈ ਤਾਬੜ ਤੋੜ ਹਮਲੇ ਕੀਤੇ ਅਤੇ ਸਫਲਤਾ ਹਾਸਿਲ ਕੀਤੀ। ਜੰਗ ਵਰਗੀ ਭਿਆਨਕਤਾ ਵਾਲੇ ਇਹਨਾਂ ਚਾਰ ਦਿਨਾਂ ਵਿੱਚ ਕੀ ਕੀ ਹੋਇਆ ਉਸ ਦੀਆਂ ਕੁਝ ਖਬਰਾਂ ਅਨੁਸਾਰ ਜੰਮੂ, ਸ੍ਰੀਨਗਰ, ਪਠਾਣਕੋਟ, ਅੰਮ੍ਰਿਤਸਰ, ਫਿਰੋਜ਼ਪੁਰ, ਜਲੰਧਰ, ਆਦਮਪੁਰ, ਚੰਡੀਗੜ੍ਹ, ਬਠਿੰਡਾ, ਆਦਿ ਸ਼ਹਿਰ ਬੇਹੱਦ ਚੌਕਸੀ ਅਧੀਨ ਰਹੇ। ਇਨ੍ਹਾਂ ਸ਼ਹਿਰਾਂ ਵਿੱਚ ਰਾਤਾਂ ਦੇ ਹਨੇਰਿਆਂ ਨੂੰ ਚੀਰਦੇ ਹੋਏ ਡਰੋਨ ਅਤੇ ਰਾਤਾਂ ਦੇ ਸੁੰਨਸਾਨ ਨੂੰ ਧਮਕਾਉਂਦੇ ਹੋਏ ਧਮਾਕੇ ਹਨ੍ਹੇਰੇ ਨੂੰ ਹੋਰ ਵੀ ਡਰਾਉਣਾ ਬਣਾਉਂਦੇ ਰਹੇ;-



## ਲੋਕਾਂ ਨੇ ਬਣਾਏ ਡ੍ਰੋਨ ਸੁੱਟਣ ਦੇ ਵੀਡੀਓ; ਹੁੰਦੀ ਰਹੀ ਚਰਚਾ

**ਜਲੰਧਰ:** ਮੰਡ, ਕਾਲਾ ਸੰਘਿਆ ਰੋਡ, ਬਸਤੀ ਦਾਨਿਸ਼ਮੰਦਾ ਤੇ ਰਾਜ ਨਗਰ ਖੇਤਰਾਂ ਦੇ ਆਸ-ਪਾਸ ਵੀਰਵਾਰ ਰਾਤ ਨੂੰ ਫੌਜ ਦੇ ਏਅਰ ਡਿਫੈਂਸ ਸਿਸਟਮ ਨੇ ਪਾਕਿਸਤਾਨ ਦੇ ਡ੍ਰੋਨ ਹਮਲੇ ਨੂੰ ਨਕਾਮ ਕਰ ਦਿੱਤਾ ਸੀ। ਰਾਤ ਭਰ ਪਾਕਿਸਤਾਨੀ ਡ੍ਰੋਨ ਹਮਲੇ ਨੂੰ ਨਾਕਾਮ ਕਰ ਦਿੱਤਾ ਸੀ। ਰਾਤ ਭਰ ਪਾਕਿਸਤਾਨੀ ਡ੍ਰੋਨ ਨੂੰ ਮਾਰ ਸੁੱਟਣ ਦੀਆਂ ਵੀਡੀਓਜ਼ ਸ਼ੇਅਰ ਕੀਤੀਆਂ ਜਾਂਦੀਆਂ ਰਹੀਆਂ। ਰਾਤ ਨੂੰ ਕੁਝ ਸਮੇਂ ਤੱਕ ਤਾਂ ਲੋਕ ਸਹਿਮ ਗਏ ਸਨ ਪਰ ਜਦੋਂ ਉਨ੍ਹਾਂ ਨੂੰ ਪਤਾ ਚੱਲ ਗਿਆ ਕਿ ਫੌਜ ਦੇ ਏਅਰ ਡਿਫੈਂਸ ਸਿਸਟਮ ਨੇ ਸਾਰੇ ਹਮਲਿਆਂ ਨੂੰ ਨਾਕਾਮ ਕਰ ਦਿੱਤਾ ਹੈ ਤਾਂ ਲੋਕਾਂ ਨੇ ਸੁੱਖ ਦਾ ਸਾਹ ਲਿਆ। ਇਨ੍ਹਾਂ ਇਲਾਕਿਆਂ 'ਚ ਰੋਜ਼ਾਨਾ ਦੀ ਤਰ੍ਹਾਂ ਚਹਿਲ-ਪਹਿਲ ਸੀ। ਵਾਹਨ ਆਮ ਵਾਂਗ ਚੱਲ ਰਹੇ ਸਨ ਤੇ ਬੱਚੇ ਘਰਾਂ ਦੇ ਬਾਹਰ ਖੇਡ ਰਹੇ ਸਨ ਤੇ ਕਿਸੇ ਦੇ ਮਨ 'ਚ ਹਮਲੇ ਨੂੰ ਲੈ ਕੇ ਕੋਈ ਡਰ ਨਹੀਂ ਸੀ। ਮੰਡ ਦੀ ਰਹਿਣ ਵਾਲੀ ਕਿਰਨ ਨੇ ਦੱਸਿਆ ਕਿ ਪਿੰਡ ਦੇ ਲੋਕ ਜਲਦੀ ਸੌਂ ਜਾਂਦੇ ਹਨ ਤੇ ਗਰਮੀ ਕਰਕੇ ਉਹ ਮੋਬਾਇਲ ਚਲਾਉਂਦਿਆਂ ਹੋਇਆ ਘਰ ਦੀ ਛੱਤ 'ਤੇ ਸੈਰ ਕਰ ਰਹੀ ਸੀ ਕਿ ਉਸੇ ਦੌਰਾਨ ਜ਼ੋਰਦਾਰ ਧਮਾਕੇ ਦੀ ਆਵਾਜ਼ ਆਈ ਤੇ ਕੁਝ ਸਮੇਂ ਬਾਅਦ ਬਲੈਕ ਆਊਟ ਹੋ ਗਿਆ। ਅਸਮਾਨ ਚ ਗੋਲੀਆਂ ਜਾਂਦੀਆਂ ਦਿਖਾਈ ਦਿੱਤੀਆਂ ਤੇ ਕੁਝ ਸਮੇਂ ਬਾਅਦ ਜ਼ੋਰਦਾਰ ਧਮਾਕਿਆ ਦੀਆਂ ਆਵਾਜ਼ਾਂ ਆਉਣ ਲੱਗੀਆਂ, ਜਿਸ ਤੋਂ ਬਾਅਦ ਪੁਲਿਸ ਵੀ ਪਹੁੰਚੀ ਤੇ ਉਨ੍ਹਾਂ ਕਿਹਾ ਕਿ ਘਬਰਾਉਣ ਦੀ ਜ਼ਰੂਰਤ ਨਹੀਂ ਹੈ ਤੇ ਸਾਰੇ ਘਰਾਂ 'ਚ ਰਹਿਣ।

## ਵਿੱਦਿਅਕ ਅਦਾਰੇ ਬੰਦ; ਪ੍ਰੀਖਿਆਵਾਂ ਰੱਦ



ਪੰਜਾਬ ਸਰਕਾਰ ਨੇ ਸੂਬੇ ਦੇ ਸਾਰੇ ਵਿੱਦਿਅਕ ਅਦਾਰੇ ਬੰਦ ਕਰ ਦਿੱਤੇ ਹਨ। ਗੁਰੂ ਨਾਨਕ ਦੇਵ ਯੂਨੀਵਰਿਸਟੀ ਨੇ ਪ੍ਰੀਖਿਆਵਾਂ ਰੱਦ ਕਰ ਦਿੱਤੀਆਂ ਹਨ ਤੇ ਇਸ ਨਾਲ ਜੁੜੇ ਅਦਾਰਿਆਂ 'ਚ 18 ਮਈ ਤੱਕ ਛੁੱਟੀ ਕਰ ਦਿੱਤੀ ਹੈ।

ਜਲੰਧਰ ਸਥਿਤ ਨੈਸ਼ਨਲ ਇੰਸਟੀਚਿਊਟ ਆਫ ਟੈਕਨਾਲੋਜੀ (ਐੱਨਆਈਟੀ) 'ਚ ਵੀ ਅਗਲੇ ਹੁਕਮ ਤੱਕ ਵਿਦਿਆਰਥੀਆਂ ਨੂੰ ਛੁੱਟੀ ਕਰ ਦਿੱਤੀ ਗਈ ਹੈ। ਐੱਨਆਈਟੀ ਨੇ ਵਿਦਿਆਰਥੀਆਂ ਨੂੰ ਘਰ ਭੇਜਣ ਲਈ ਵਿਸ਼ੇਸ਼ ਬੱਸਾਂ ਦਾ ਪ੍ਰਬੰਧ ਕੀਤਾ। ਵੀਰਵਾਰ ਨੂੰ ਇਕ ਡ੍ਰੋਨ ਐੱਨਆਈਟੀ ਨੇੜੇ ਡਿੱਗਿਆ ਸੀ। ਇਸੇ ਤਰ੍ਹਾਂ ਨਿੱਜੀ ਯੂਨਿਵਰਸਿਟੀਆਂ ਨੇ ਵੀ ਛੁੱਟੀਆਂ ਦਾ ਐਲਾਨ ਕਰ ਦਿੱਤਾ ਹੈ।

## ਮੀਡੀਆ ਲਾਈਵ ਕਵਰੇਜ ਨਾ ਕਰੇ: ਰੱਖਿਆ ਮੰਤਰਾਲਾ

**ਨਵੀਂ ਦਿੱਲੀ:** ਰੱਖਿਆ ਮੰਤਰਾਲੇ ਨੇ ਮੀਡੀਆ ਚੈਨਲਾਂ, ਡਿਜੀਟਲ ਪਲੇਟਫਾਰਮਾਂ ਅਤੇ ਲੋਕਾਂ ਨੂੰ ਰੱਖਿਆ ਮੁਹਿੰਮਾਂ ਤੇ ਸੁਰੱਖਿਆ ਬਲਾਂ ਦੀਆਂ ਸਰਗਰਮੀਆਂ ਦੀ ਲਾਈਵ ਕਵਰੇਜ ਜਾਂ ਰੀਅਲ-ਟਾਈਮ ਰਿਪੋਰਟਿੰਗ ਤੋਂ ਬਚਣ ਦੀ ਅਪੀਲ ਕੀਤੀ ਹੈ। ਮੰਤਰਾਲੇ ਨੇ ਜ਼ੋਰ ਦੇ ਕੇ ਕਿਹਾ ਕਿ ਅਜਿਹੀਆਂ ਸੰਵੇਦਨਸ਼ੀਲ ਜਾਣਕਾਰੀਆਂ ਉਜਾਗਰ ਕਰਨ ਨਾਲ ਮੁਹਿੰਮਾਂ ਖ਼ਤਰੇ ਵਿਚ ਪੈ ਸਕਦੀਆਂ ਹਨ ਅਤੇ ਲੋਕਾਂ ਦਾ ਜੀਵਨ ਜੋਖ਼ਮ ਵਿਚ ਪੈ ਸਕਦਾ ਹੈ। ਜਿਵੇਂ ਕਾਰਗਿਲ ਜੰਗ, 26/11 ਅੱਤਵਾਦੀ ਹਮਲੇ ਅਤੇ ਕੰਧਾਰ ਅਗਵਾ ਕਾਂਡ ਵਰਗੀਆਂ ਘਟਨਾਵਾਂ ਵਿਚ ਹੋਇਆ ਸੀ। ਕੇਬਲ ਟੀਵੀ ਨੈੱਟਵਰਕ (ਸੋਧ) ਨਿਯਮ 2021 ਦੀ ਧਾਰਾ 6(1) (ਪੀ) ਮੁਤਾਬਕ, ਸਿਰਫ਼ ਅਧਿਕਾਰਤ ਅਧਿਕਾਰੀ ਹੀ ਅੱਤਵਾਦ ਵਿਰੋਧੀ ਮੁਹਿੰਮਾਂ ਦੌਰਾਨ ਅਪਡੇਟ ਦੇ ਸਕਦੇ ਹਨ। ਮੰਤਰਾਲੇ ਨੇ ਸਾਰਿਆਂ ਨੂੰ ਰਾਸ਼ਟਰੀ ਸੁਰੱਖਿਆ ਦੇ ਪ੍ਰਤੀ ਜ਼ਿੰਮੇਵਾਰ ਅਤੇ ਜਾਗਰਕ ਰਹਿਣ ਦੀ ਅਪੀਲ ਕੀਤੀ ਹੈ।




## ਸਰਕਾਰੀ ਅਧਿਕਾਰੀਆਂ ਦੀਆਂ ਛੁੱਟੀਆਂ ਰੱਦ

ਪੰਜਾਬ ਸਰਕਾਰ ਨੇ ਸਾਰੇ ਅਧਿਕਾਰੀਆਂ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਹਨ। ਉਨ੍ਹਾਂ ਨੂੰ ਬਗ਼ੈਰ ਇਜਾਜ਼ਤ ਸਟੇਸ਼ਨ ਨਾ ਛੱਡਣ ਲਈ ਕਿਹਾ ਗਿਆ ਹੈ। ਇਸ ਦੇ ਨਾਲ ਹੀ ਵਿੱਦਿਅਕ ਅਦਾਰੇ ਬੰਦ ਕਰ ਦਿੱਤੇ ਗਏ ਹਨ। ਇਸੇ ਦੌਰਾਨ ਪੰਜਾਬ ਸਰਕਾਰ ਨੇ ਸੂਬੇ ਭਰ 'ਚ ਲੋਕਾਂ ਦੀਆਂ ਜ਼ਰੂਰਤਾਂ ਦੇ ਮੱਦੇਨਜ਼ਰ ਸੀਨੀਅਰ ਆਈਏਐੱਸ ਅਧਿਕਾਰੀਆਂ ਦੀ ਤਾਇਨਾਤੀ ਕਰ ਦਿੱਤੀ।

## 'ਜੰਗ ਨਹੀਂ, ਅਮਨ' ਦੇ ਨਾਅਰੇ ਲਈ ਅੱਗੇ ਆਓ: ਉਗਰਾਹਾਂ



**ਚੰਡੀਗੜ੍ਹ:** ਭਾਰਤ ਅਤੇ ਪਾਕਿਸਤਾਨ ਵਿਚਾਲੇ ਚੱਲ ਰਹੇ ਜੰਗੀ ਹਾਲਾਤ ਵਿਚਾਲੇ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਨੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ 'ਜੰਗ ਨਹੀਂ, ਅਮਨ' ਦੇ ਨਾਅਰੇ ਲਈ ਅੱਗੇ ਆਓ, ਅੰਨ੍ਹੇ ਤੇ ਫਿਰਕੂ ਕੌਮਵਾਦ ਨੂੰ ਰੱਦ ਕਰੋ'। ਇਸ ਸੰਬੰਧੀ ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਨੇ ਕਿਹਾ ਕਿ ਬਿਨਾਂ ਸ਼ੱਕ ਪਹਿਲਗਾਮ ਦੀ ਘਟਨਾ ਬਹੁਤ ਅਫ਼ਸੋਸਨਾਕ ਤੇ ਨਿਖੇਧੀਯੋਗ ਘਟਨਾ ਸੀ ਪਰ ਇਸ ਘਟਨਾ ਨੂੰ ਬਹਾਨਾ ਬਣਾ ਕੇ ਗੁਆਂਢੀ ਮੁਲਕ ਖ਼ਿਲਾਫ਼ ਜੰਗ ਛੇੜਨ ਦੇ ਮੋਦੀ ਸਰਕਾਰ ਦੇ ਮਨਸੂਬੇ ਉਸ ਦੀ ਆਪਣੀ ਸੌੜੀ ਫਿਰਕੂ ਰਾਜਨੀਤੀ ਤੋਂ ਪ੍ਰੇਰਿਤ ਹਨ। ਕਿਸਾਨ ਜਥੇਬੰਦੀ ਦੇ ਆਗੂਆਂ ਨੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਗੁਆਂਢੀ ਮੁਲਕ ਖ਼ਿਲਾਫ਼ ਜੰਗ ਛੇੜਨ ਦੇ ਕਦਮਾਂ ਦਾ ਵਿਰੋਧ ਕਰਨ, ਹਰ ਤਰ੍ਹਾਂ ਦੇ ਫ਼ਿਰਕੂ ਫਾਟਕਾਂ ਨੂੰ ਰੱਦ ਕਰਨ, ਆਪਸੀ ਏਕਾ ਕਾਇਮ ਰੱਖਣ ਤੇ ਹੱਕੀ ਸੰਘਰਸ਼ਾਂ ਨੂੰ ਤੇਜ਼ ਕਰਨ।

## ਤੇਜ਼ ਆਵਾਜ਼ ਵਾਲੀ ਆਤਿਸ਼ਬਾਜ਼ੀ ਚਲਾਉਣ 'ਤੇ ਲਾਈ ਰੋਕ

**ਜਲੰਧਰ:** ਜ਼ਿਲ੍ਹੇ 'ਚ ਚਲਾਈ ਜਾਣ ਵਾਲੀ ਆਤਿਸ਼ਬਾਜ਼ੀ, ਜਿਸ ਵਿੱਚ ਪਟਾਖਾ ਬੰਬ, ਹਵਾਈ ਬੰਬ ਆਦਿ ਸ਼ਾਮਲ ਹਨ, ਦੇ ਚਲਾਉਣ 'ਤੇ ਪੂਰਨ ਰੋਕ ਲਾ ਦਿੱਤੀ ਹੈ। ਇਹ ਹੁਕਮ 9 ਮਈ ਤੋਂ ਅਗਲੇ 10 ਦਿਨਾਂ ਤੱਕ ਪ੍ਰਭਾਵੀ ਰਹਿਣਗੇ। ਹੁਕਮਾਂ ਵਿਚ ਕਿਹਾ ਗਿਆ ਹੈ ਕਿ ਸਰਕਾਰ ਦੇ ਹੁਕਮਾਂ ਮੁਤਾਬਕ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਐਮਰਜੈਂਸੀ ਹਾਲਾਤਾਂ ਨਾਲ ਨਿਪਟਣ ਲਈ ਮਾਕ ਡ੍ਰਿਲ ਦਾ ਆਯੋਜਨ ਕੀਤਾ ਜਾ ਰਿਹਾ ਹੈ। ਆਮ ਤੌਰ 'ਤੇ ਵੇਖਿਆ ਗਿਆ ਹੈ ਕਿ ਆਤਿਸ਼ਬਾਜ਼ੀ, ਜਿਸ ਵਿਚ ਪਟਾਖੇ, ਆਤਿਸ਼ਬਾਜ਼ੀ ਆਦਿ ਸ਼ਾਮਲ ਹਨ, ਦਾ ਵਰਤੋਂ ਕੁਝ ਲੋਕਾਂ ਵੱਲੋਂ ਸਰਵਜਨਕ ਪ੍ਰੋਗਰਾਮਾਂ ਦੌਰਾਨ ਜਾਂ ਜਾਣ-ਬੁੱਝ ਕੇ ਲੋਕਾਂ ਵਿਚ ਡਰ ਦਾ ਮਾਹੌਲ ਪੈਦਾ ਕਰਨ ਲਈ ਕੀਤਾ ਜਾਂਦਾ ਹੈ। ਇਨ੍ਹਾਂ ਪਟਾਖਿਆਂ ਦੇ ਸ਼ੋਰ ਨਾਲ ਆਮ ਜਨਤਾ ਵਿਚ ਡਰ ਅਤੇ ਤਣਾਅ ਦਾ ਮਾਹੌਲ ਪੈਦਾ ਹੁੰਦਾ ਹੈ, ਜਿਸ ਨਾਲ ਕਾਨੂੰਨ ਕ੍ਰਮ ਦੀ ਸਥਿਤੀ ਵਿਗੜਨ ਦਾ ਖਤਰਾ ਬਣਿਆ ਰਹਿੰਦਾ ਹੈ।

## ਜਲੰਧਰ 'ਚ ਸਕੂਲ ਕੀਤੇ ਐਮਰਜੈਂਸੀ ਕੈਂਪਾਂ ਵਿਚ ਤਬਦੀਲ

**ਜਲੰਧਰ:** ਭਾਰਤ-ਪਾਕ ਯੁੱਧ ਦੇ ਮੱਦੇਨਜ਼ਰ ਐਮਰਜੈਂਸੀ ਹਾਲਾਤ ਵਿਚ ਨਾਗਰਿਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਅਤੇ ਕਮਿਊਨੀਕੇਸ਼ਨ ਨੂੰ ਮਜ਼ਬੂਤ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਹੱਤਵਪੂਰਨ ਫੈਸਲੇ ਲਏ ਗਏ ਹਨ। ਨਾਗਰਿਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ 29 ਸਿੱਖਿਆ ਸੰਸਥਾਵਾਂ (ਸਕੂਲ ਅਤੇ ਕਾਲਜ) ਨੂੰ ਐਮਰਜੈਂਸੀ ਕੈਂਪਾਂ ਵਿਚ ਤਬਦੀਲ ਕਰਨ ਲਈ ਚੁਣਿਆ ਹੈ। ਇਨ੍ਹਾਂ ਸੰਸਥਾਵਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨੋਡਲ ਅਫਸਰ ਪਟਵਾਰੀ ਵੀ ਨਿਯੁਕਤ ਕੀਤੇ ਗਏ ਹਨ, ਜੋ ਸਾਰੇ ਪ੍ਰਬੰਧ ਦੇਖਣਗੇ।

ਕਮਿਊਨੀਕੇਸ਼ਨ ਨੂੰ ਮਜ਼ਬੂਤ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਹਿਰ ਵਿਚ 15 ਥਾਵਾਂ ਦੀ ਪਛਾਣ ਕੀਤੀ ਗਈ ਹੈ ਜਿੱਥੇ ਇਲੈਕਟ੍ਰਿਕ ਸਾਇਰਨ ਲਾਏ ਜਾਣਗੇ। ਇਸ ਤੋਂ ਇਲਾਵਾ ਵਾਕੀ-ਟਾਕੀ ਅਤੇ ਹੋਰ ਕਮਿਊਨੀਕੇਸ਼ਨ ਉਪਕਰਣ ਖਰੀਦੇ ਜਾਣਗੇ ਅਤੇ ਇਨ੍ਹਾਂ ਨੂੰ ਚਾਰਜ ਕਰਨ ਲਈ ਖਾਸ ਲ ਤੌਰ 'ਤੇ ਬੈਟਰੀਆਂ ਦੀ ਖਰੀਦ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ।ਤਹਿਸੀਲਦਾਰ ਦਫ਼ਤਰ ਵੱਲੋਂ ਐਸਡੀਐਮ ਦਫ਼ਤਰ ਨੂੰ ਭੇਜੀ ਗਈ ਸੂਚੀ ਦੇ ਮੁਤਾਬਕ ਲ ਸਰਕਾਰੀ ਮਾਡਲ ਸਕੂਲ ਲਾਡੋਵਾਲੀ ਰੋਡ (ਨੋਡਲ ਅਫਸਰ ਪਟਵਾਰੀ ਭੋਲਾ ਸਿੰਘ), ਕਿ ਸਰਕਾਰੀ ਬੀਐਡ ਕਾਲਜ ਲਾਡੋਵਾਲੀ ਰੋਡ (ਰਵੀ), ਜੂਨੀਅਰ ਮਾਡਲ ਸਕੂਲ ਲਾਡੋਵਾਲੀ (ਵਿਸ਼ੂ ਥਾਪਰ), ਸਰਕਾਰੀ ਕਨਿਆ ਸੀਨੀਅਰ



ਲੂ ਸੈਕੰਡਰੀ ਸਕੂਲ ਲਾਡੋਵਾਲੀ (ਡਿੰਪਲ ਥਾਪਰ), ਪਾਲੀਟੈਕਨਿਕ ਕਾਲਜ ਲਾਡੋਵਾਲੀ (ਵਰਿੰਦਰ ਕੁਮਾਰ), ਦੋਆਬਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਲਾਡੋਵਾਲੀ (ਦੁਸ਼ਯੰਤ), ਲਾਇਲਪੁਰ ਖਾਲਸਾ ਕਾਲਜ ਨਜ਼ਦੀਕ ਬੀਐਸਐਫ (ਪੰਕਜ), ਲਾਇਲਪੁਰ ਖਾਲਸਾ ਕਾਲਜ ਫਾਰ ਵਿਮਨ ਨਜ਼ਦੀਕ ਬੀਐਸਐਫ (ਰਾਮ ਪ੍ਰਕਾਸ਼), ਸੇਵੰਥ ਡੇ ਸਕੂਲ ਨਜ਼ਦੀਕ ਕੈਂਟੋਨਮੈਂਟ (ਰਾਹੁਲ), ਸੇਂਟ ਜੋਸਫ ਸਕੂਲ ਨਜ਼ਦੀਕ ਕੈਂਟੋਨਮੈਂਟ (ਨਿਰਮਲ ਸਿੰਘ), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਅਤੇ ਲੜਕੀਆਂ ਖੇੜਾ ਅੱਡਾ (ਬਲਜੀਤ ਸਿੰਘ), ਸਰਕਾਰੀ ਕਨਿਆ ਸਕੂਲ ਜਮਸ਼ੇਰ ਲੜਕੀਆਂ ਜਮਸ਼ੇਰ ਅੱਡਾ, ਸਰਕਾਰੀ ਸਕੂਲ ਸਾਲਾਰਪੁਰ, ਦਿੱਲੀ ਪਬਲਿਕ ਸਕੂਲ,ਪਬਲਿਕ ਸਕੂਲ ਅਲਾਦੀਨਪੁਰ/ਸੋਫੀ, ਸਰਕਾਰੀ ਹਾਈ ਸਕੂਲ ਧੰਨੋਵਾਲੀ (ਸੰਦੀਪ ਸਿੰਘ), ਸਰਕਾਰੀ ਮਿਡਲ ਸਕੂਲ ਸਲੇਮਪੁਰ ਮਸੰਦਾਂ, ਸਰਕਾਰੀ ਸਕੂਲ ਧੀਨਾ, ਸਰਕਾਰੀ ਪ੍ਰਾਇਮਰੀ ਸਕੂਲ ਅਲੀਪੁਰ (ਤੇਜਿੰਦਰ ਸਿੰਘ), ਮੁੰਸ਼ਾ ਸਿੰਘ ਬਾਹੀਆ ਚੈਰੀਟੇਬਲ ਹਸਪਤਾਲ, ਕੁੱਕੜ ਪਿੰਡ ਇਸੇ ਤਰ੍ਹਾਂ ਕੈਂਟ ਵਿਚ ਆਰਮੀ ਪਬਲਿਕ ਸਕੂਲ, ਕੈਂਟ ਬੋਰਡ ਸਕੂਲ ਲੜਕੇ ਅਤੇ ਲੜਕੀਆਂ, ਐਮਜੀਐਨ ਖਾਲਸਾ ਸਕੂਲ, ਕੇਂਦਰੀ ਵਿਦਿਆਲਾ 1, 2, 3 ਅਤੇ 4 ਅਤੇ ਬੀਡੀ ਆਰਿਆ ਕਾਲਜ ਨੂੰ ਐਮਰਜੈਂਸੀ ਕੈਂਪ ਦੇ ਤੌਰ 'ਤੇ ਚੁਣਿਆ ਗਿਆ ਸੀ।

# ਆਪ੍ਰੇਸ਼ਨ ਸਿੰਧੂਰ ਵਿਚ ਪਾਕਿਸਤਾਨ ਦੇ 40 ਜਵਾਨ ਤੇ ਅਫ਼ਸਰ ਮਾਰੇ ਗਏ

**ਨਵੀਂ ਦਿੱਲੀ:** ਜੰਗਬੰਦੀ 'ਤੇ ਬਣੀ ਸਹਿਮਤੀ ਤੋਂ ਬਾਅਦ ਪਾਕਿਸਤਾਨ ਵੱਲੋਂ ਭਾਰਤ ਵਲ ਕੋਈ ਅੱਤਵਾਦੀ ਹਮਲਾ ਹੋਇਆ ਤਾਂ ਉਸ ਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪਵੇਗੀ। ਆਪ੍ਰੇਸ਼ਨ ਸਿੰਧੂਰ ਦੀ ਫੌਜੀ ਕਾਰਵਾਈ 'ਚ ਪਾਕਿਸਤਾਨ ਦੇ ਕੁਝ ਹਾਈਟੈਕ ਲੜਾਕੂ ਜਹਾਜ਼ਾਂ ਨੂੰ ਨਿਸ਼ਾਨਾ ਬਣਾਉਣ ਦੇ ਨਾਲ ਨਾਲ ਪਾਕਿਸਤਾਨ ਦੇ 40 ਜਵਾਨ ਅਤੇ ਅਧਿਕਾਰੀ ਵੀ ਮਾਰੇ ਗਏ। ਇਸ ਦੌਰਾਨ ਪੰਜ ਭਾਰਤੀ ਫ਼ੌਜੀ ਵੀ ਸ਼ਹੀਦ ਹੋਏ ਹਨ। ਭਾਰਤੀ ਹਵਾਈ ਫ਼ੌਜ ਨੇ ਇਸ ਆਪ੍ਰੇਸ਼ਨ 'ਚ ਭਾਰਤ ਨੂੰ ਕੋਈ ਨੁਕਸਾਨ ਪੁੱਜਣ ਦਾ ਖੁਲਾਸਾ ਨਹੀਂ ਕੀਤਾ ਪਰ ਸਾਫ ਕਿਹਾ ਕਿ ਭਾਰਤ ਨੇ ਪਾਕਿ ਖ਼ਿਲਾਫ਼ ਹਮਲੇ ਦੇ ਆਪਣੇ ਟੀਚੇ ਨੂੰ ਪੂਰੀ ਤਰ੍ਹਾਂ ਹਾਸਲ ਕੀਤਾ ਹੈ ਅਤੇ ਸਾਡੇ ਸਾਰੇ ਪਾਇਲਟ ਸੁਰੱਖਿਅਤ ਹਨ। ਫ਼ੌਜ ਮੁਤਾਬਕ 10 ਮਈ ਨੂੰ ਪਾਕਿਸਤਾਨ ਦੇ ਕਈ ਮੁੱਖ ਏਅਰਬੇਸ, ਏਅਰ ਫੀਲਡ, ਫੌਜੀ ਅਦਾਰਿਆਂ ਰਡਾਰ ਤੇ ਏਅਰ ਡਿਫੈਂਸ ਸਿਸਟਮ 'ਤੇ ਲਾਹੌਰ ਤੋਂ ਇਸਲਾਮਾਬਾਦ ਤੱਕ ਭਾਰਤੀ ਹਵਾਈ ਫ਼ੌਜ ਦੇ ਚੌਤਰਫ਼ਾ ਹਮਲੇ ਨਾਲ ਹੋਏ ਨੁਕਸਾਨ ਅਤੇ ਕਰਾਚੀ 'ਤੇ ਹਮਲੇ ਲਈ ਅਰਬ ਸਾਗਰ 'ਚ ਭਾਰਤੀ ਨੇਵੀ ਦੀ ਹਮਲਾਵਰ ਘੇਰਾਬੰਦੀ ਤੋਂ ਘਬਰਾਏ ਪਾਕਿਸਤਾਨ ਨੇ ਆਪਣੇ ਵੱਲੋਂ ਸੀਜ਼ਫ਼ਾਇਰ ਦੀ ਪਹਿਲ ਕੀਤੀ। ਆਪ੍ਰੇਸ਼ਨ ਸਿੰਧੂਰ 'ਚ ਪਾਕਿਸਤਾਨ ਤੇ ਮਕਬੂਜ਼ਾ ਜੰਮੂ-ਕਸ਼ਮੀਰ ਦੇ 9 ਮੁੱਖ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਕੇ ਕੁਝ ਵੱਡੇ ਅੱਤਵਾਦੀ ਨਾਵਾਂ ਨਾਲ 100 ਅੱਤਵਾਦੀਆਂ ਨੂੰ ਵੀ ਮਾਰ ਮੁਕਾਇਆ ਗਿਆ। ਜੰਗਬੰਦੀ ਲਈ ਐਤਵਾਰ ਦੀ ਰਾਤ ਨੂੰ ਅਹਿਮ ਦੱਸਦਿਆਂ ਭਾਰਤੀ ਫ਼ੌਜਾਂ ਨੇ ਸਾਫ਼ ਕਿਹਾ ਹੈ ਕਿ ਸੀਜ਼ਫ਼ਾਇਰ ਦੀ ਉਲੰਘਣਾ ਹੋਣ 'ਤੇ ਭਾਰਤ ਉਸ ਦਾ ਕਿਤੇ ਵੱਧ ਕਰਾਰਾ ਜਵਾਬ ਦੇਵੇਗਾ।

ਫ਼ੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਸਿਖਰਲੇ ਫ਼ੌਜੀ ਕਮਾਂਡਰਾਂ ਨਾਲ ਸਮੀਖਿਆ ਮੀਟਿੰਗ ਤੋਂ ਬਾਅਦ ਐੱਲਓਸੀ ਅਤੇ ਪੂਰੀ ਪੱਛਮੀ ਕੌਮਾਂਤਰੀ ਸਰਹੱਦ 'ਤੇ ਕਿਸੇ ਵੀ ਗੋਲ਼ਾਬਾਰੀ ਦਾ ਪੂਰੀ ਤਾਕਤ ਨਾਲ ਜਵਾਬ ਦੇਣ ਦਾ ਸਾਫ਼ ਨਿਰਦੇਸ਼ ਦਿੱਤਾ ਹੈ। ਉੱਧਰ, ਹਵਾਈ ਫ਼ੌਜ ਨੇ ਸਾਫ਼ ਕਿਹਾ ਕਿ ਆਪ੍ਰੇਸ਼ਨ ਸਿੰਧੂਰ ਹਾਲੇ ਵੀ ਜਾਰੀ ਹੈ ਤਾਂ ਭਾਰਤੀ ਨੇਵੀ ਨੇ ਕਿਹਾ ਕਿ ਅਰਬ ਸਾਗਰ ਵਿਚ ਉਸ ਦੀ ਆਪ੍ਰੇਸ਼ਨਲ ਤਿਆਰੀ ਹਾਲੇ ਵੀ ਪੂਰੀ ਤਰ੍ਹਾਂ ਕਾਇਮ ਹੈ। ਭਾਰਤ-ਪਾਕਿ ਦੇ ਡੀਜੀਐਮਓ




ਵਿਚਾਲੇ ਸੋਮਵਾਰ ਦੁਪਹਿਰ 12 ਵਜੇ ਹੋਣ ਵਾਲੀ ਗੱਲਬਾਤ ਤੋਂ ਪਹਿਲਾਂ ਭਾਰਤੀ ਫ਼ੌਜਾਂ ਨੇ ਆਪਣੇ ਇਨ੍ਹਾਂ ਤੇਵਰਾਂ ਜ਼ਰੀਏ ਸਪੱਸ਼ਟ ਸੰਦੇਸ਼ ਦੇ ਦਿੱਤਾ ਕਿ ਸੀਜ਼ਫ਼ਾਇਰ ਨੂੰ ਟਿਕਾਊ ਬਣਾਉਣ ਦੀ ਪੂਰੀ ਜ਼ਿੰਮੇਵਾਰੀ ਪਾਕਿਸਤਾਨ 'ਤੇ ਹੈ। ਫ਼ੌਜ, ਹਵਾਈ ਫ਼ੌਜ ਤੇ ਨੇਵੀ ਵੱਲੋਂ ਆਪ੍ਰੇਸ਼ਨ ਸਿੰਧੂਰ ਦਾ ਐਤਵਾਰ ਸ਼ਾਮ ਪ੍ਰੈੱਸ ਕਾਨਫਰੰਸ 'ਚ ਵੇਰਵਾ ਸਾਂਝਾ ਕਰਦਿਆਂ ਭਾਰਤੀ ਫ਼ੌਜ ਦੇ ਡੀਜੀਐਮਓ ਲੈਫਟੀਨੈਂਟ ਜਨਰਲ ਰਾਜੀਵ ਘਈ ਨੇ ਕਿਹਾ ਕਿ ਜੇਕਰ ਭਾਰਤੀ ਜ਼ਮੀਨ 'ਤੇ ਸਰਹੱਦ ਪਾਰੋਂ ਅੱਤਵਾਦੀ ਹਮਲਾ ਹੋਇਆ ਤਾਂ ਪਾਕਿਸਤਾਨ ਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪਵੇਗੀ। ਜਦਕਿ ਪਾਕਿਸਤਾਨ ਨੂੰ ਸੀਜ਼ਫ਼ਾਇਰ ਦੀ ਪਹਿਲ ਕਰਨ ਲਈ ਮਜਬੂਰ ਕਰਨ ਵਾਲੀ 10 ਮਈ ਦੀ ਕਹਿਰ ਵਰ੍ਹਾਉਣ ਵਾਲੀ ਕਾਰਵਾਈ ਦੀ ਜਾਣਕਾਰੀ ਦਿੰਦਿਆਂ ਭਾਰਤੀ ਹਵਾਈ ਫ਼ੌਜ ਦੇ ਡੀਜੀ ਆਪ੍ਰੇਸ਼ਨ ਏਅਰ ਮਾਰਸ਼ਲ ਏਕੇ ਭਾਰਤੀ ਨੇ ਕਿਹਾ ਕਿ ਅਸੀਂ ਲੜਾਕੂ ਜੈੱਟ ਰਾਹੀਂ ਹਵਾ ਤੋਂ ਸਤ੍ਹਾ 'ਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਨਾਲ ਪਾਕਿਸਤਾਨ ਦੇ ਕਈ ਮੁੱਖ ਫ਼ੌਜੀ ਟਿਕਾਣਿਆਂ 'ਤੇ ਵੱਡਾ ਹਮਲਾ ਕੀਤਾ। ਇਸ ਵਿਚ ਸਰਗੋਧਾ, ਰਹੀਮਯਾਰ ਖ਼ਾਨ, ਚਕਲਾਲਾ, ਸੱਕਰ, ਭੋਲਾਰੀ ਤੇ ਜਕੋਬਾਬਾਦ ਏਅਰ ਫੀਲਡ ਨੂੰ ਤਬਾਹ ਕਰ ਕੇ ਦੁਸ਼ਮਣ ਨੂੰ ਸੰਦੇਸ਼ ਦੇ ਦਿੱਤਾ ਗਿਆ ਕਿ ਉਸ ਨੇ ਉਕਸਾਵੇ ਦੀ ਕਾਰਵਾਈ ਜਾਰੀ ਰੱਖੀ ਤਾਂ ਭਾਰਤੀ ਫ਼ੌਜਾਂ ਅੱਗੇ ਉਸ ਦਾ ਕਿਹੋ ਜਿਹਾ ਹਸ਼ਰ ਕਰਨਗੀਆਂ। ਭਾਰਤ ਨੇ ਇਕ ਤੁਰੰਤ, ਤਾਲਮੇਲ ਵਾਲੀ ਤੇ ਸੰਤੁਲਿਤ ਪ੍ਰਤੀਕਿਰਿਆ 'ਚ ਪਾਕਿਸਤਾਨ ਦੇ ਮੁੱਖ ਫ਼ੌਜੀ ਢਾਂਚਿਆਂ 'ਤੇ ਇਹ ਹਮਲਾ ਕੀਤਾ ਜਿਸ 'ਚ ਪੱਛਮੀ ਮੋਰਚੇ 'ਤੇ ਹਵਾਈ ਟਿਕਾਣੇ, ਕਮਾਂਡ ਸੈਂਟਰ, ਫ਼ੌਜੀ ਬੁਨਿਆਦੀ ਢਾਂਚੇ ਤੇ ਵਾਇਰ ਡਿਫੈਂਸ ਸਿਸ਼ਟਮਾਂ 'ਤੇ ਹਮਲਾ ਸ਼ਾਮਲ ਸੀ। ਵਿਸ਼ੇਸ਼ ਤੌਰ 'ਤੇ ਚਕਲਾਲਾ ਏਅਰਬੇਸ਼ ਜਿਹੜਾ ਇਸਲਾਮਾਬਾਦ ਦੇ ਨੇੜੇ ਹੈ, ਜਿੱਥੇ ਪਾਕਿਸਤਾਨ ਦੇ ਉੱਨਤ ਲੜਾਕੂ ਜੈੱਟ ਦੇ ਖੇਤ ਸਮੇਤ ਭਾਰੀ ਰਣਨੀਤਕ ਢਾਂਚੇ ਹਨ ਅਤੇ ਸਰਗੋਧਾ ਵੀ ਉਨ੍ਹਾਂ ਦੀ ਹਵਾਈ ਫ਼ੌਜ ਦਾ ਵੱਡਾ ਬੇਸ ਹੈ। ਏਅਰ ਮਾਰਸ਼ਲ ਨੇ ਸਵਾਲ-ਜਵਾਬ ਦੌਰਾਨ ਪਾਕਿਸਤਾਨ ਦੇ ਕੁਝ ਲੜਾਕੂ ਜਹਾਜ਼ਾਂ ਨੂੰ ਨਿਸ਼ਾਨਾ ਬਣਾਉਣ ਦੀ ਗੱਲ ਕਹੀ ਪਰ ਉਨ੍ਹਾਂ ਦੀ ਗਿਣਤੀ ਨਹੀਂ ਦੱਸੀ। ਇਹ ਵੀ ਸਾਫ਼ ਕੀਤਾ ਕਿ ਪਾਕਿਸਤਾਨ ਦਾ ਕੋਈ ਵੀ ਜਹਾਜ਼ ਭਾਰਤੀ ਸਰਹੱਦ 'ਚ ਨਹੀਂ ਵੜ ਸਕਿਆ। ਪਾਕਿ ਵੱਲੋਂ ਭਾਰਤ ਦੇ ਰਾਫੇਲ ਲੜਾਕੂ ਜਹਾਜ਼ ਨੂੰ ਨਿਸ਼ਾਨਾ ਬਣਾਉਣ ਦੇ ਦਾਅਵੇ 'ਤੇ ਏਅਰ ਮਾਰਸ਼ਲ ਘਈ ਨੇ ਕਿਹਾ, 'ਅਸੀ ਜੰਗ ਦੀ ਸਥਿਤੀ 'ਚ ਹਾਂ ਤੇ ਨੁਕਸਾਨ ਪੁੱਜਣਾ ਜੰਗ ਦਾ ਇਕ ਹਿੱਸਾ ਹੈ।

ਸਵਾਲ ਇਹ ਹੈ ਕਿ ਕੀ ਅਸੀਂ ਆਪਣਾ ਟੀਚਾ ਹਾਸਲ ਕਰ ਲਿਆ ਹੈ ਤਾਂ ਅਸੀਂ ਬਹੁਤ ਵਧੀਆ ਤਰੀਕੇ ਨਾਲ ਟੀਚਾ ਹਾਸਲ ਕੀਤਾ। ਇਸ ਦੀ ਗਿਣਤੀ ਜਾਂ ਵੇਰਵਾ ਦੱਸਣਾ ਹਾਲੇ ਜ਼ਰੂਰੀ ਨਹੀਂ ਕਿਉਂਕਿ ਹਾਲੇ ਵੀ ਜੰਗ ਦੀ ਸਥਿਤੀ ਹੈ ਤੇ ਮੈਂ ਆਪਣੇ ਦੁਸ਼ਮਣ ਦੀ ਅਣਦੇਖੀ ਨਹੀਂ ਕਰਨਾ ਚਾਹੁੰਦਾ। ਸਾਡੇ ਸਾਰੇ ਪਾਇਲਟ ਸੁਰੱਖਿਅਤ ਵਾਪਸ ਆ ਗਏ ਹਨ।' ਏਅਰ ਮਾਰਸ਼ਲ ਘਈ ਦੇ ਬਿਆਨ ਤੋਂ ਸਾਫ਼ ਹੈ ਕਿ ਹਵਾਈ ਫ਼ੌਜ ਨੇ ਆਪਣੇ ਲੜਾਕੂ ਜੈੱਟ ਨੂੰ ਨੁਕਸਾਨ ਪੁੱਜਣ ਤੋਂ ਇਨਕਾਰ ਨਹੀਂ ਕੀਤਾ। ਪਰ ਜੰਗੀ ਰਣਨੀਤੀ ਤਹਿਤ ਇਸ ਦਾ ਖ਼ੁਲਾਸਾ ਕਰਨਾ ਮੁਨਾਸਿਬ ਨਹੀਂ ਮੰਨ ਰਹੀ। ਡੀਜੀਐੱਮਓ ਰਾਜੀਵ ਘਈ ਨੇ ਕਿਹਾ ਕਿ ਆਪ੍ਰੇਸ਼ਨ ਸਿੰਧੂਰ ਅੱਤਵਾਦ ਦੀ ਸਾਜ਼ਿਸ਼ ਰਚਣ ਵਾਲਿਆਂ ਅਤੇ 9 ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰਨ ਦੇ ਆਪਣੇ ਮਿਸ਼ਨ 'ਚ ਪੂਰੀ ਤਰ੍ਹਾਂ ਕਾਮਯਾਬ ਰਿਹਾ। ਖ਼ੁਫ਼ੀਆ ਜਾਣਕਾਰੀਆਂ ਦੇ ਆਧਾਰ 'ਤੇ ਹਮਲੇ ਦੀ ਰਣਨੀਤੀ ਬਣਾ ਕੇ ਇਨ੍ਹਾਂ ਨੂੰ ਹਵਾ ਤੋਂ ਹਵਾ 'ਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਨਾਲ ਤਬਾਹ ਕੀਤਾ ਗਿਆ ਜਿਸ ਵਿਚ 100 ਤੋਂ ਵੱਧ ਅੱਤਵਾਦੀ ਮਾਰੇ ਗਏ ਤੇ ਉਨ੍ਹਾਂ ਦਾ ਢਾਂਚਾ ਤਬਾਹ ਹੋਇਆ। ਉਨ੍ਹਾਂ ਕਿਹਾ ਕਿ ਆਪ੍ਰੇਸ਼ਨ ਸਿੰਧੂਰ ਤੋਂ ਬਾਅਦ ਪਹਿਲੀ ਰਾਤ ਜਦੋਂ ਪਾਕਿਸਤਾਨ ਨੇ ਡ੍ਰੋਨ ਭੇਜੇ ਤਾਂ ਭਾਰਤ ਦੇ ਏਅਰ ਡਿਫੈਂਸ ਨੇ ਲਗਪਗ ਸਾਰਿਆਂ ਨੂੰ ਰੋਕ ਲਿਆ ਤੇ ਇਕ ਜਵਾਬੀ ਹਮਲਾ ਵੀ ਕੀਤਾ ਜਿਸ 'ਚ ਲਾਹੌਰ ਵਿਚ ਇਕ ਰਡਾਰ ਨੂੰ ਤਬਾਹ ਕੀਤਾ ਗਿਆ। ਇਸ ਪੂਰੇ ਆਪ੍ਰੇਸ਼ਨ ਦੌਰਾਨ ਕੰਟਰੋਲ ਲਾਈਨ 'ਤੇ ਭਾਰਤੀ ਫ਼ੌਜ ਦੀ ਗੋਲੀਬਾਰੀ 'ਚ ਪਾਕਿ ਦੇ 35-40 ਫ਼ੌਜੀਆਂ ਤੇ ਅਧਿਕਾਰੀਆਂ ਦੀ ਮੌਤ ਹੋਈ ਹੈ। ਏਅਰ ਮਾਰਸ਼ਲ ਭਾਰਤੀ ਨੇ ਕਿਹਾ ਕਿ ਡ੍ਰੋਨ ਤੇ ਯੂਏਵੀ ਨਾਲ ਹਮਲੇ ਕਰਨ ਤੋਂ ਬਾਅਦ ਪਾਕਿਸਤਾਨ ਦਾ ਗ਼ੈਰ-ਜ਼ਿੰਮੇਵਾਰਾਨਾ ਰਵੱਈਆ ਇਸ ਤੋਂ ਵੀ ਜ਼ਾਹਿਰ ਹੁੰਦਾ ਹੈ ਕਿ ਉਸ ਨੇ ਨਾਗਰਿਕ ਜਹਾਜ਼ਾਂ ਲਈ ਲਾਹੌਰ ਦਾ ਏਅਰ ਸਪੇਸ ਬੰਦ ਨਹੀਂ ਕੀਤਾ ਜਿਸ ਨਾਲ ਭਾਰਤ ਨੂੰ ਜਵਾਬੀ ਕਾਰਵਾਈ ਕਰਨ 'ਚ ਬਹੁਤ ਸਾਵਧਾਨੀ ਵਰਤਣੀ ਪਈ। ਇਸੇ ਤਰ੍ਹਾਂ 8-9 ਮਈ ਦੀ ਰਾਤ ਨੂੰ ਸ੍ਰੀਨਗਰ ਤੋਂ ਗੁਜਰਾਤ ਦੇ ਨਲੀਆ ਤੱਕ ਪਾਕਿਸਤਾਨ ਵੱਲੋਂ ਕੀਤੇ ਗਏ ਹਵਾਈ, ਡ੍ਰੋਨ ਤੇ ਯੂਏਵੀ ਹਮਲਿਆਂ ਨੂੰ ਨਾਕਾਮ ਕਰ ਦਿੱਤਾ ਗਿਆ ਜਿਸ ਵਿਚ ਉਸ ਨੇ ਹਵਾਈ ਫ਼ੌਜ ਦੇ ਕਈ ਮੁੱਖ ਏਅਰਬੇਸ ਅਤੇ ਫ਼ੌਜੀ ਢਾਂਚਿਆਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ। ਇਸੇ ਦਾ ਜਵਾਬ ਦੇਣ ਲਈ ਭਾਰਤ ਨੇ 10 ਮਈ ਦੀ ਸਵੇਰ ਨੂੰ ਲਾਹੌਰ ਤੋਂ ਲੈ ਕੇ ਇਸਲਾਮਾਬਾਦ ਤੱਕ ਚੌਤਰਫ਼ਾ ਹਮਲੇ ਕਰ ਕੇ ਉਸ ਦੇ ਏਅਰਬੇਸ 'ਤੇ ਕਾਫ਼ੀ ਤਬਾਹੀ ਮਚਾਈ।

ਨੇਵੀ ਨੇ ਇਸ ਦੌਰਾਨ ਅਰਬ ਸਾਗਰ ਵਿਚ ਪਾਕਿਸਤਾਨੀ ਸਮੁੰਦਰੀ ਰਸਤੇ ਨੂੰ ਘੇਰ ਕੇ ਹਮਲਾ ਕਰਨ ਦੇ ਇਰਾਦਿਆਂ ਦਾ ਸੰਦੇਸ਼ ਦੇ ਦਿੱਤਾ। ਨੇਵੀਂ ਦੇ ਡੀਜੀ ਆਪ੍ਰੇਸ਼ਨ ਏਐੱਨ ਪ੍ਰਮੋਦ ਨੇ ਕਿਹਾ ਕਿ ਪਹਿਲਗਾਮ ਅੱਤਵਾਦੀ ਹਮਲੇ ਦੇ 96 ਘੰਟਿਆਂ ਅੰਦਰ ਹੀ ਭਾਰਤੀ ਨੇਵੀ ਨੇ ਅਰਬ ਸਾਗਰ 'ਚ ਆਪਣੀਆਂ ਜੰਗੀ ਤਿਆਰੀਆਂ ਨੂੰ ਆਪ੍ਰੇਸ਼ਨਲ ਮੋਡ ਵਿਚ ਕਰਦਿਆਂ ਜਹਾਜ਼-ਸਬਮਰੀਨ ਸਭ ਤਿਆਰ ਕਰ ਲਏ ਸਨ।

## ਪ੍ਰਿੰਸੀਪਲ ਨੇ ਟੀਚਰ ਦਾ ਧਰਮ ਬਦਲਿਆ; ਕੇਸ ਦਰਜ

ਬਿਲਾਸਪੁਰ: ਛੱਤੀਸਗੜ੍ਹ ਦੇ ਗੌਰੇਲਾ-ਪੈਂਡਰਾ-ਮਰਵਾਹੀ (ਜੀਪੀਐੱਮ) ਜ਼ਿਲ੍ਹੇ 'ਚ ਮੁੱਖ ਮੰਤਰੀ ਡੀਏਵੀ ਸਕੂਲ ਦੀ ਪ੍ਰਿੰਸੀਪਲ 'ਤੇ ਅਧਿਆਪਕਾ ਦਾ ਧਰਮ ਤਬਦੀਲ ਕਰਵਾਉਣ ਦਾ ਗੰਭੀਰ ਦੋਸ਼ ਲੱਗਾ ਹੈ। ਇੰਜੀਨੀਅਰ ਮਯੰਕ ਪਾਂਡੇ ਦੀ ਪਤਨੀ ਰੰਜਨਾ ਪਾਂਡੇ, ਜੋ ਇਸੇ ਸਕੂਲ 'ਚ ਅਧਿਆਪਕ ਹੈ, ਪਤੀ ਨਾਲ ਵਿਵਾਦ ਤੋਂ ਬਾਅਦ



ਪੇਕੇ ਮੱਧ ਪ੍ਰਦੇਸ਼ ਦੇ ਅਨੂਪਪੁਰ ਜ਼ਿਲ੍ਹੇ ਦੇ ਆਮਾਡਾਂਡ ਚਲੀ ਗਈ। ਮਯੰਕ ਅਤੇ ਰੰਜਨਾ ਦਾ ਵਿਆਹ 2019 'ਚ ਹੋਇਆ ਸੀ ਪਰ ਪਰਿਵਾਰਕ ਵਿਵਾਦ ਦੇ ਕਾਰਨ ਰੰਜਨਾ ਨੇ ਦਾਜ ਸ਼ੋਸ਼ਣ ਦਾ ਕੇਸ ਦਰਜ ਕਰਵਾਇਆ ਹੈ। ਮਯੰਕ ਦੇ ਅਨੁਸਾਰ ਅਦਾਲਤ 'ਚ ਪੇਸ਼ੀ ਦੌਰਾਨ ਰੰਜਨਾ ਨੇ ਦੱਸਿਆ ਕਿ ਪ੍ਰਿੰਸੀਪਲ ਨੇ ਉਸ ਦਾ ਧਰਮ ਤਬਦੀਲ ਕਰਵਾਇਆ ਹੈ ਅਤੇ ਉਸ ਨੇ ਸਮਝੌਤੇ ਲਈ ਮਯੰਕ ਨੂੰ ਵੀ ਧਰਮ ਤਬਦੀਲ ਕਰਨ ਦੀ ਸ਼ਰਤ ਰੱਖੀ ਹੈ। ਪੁਲਿਸ ਨੇ ਮਯੰਕ ਦੀ ਸ਼ਿਕਾਇਤ 'ਤੇ ਬੀਐੱਨਐੱਸ ਦੀ ਧਾਰਾ 299 ਦੇ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਮੋਦੀ ਦੇ ਭਾਸ਼ਣ ਮਗਰੋਂ ਪੰਜਾਬ ਸਣੇ ਕਈ ਥਾਈਂ ਆਏ ਪਾਕਿਸਤਾਨੀ ਡ੍ਰੋਨ

**ਜਲੰਧਰ/ਜੰਮੂ:** ਪਾਕਿਸਤਾਨ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਿਹਾ। ਸੋਮਵਾਰ ਦੇਰ ਸ਼ਾਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਸ਼ਟਰ ਦੇ ਨਾਮ ਸੰਬੋਧਨ ਤੋਂ ਕੁਝ ਸਮੇਂ ਬਾਅਦ ਹੀ ਪਾਕਿਸਤਾਨੀ ਫ਼ੌਜ ਨੇ ਇਕ ਵਾਰ ਮੁੜ ਜੰਗਬੰਦੀ ਦੀ ਉਲੰਘਣਾ ਕਰਦਿਆਂ ਜੰਮੂ ਦੇ ਸਾਂਬਾ, ਪਰਗਵਾਲ ਤੇ ਗੜਖ਼ਾਲ ਸੈਕਟਰ 'ਚ ਡ੍ਰੋਨ ਹਮਲੇ ਦੇ ਯਤਨ ਕੀਤੇ। ਏਧਰ ਪੰਜਾਬ ਦੇ ਅੰਮ੍ਰਿਤਸਰ, ਹੁਸ਼ਿਆਰਪੁਰ ਤੇ ਜਲੰਧਰ 'ਚ ਵੀ ਰਾਤ ਕਰੀਬ ਨੌ ਵਜੇ ਪਾਕਿਸਤਾਨੀ ਡ੍ਰੋਨ ਦਿਖਾਈ ਦਿੱਤੇ। ਕੁਝ ਥਾਵਾਂ 'ਤੇ ਧਮਾਕਿਆਂ ਦੀ ਆਵਾਜ਼ ਸੁਣਾਈ ਦੇਣ ਤੋਂ ਬਾਅਦ ਉੱਥੇ ਬਲੈਕਆਊਟ ਕਰ ਦਿੱਤਾ ਗਿਆ ਹੈ। ਹਾਲਾਂਕਿ ਕਿਸੇ ਵੀ ਅਧਿਕਾਰੀ ਖ਼ਬਰ ਲਿਖੇ ਜਾਣ ਤੱਕ ਡੈਨ ਮੂਵਮੈਂਟ ਤੇ ਧਮਾਕਿਆਂ ਦੀ ਪੁਸ਼ਟੀ ਨਹੀਂ ਕੀਤੀ। ਅੰਮ੍ਰਿਤਸਰ ਵਿਚ ਲੋਕਾਂ ਨੇ ਰਾਤ ਨੇ ਵਜੇ ਡ੍ਰੋਨ ਮੂਵਮੈਂਟ ਦੇਖਣ ਦੀ ਪੁਸ਼ਟੀ ਕੀਤੀ ਹੈ। ਲੋਕਾਂ ਦਾ ਕਹਿਣਾ ਹੈ ਕਿ ਡ੍ਰੋਨ ਦਿਖਾਈ ਦੇਣ ਤੋਂ ਤੁਰੰਤ ਬਾਅਦ ਸਾਇਰਨ ਵੱਜਣੇ ਸ਼ੁਰੂ ਹੋਏ ਅਤੇ ਬਲੈਕਆਊਟ ਕਰ ਦਿੱਤਾ ਗਿਆ। ਇਸੇ ਤਰ੍ਹਾਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਉੱਚੀ ਬੱਸੀ ਵਿਚ ਵੀ ਲੋਕਾਂ ਨੇ ਤਿੰਨ ਤੋਂ ਚਾਰ ਧਮਾਕੇ ਸੁਣੇ। ਧਮਾਕਿਆਂ ਤੋਂ ਬਾਅਦ ਜ਼ਿਲ੍ਹੇ ਵਿਚ ਸਾਇਰਨ ਵੱਜਣ ਮਗਰੋਂ ਜ਼ਿਲ੍ਹੇ 'ਚ ਬਲੈਕਆਊਟ ਕਰ ਦਿੱਤਾ ਗਿਆ। ਜਲੰਧਰ ਦੇ ਸੂਰਾਨੈਂਸੀ ਵਿਚ ਵੀ ਡ੍ਰੋਨ ਦੀ ਮੂਵਮੈਂਟ ਅਤੇ ਧਮਾਕੇ ਸੁਣਾਈ ਦੇਣ ਦੀ ਸੂਚਨਾ



ਹੈ। ਇਸ ਡ੍ਰੋਨ ਨੂੰ ਡੇਗ ਲਿਆ ਗਿਆ। ਡੀਸੀ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਇਸ ਘਟਨਾਕ੍ਰਮ ਮਗਰੋਂ ਸਾਵਧਾਨੀ ਵਜੋਂ ਪੂਰੇ ਸ਼ਹਿਰ ਦੇ ਕੁਝ ਇਲਾਕਿਆਂ ਵਿਚ ਬਲੈਕਆਊਟ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਸੂਬੇ ਭਰ ਵਿਚ ਸੋਮਵਾਰ ਨੂੰ ਚਹਿਲ-ਪਹਿਲ ਰਹੀ। ਸਰਹੱਦੀ ਛੇ ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਫ਼ਿਰੋਜ਼ਪੁਰ ਅਤੇ ਫ਼ਾਜ਼ਿਲਕਾ ਤੋਂ ਇਲਾਵਾ ਸੰਗਰੂਰ ਜ਼ਿਲ੍ਹੇ ਨੂੰ ਛੱਡ ਕੇ ਬਾਕੀ ਸਾਰੇ ਜ਼ਿਲ੍ਹਿਆਂ ਵਿਚ ਵਿਦਿਅਕ ਅਦਾਰੇ ਵੀ ਖੁੱਲ੍ਹੇ ਰਹੇ। ਜਲੰਧਰ ਜ਼ਿਲ੍ਹੇ ਦੇ ਪਿੰਡ ਚੂਹੜਵਾਲੀ ਸਥਿਤ ਮਾਰਕਫੈਡ ਕੈਨਰੀਜ਼ ਦੇ ਜੈਨਰੇਟਰ ਰੂਮ ਵਿਚ ਸੋਮਵਾਰ ਨੂੰ ਮਿਜ਼ਾਈਲ ਮਿਲਣ 'ਤੇ ਫ਼ੌਜ ਨੇ ਉਸ ਨੂੰ ਨਸ਼ਟ ਕਰ ਦਿੱਤਾ। ਓਧਰ, ਜੰਮੂ ਦੇ ਸਾਂਬਾ ਤੇ ਅਖਨੂਰ ਦੇ ਪਰਗਵਾਲ ਤੇ ਗੜਖ਼ਾਲ 'ਚ ਵੀ ਪਾਕਿਸਤਾਨ ਨੇ ਡ੍ਰੋਨ ਨਾਲ ਹਮਲਾ ਕੀਤਾ। ਦੋਵਾਂ ਥਾਈ ਕਰੀਬ ਦਸ ਡ੍ਰੋਨ ਦੇਖੇ ਗਏ। ਹਾਲਾਂਕਿ ਪਹਿਲਾਂ ਤੋਂ ਚੌਕਸ ਭਾਰਤੀ ਫ਼ੌਜ ਨੇ ਕੁਝ ਡ੍ਰੋਨ ਮਾਰ ਸੁੱਟੇ। ਇਸ ਦੇ ਨਾਲ ਹੀ ਕੰਟਰੋਲ ਲਾਈਨ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਸ ਨਾਲ ਤਿੰਨ ਘਰਾਂ ਨੂੰ ਨੁਕਸਾਨ ਪੁੱਜਾ। ਇਕ ਬਜ਼ੁਰਗ ਮਹਿਲਾ ਦੀ ਦਹਿਸ਼ਤ ਕਾਰਨ ਮੌਤ ਹੋ ਗਈ। ਪ੍ਰਸ਼ਾਸਨ ਨੇ ਚੌਕਸੀ ਵਜੋਂ ਜੰਮੂ-ਕਸ਼ਮੀਰ ਦੇ ਕਈ ਜ਼ਿਲ੍ਹਿਆਂ 'ਚ ਬਲੈਕਆਊਟ ਕਰ ਦਿੱਤਾ।

## ਵਿਰਾਟ ਕੋਹਲੀ ਹੁਣ ਚਿੱਟੀ ਜਰਸੀ ਵਿਚ ਨਹੀਂ ਦਿਸਣਗੇ

**ਨਵੀਂ ਦਿੱਲੀ:** ਕਪਤਾਨ ਰੋਹਿਤ ਸ਼ਰਮਾ ਦੇ ਸੰਨਿਆਸ ਦੇ ਪੰਜ ਦਿਨ ਬਾਅਦ ਹੀ ਸਾਬਕਾ ਕਪਤਾਨ ਵਿਰਾਟ ਕੋਹਲੀ ਨੇ ਸੋਮਵਾਰ ਨੂੰ ਟੈਸਟ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਦੇ 14 ਸਾਲ ਦੇ ਟੈਸਟ ਕਰੀਅਰ ਦਾ ਵੀ ਅੰਤ ਹੋ ਗਿਆ। 36 ਸਾਲਾ ਕੋਹਲੀ ਨੇ ਪਿਛਲੇ ਸਾਲ ਟੀ-20 ਸਰੂਪ ਤੋਂ ਸੰਨਿਆਸ ਲੈ ਲਿਆ ਸੀ। ਹੁਣ ਉਹ ਸਿਰਫ਼ ਇਕ ਸਰੂਪ ਵਨਡੇ ਵਿਚ ਹੀ ਖੇਡਣਗੇ। ਹੁਣ ਉਹ ਚਿੱਟੀ ਜਰਸੀ ਵਿਚ ਖੇਡਦੇ ਹੋਏ ਕਦੀ ਨਹੀਂ ਦਿਸਣਗੇ।



ਸੰਨਿਆਸ ਦਾ ਐਲਾਨ ਕਰਦੇ ਹੋਏ ਕੋਹਲੀ ਨੇ ਇੰਸਟਾਗ੍ਰਾਮ 'ਤੇ ਲਿਖਿਆ, ਟੈਸਟ ਕ੍ਰਿਕਟ ਵਿਚ ਪਹਿਲੀ ਵਾਰ ਬੈਗੀ ਬਲੂ ਪਹਿਨਣ ਦੇ 14 ਸਾਲ ਹੋ ਗਏ ਹਨ। ਸੱਚ ਕਹਾਂ ਤਾਂ ਮੈਂ ਕਦੀ ਨਹੀਂ ਸੋਚਿਆ ਸੀ ਕਿ ਇਹ ਸਰੂਪ ਮੈਨੂੰ ਕਿਸ ਯਾਤਰਾ 'ਤੇ ਲੈ ਜਾਵੇਗਾ। ਇਸਨੇ ਮੈਨੂੰ ਪਰਖਿਆ, ਮੈਨੂੰ ਆਕਾਰ ਦਿੱਤਾ ਅਤੇ ਮੈਨੂੰ ਅਜਿਹੇ ਸਬਕ ਸਿਖਾਏ ਜੋ ਮੈਂ ਜੀਵਨ ਭਰ ਨਾਲ ਰੱਖਾਂਗਾ। ਚਿੱਟੀ ਜਰਸੀ ਵਿਚ ਖੇਡਣਾ ਨਿੱਜੀ ਅਨੁਭਵ ਹੁੰਦਾ ਹੈ। ਇਹ ਇਕ ਸ਼ਾਂਤ ਸੰਘਰਸ਼ ਹੈ, ਲੰਬੇ ਦਿਨ ਅਤੇ ਛੋਟੇ-ਛੋਟੇ ਪਲ ਹਨ, ਜਿਨ੍ਹਾਂ ਨੂੰ ਕੋਈ ਨਹੀਂ ਦੇਖਦਾ ਪਰ ਉਹ ਹਮੇਸ਼ਾ ਤੁਹਾਡੇ ਨਾਲ ਰਹਿੰਦੇ ਹਨ। ਜਦੋਂ ਮੈਂ ਇਸ ਸਰੂਪ ਤੋਂ ਵਿਦਾ ਲੈ ਰਿਹਾ ਹਾਂ ਤਾਂ ਇਹ ਸੌਖਾ ਨਹੀਂ ਹੈ ਪਰ ਇਹ ਸਹੀ ਲੱਗਦਾ ਹੈ।ਮੈਂ ਇਸਨੂੰ ਪੂਰੀ ਤਾਕਤ ਦਿੱਤੀ ਹੈ ਅਤੇ ਇਸ ਨੇ ਮੈਨੂੰ ਉਸ ਤੋਂ ਕਿਤੇ ਵੱਧ ਵਾਪਸ ਕੀਤਾ ਹੈ, ਜਿੰਨੀ ਮੈਂ ਉਮੀਦ ਨਹੀਂ ਕੀਤੀ ਸੀ। ਮੈਂ ਦਿਲ ਤੋਂ ਧੰਨਵਾਦ ਦੇ ਨਾਲ ਵਿਦਾ ਲੈ ਰਿਹਾ ਹਾਂ।

## ਹਰਿਆਣਾ ਨੂੰ ਪਾਣੀ ਦੇਣ ਦੇ ਹਾਈ ਕੋਰਟ ਦੇ ਹੁਕਮ ਨੂੰ ਪੰਜਾਬ ਸਰਕਾਰ ਵਲੋਂ ਚੁਣੌਤੀ

**ਚੰਡੀਗੜ੍ਹ:** ਨੰਗਲ ਡੈਮ ਤੋਂ ਹਰਿਆਣਾ ਲਈ 4,500 ਕਿਊਸਕ ਪਾਣੀ ਛੱਡਣ ਦੇ ਭਾਖੜਾ-ਬਿਆਸ ਮੈਨੇਜਮੈਂਟ ਬੋਰਡ (ਬੀਬੀਐੱਮਬੀ) ਦੀ ਦੋ ਮਈ ਦੀ ਮੀਟਿੰਗ ਦੇ ਫ਼ੈਸਲੇ ਖ਼ਿਲਾਫ਼ ਪੰਜਾਬ ਸਰਕਾਰ ਨੇ ਸੋਮਵਾਰ ਨੂੰ ਹਾਈ ਕੋਰਟ 'ਚ ਨਜ਼ਰਸਾਨੀ ਪਟੀਸ਼ਨ ਦਾਖ਼ਲ ਕੀਤੀ ਹੈ। ਸਰਕਾਰ ਨੇ ਛੇ ਮਈ ਦੇ ਹਾਈ ਕੋਰਟ ਦੇ ਹੁਕਮ ਨੂੰ ਸਹੀ ਨਹੀਂ ਦੱਸਿਆ. ਪਟੀਸ਼ਨ 'ਚ ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਕੇਂਦਰੀ ਗ੍ਰਹਿ ਸਕੱਤਰ ਨਾਲ ਹੋਈ ਇਸ ਮੀਟਿੰਗ ਨੂੰ 'ਰਸਮੀਂ ਦੱਸ ਕੇ ਕੋਰਟ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ। ਮੀਟਿੰਗ ਦੇ ਕੋਈ ਅਧਿਕਾਰਤ ਮਿਨਟਸ ਉਪਲਬਧ ਨਹੀਂ ਕਰਵਾਏ ਗਏ। ਕੇਂਦਰ ਸਰਕਾਰ ਨੇ ਵੀ ਇਸ ਮੀਟਿੰਗ ਦਾ ਸਿਰਫ 'ਡਿਸਕਸ਼ਨ ਰਿਕਾਰਡ' ਪੇਸ਼ ਕੀਤਾ। ਪੰਜਾਬ ਸਰਕਾਰ ਨੇ ਕਿਹਾ ਕਿ ਮੀਟਿੰਗ 'ਚ ਜਦੋਂ ਪਾਣੀ ਛੱਡਣ ਦਾ ਫ਼ੈਸਲਾ ਹੀ ਨਹੀਂ ਹੋਇਆ ਤਾਂ ਹੁਕਮ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ? ਦੋ ਮਈ ਦੀ ਮੀਟਿੰਗ ਸਿਰਫ਼ ਕਾਨੂੰਨ-ਵਿਵਸਥਾ ਨਾਲ ਸੰਬੰਧਤ ਸੀ। ਬੀਬੀਐੱਮਬੀ ਦੇ ਚੇਅਰਮੈਨ ਮਨੋਜ ਤ੍ਰਿਪਾਠੀ ਨੇ ਪ੍ਰਕਿਰਿਆ ਪੂਰੀ ਹੋਣ ਤੋਂ ਪਹਿਲਾਂ ਹੀ ਹਰਿਆਣਾ ਨੂੰ ਵਾਧੂ ਪਾਣੀ ਛੱਡਣ ਦੀ ਕੋਸ਼ਿਸ਼ ਕੀਤੀ ਜੋ ਗ਼ੈਰ ਕਾਨੂੰਨੀ ਹੈ ਇਸ ਲਈ ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਪੰਜਾਬ ਸਰਕਾਰ ਨੇ ਬੀਬੀਐੱਮਬੀ ਦੇ ਚੇਅਰਮੈਨ ਮਨੋਜ ਤ੍ਰਿਪਾਠੀ 'ਤੇ ਅਦਾਲਤ ਨੂੰ ਗੁੰਮਰਾਹ ਕਰਨ ਦਾ ਦੋਸ਼ ਲਗਾਉਂਦੇ ਹੋਏ ਕਿਹਾ ਹੈ ਕਿ ਉਨ੍ਹਾਂ ਨੇ ਅਦਾਲਤ 'ਚ ਮੰਨਿਆ ਸੀ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਅੰਮ੍ਰਿਤਸਰ ਵਿਚ ਨਕਲੀ ਸ਼ਰਾਬ ਪੀਣ ਨਾਲ 16 ਮੌਤਾਂ



**ਅੰਮ੍ਰਿਤਸਰ:** ਅਧਿਕਾਰੀਆਂ ਨੇ ਮੰਗਲਵਾਰ ਨੂੰ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਖੇਤਰ ਦੇ ਚਾਰ ਪਿੰਡਾਂ ਵਿੱਚ ਕਥਿਤ ਤੌਰ 'ਤੇ ਨਕਲੀ ਸ਼ਰਾਬ ਪੀਣ ਤੋਂ ਬਾਅਦ ਘੱਟੋ-ਘੱਟ 16 ਵਿਅਕਤੀਆਂ ਦੀ ਮੌਤ ਹੋ ਗਈ ਹੈ। ਮ੍ਰਿਤਕਾਂ ਵਿੱਚ ਜ਼ਿਆਦਾਤਰ ਇੱਟਾਂ ਦੇ ਭੱਠਿਆਂ 'ਤੇ ਕੰਮ ਕਰਨ ਵਾਲੇ ਮਜ਼ਦੂਰ ਸ਼ਾਮਲ ਹਨ, ਜਿਨ੍ਹਾਂ ਵਿੱਚ ਭੰਗਾਲੀ, ਮਰਾੜੀ ਕਲਾਂ ਥੇਰਵਾਲ ਅਤੇ ਪਤਾਲਪੁਰੀ ਪਿੰਡਾਂ ਦੇ ਵਸਨੀਕ ਸ਼ਾਮਲ ਹਨ। ਪੁਲਿਸ ਸੁਪਰਡੈਂਟ (ਅੰਮ੍ਰਿਤਸਰ ਦਿਹਾਤੀ), ਮਨਿੰਦਰ ਸਿੰਘ ਨੇ ਕਿਹਾ ਕਿ ਮੁੱਖ ਦੋਸ਼ੀ ਪ੍ਰਭਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਉਹ ਨਕਲੀ ਸ਼ਰਾਬ ਸਪਲਾਈ ਕਰਨ ਦਾ ਮਾਸਟਰਮਾਈਂਡ ਨਿਕਲਿਆ। ਮੰਗਲਵਾਰ ਨੂੰ ਬੀ.ਐਨ.ਐਸ. ਦੀ ਧਾਰਾ 105 ਅਤੇ ਆਬਕਾਰੀ ਐਕਟ ਦੀ 61-ਏ ਤਹਿਤ ਪਹਿਲੀ ਸੂਚਨਾ ਰਿਪੋਰਟ (ਐਫ.ਆਈ.ਆਰ.) ਦਰਜ ਕੀਤੀ ਗਈ। ਗ੍ਰਿਫ਼ਤਾਰ ਕੀਤੇ ਗਏ ਹੋਰਨਾਂ ਵਿੱਚ ਮੁੱਖ ਦੋਸ਼ੀ ਪ੍ਰਭਜੀਤ ਸਿੰਘ ਦਾ ਭਰਾ ਕੁਲਬੀਰ ਸਿੰਘ ਉਰਫ਼ ਜੱਗੂ, ਸਾਹਿਬ ਸਿੰਘ ਉਰਫ਼ ਸਰਾਏ, ਗੁਰਜੰਟ ਸਿੰਘ ਅਤੇ ਜੀਤਾ ਦੀ ਪਤਨੀ ਨਿੰਦਰ ਕੌਰ ਸ਼ਾਮਲ ਹਨ।

ਜਾਂਚ ਪੁਲਿਸ ਅਧਿਕਾਰੀ ਨੇ ਮੀਡੀਆ ਨੂੰ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਚੱਲਿਆ ਹੈ ਕਿ "ਸਾਰਿਆਂ ਨੇ ਐਤਵਾਰ ਸ਼ਾਮ ਨੂੰ ਇੱਕੋ ਸਰੋਤ ਤੋਂ ਸ਼ਰਾਬ ਲਈ ਸੀ। ਉਨ੍ਹਾਂ ਵਿੱਚੋਂ ਕੁਝ ਦੀ ਮੌਤ ਸੋਮਵਾਰ ਨੂੰ ਹੋਈ ਅਤੇ ਸਥਾਨਕ ਲੋਕਾਂ ਨੇ ਪੁਲਿਸ ਨੂੰ ਸੂਚਿਤ ਕੀਤੇ ਬਿਨਾਂ ਉਨ੍ਹਾਂ ਦਾ ਸਸਕਾਰ ਕਰ ਦਿੱਤਾ। ਸਾਨੂੰ ਦੇਰ ਸ਼ਾਮ (ਸੋਮਵਾਰ) ਸ਼ਰਾਬ ਕਾਰਨ ਹੋਈਆਂ ਮੌਤਾਂ ਬਾਰੇ ਜਾਣਕਾਰੀ ਮਿਲੀ ਅਤੇ ਜਾਂਚ ਸ਼ੁਰੂ ਕਰ ਦਿੱਤੀ"

## ਮੌਤਾਂ ਨਹੀਂ ਕਤਲ ਹੋਇਆ: ਮੁੱਖ ਮੰਤਰੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ਹਿਰੀਲੀ ਸ਼ਰਾਬ ਨਾਲ 16 ਮੌਤਾਂ ਹੋਣ 'ਤੇ ਆਪਣਾ ਬਿਆਨ ਸਾਂਝਾ ਕਰਦਿਆਂ ਕਿਹਾ ਹੈ ਕਿ ਇਹ ਮੌਤਾਂ ਨਹੀਂ ਕਤਲ ਹਨ ਅਤੇ ਇਹਨਾਂ ਕਾਤਲਾਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਏਗੀ। ਮੁੱਖ ਮੰਤਰੀ ਵੱਲੋਂ ਸੋਸ਼ਲ ਮੀਡੀਆ ਪਲੇਟਫ਼ਾਰਮ 'ਐਕਸ' 'ਤੇ ਜਾਰੀ ਬਿਆਨ ਇਸ ਤਰ੍ਹਾਂ ਹੈ। ਮਜੀਠੇ ਦੇ ਆਲੇ-ਦੁਆਲੇ ਦੇ ਕੁੱਝ ਪਿੰਡਾਂ 'ਚ ਜ਼ਹਿਰੀਲੀ ਸ਼ਰਾਬ ਪੀਣ ਕਰਕੇ ਕਈ ਲੋਕਾਂ ਦੀ ਮੌਤ ਹੋਣ ਦੀ ਦੁਖਦਾਈ ਖ਼ਬਰ ਮਿਲੀ ਹੈ। ਮਾਸੂਮ ਲੋਕਾਂ ਦੇ ਇਹਨਾਂ ਕਾਤਲਾਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਇਹ ਮੌਤਾਂ ਨਹੀਂ ਕਤਲ ਨੇ। ਜ਼ਹਿਰੀਲੀ ਸ਼ਰਾਬ ਨਾਲ ਲੋਕਾਂ ਦੇ ਘਰਾਂ 'ਚ ਸੱਥਰ ਵਿਛਾਉਣ ਵਾਲੇ ਇਹਨਾਂ ਦੋਸ਼ੀਆਂ ਨੂੰ ਕਾਨੂੰਨ ਮੁਤਾਬਕ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ। ਮੈਂ ਪਰਮਾਤਮਾ ਅੱਗੇ ਵਿੱਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਦੀ ਅਰਦਾਸ ਕਰਦਾ ਹਾਂ। ਸਰਕਾਰ ਪਰਿਵਾਰਾਂ ਦੇ ਨਾਲ ਖੜ੍ਹੀ ਹੈ ਤੇ ਹਰ ਸੰਭਵ ਮਦਦ ਕੀਤੀ ਜਾਵੇਗੀ।

(ਪਹਿਲੇ ਸਫ਼ੇ ਦਾ ਬਾਕੀ)

## ਪ੍ਰਧਾਨ ਮੰਤਰੀ ਨੇ ਅਚਾਨਕ...

ਭਾਰਤ ਅਤੇ ਪਾਕਿਸਤਾਨ ਦੁਆਰਾ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਵਿੱਚ ਅੱਤਵਾਦੀ ਕੇਂਦਰਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਭਾਰਤੀ ਫੌਜਾਂ ਦੁਆਰਾ ਕੀਤੇ ਗਏ ਇੱਕ ਵੱਡੇ ਅੱਤਵਾਦ ਵਿਰੋਧੀ ਆਪ੍ਰੇਸ਼ਨ 'ਆਪ੍ਰੇਸ਼ਨ ਸਿੰਧੂਰ ਦੀ ਸਫਲਤਾ ਤੋਂ ਬਾਅਦ ਜੰਗਬੰਦੀ 'ਤੇ ਸਹਿਮਤ ਹੋਣ ਤੋਂ ਕੁਝ ਦਿਨ ਬਾਅਦ ਹੋਇਆ ਹੈ।





ਏਅਰਬੇਸ 'ਤੇ, ਪ੍ਰਧਾਨ ਮੰਤਰੀ ਨੇ ਸੈਨਿਕਾਂ ਨਾਲ ਗੱਲਬਾਤ ਕੀਤੀ, ਉਨ੍ਹਾਂ ਦੀ ਬਹਾਦਰੀ ਦੀ ਪ੍ਰਸ਼ੰਸਾ ਕੀਤੀ। ਗੱਲਬਾਤ ਵਿੱਚ ਮੌਜੂਦ ਸੈਨਿਕਾਂ ਨੇ ਇਸ ਦੌਰੇ ਨੂੰ ਮਨੋਬਲ ਵਧਾਉਣ ਵਾਲਾ ਦੱਸਿਆ, ਕਿ ਕਿਵੇਂ ਪ੍ਰਧਾਨ ਮੰਤਰੀ ਦੀ ਮੌਜੂਦਗੀ ਨੇ ਸੈਨਿਕਾਂ ਦੇ ਹੌਂਸਲੇ ਨੂੰ ਉੱਚਾ ਚੁੱਕਿਆ, ਇਸ ਮੌਕੇ ਸੈਨਿਕਾਂ ਨੂੰ ਉਨ੍ਹਾਂ ਦੀਆਂ ਲੜਾਕੂ ਵਰਦੀਆਂ ਵਿੱਚ ਮੁਸਕਰਾਉਂਦੇ ਦੇਖਿਆ ਗਿਆ, ਜੋ ਉਨ੍ਹਾਂ ਦੀ ਨਿਰੰਤਰ ਤਿਆਰੀ ਦਾ ਪ੍ਰਤੀਕ ਹੈ।

X 'ਤੇ ਆਪਣਾ ਅਨੁਭਵ ਸਾਂਝਾ ਕਰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ ਲਿਖਿਆ, ''ਅੱਜ ਸਵੇਰੇ, ਮੈਂ ਏਅਰਬੇਸ ਆਦਮਪੁਰ ਗਿਆ ਅਤੇ ਸਾਡੇ ਬਹਾਦਰ ਹਵਾਈ ਯੋਧਿਆਂ ਅਤੇ ਸੈਨਿਕਾਂ ਨੂੰ ਮਿਲਿਆ। ਉਨ੍ਹਾਂ ਨੂੰ ਮਿਲਣਾ ਇੱਕ ਬਹੁਤ ਹੀ ਖਾਸ ਅਨੁਭਵ ਸੀ, ਜੋ ਹਿੰਮਤ, ਦ੍ਰਿੜਤਾ ਅਤੇ ਨਿਡਰਤਾ ਦਾ ਪ੍ਰਤੀਕ ਹਨ। ਭਾਰਤ ਸਾਡੇ ਹਥਿਆਰਬੰਦ ਬਲਾਂ ਦਾ ਉਨ੍ਹਾਂ ਵਲੋਂ ਦੇਸ਼ ਲਈ ਕੀਤੇ ਹਰ ਕੰਮ ਲਈ ਹਮੇਸ਼ਾ ਧੰਨਵਾਦੀ ਹੈ।''



ਸਰਹੱਦ ਪਾਰ ਅੱਤਵਾਦੀ ਢਾਂਚੇ 'ਤੇ ਭਾਰਤ ਦੇ ਹਮਲੇ ਤੋਂ ਬਾਅਦ, 9 ਅਤੇ 10 ਮਈ ਦੀ ਰਾਤ ਨੂੰ ਪਾਕਿਸਤਾਨ ਦੇ ਜਵਾਬੀ ਹਮਲੇ ਦੇ ਨਿਸ਼ਾਨਿਆਂ ਵਿੱਚੋਂ ਇੱਕ ਆਦਮਪੁਰ ਏਅਰਬੇਸ ਸੀ।ਭਾਰਤ ਦੇ ਹਵਾਈ ਰੱਖਿਆ ਪ੍ਰਣਾਲੀਆਂ ਦੁਆਰਾ ਪਾਕਿਸਤਾਨੀ ਡਰੋਨਾਂ ਅਤੇ ਮਿਜ਼ਾਈਲਾਂ ਨੂੰ ਰੋਕਿਆ ਅਤੇ ਬੇਅਸਰ ਕੀਤਾ ਗਿਆ, ਜੋ ਕਿ ਭਾਰਤੀ ਹਥਿਆਰਬੰਦ ਬਲਾਂ ਦੀ ਤਿਆਰੀ ਅਤੇ ਪ੍ਰਭਾਵਸ਼ੀਲਤਾ ਨੂੰ ਦਰਸਾਉਂਦਾ ਹੈ।ਇਹ ਦੌਰਾ ਪ੍ਰਧਾਨ ਮੰਤਰੀ ਮੋਦੀ ਦੇ ਰਾਸ਼ਟਰ ਨੂੰ ਹਾਲ ਹੀ ਵਿੱਚ ਦਿੱਤੇ ਸੰਬੋਧਨ ਦੇ ਨਾਲ ਵੀ ਮੇਲ ਖਾਂਦਾ ਸੀ ਜਿੱਥੇ ਉਨ੍ਹਾਂ ਨੇ 'ਆਪ੍ਰੇਸ਼ਨ ਸਿੰਧੂਰ ਨੂੰ ਲਾਗੂ ਕਰਨ ਲਈ ਹਥਿਆਰਬੰਦ ਬਲਾਂ ਦੀ ਪ੍ਰਸ਼ੰਸਾ ਕੀਤੀ, ਇਹ ਕਹਿੰਦੇ ਹੋਏ ਕਿ ਇਸਨੇ ਸ਼ੁੱਧਤਾ ਅਤੇ ਦ੍ਰਿੜਤਾ ਨਾਲ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕੀਤਾ ਹੈ।

"ਮੈਂ ਹਥਿਆਰਬੰਦ ਬਲਾਂ, ਖੁਫੀਆ ਏਜੰਸੀਆਂ ਅਤੇ ਵਿਗਿਆਨੀਆਂ ਨੂੰ ਉਨ੍ਹਾਂ ਦੀ ਹਿੰਮਤ ਲਈ ਸਲਾਮ ਕਰਦਾ ਹਾਂ ਜਿਸਨੇ 'ਆਪ੍ਰੇਸ਼ਨ ਸਿੰਧੂਰ ਨੂੰ ਇਸਦੇ ਉਦੇਸ਼ ਨੂੰ ਪ੍ਰਾਪਤ ਕਰਨ ਵਿੱਚ ਸਹਾਇਤਾ ਕੀਤੀ,''ਅੱਤਵਾਦ ਵਿਰੁੱਧ ਲੜਾਈ ਵਿੱਚ ਭਾਰਤ ਦੇ ਨਵੇਂ ਸਿਧਾਂਤ ਦੀ ਪੁਸ਼ਟੀ ਕਰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਸੀ ਕਿ 'ਆਪ੍ਰੇਸ਼ਨ ਸਿੰਧੂਰ ਦੇਸ਼ ਦੀ ਸਮੂਹਿਕ ਭਾਵਨਾ ਨੂੰ ਸਮਰਪਿਤ ਸੀ, ਖਾਸ ਕਰਕੇ ਭਾਰਤ ਦੀਆਂ ਔਰਤਾਂ ਨੂੰ, ਜਿਨ੍ਹਾਂ ਦੀ ਸੁਰੱਖਿਆ ਅਤੇ ਸਨਮਾਨ ਮਿਸ਼ਨ ਦੇ ਕੇਂਦਰ ਵਿੱਚ ਸਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਕਾਰਵਾਈ ਨੇ ਅੱਤਵਾਦੀ ਸੰਗਠਨਾਂ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਇੱਕ ਸਪੱਸ਼ਟ ਸੰਦੇਸ਼ ਭੇਜਿਆ ਹੈ - ਕਿ ਭਾਰਤ ਜਾਂ ਇਸਦੇ ਨਾਗਰਿਕਾਂ 'ਤੇ ਕਿਸੇ ਵੀ ਹਮਲੇ ਦਾ ਫੈਸਲਾਕੁੰਨ ਅਤੇ ਸ਼ਕਤੀਸ਼ਾਲੀ ਬਦਲਾ ਲਿਆ ਜਾਵੇਗਾ। "ਦੁਨੀਆ ਨੇ ਭਾਰਤ ਦੀ ਸਮਰੱਥਾ ਦੇਖ ਲਈ ਹੈ ਅਤੇ ਇਹ ਸਪੱਸ਼ਟ ਹੈ ਕਿ ਅੱਤਵਾਦੀਆਂ ਨੂੰ ਹੁਣ ਬਖਸ਼ਿਆ ਨਹੀਂ ਜਾਵੇਗਾ।''

ਪ੍ਰਧਾਨ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ 'ਆਪ੍ਰੇਸ਼ਨ ਸਿੰਧੂਰ ਭਾਰਤ ਦੀ ਅੱਤਵਾਦ ਵਿਰੋਧੀ ਰਣਨੀਤੀ ਵਿੱਚ ਇੱਕ ਨਵਾਂ ਅਤੇ ਅਟੱਲ ਅਧਿਆਇ ਹੈ ਜੋ ਕਿ ਨਿਰੰਤਰ, ਸਟੀਕ ਅਤੇ ਸਮਝੌਤਾ ਰਹਿਤ ਹੈ। ਭਾਰਤ ਦੀ ਫੌਜ ਨੇ ਪਾਕਿਸਤਾਨ ਵਿੱਚ ਅੱਤਵਾਦੀ ਟਿਕਾਣਿਆਂ 'ਤੇ ਬਹੁਤ ਜ਼ਿਆਦਾ ਨਿਸ਼ਾਨਾ ਬਣਾ ਕੇ ਹਮਲੇ ਕੀਤੇ, ਜਿਸ ਨਾਲ ਦੇਸ਼ ਦੇ ਆਪਣੇ ਨਾਗਰਿਕਾਂ ਅਤੇ ਰਾਸ਼ਟਰੀ ਕਦਰਾਂ-ਕੀਮਤਾਂ ਦੀ ਰੱਖਿਆ ਕਰਨ ਦੇ ਇਰਾਦੇ ਨੂੰ ਹੋਰ ਮਜ਼ਬੂਤੀ ਮਿਲੀ।

(ਪਹਿਲੇ ਸਫ਼ੇ ਦਾ ਬਾਕੀ)

## ਪ੍ਰਮਾਣੂ ਬੰਬ 'ਤੇ...

## ਕਸ਼ਮੀਰ 'ਤੇ ਨਾ ਕੋਈ ਗੱਲ ਹੋਵੇਗੀ ਅਤੇ ਨਾ ਕਿਸੇ ਦੀ ਵਿਚੋਲਗੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਸ਼ਮੀਰ ਨੂੰ ਆਪਣੀ ਗਰਦਨ ਦੀ ਸਭ ਤੋਂ ਅਹਿਮ ਨੱਸ ਦੱਸਣ ਵਾਲੇ ਪਾਕਿਸਤਾਨ ਨੂੰ ਸਪੱਸ਼ਟ ਸੰਦੇਸ਼ ਦੇ ਦਿੱਤਾ ਕਿ ਜੰਮੂ-ਕਸ਼ਮੀਰ ਭਾਰਤ ਦਾ ਅਟੁੱਟ ਹਿੱਸਾ ਹੈ। ਅਮਰੀਕੀ ਰਾਸ਼ਟਰਪਤੀ ਨੂੰ ਵੀ ਸੰਦੇਸ਼ ਦੇ ਦਿੱਤਾ ਕਿ ਕਸ਼ਮੀਰ 'ਤੇ ਹੁਣ ਕੋਈ ਗੱਲ ਨਹੀਂ ਹੋਵੇਗੀ ਤੇ ਨਾ ਹੀ ਕਿਸੇ ਦੀ ਵਿਚੋਲਗੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨਾਲ ਗੱਲਬਾਤ ਸਿਰਫ਼ ਅੱਤਵਾਦ ਤੇ ਪੀ.ਓ.ਜੇ.ਕੇ. 'ਤੇ ਹੀ ਹੋਵੇਗੀ। ਇਸ ਤੋਂ ਇਲਾਵਾ ਕਿਸੇ ਮੁੱਦੇ 'ਤੇ ਗੱਲਬਾਤ ਨਹੀਂ ਹੋਵੇਗੀ। ਪ੍ਰਧਾਨ ਮੰਤਰੀ ਨੇ ਸਾਫ਼ ਕੀਤਾ ਕਿ ਪਾਕਿਸਤਾਨ ਨੂੰ ਅੱਤਵਾਦੀ ਢਾਂਚੇ ਦਾ ਸਫ਼ਾਇਆ ਕਰਨਾ ਹੀ ਪਵੇਗਾ। ਇਸ ਤੋਂ ਇਲਾਵਾ ਸ਼ਾਂਤੀ ਦਾ ਕੋਈ ਹੋਰ ਰਸਤਾ ਨਹੀਂ ਹੈ। ਇਹ ਸਮਾਂ ਜੰਗ ਦਾ ਨਹੀਂ, ਸ਼ਾਂਤੀ ਦਾ ਹੈ, ਦੇ ਆਪਣੇ ਬਿਆਨ 'ਤੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਸ਼ਾਂਤੀ ਦਾ ਰਸਤਾ ਵੀ ਸ਼ਕਤੀ ਤੋਂ ਹੋ ਕੇ ਜਾਂਦਾ ਹੈ ਤੇ ਭਾਰਤ ਨੇ ਆਪਣੀ ਸ਼ਕਤੀ ਦਿਖਾ ਦਿੱਤੀ ਹੈ।

### ਆਪ੍ਰੇਸ਼ਨ ਸਿੰਧੂਰ ਅੱਤਵਾਦ ਖ਼ਿਲਾਫ਼ ਭਾਰਤ ਦੀ ਨਵੀਂ ਨੀਤੀ

ਆਪ੍ਰੇਸ਼ਨ ਸਿੰਧੂਰ ਨੂੰ ਮੁਲਤਵੀ ਕਰਨ ਲਈ ਦੇਸ਼ ਦੇ ਅੰਦਰ ਉੱਠ ਰਹੇ ਕੁਝ ਸਵਾਲਾਂ ਦਾ ਵੀ ਜਵਾਬ ਦੇ ਦਿੱਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਦੀ ਹਮਲਾਵਰ ਕਾਰਵਾਈ ਤੋਂ ਬਾਅਦ ਪਾਕਿਸਤਾਨ ਦੁਨੀਆ ਭਰ ਤੋਂ ਤਣਾਅ ਘੱਟ ਕਰਨ ਦੀ ਮੰਗ ਕਰਨ ਲੱਗਾ। ਭਵਿੱਖ 'ਚ ਕੋਈ ਵੀ ਅੱਤਵਾਦੀ ਸਰਗਰਮੀ ਤੇ ਫ਼ੌਜੀ ਹਿਮਾਕਤ ਨਾ ਦਿਖਾਉਣ ਦੀ ਗਾਰੰਟੀ ਦੇਣ ਤੋਂ ਬਾਅਦ ਹੀ ਇਸ 'ਤੇ ਵਿਚਾਰ ਕੀਤਾ। ਪਹਿਲਾਂ ਹੀ ਅੱਤਵਾਦੀ ਇੰਫ੍ਰਾਸਟ੍ਰਕਚਰ ਨੂੰ ਤਬਾਹ ਕਰਨ ਤੇ ਵੱਡੀ ਗਿਣਤੀ 'ਚ ਅੱਤਵਾਦੀ ਆਕਾਵਾਂ ਨੂੰ ਮਾਰ ਸੁੱਟਣ ਨੂੰ ਦੇਖਦੇ ਹੋਏ ਭਾਰਤ ਨੇ ਆਪ੍ਰੇਸ਼ਨ ਸਿੰਧੂਰ ਨੂੰ ਫ਼ਿਲਹਾਲ ਮੁਲਤਵੀ ਕਰਨ ਦਾ ਫ਼ੈਸਲਾ ਕੀਤਾ ਪਰ ਤਿੰਨਾਂ ਫ਼ੌਜਾਂ, ਬੀਐੱਸਐੱਫ ਤੇ ਨੀਮ ਫ਼ੌਜੀ ਦਸਤੇ ਲਗਾਤਾਰ ਅਲਰਟ 'ਤੇ ਹਨ। ਉਨ੍ਹਾਂ ਸਾਫ਼ ਕੀਤਾ ਕਿ ਸਰਜੀਕਲ ਸਟ੍ਰਾਈਕ ਤੇ ਏਅਰ ਸਟ੍ਰਾਈਕ ਤੋਂ ਬਾਅਦ ਹੁਣ ਆਪ੍ਰੇਸ਼ਨ ਸਿੰਧੂਰ ਅੱਤਵਾਦ ਖ਼ਿਲਾਫ਼ ਭਾਰਤ ਦੀ ਨਵੀਂ ਨੀਤੀ ਹੈ। ਇਸ ਨਵੀਂ ਨੀਤੀ ਦੇ ਤਹਿਤ ਹਰ ਅੱਤਵਾਦੀ ਹਮਲੇ ਦਾ ਕਰਾਰਾ ਜਵਾਬ, ਨਿਊਕਲੀਅਰ ਬਲੈਕਮੇਲ ਨੂੰ ਨਹੀਂ ਬਰਦਾਸ਼ਤ ਕਰਨਾ ਅਤੇ ਅੱਤਵਾਦ ਦੀ ਸਰਪ੍ਰਸਤ ਸਰਕਾਰ ਤੇ ਅੱਤਵਾਦ ਦੇ ਆਕਾਵਾਂ ਨੂੰ ਅਲੱਗ-ਅਲੱਗ ਨਹੀਂ ਦੇਖਣਾ ਸ਼ਾਮਲ ਹੈ।

## ਪ੍ਰਮਾਣੂ ਯੁੱਧ ਦੀ ਫੋਕੀ ਧਮਕੀ ਦੇ ਰਿਹੈ ਪਾਕਿਸਤਾਨ

ਰਾਸ਼ਟਰਪਤੀ ਟਰੰਪ ਨੇ ਐਤਵਾਰ ਨੂੰ ਵੀ ਇੰਟਰਨੈੱਟ ਮੀਡੀਆ 'ਤੇ ਇਹ ਸੁਨੇਹਾ ਦਿੱਤਾ ਸੀ ਕਿ ਉਨ੍ਹਾਂ ਵੱਡੇ ਸੰਘਰਸ਼ ਨੂੰ ਰੋਕਿਆ ਹੈ, ਨਹੀਂ ਤਾਂ ਇਸ ਵਿਚ ਲੱਖਾਂ ਲੋਕਾਂ ਦੀ ਮੌਤ ਹੋ ਜਾਂਦੀ। ਇਹ ਵੀ ਪਰਮਾਣੂ ਯੁੱਧ ਵੱਲ ਹੀ ਸੰਕੇਤ ਸੀ। ਪਰ ਭਾਰਤ ਦਾ ਮੰਨਣਾ ਹੈ ਕਿ ਪਾਕਿਸਤਾਨ ਪਰਮਾਣੂ ਯੁੱਧ ਦੀ ਫੋਕੀ ਧਮਕੀ ਦਿੰਦਾ ਹੈ। ਅਸਲ ਵਿਚ ਜਿਸ ਦਿਨ ਤੋਂ ਭਾਰਤ ਨੇ ਪਹਿਲਗਾਮ ਹਮਲੇ ਦਾ ਬਦਲਾ ਲੈਣ ਦੀ ਗੱਲ ਕੀਤੀ, ਉਸੇ ਦਿਨ ਤੋਂ ਪਾਕਿਸਤਾਨ ਦੇ ਉਪ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਵੱਖ-ਵੱਖ ਤੌਰ ਤੇ ਇਹ ਬਿਆਨ ਦੇ ਚੁੱਕੇ ਹਨ ਕਿ ਉਹ ਭਾਰਤ ਦੇ ਕਿਸੇ ਵੀ ਹਮਲੇ ਦਾ ਆਪਣੀ ਹਰ ਤਾਕਤ ਨਾਲ ਜਵਾਬ ਦੇਣਗੇ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ

# ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ; ਦਾਦੂਵਾਲ ਸਮੇਤ 9 ਮੈਂਬਰ ਨਾਮਜ਼ਦ



**ਚੰਡੀਗੜ੍ਹ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਹੱਤਵਪੂਰਨ ਮੀਟਿੰਗ ਪੀ.ਡਬਲਿਊ.ਡੀ. ਰੈਸਟ ਹਾਊਸ ਵਿਖੇ ਹੋਈ।

ਇਹ ਮੀਟਿੰਗ ਹਰਿਆਣਾ ਗੁਰਦੁਆਰਾ ਚੋਣ ਕਮਿਸ਼ਨ ਦੇ ਚੇਅਰਮੈਨ ਸੇਵਾਮੁਕਤ ਜਸਟਿਸ ਐਚ.ਐਸ. ਭੱਲਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਕਮਿਸ਼ਨ ਦੇ ਮੈਂਬਰ ਸਕੱਤਰ ਸੰਦੀਪ ਕੁਮਾਰ (ਐਚ.ਸੀ.ਐਸ.) ਵੀ ਮੌਜੂਦ = ਸਨ। ਮੀਟਿੰਗ ਦਾ ਮੁੱਖ ਉਦੇਸ਼ ਹਾਲ ਹੀ ਵਿਚ ਹੋਈਆਂ ਹਰਿਆਣਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਤੋਂ ਬਾਅਦ ਕਮੇਟੀ ਵਿਚ 9 ਮੈਂਬਰਾਂ ਨੂੰ ਨਾਮਜ਼ਦ ਕਰਨਾ ਸੀ। ਕਮੇਟੀ ਦੇ ਨਿਯਮਾਂ ਅਨੁਸਾਰ, ਰਾਜ ਭਰ ਤੋਂ 40 ਮੈਂਬਰ ਸਿੱਧੀਆਂ ਚੋਣਾਂ ਰਾਹੀਂ ਚੁਣੇ ਜਾਂਦੇ ਹਨ ਅਤੇ 9 ਮੈਂਬਰ ਐਸ.ਸੀ-ਬੀ.ਸੀ, ਅਰਤਾਂ, ਰਜਿਸਟਰਡ ਸਿੰਘ ਸਭਾਵਾਂ ਅਤੇ ਜਨਰਲ ਵਰਗ ਦੇ ਸਿੱਖਾਂ ਵਿਚੋਂ ਨਾਮਜ਼ਦ ਕੀਤੇ ਜਾਂਦੇ ਹਨ। ਕਮੇਟੀ ਦੀਆਂ ਚੋਣਾਂ ਜਨਵਰੀ ਵਿਚ ਹੋਈਆਂ ਸਨ ਅਤੇ ਲਗਭਗ ਚਾਰ ਮਹੀਨਿਆਂ ਬਾਅਦ ਅੱਜ 9 ਮੈਂਬਰ ਨਾਮਜ਼ਦ ਕੀਤੇ ਗਏ ਹਨ। ਨਾਮਜ਼ਦ ਕੀਤੇ ਗਏ ਮੈਂਬਰਾਂ ਵਿਚ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਸ਼ਾਮਲ ਹਨ, ਜੋ ਹਰਿਆਣਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਹਨ ਅਤੇ ਹੁਣ ਤੱਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਹਨ। ਚੋਣਾਂ ਜਿੱਤਣ ਵਾਲੇ 40 ਚੁਣੇ ਹੋਏ ਮੈਂਬਰਾਂ ਨੇ ਸਰਬਸੰਮਤੀ ਨਾਲ ਕਮੇਟੀ ਲਈ ਨੌਂ ਨਵੇਂ ਮੈਂਬਰ ਨਾਮਜ਼ਦ ਕੀਤੇ, ਜਿਸ ਨਾਲ ਹਰਿਆਣਾ ਗੁਰਦੁਆਰਾ ਕਮੇਟੀ ਦੇ ਸਾਰੇ 49 ਮੈਂਬਰ ਹੁਣ ਪੂਰੇ ਹੋ ਗਏ ਹਨ।ਨਾਮਜ਼ਦ ਕੀਤੇ ਗਏ 9 ਮੈਂਬਰਾਂ ਵਿਚ ਬਲਕਾਰ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਮਰਦਾਨ ਸਾਹਿਬ, ਜ਼ਿਲ੍ਹਾ ਅੰਬਾਲਾ (ਐਸ.ਸੀ. ਸ਼੍ਰੇਣੀ), ਸੇਵਾ ਸਿੰਘ ਪੁੱਤਰ ਮਲੂਕ ਸਿੰਘ ਵਾਸੀ ਭਾਵਦੀਨ, ਜ਼ਿਲ੍ਹਾ ਸਿਰਸਾ (ਐਸ.ਸੀ. ਸ਼੍ਰੇਣੀ), ਭੁਪਿੰਦਰ ਸਿੰਘ ਪੁੱਤਰ ਸੇਵਾ ਸਿੰਘ ਪਾਣੀਪਤ (ਓ.ਬੀ.ਸੀ), ਬੀਬੀ ਸਿਮਰਨਜੀਤ ਕੌਰ ਪਤਨੀ ਗੁਲਾਬ ਸਿੰਘ ਵਾਸੀ ਮੂਨਕ ਜ਼ਿਲ੍ਹਾ ਕਰਨਾਲ (ਸਿੱਖ ਮਹਿਲਾ ਸ਼੍ਰੇਣੀ), ਬੀਬੀ ਕਰਤਾਰ ਕੌਰ ਪਤਨੀ ਰਵਿੰਦਰ ਪਾਲ ਸਿੰਘ ਗਿੱਲ ਵਾਸੀ ਸ਼ਾਹਬਾਦ ਮਾਰਕੰਡਾ (ਸਿੱਖ ਮਹਿਲਾ ਸ਼੍ਰੇਣੀ), ਗੁਰਮੇਲ ਸਿੰਘ ਪੁੱਤਰ ਪੂਰਨ ਸਿੰਘ ਪਿੰਡ ਸ਼ਾਹਨਾਲ, ਤਹਿਸੀਲ ਰਤੀਆ ਜ਼ਿਲ੍ਹਾ ਫਤਿਹਾਬਾਦ (ਰਜਿਸਟਰਡ ਸਿੰਘ ਸਭਾ ਪ੍ਰਤੀਨਿਧੀ), ਹਰਿੰਦਰ ਸਿੰਘ ਪੁੱਤਰ ਮਾਨ ਸਿੰਘ ਵਾਸੀ ਰਾਜਹੇੜੀ ਜ਼ਿਲ੍ਹਾ ਅੰਬਾਲਾ (ਰਜਿਸਟਰਡ ਸਿੰਘ ਸਭਾ ਪ੍ਰਤੀਨਿਧੀ), ਬਲਜੀਤ ਸਿੰਘ ਦਾਦੂਵਾਲ ਪੁੱਤਰ ਪ੍ਰੀਤਮ ਸਿੰਘ ਵਾਸੀ ਗੁਰਦੁਆਰਾ ਸ੍ਰੀ ਗੁਰੂ ਗ੍ਰੰਥਸਰ ਦਾਦੂ ਸਾਹਿਬ ਜ਼ਿਲ੍ਹਾ ਸਿਰਸਾ (ਜਨਰਲ ਸ਼੍ਰੇਣੀ ਸਿੱਖ) ਅਤੇ ਦਿਲਬਾਗ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਬਾਪੌਲੀ ਸ਼ਹਿਜ਼ਾਦਪੁਰ ਜ਼ਿਲ੍ਹਾ ਅੰਬਾਲਾ (ਜਨਰਲ ਸ਼੍ਰੇਣੀ ਸਿੱਖ) ਸ਼ਾਮਲ ਹਨ।

# ਲੀਹ ’ਤੇ ਪਰਤਣ ਲੱਗਾ ਪੰਜਾਬ



**ਜਲੰਧਰ:** ਜੰਗਬੰਦੀ ਦੇ ਐਲਾਨ ਤੋਂ ਬਾਅਦ ਜ਼ਿੰਦਗੀ ਪਟੜੀ ‘ਤੇ ਪਰਤਣੀ ਸ਼ੁਰੂ ਹੋ ਗਈ ਹੈ ਤੇ ਲੋਕ ਆਪੋ-ਆਪਣੇ ਕੰਮਾਂ-ਕਾਰਾਂ ‘ਤੇ ਪਰਤ ਆਏ ਹਨ। ਭਾਰਤ-ਪਾਕਿ ਜੰਗ ਕਾਰਨ ਲੋਕ ਜਿੱਥੇ ਭਾਰੀ ਦਹਿਸ਼ਤ ਦੇ ਸਾਏ ਹੇਠ ਸਨ, ਉਨ੍ਹਾਂ ਨੇ ਜੰਗਬੰਦੀ ਦਾ ਸਵਾਗਤ ਕਰਦੇ ਹੋਏ ਸੁੱਖ ਦਾ ਸਾਹ ਲਿਆ ਹੈ। ਜੰਗ ਕਾਰਨ ਲੋਕ ਆਪਣੇ ਭਵਿੱਖ ਨੂੰ ਲੈ ਕੇ ਡੂੰਘੀ ਚਿੰਤਾ ਵਿਚ ਸਨ ਪਰ ਸ਼ਾਮ ਸਮੇਂ ਜੰਗਬੰਦੀ ਦੇ ਐਲਾਨ ਤੋਂ ਬਾਅਦ ਬਜ਼ਾਰਾਂ ਵਿਚ ਹੀ ਨਹੀਂ ਸਗੋਂ ਲੋਕਾਂ ਦੇ ਚਿਹਰਿਆਂ ‘ਤੇ ਵੀ ਰੌਣਕ ਪਰਤ ਆਈ ਹੈ। ਇੱਥੇ ਹੀ ਬੱਸ ਨਹੀਂ ਬਲੈਕਆਊਟ ਕਾਰਨ ਜਿੱਥੇ ਪਿਛਲੇ ਤਿੰਨ ਦਿਨਾਂ ਤੋਂ ਪੰਜਾਬ ਦੇ ਵੱਖ-ਵੱਖ ਸ਼ਹਿਰ ਅਤੇ ਪਿੰਡ ਰਾਤ ਦੇ ਘੁੱਪ ਹਨ੍ਹੇਰੇ ‘ਚ ਗੁਆਚ ਗਏ ਸਨ, ਉਹ ਵੀ ਮੁੜ ਜਗਮਾਉਣ ਲੱਗੇ ਹਨ।

ਸੀ. ਸੀ. ਟੀ. ਵੀ. ਕੈਮਰਿਆਂ ਤੇ ਸੋਲਰ ਲਾਈਟਾਂ ਤੋਂ ਪਰਦੇ ਹਟਾ ਦਿੱਤੇ ਗਏ ਹਨ ਅਤੇ ਸਟਰੀਟ ਲਾਈਟਾਂ ਵੀ ਜਗਣ ਲੱਗੀਆਂ ਹਨ। ਸ਼ਾਮ ਸਮੇਂ ਬਾਜ਼ਾਰ ਵੀ ਆਮ ਦੀ ਤਰ੍ਹਾਂ ਖੁੱਲ੍ਹ ਗਏ ਤੇ ਲੋਕਾਂ ਨੇ ਬਿਨ੍ਹਾਂ ਕਿਸੇ ਡਰ ਖੌਫ ਦੇ ਖਰੀਦਦਾਰੀ ਕੀਤੀ। ਹਾਲਾਂਕਿ ਇਸ ਤੋਂ ਪਹਿਲਾਂ ਜੰਗ ਦੇ ਸੰਘਣੇ ਹੁੰਦੇ ਜਾ ਰਹੇ ਬੱਦਲਾਂ ਦੇ ਦਰਮਿਆਨ ਲੋਕਾਂ ਵਲੋਂ ਰਾਸ਼ਨ ਤੇ ਹੋਰ ਜ਼ਰੂਰੀ ਸਾਮਾਨ ਦੀ ਖਰੀਦ ਹੀ ਨਹੀਂ ਕੀਤੀ ਜਾ ਰਹੀ ਸੀ ਬਲਕਿ ਉਨ੍ਹਾਂ ਵਲੋਂ ਇਨ੍ਹਾਂ ਵਸਤਾਂ ਦਾ ਭੰਡਾਰ ਵੀ ਕੀਤਾ ਜਾਣ ਲੱਗਾ ਸੀ ਪਰ ਹੁਣ ਜੰਗਬੰਦੀ ਦੇ ਐਲਾਨ ਤੋਂ ਬਾਅਦ ਲੋਕਾਂ ਵਲੋਂ ਜ਼ਰੂਰੀ ਵਰਤੋਂ ਦਾ ਸਾਮਾਨ ਤਾਂ ਖਰੀਦਿਆ ਜਾ ਰਿਹਾ ਹੈ ਪਰ ਹੁਣ ਭੰਡਾਰ ਕਰਨ ਲਈ ਵਾਧੂ ਸਾਮਾਨ ਨਹੀਂ ਖਰੀਦਿਆ ਜਾ ਰਿਹਾ। ਇੱਥੇ ਇਹ ਵੀ ਦੱਸਣਯੋਗ ਹੈ ਕਿ ਪਾਕਿਸਤਾਨ ਵਲੋਂ ਜਲੰਧਰ, ਪਠਾਨਕੋਟ, ਹੁਸ਼ਿਆਰਪੁਰ, ਫਿਰੋਜ਼ਪੁਰ, ਅੰਮ੍ਰਿਤਸਰ ਤੇ ਗੁਰਦਾਸਪੁਰ ਸਮੇਤ ਹੋਰਨਾਂ ਜ਼ਿਲ੍ਹਿਆਂ ‘ਚ ਪਿਛਲੇ ਦੋ ਦਿਨਾਂ ਤੋਂ ਲਗਾਤਾਰ ਕੀਤੇ ਜਾ ਰਹੇ ਡਰੋਨ ਹਮਲਿਆਂ ਕਾਰਨ ਲੋਕਾਂ ਅੰਦਰ ਡਰ ਤੇ ਸਹਿਮ ਦਾ ਮਾਹੌਲ ਵੀ ਬਣਿਆ ਹੋਇਆ ਸੀ ਤੇ ਪ੍ਰਸ਼ਾਸਨ ਵਲੋਂ ਵੀ ਅਹਿਤਿਆਤ ਦੇ ਤੌਰ ‘ਤੇ ਕਈ ਸ਼ਹਿਰਾਂ ‘ਚ ਦਿਨ ਵੇਲੇ ਵੀ. ਬਾਜ਼ਾਰ ਆਦਿ ਬੰਦ ਰੱਖਣ ਦੇ ਆਦੇਸ਼ ਦਿੱਤੇ ਗਏ ਸਨ ਪਰ ਹੁਣ ਜੰਗਬੰਦੀ ਦੇ ਐਲਾਨ ਤੋਂ ਬਾਅਦ ਜਨ-ਜੀਵਨ ਆਮ ਦੀ ਤਰ੍ਹਾਂ ਹੋ ਗਿਆ ਹੈ ਤੇ ਲੋਕ ਆਪੋ-ਆਪਣੇ ਕੰਮਾਂ-ਕਾਰਾਂ ‘ਚ ਰੁਝ ਗਏ ਹਨ।

ਹਾਲਾਂਕਿ ਸਰਹੱਦੀ ਪਿੰਡਾਂ ਦੇ ਲੋਕ, ਜੋ ਜੰਗ ਕਾਰਨ ਘਰ-ਬਾਰ ਛੱਡ ਕੇ ਸੁਰੱਖਿਅਤ ਥਾਵਾਂ ‘ਤੇ ਚਲੇ ਗਏ ਸਨ, ਉਨ੍ਹਾਂ ਨੂੰ ਆਪਣੇ ਘਰਾਂ ‘ਚ ਪਰਤਣ ‘ਤੇ ਅਜੇ ਸਮਾਂ ਲੱਗੇਗਾ ਪਰ ਜਲਦ ਹੀ ਉਨ੍ਹਾਂ ਦੀ ਜ਼ਿੰਦਗੀ ਲੀਹ ‘ਤੇ ਪਰਤ ਆਉਣ ਦੀ ਸੰਭਾਵਨਾ ਹੈ। ਇਸੇ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਮੇਤ ਹੋਰਨਾਂ ਗੁਰਧਾਮਾਂ, ਮੰਦਰਾਂ ਅਤੇ ਧਾਰਮਿਕ ਅਸਥਾਨਾਂ ‘ਤੇ ਵੀ ਰੌਸ਼ਨੀਆਂ ਮੁੜ ਜਗਮਗ ਕਰਨ ਲੱਗੀਆਂ ਹਨ।

# ਮੁੱਖ ਮੰਤਰੀ ਦਾ ਕਿਸਾਨਾਂ ਵਿਰੁੱਧ ਬਿਆਨ ਸ਼ਰਮਨਾਕ: ਜੰਗਵੀਰ ਚੌਹਾਨ



**ਜਲੰਧਰ:** ਪਾਣੀਆਂ ਦੇ ਮਸਲੇ ‘ਤੇ ਕਿਸਾਨ ਜਥੇਬੰਦੀਆ ਨੂੰ ਬਦਨਾਮ ਕਰਨ ਤੇ ਤੰਜ ਕੱਸਣ ਨਾਲ ਮੁੱਖ ਮੰਤਰੀ ਦੀ ਬੁਖਲਾਹਟ ਸਾਹਮਣੇ ਆਈ ਹੈ। ਸੂਬਾ ਜੰਗਵੀਰ ਪਾਠ ਸਿੰਘ ਚੌਹਾਨ ਨੇ ਕਿਹਾ ਕਿ ਮੁੱਖ ਮੰਤਰੀ ਵਲੋਂ ਪਾਣੀਆਂ ਦੇ ਮਸਲੇ ‘ਤੇ ਕਿਸਾਨ ਜਥੇਬੰਦੀਆਂ ਨੂੰ ਬਦਨਾਮ ਕਰਨ ਦੇ ਇਰਾਦੇ ਨਾਲ ਦਿੱਤੇ। ਸ਼ਰਮਨਾਕ ਬਿਆਨ ਨੂੰ ਦੋਆਬਾ ਕਿਸਾਨ ਕਮੇਟੀ ਪੰਜਾਬ ਨੇ ਝੂਠਾ ਕਰਾਰ ਦਿੱਤਾ ਹੈ। ਚੌਹਾਨ ਨੇ ਕਿਹਾ ਕਿ ਮੁੱਖ ਮੰਤਰੀ ਲੋਕਾਂ ਦੀ ਕਚਹਿਰੀ ਵਿਚ ਇਹ ਦੱਸਣ ਦੀ ਖੇਚਲ ਕਰਨਗੇ ਕਿ ਉਨ੍ਹਾਂ ਨੇ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਵਿਚ ਪੰਜਾਬ ਦੀ ਦਾਅਵੇਦਾਰੀ ਅਤੇ ਹਿੱਸੇਦਾਰੀ ਨੂੰ ਕਮਜ਼ੋਰ ਕਰਨ ਅਤੇ ਕੇਂਦਰ ਸਰਕਾਰ ਨੂੰ ਤਾਕਤ ਦੇਣ ਲਈ ਜ਼ਿੰਮੇਵਾਰ ਡੈਮ ਸੇਫਟੀ ਐਕਟ ਨੂੰ ਰੱਦ ਕਰਨ ਲਈ ਹੁਣ ਤੱਕ ਟਾਲਾ ਕਿਉਂ ਵੱਟਿਆ ਹੋਇਆ ਹੈ ?

# ਪੁਤਿਨ ਵਲੋਂ ਯੂਕਰੇਨ ਨਾਲ ਸਿੱਧੀ ਗੱਲਬਾਤ ਦੀ ਪੇਸ਼ਕਸ਼



**ਮਾਸਕੋ:** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਜੰਗ ਖ਼ਤਮ ਕਰਨ ਦੇ ਸਬੰਧ ‘ਚ ਯੂਕਰੇਨ ਨਾਲ ਸਿੱਧੀ ਗੱਲਬਾਤ ਦੀ ਪੇਸ਼ਕਸ਼ ਰੱਖੀ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਪੇਸ਼ਕਸ਼ ਦਾ ਸਵਾਗਤ ਕੀਤਾ ਹੈ ਤੇ ਇਸ ਨੂੰ ਰੂਸ ਤੇ ਯੂਕਰੇਨ ਲਈ ਮਹਾਨ ਦਿਨ ਦੱਸਿਆ ਹੈ। ਯੂਕਰੇਨ ਦੇ ਰਾਸ਼ਟਰਪਤੀ ਵੋਲਦੋਮੀਰ ਜ਼ੇਲੈਂਸਕੀ ਨੇ ਪੁਤਿਨ ਦੀ ਇਸ ਪੇਸ਼ਕਸ਼ ਨੂੰ ਸਕਾਰਾਤਮਕ ਦੱਸਿਆ ਹੈ ਪਰ ਇਸਦੀ ਸ਼ੁਰੂਆਤ ਜੰਗਬੰਦੀ ਨਾਲ ਹੋਣ ਦੀ ਲੋੜ ਦੱਸੀ ਹੈ। ਗੱਲਬਾਤ ਲਈ ਤੁਰਕੀ ਦੇ ਸ਼ਹਿਰ ਇਸਤਾਂਬੁਲ ਦੇ ਨਾਂ ਦਾ ਸੁਝਾਅ ਦਿੱਤਾ ਗਿਆ ਹੈ। ਤੁਰਕੀ ਦੇ ਰਾਸ਼ਟਰਪਤੀ ਤਈਅਪ ਐਰਦੋਗਨ ਨੇ ਵੀ ਇਸਦੇ ਲਈ ਸਹਿਮਤੀ ਜ਼ਾਹਰ ਕੀਤੀ ਹੈ। ਪੁਤਿਨ ਨੇ ਕਿਹਾ ਹੈ ਕਿ ਇਹ ਗੱਲਬਾਤ 15 ਮਈ ਨੂੰ ਹੋ ਸਕਦੀ ਹੈ। ਇਹ ਗੱਲਬਾਤ ਬਿਨਾਂ ਸ਼ਰਤ ਦੇ ਸ਼ੁਰੂ ਹੋ ਸਕਦੀ ਹੈ। ਪੁਤਿਨ ਨੇ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ 2022 ‘ਚ ਗੱਲਬਾਤ ਹੋਈ ਸੀ ਪਰ ਕੁਝ ਗ਼ਲਤਫਹਿਮੀਆਂ ਦੇ ਕਾਰਨ ਅੱਗੇ ਨਹੀਂ ਵਧ ਸਕੀ ਸੀ।

# ਜੰਗਬੰਦੀ ਬਾਰੇ ਸੁਣ ਕੇ ਖ਼ੁਸ਼ੀ ਹੋਈ: ਪੋਪ



**ਵੈਟੀਕਨ ਸਿਟੀ:** ਭਾਰਤ ਤੇ ਪਾਕਿਸਤਾਨ ‘ਚ ਹਾਲ ਹੀ ਵਿਚ ਹੋਈ ਜੰਗਬੰਦੀ ਦਾ ਪੋਪ ਲੀਓ 14 ਨੇ ਸਵਾਗਤ ਕੀਤਾ ਹੈ। ਪੋਪ ਨੇ ਕਿਹਾ, ਭਾਰਤ-ਪਾਕਿਸਤਾਨ ਜੰਗਬੰਦੀ ਦੀ ਖ਼ਬਰ ਸੁਣ ਕੇ ਖੁਸ਼ ਹਾਂ। ਲੀਓ ਨੇ ਉਮੀਦ ਪ੍ਰਗਟਾਈ ਕਿ ਗੱਲਬਾਤ ਨਾਲ ਪਰਮਾਣੂ-ਸੰਪੰਨ ਗੁਆਂਢੀਆਂ ‘ਚ ਸਥਾਈ ਸਮਝੌਤੇ ਹੋ ਸਕਣਗੇ। ਪੋਪ ਨੇ ਇਹ ਗੱਲਾਂ ਸੇਂਟ ਪੀਟਰ ਸਕੇਅਰ ‘ਚ ਲਗਪਗ ਇਕ ਲੱਖ ਲੋਕਾਂ ਸਾਹਮਣੇ ਪਹਿਲੇ ਸੰਡੇ ਮੈਸੇਜ ‘ਚ ਕਹੀਆਂ। ਪੋਪ ਨੇ ਆਪਣੇ ਸੰਦੇਸ਼ ‘ਚ ਦੁਨੀਆ ਦੀਆਂ ਮੁੱਖ ਤਾਕਤਾਂ ਨੂੰ ‘ਹੁਣ ਹੋਰ ਜੰਗ ਨਹੀਂ ਕਰਨ ਦੀ ਅਪੀਲ ਕੀਤੀ। ਉਨ੍ਹਾਂ ਯੂਕਰੇਨ ‘ਚ ਸਥਾਈ ਸ਼ਾਂਤੀ ਦੀ ਵੀ ਅਪੀਲ ਕੀਤੀ। ਪੋਪ ਨੇ ਕਿਹਾ ਕਿ ਉਹ ਯੂਕਰੇਨ ਦੇ ਦਰਦ ਨੂੰ ਮਹਿਸੂਸ ਕਰਦੇ ਹਨ। ਪੋਪ ਗਾਜ਼ਾ ਜੰਗ ਤੋਂ ਵੀ ਦੁਖੀ ਹਨ। ਉਨ੍ਹਾਂ ਤੁਰੰਤ ਜੰਗਬੰਦੀ, ਮਨੁੱਖੀ ਮਦਦ ਤੇ ਹਮਾਲ ਵੱਲੋਂ ਬੰਦੀ ਬਣਾਏ ਗਏ ਬਾਕੀ ਬੰਦੀਆਂ ਦੀ ਰਿਹਾਈ ਦੀ ਵੀ ਅਪੀਲ ਕੀਤੀ। ਪੋਪ ਲੀਓ 14 ਨੂੰ ਅੱਠ ਮਈ ਨੂੰ ਪੋਪ ਚੁਣਿਆ ਗਿਆ ਸੀ।

# ਅਮਰੀਕਾ-ਚੀਨ ਛੇਤੀ ਕੱਢ ਸਕਦੇ ਨੇ ਟੈਰਿਫ ਦਾ ਹੱਲ



**ਜਿਨੇਵਾ:** ਅਮਰੀਕਾ ਅਤੇ ਚੀਨ ਵਿਚਕਾਰ ਟੈਰਿਫ ਵਿਵਾਦ ਨੂੰ ਲੈ ਕੇ ਜਿਨੇਵਾ ‘ਚ ਹੋ ਰਹੀ ਗੱਲਬਾਤ ਐਤਵਾਰ ਨੂੰ ਦੂਜੇ ਦਿਨ ਵੀ ਜਾਰੀ ਰਹੀ। ਦੋਵਾਂ ਪੱਖਾਂ ਨੇ ਇਸ ਗੱਲ ‘ਤੇ ਵਿਚਾਰ ਕੀਤਾ ਕਿ ਵਪਾਰ ਜੰਗ ਨੂੰ ਕਿਵੇਂ ਘਟਾਇਆ ਜਾਵੇ, ਜਿਸ ਨਾਲ ਵਿਸ਼ਵ ਅਰਥਵਿਵਸਥਾ ਨੂੰ ਵੱਡਾ ਨੁਕਸਾਨ ਪਹੁੰਚਣ ਦਾ ਖ਼ਤਰਾ ਹੈ। ਚੀਨ ਦੇ ਉਪ ਪ੍ਰਧਾਨ ਮੰਤਰੀ ਹੇ ਲਿਫੇਗ ਨੇ ਅਮਰੀਕੀ ਵਿੱਤ ਮੰਤਰੀ ਸਕਾਟ ਬੇਸੈੱਟ ਅਤੇ ਅਮਰੀਕੀ ਵਪਾਰ ਪ੍ਰਤਿਨਿਧੀ ਜੇਮਿਸਨ ਗ੍ਰੀਰ ਨਾਲ ਆਹਮੋ-ਸਾਹਮਣੇ ਮੀਟਿੰਗ ਕੀਤੀ। ਸ਼ਨਿਚਰਵਾਰ ਨੂੰ ਅੱਠ ਘੰਟਿਆਂ ਦੀ ਚਰਚਾ ਤੋਂ ਬਾਅਦ ਐਤਵਾਰ ਨੂੰ ਜਿਨੇਵਾ ਵਿਚ ਸਾਢੇ ਤਿੰਨ ਘੰਟੇ ਤੱਕ ਗੱਲਬਾਤ ਜਾਰੀ ਰਹੀ। ਐਤਵਾਰ ਨੂੰ ਗੱਲਬਾਤ ਲਈ ਰਵਾਨਾ ਹੋਣ ਤੋਂ ਪਹਿਲਾਂ ਬੇਸੈਂਟ ਨੇ ਆਪਣੇ ਹੋਟਲ ਵਿਚ ਪੱਤਰਕਾਰਾਂ ਨਾਲ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਪਰ ਵਾਈਟ ਹਾਊਸ ਦੇ ਆਰਥਿਕ ਸਲਾਹਕਾਰ ਕੇਵਿਨ ਹੈਸੇਟ ਨੇ ਕਿਹਾ ਕਿ ਚੀਨ ਅਮਰੀਕਾ ਨਾਲ ਗੱਲਬਾਤ ਕਰਨ ਅਤੇ ਵਪਾਰਕ ਸਬੰਧਾਂ ਨੂੰ ਸੰਤੁਲਿਤ ਕਰਨ ਲਈ ਬਹੁਤ ਉਤਸੁਕ ਹੈ। ਹੈਸੇਟ ਨੇ ਦੱਸਿਆ ਕਿ ਇਸ ਹਫ਼ਤੇ ਹੋਰ ਦੇਸ਼ਾਂ ਨਾਲ ਵੀ ਵਿਦੇਸ਼ੀ ਵਪਾਰ ਸਮਝੌਤੇ ਹੋ ਸਕਦੇ ਹਨ।

# ਅਮਿਤਾਭ ਨੇ ਆਪ੍ਰੇਸ਼ਨ ਸਿੰਧੂਰ ਦੀ ਕੀਤੀ ਸ਼ਲਾਘਾ

**ਨਵੀਂ ਦਿੱਲੀ:** ਮੈਗਾ ਸਟਾਰ ਅਮਿਤਾਭ ਬੱਚਨ ਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤੀ ਹਥਿਆਰਬੰਦ ਬਲਾਂ



ਵੱਲੋਂ ਕੀਤੇ ਗਏ ‘ਆਪ੍ਰੇਸ਼ਨ ਸਿੰਧੂਰ’ ਦੀ ਸ਼ਲਾਘਾ ਕੀਤੀ ਹੈ। ਅਮਿਤਾਭਨੇ ਐਤਵਾਰ ਨੂੰ ਇੰਟਰਨੈੱਟ ਮੀਡੀਆ ‘ਤੇ ਆਪ੍ਰੇਸ਼ਨ ਸਿੰਧੂਰ ਨੂੰ ਲੈ ਕੇ ਇਕ ਲੰਬੀ ਪੋਸਟ ਸਾਂਝੀ ਕੀਤੀ। ਉਨ੍ਹਾਂ ਪਹਿਲਗਾਮ ‘ਚ ਬੇਕਸੂਰ ਲੋਕਾਂ ਦੇ ਕਤਲੇਆਮ ‘ਤੇ ਦੁਖ ਪ੍ਰਗਟ ਕੀਤਾ। ਉਨ੍ਹਾਂ 22 ਅਪ੍ਰੈਲ ਤੋਂ ਬਾਅਦ ਐਕਸ ‘ਤੇ ਕੋਈ ਪੋਸਟ ਨਹੀਂ ਕੀਤੀ ਸੀ।

# ਧਮਕੀ ਦੇਣ ਦੇ ਮਾਮਲੇ ’ਚ ਛੋਟਾ ਰਾਜਨ ਬਰੀ



**ਮੁੰਬਈ:** ਗੈਂਗਸਟਰ ਛੋਟਾ ਰਾਜਨ ਨੂੰ ਇਕ ਬਿਲਡਰ ਨੂੰ ਧਮਕੀ ਦੇਣ ਦੇ ਮਾਮਲੇ ਵਿਚ ਵਿਸ਼ੇਸ਼ ਅਦਾਲਤ ਨੇ ਬਰੀ ਕਰ ਦਿੱਤਾ ਹੈ। ਉਸ ਦੇ ਖ਼ਿਲਾਫ਼ ਇਹ ਮਾਮਲਾ ਵੀਹ ਸਾਲ ਪਹਿਲਾਂ ਦਰਜ ਹੋਇਆ ਸੀ। ਜਸਟਿਸ ਨੇ ਕਿਹਾ ਕਿ ਇਸਤਗਾਸਾ ਪੱਖ ਦੋਸ਼ ਸਾਬਤ ਕਰਨ ਵਿਚ ਅਸਫਲ ਰਿਹਾ। ਉਸ ਦੇ ਖ਼ਿਲਾਫ਼ ਕੁਝ ਵੀ ਇਤਰਾਜ਼ਯੋਗ ਨਹੀਂ ਮਿਲਿਆ। ਹਾਲਾਂਕਿ ਇਕ ਹੋਰ ਮਾਮਲੇ ਵਿਚ ਉਹ ਅਜੇ ਵੀ ਜੇਲ੍ਹ ਵਿਚ ਹੀ ਰਹੇਗਾ। ਰਾਜਨ ਨੂੰ ਬਰੀ ਕਰਦੇ ਹੋਏ ਵਿਸ਼ੇਸ਼ ਜਸਟਿਸ ਏਐੱਮ ਪਾਟਿਲ ਨੇ ਕਿਹਾ ਕਿ ਇਸਤਗਾਸਾ ਪੱਖ ਇਹ ਸਾਬਤ ਨਹੀਂ ਕਰ ਸਕਿਆ ਕਿ ਫ਼ੋਨ ‘ਤੇ ਬਿਲਡਰ ਨੂੰ ਜਿਸ ਨੇ ਧਮਕੀ ਦਿੱਤੀ ਸੀ, ਉਹ ਛੋਟਾ ਰਾਜਨ ਹੀ ਸੀ। ਇਸ ਮਾਮਲੇ ਦੀ ਜਾਂਚ ਕਰਨ ਵਾਲੀ ਸੀਬੀਆਈ ਨੇ ਕਿਹਾ ਕਿ ਸਤੰਬਰ 2004 ਵਿਚ ਸੱਤ ਅਣਪਛਾਤੇ ਵਿਅਕਤੀ ਹਰਚੰਦਾਨੀ ਦੇ ਦਫ਼ਤਰ ਵਿਚ ਦਾਖਲ ਹੋਏ ਅਤੇ ਗੋਲੀ ਚਲਾਈ, ਪਰ ਉਹ ਵਾਲ-ਵਾਲ ਬਚ ਗਿਆ।

# ਭਾਂ ਭਾਂ ਕਰਦਾ ਰਿਹਾ ਰਾਜਾਸਾਂਸੀ ਹਵਾਈ ਅੱਡਾ

**ਅੰਮ੍ਰਿਤਸਰ:** ਹਿੰਦ-ਪਾਕਿ ਸਰਹੱਦ 'ਤੇ ਤਟਾਅ ਦਾ ਸਭ ਤੋਂ ਜ਼ਿਆਦਾ ਅਸਰ ਗੁਰੂ ਨਗਰੀ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਰਾਜਾਸਾਂਸੀ (ਅੰਮ੍ਰਿਤਸਰ) ਤੇ ਹੋਇਆ ਹੈ ਜੋ ਅੰਮ੍ਰਿਤਸਰ-ਅਜਨਾਲਾ ਸੜਕ ਉਤੇ ਮਹਿਜ਼ ਕੁਝ ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਉੱਤਰੀ ਭਾਰਤ ਦੀਆਂ ਹਵਾਈ ਉਡਾਨਾਂ ਦੇ ਧੁਰੇ ਆਖੇ ਜਾ ਸਕਦੇ ਇਸ ਏਅਰਪੋਰਟ ਤੋਂ ਰੋਜ਼ਾਨਾ ਅਨੇਕਾਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਉਡਾਨਾਂ ਰਨ ਵੇਅ 'ਤੇ ਭੱਜਦੀਆਂ ਹਨ ਜੋ ਪਿਛਲੇ ਕੁਝ ਦਿਨਾਂ ਤੋਂ ਭਾਰਤ-ਪਾਕਿ ਜੰਗ ਕਾਰਨ ਰੱਦ ਹੋਈਆਂ ਹਨ। ਇਹ ਹਵਾਈ ਅੱਡਾ ਯਾਤਰੀਆਂ ਲਈ ਹੀ ਨਹੀ ਬਲਕਿ ਵਪਾਰ ਨੂੰ ਲੈ ਕੇ ਵੀ ਬਹੁਤ ਮਹੱਤਵ ਪੂਰਨ ਹੈ। ਵਿਦੇਸ਼ ਦੀ ਧਰਤੀ 'ਤੇ ਵਸੇ ਬਹੁਗਿਣਤੀ ਪੰਜਾਬੀ ਰਾਜਾਸਾਂਸੀ ਹਵਾਈ ਅੱਡੇ ਰਾਹੀਂ ਹੀ ਆਉਂਦੇ-ਜਾਂਦੇ ਹਨ। ਯਾਤਰੀਆਂ ਦੀ ਵੱਡੀ ਆਵਾਜਾਈ ਵਾਲੇ ਇਸ ਹਵਾਈ ਅੱਡੇ 'ਤੇ ਮੌਜੂਦਾ ਹਾਲਾਤ ਦੇ ਕਾਰਨ ਹੁਣ ਚਿੜੀ ਨਹੀਂ ਫਰਕ ਰਹੀ। ਪਿਛਲੇ ਤਿੰਨ ਦਹਾਕਿਆਂ ਤੋਂ ਵਧੇਰੇ ਸਮੇਂ ਤੋਂ ਅੱਤਵਾਦ ਦੀ ਖੂਨੀ ਖੇਡਣ ਵਾਲੇ ਪਾਕਿਸਤਾਨ ਦੇ ਡਰੋਨ ਅਤੇ ਮਿਜ਼ਾਇਲੀ ਹਮਲਿਆਂ ਕਾਰਨ ਇਹ ਹਵਾਈ ਅੱਡਾ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਅਤਿ-ਸੰਵੇਦਨਸ਼ੀਲ ਅਤੇ ਮਹੱਤਵਪੂਰਨ ਹੈ। ਭਾਵੇਂ ਦੋਵਾਂ ਮੁਲਕਾਂ ਵਿਚਾਲੇ ਜੰਗਬੰਦੀ ਦਾ ਐਲਾਨ ਹੋ ਗਿਆ ਹੈ ਪਰ ਹਵਾਈ ਅੱਡਾ ਅਥਾਰਟੀ ਕੋਈ ਜੋਖਮ ਨਹੀਂ ਲੈ ਸਕਦੀ। ਕਈ ਦਿਨਾਂ ਤੱਕ ਹਵਾਈ ਅੱਡਾ ਬੰਦ ਰਹਿਣ ਕਾਰਨ ਫਿਲਹਾਲ ਇੱਥੇ ਸੁੰਨ ਪੱਸਰੀ ਹੋਈ ਹੈ। ਸ਼ਨਿਚਰਵਾਰ ਰਾਤ ਪਾਕਿਸਤਾਨ ਵੱਲੋਂ ਹਵਾਈ ਅੱਡੇ ਉਤੇ ਡਰੋਨ ਹਮਲੇ ਕਰਨ ਦੀ ਅਫਵਾਹ ਫੈਲਣ ਕਾਰਨ ਸੀ.ਆਈ.ਐੱਫ.ਐੱਸ. ਅਤੇ ਪੰਜਾਬ ਪੁਲਿਸ ਨੇ ਇੱਥੇ ਸੁਰੱਖਿਆ ਵਿਵਸਥਾ ਹੋਰ ਮਜ਼ਬੂਤ ਕਰ ਦਿੱਤੀ ਹੈ।




## ਰੋਜ਼ 65 ਤੋਂ ਵੱਧ ਉਡਾਣਾਂ ਦਾ ਹੁੰਦਾ ਹੈ ਸੰਚਾਲਨ: ਸਮੀਪ ਸਿੰਘ

ਰਾਜਾਸਾਂਸੀ ਹਵਾਈ ਅੱਡੇ ਤੋਂ ਆਉਣ ਤੇ ਜਾਣ ਵਾਲੀਆਂ ਉਡਾਨਾਂ ਬਾਰੇ ਜਾਣਕਾਰੀ ਦਿੰਦਿਆਂ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਸ੍ਰੀ ਗੁਰੂ ਰਾਮ ਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਤੋਂ ਹਰ ਰੋਜ਼ ਔਸਤਨ 65 ਤੋਂ ਵੱਧ ਉਡਾਣਾਂ (ਆਗਮਨ ਤੇ ਰਵਾਨਗੀ) ਹੁੰਦੀਆਂ ਹਨ। ਇਨ੍ਹਾਂ ਵਿੱਚੋਂ ਲਗਪਗ 21 ਤੋਂ 23 ਉਡਾਣਾਂ ਅੰਤਰਰਾਸ਼ਟਰੀ ਅਤੇ 41 ਤੋਂ 43 ਘਰੇਲੂ ਉਡਾਣਾਂ ਦੀ ਆਵਾਜਾਈ ਹੁੰਦੀ ਹੈ। ਹਵਾਈ ਅੱਡੇ 'ਤੇ ਹਰ ਰੋਜ਼ ਲਗਪਗ 10,000 ਯਾਤਰੀਆਂ ਦੀ ਆਵਾਜਾਈ ਹੋ ਰਹੀ ਸੀ, ਜਦ ਕਿ ਪਿਛਲੇ ਛੇ ਮਹੀਨਿਆਂ ਦੌਰਾਨ ਹਵਾਈ ਅੱਡੇ ਨੇ ਮਹੀਨਾਵਾਰ ਸਵਾ ਤਿੰਨ ਲੱਖ ਤੋਂ ਵੱਧ ਯਾਤਰੀ ਗਿਣਤੀ ਦਰਜ ਕੀਤੀ ਹੈ। ਇਸ ਵਿੱਚੋਂ 1 ਲੱਖ ਤੋਂ ਵੱਧ ਅੰਤਰਰਾਸ਼ਟਰੀ ਯਾਤਰੀ ਹਨ, ਜੋ ਕਿ ਦੁਨੀਆ ਭਰ ਦੇ ਮੁਲਕਾਂ ਤੋਂ ਵੱਖ-ਵੱਖ ਏਅਰਲਾਈਨ ਰਾਹੀਂ ਵਿਦੇਸ਼ ਤੋਂ ਸਿੱਧੇ ਅੰਮ੍ਰਿਤਸਰ ਪਹੁੰਚਦੇ ਹਨ। ਅੰਮ੍ਰਿਤਸਰ ਹਵਾਈ ਅੱਡਾ ਇਸ ਸਮੇਂ ਦੋਹਾ, ਦੁਬਈ, ਸ਼ਾਰਜਾਹ, ਲੰਡਨ ਗੈਟਵਿਕ, ਬਰਮਿੰਘਮ, ਰੋਮ, ਮਿਲਾਨ, ਸਿੰਗਾਪੁਰ, ਕੁਆਲਾਲੰਪੁਰ ਅਤੇ ਬੈਂਕਾਕ ਵਰਗੀਆਂ 10 ਅੰਤਰਰਾਸ਼ਟਰੀ ਮੰਜ਼ਿਲਾਂ ਨਾਲ ਜੁੜਿਆ ਹੋਇਆ ਹੈ। ਇਸੇ ਤਰ੍ਹਾਂ ਇਹ ਹਵਾਈ ਅੱਡਾ ਦੇਸ਼ ਦੇ ਤਕਰੀਬਨ 13 ਹਵਾਈ ਅੱਡਿਆ - ਜਿਵੇਂ ਕਿ ਦਿੱਲੀ, ਮੁੰਬਈ, ਬੈਂਗਲੂਰੂ, ਅਹਿਦਾਬਾਦ, ਸ੍ਰੀਨਗਰ ਪੁਣੇ ਆਦਿ ਨਾਲ ਵੀ ਜੁੜਿਆ ਹੋਇਆ ਹੈ। ਸ੍ਰੀ ਗੁਰੂ ਰਾਮ ਦਾਸ ਜੀ ਹਵਾਈ ਅੱਡਾ ਨਾ ਸਿਰਫ ਯਾਤਰੀਆਂ ਲਈ, ਸਗੋਂ ਕਾਰਗੋ ਨਿਰਯਾਤ ਲਈ ਵੀ ਬਹੁਤ ਮਹੱਤਵਪੂਰਕ ਹੈ। ਉਦਯੋਗਪਤੀ ਤੇ ਕਿਸਾਨ ਆਪਣੇ ਵਿਦੇਸ਼ਾਂ ਵੱਲ ਜਾਣ ਵਾਲੇ ਸਾਮਾਨ ਲਈ ਇਸ ਹਵਾਈ ਅੱਡੇ 'ਤੇ ਨਿਰਭਰ ਕਰਦੇ ਹਨ। ਇੱਥੋਂ ਫਲ, ਸਬਜ਼ੀਆਂ, ਵਸਤਾਂ ਅਤੇ ਹੋਰ ਉਤਪਾਦ ਵਿਦੇਸ਼ ਨੂੰ ਭੇਜੇ ਜਾ ਰਹੇ ਹਨ। ਦਹਾਕਿਆਂ ਤੋਂ ਵਧੇਰੇ ਸਮੇਂ ਤੋਂ ਅੱਤਵਾਦ ਦੀ ਖੂਨੀ ਖੇਡਣ ਵਾਲੇ ਪਾਕਿਸਤਾਨ ਦੇ ਡਰੋਨ ਅਤੇ ਮਿਜ਼ਾਇਲੀ ਹਮਲਿਆਂ ਕਾਰਨ ਇਹ ਹਵਾਈ ਅੱਡਾ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਅਤਿ-ਸੰਵੇਦਨਸ਼ੀਲ ਅਤੇ ਮਹੱਤਵਪੂਰਨ ਹੈ।



# ਸੀਜ਼ਫਾਇਰ 'ਚ ਕਸ਼ਮੀਰ ਦੇ ਜ਼ਿਕਰ 'ਤੇ ਕਾਂਗਰਸ ਨੇ ਸਵਾਲ ਉਠਾਏ



**ਨਵੀਂ ਦਿੱਲੀ:** ਕਾਂਗਰਸ ਨੇ ਆਪ੍ਰੇਸ਼ਨ ਸਿੰਧੂਰ ਦੇ ਤਹਿਤ ਪਾਕਿਸਤਾਨ ਖ਼ਿਲਾਫ਼ ਕਾਰਵਾਈ ਰੋਕਣ 'ਤੇ ਸਵਾਲ ਉਠਾਉਂਦੇ ਹੋਏ ਅਮਰੀਕੀ ਵਿਚੋਲਗੀ ਕਬੂਲ ਕਰਨ 'ਤੇ ਸਰਕਾਰ ਤੋਂ ਸਪਸ਼ਟੀਕਰਨ ਮੰਗਿਆ ਹੈ। ਆਪ੍ਰੇਸ਼ਨ ਸਿੰਧੂਰ ਦੇ ਤਹਿਤ ਪਾਕਿਸਤਾਨ ਵਿਚ ਅੱਤਵਾਦੀ ਟਿਕਾਣਿਆਂ 'ਤੇ ਫੌਜ ਦੀ ਕਾਰਵਾਈ ਦਾ ਪੂਰਾ ਸਮਰਥਨ ਕਰਦੇ ਹੋਏ ਪਾਰਟੀ ਨੇ ਕਸ਼ਮੀਰ ਮੁੱਦੇ ਦਾ ਅੰਤਰਰਾਸ਼ਟਰੀਕਰਨ ਕਰਨ ਅਤੇ ਭਾਰਤ ਅਤੇ ਪਾਕਿਸਤਾਨ ਨੂੰ ਇੱਕੋ ਤਰਾਜੂ ਵਿਚ ਤੋਲਣ ਦੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਰੁਖ 'ਤੇ ਵੀ ਇਤਰਾਜ਼ ਜਤਾਉਂਦੇ ਹੋਏ ਇਸ 'ਤੇ ਸਰਕਾਰ ਤੋਂ ਤਸਵੀਰ ਸਾਫ ਕਰਨ ਦੀ ਮੰਗ ਕੀਤੀ ਹੈ। ਇਸੇ ਦੌਰਾਨ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਅਤੇ ਕਾਂਗਰਸ ਪ੍ਰਧਾਨ ਅਤੇ ਰਾਜ ਸਭਾ ਵਿਚ ਆਗੂ ਵਿਰੋਧੀ ਧਿਰ ਮੱਲਿਕਾਰਜੁਨ ਖੜਗੇ ਨੇ ਪੀ.ਐੱਮ. ਮੋਦੀ ਨੂੰ ਚਿੱਠੀ ਲਿਖ ਕੇ ਪਹਿਲਗਾਮ ਹਮਲੇ, ਆਪ੍ਰੇਸ਼ਨ ਸਿੰਧੂਰ ਅਤੇ ਸੀਜ਼ਫਾਇਰ ਨੂੰ ਲੈ ਕੇ ਸੰਸਦ ਦਾ ਵਿਸ਼ੇਸ਼ ਸੈਸ਼ਨ ਤੁਰੰਤ ਬੁਲਾਉਣ ਦੀ ਅਪੀਲ ਕੀਤੀ ਹੈ। ਰਾਹੁਲ ਗਾਂਧੀ ਨੇ ਵਿਰੋਧੀ ਧਿਰ ਵੱਲੋਂ ਸੰਸਦ ਸੈਸ਼ਨ ਬੁਲਾਉਣ ਦੀ ਸਹਿਮਤੀ ਨਾਲ ਕੀਤੀ ਗਈ ਅਪੀਲ ਨੂੰ ਦੁਹਰਾਉਂਦੇ ਹੋਏ ਪੱਤਰ ਵਿਚ ਕਿਹਾ ਹੈ ਕਿ ਵਿਸ਼ੇਸ਼ ਸੰਸਦ ਸੈਸ਼ਨ ਵਿਚ ਪਹਿਲਗਾਮ ਅੱਤਵਾਦੀ ਹਮਲੇ, ਆਪ੍ਰੇਸ਼ਨ ਸਿੰਧੂਰ ਅਤੇ ਸੀਜ਼ਫਾਇਰ ਜਿਸਦਾ ਐਲਾਨ ਸਭ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕੀਤਾ, ਉਸ 'ਤੇ ਚਰਚਾ ਜ਼ਰੂਰੀ ਹੈ।

ਇਹ ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਾਡੇ ਸਾਂਝੇ ਸੰਕਲਪ ਨੂੰ ਦਰਸਾਉਣ ਦਾ ਵੀ ਇਕ ਮੌਕਾ ਹੋਵੇਗਾ। ਮੱਲਿਕਾਰਜੁਨ ਖੜਗੇ ਨੇ ਵੀ ਪੀ.ਐੱਮ. ਨੂੰ ਭੇਜੇ ਪੱਤਰ ਵਿਚ ਇਨ੍ਹਾਂ ਗੱਲਾਂ ਦਾ ਜ਼ਿਕਰ ਕਰਨ ਦੇ ਨਾਲ ਪਹਿਲਗਾਮ ਅੱਤਵਾਦੀ ਹਮਲੇ ਦੇ ਬਾਅਦ 28 ਅਪ੍ਰੈਲ ਨੂੰ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਲਈ ਰਾਹੁਲ ਗਾਂਧੀ ਅਤੇ ਉਨ੍ਹਾਂ ਵੱਲੋਂ ਭੇਜੇ ਗਏ ਪੱਤਰ ਦਾ ਵੀ ਜ਼ਿਕਰ ਕਰਾਇਆ ਹੈ। ਭਾਰਤ ਅਤੇ ਪਾਕਿਸਤਾਨ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਵੱਲੋਂ ਸੀਜ਼ਫਾਇਰ ਦੇ ਐਲਾਨ 'ਤੇ ਇਤਰਾਜ਼ ਜਤਾਉਂਦੇ ਹੋਏ ਕਾਂਗਰਸ ਆਗੂ ਸਚਿਨ ਪਾਇਲਟ ਨੇ ਕਿਹਾ ਕਿ ਕਸ਼ਮੀਰ ਦੁਵੱਲਾ ਮੁੱਦਾ ਹੈ, ਕਿਸੇ ਤੀਜੇ ਪੱਖ ਦੀ ਵਿਚੋਲਗੀ ਸਾਨੂੰ ਕਬੂਲ ਨਹੀਂ ਹੈ। ਟਰੰਪ ਦੇ ਐਲਾਨ ਅਤੇ ਨਿਰਪੱਖ ਸਥਾਨ 'ਤੇ ਭਾਰਤ-ਪਾਕਿ ਵਿਚਾਲੇ ਗੱਲਬਾਤ ਦੇ ਅਮਰੀਕੀ ਅਧਿਕਾਰੀਆਂ ਦੇ ਬਿਆਨ ਦਾ ਹਵਾਲਾ ਦਿੰਦਿਆਂ ਪਾਇਲਟ ਨੇ ਪੁੱਛਿਆ ਕਿ ਕੀ ਸਰਕਾਰ ਤੀਜੇ ਪੱਖ ਦੀ ਵਿਚੋਲਗੀ ਨੂੰ ਕਬੂਲ ਕਰਦੀ ਹੈ।

ਕਾਂਗਰਸ ਆਗੂ ਨੇ ਕਿਹਾ ਕਿ ਆਪ੍ਰੇਸ਼ਨ ਸਿੰਧੂਰ ਅੱਤਵਾਦ ਦੇ ਖ਼ਿਲਾਫ਼ ਸਾਡੀ ਲੜਾਈ ਹੈ ਅਤੇ ਕਸ਼ਮੀਰ ਨੂੰ ਇਸ ਨਾਲ ਜੋੜਨਾ ਨਾ ਮੰਨਣਯੋਗ ਹੈ। ਭਾਰਤ ਅਤੇ ਪਾਕਿਸਤਾਨ ਨੂੰ ਇੱਕੋ ਤਰਾਜੂ ਵਿਚ ਤੋਲਣ ਦਾ ਅਮਰੀਕੀ ਰੁਖ ਵੀ ਕਈ ਗੰਭੀਰ ਸਵਾਲ ਖੜੇ ਕਰਦਾ ਹੈ। ਪਾਇਲਟ ਨੇ ਸਰਕਾਰ ਤੋਂ ਇਹ ਵੀ ਪੁੱਛਿਆ ਕਿ ਆਖਿਰ ਇਹ ਜੰਗਬੰਦੀ ਕਿਹੜੀਆਂ ਸ਼ਰਤਾਂ 'ਤੇ ਹੋਈ ਹੈ ਅਤੇ ਇਸ ਦੀ ਕੀ ਗਾਰੰਟੀ ਹੈ ਕਿ ਹੁਣ ਪਾਕਿਸਤਾਨ ਵੱਲੋਂ ਅੱਤਵਾਦੀ ਹਮਲੇ ਨਹੀਂ ਹੋਣਗੇ।

## ਮਿਸ ਵਰਲਡ ਮੁਕਾਬਲੇ 'ਚ ਪਾਕਿਸਤਾਨ ਦੀ ਕੋਈ ਸੁੰਦਰੀ ਨਹੀਂ

**ਹੈਦਰਾਬਾਦ:** ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਦੇ ਮਾਹੌਲ ਵਿਚ ਹੈਦਰਾਬਾਦ ਵਿਚ ਕਰਵਾਏ ਜਾ ਰਹੇ 72ਵੇਂ ਮਿਸ ਵਰਲਡ ਮੁਕਾਬਲੇ ਵਿਚ ਪਾਕਿਸਤਾਨ ਤੋਂ ਕੋਈ ਪ੍ਰਤੀਨਿਧੀ ਸ਼ਾਮਲ ਨਹੀਂ ਹੋਈ। ਮਿਸ ਵਰਲਡ ਖ਼ਿਤਾਬ ਲਈ ਚੱਲ ਰਹੀ ਮੁਕਾਬਲੇਬਾਜ਼ੀ ਵਿਚ ਭਾਰਤ, ਸ੍ਰੀਲੰਕਾ, ਨੇਪਾਲ ਅਤੇ ਬੰਗਲਾਦੇਸ਼ ਸਮੇਤ 110 ਦੇਸ਼ਾਂ ਦੀ ਸੁੰਦਰੀਆਂ ਹਿੱਸਾ ਲੈ ਰਹੀਆਂ ਹਨ। ਮਿਸ ਵਰਲਡ ਮੁਕਾਬਲੇ ਦੇ ਇਕ ਪ੍ਰਤੀਨਿਧ ਨੇ ਕਿਹਾ ਕਿ ਇਸ ਦਾ ਵਿਵਾਦ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਮਿਸ ਵਰਲਡ ਦੇ ਅਧਿਕਾਰਕ ਤੌਰ 'ਤੇ ਅਲਟੇਅਰ ਮੀਡੀਆ ਦੇ ਅਸ਼ਵਿਨੀ ਸ਼ੁਕਲਾ ਨੇ ਕਿਹਾ ਕਿ ਪਾਕਿਸਤਾਨ ਆਮ ਤੌਰ 'ਤੇ ਮਿਸ ਵਰਲਡ ਮੁਕਾਬਲੇ ਵਿਚ ਹਿੱਸਾ ਨਹੀਂ ਲੈਂਦਾ। ਉਨ੍ਹਾਂ ਦੱਸਿਆ ਕਿ 2023 ਵਿਚ, ਜਦੋਂ ਐਰਿਕਾ . ਰਾਬਿਨ ਨੇ 72 ਸਾਲਾਂ ਦੇ ਇਤਿਹਾਸ ਵਿਚ ਪਹਿਲੀ ਵਾਰ ਮਿਸ ਯੂਨੀਵਰਸ ਮੁਕਾਬਲੇ ਵਿਚ ਪਾਕਿਸਤਾਨ ਦੀ ਪ੍ਰਤੀਨਿਧਿਤਾ ਕੀਤੀ, ਤਾਂ ਇਸਲਾਮਿਕ ਦੇਸ਼ਾਂ ਨੇ ਇਸ ਦਾ ਵਿਰੋਧ ਕੀਤਾ ਅਤੇ ਕਈ ਲੋਕਾਂ ਨੇ ਇਸਨੂੰ ''ਸ਼ਰਮਨਾਕ'' ਕਿਹਾ ਸੀ।ਇਸ ਸਾਲ ਭਾਰਤ ਦੀ ਨੁਮਾਇੰਦਗੀ ਰਾਜਸਥਾਨ ਦੇ ਕੋਟਾ ਦੀ ਰਹਿਣ ਵਾਲੀ ਨੰਦਿਨੀ ਗੁਪਤਾ ਕਰ ਰਹੀ ਹੈ। ਉਹ ਆਪਣੇ 'ਪ੍ਰੋਜੈਕਟ ਏਕਤਾ' ਦੇ ਜ਼ਰੀਏ ਵਿਸ਼ੇਸ਼ ਲੋਕਾਂ ਦੇ ਜੀਵਨ ਵਿਚ ਬਦਲਾਅ ਲਿਆਉਣ ਦਾ ਕੰਮ ਕਰ ਰਹੀ ਹੈ। ਨੰਦਿਨੀ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਪੋਸਟ ਕੀਤੇ ਗਏ ਇਕ ਵੀਡੀਓ ਵਿਚ ਕਿਹਾ ਕਿ ਉਹ ਆਪਣੇ ਚਾਚਾ ਨੂੰ ਪੋਲਿਓ ਨਾਲ ਜੂਝਦੇ ਦੇਖਣ ਤੋਂ ਬਾਅਦ ਵਿਸ਼ੇਸ਼ ਜਨਾਂ ਦੇ ਅਧਿਕਾਰਾਂ ਲਈ ਕੰਮ ਕਰਨ ਲਈ ਪ੍ਰੇਰਿਤ ਹੋਈ। ਨੰਦਿਨੀ ਨੇ ਵੀਡੀਓ ਵਿਚ ਕਿਹਾ, ''ਅਸੀਂ ਇਕ ਅਜਿਹੀ ਦੁਨੀਆ ਬਣਾ ਦਿੱਤੀ ਹੈ, ਜਿਸ ਵਿਚ ਵਿਸ਼ੇਸ਼ ਜਨ ਸ਼ਾਮਲ ਨਹੀਂ ਹਨ ਅਤੇ ਮੇਰਾ ਮੰਨਣਾ ਹੈ ਕਿ ਇਸ ਇਤਿਹਾਸਕ ਗਲਤੀ ਨੂੰ ਸਹੀ ਕਰਨ ਵਿਚ ਕਾਫੀ ਸਮਾਂ ਲੱਗ ਗਿਆ ਹੈ।''




ਇਹ ਤੀਜੀ ਵਾਰ ਹੈ ਜਦੋਂ ਭਾਰਤ ਮਿਸ ਵਰਲਡ ਮੁਕਾਬਲੇ ਦੀ ਮੇਜ਼ਬਾਨੀ ਕਰ ਰਿਹਾ ਹੈ। ਪਿਛਲੇ ਸਾਲ ਇਹ ਮੁਕਾਬਲਾ ਮੁੰਬਈ ਅਤੇ ਦਿੱਲੀ ਵਿਚ ਕਰਵਾਇਆ ਗਿਆ ਸੀ। ਪਹਿਲੀ ਵਾਰ 1996 ਵਿਚ ਐਸ਼ਵਰਿਆ ਰਾਏ ਦੇ ਮਿਸ ਵਰਲਡ ਦੀ ਟਰਾਫੀ ਜਿੱਤਣ ਦੇ ਦੋ ਸਾਲਾਂ ਬਾਅਦ ਬੈਂਗਲੁਰੂ ਵਿਚ ਇਸ ਦਾ ਆਯੋਜਨ ਕੀਤਾ ਗਿਆ ਸੀ। ਚਿੰਨਾਸਵਾਮੀ ਸਟੇਡੀਅਮ ਵਿਚ ਕਰਵਾਏ ਗਏ ਗ੍ਰੈਂਡ ਫਿਨਾਲੇ ਨੂੰ 115 ਦੇਸ਼ਾਂ ਦੇ 100 ਕਰੋੜ ਤੋਂ ਵੱਧ ਲੋਕਾਂ ਨੇ ਦੇਖਿਆ ਸੀ।

## ਨਿਸ਼ਿਕਾਂਤ ਦੂਬੇ ਦਾ ਕਾਂਗਰਸ 'ਤੇ ਹਮਲਾ

**ਨਵੀਂ ਦਿੱਲੀ:** ਭਾਰਤ ਅਤੇ ਪਾਕਿਸਤਾਨ ਵਿਚਾਲੇ ਜੰਗਬੰਦੀ ਨੂੰ ਲੈ ਕੇ ਵਿਸ਼ੇਸ਼ ਸੰਸਦ ਸੈਸ਼ਨ ਦੀ ਮੰਗ ਕਰ ਰਹੀ ਵਿਰੋਧੀ ਧਿਰ 'ਤੇ ਭਾਜਪਾ ਸੰਸਦ ਮੈਂਬਰ ਨਿਸ਼ਿਕਾਂਤ ਦੂਬੇ ਨੇ ਐਤਵਾਰ ਨੂੰ ਤਿੱਖਾ ਹਮਲਾ ਕੀਤਾ। ਦੂਬੇ ਨੇ ਇਸਨੂੰ ਪਾਕਿਸਤਾਨ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੇ ਖ਼ਿਲਾਫ਼ ਜ਼ਹਿਰ ਉਗਲਣ ਦਾ ਮੌਕਾ ਦੇਣ ਦੀ ਕੋਸ਼ਿਸ਼ ਦੱਸਿਆ। ਦੂਬੇ ਨੇ ਐਕਸ 'ਤੇ ਲਿਖਿਆ- ''ਸੰਸਦ ਦਾ ਸੈਸ਼ਨ ਬੁਲਾਓ, ਵਿਰੋਧੀ ਪਾਰਟੀਆਂ ਸਰਕਾਰ ਨੂੰ ਗਾਲਾਂ ਕੱਢਣ ਅਤੇ ਭਾਰਤੀ ਫੌਜ ਨੂੰ ਬਦਨਾਮ ਕਰਨ। ਰਾਜਨੀਤੀ ਕਰੋ, ਦੇਸ਼ ਨੂੰ ਜਾਣ ਦਿਓ।''



## ਅੱਤਵਾਦੀ ਸਰਹੱਦ ਪਾਰ ਵੀ ਨਹੀਂ ਬਚਣ ਸਕਣਗੇ: ਰਾਜਨਾਥ ਸਿੰਘ

**ਲਖਨਊ:** ਸਰਹੱਦ ਪਾਰ ਤੋਂ ਅੱਤਵਾਦੀਆਂ ਨੂੰ ਸ਼ਹਿ ਦੇਣ ਵਾਲੇ ਪਾਕਿਸਤਾਨ ਨੂੰ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਐਤਵਾਰ ਨੂੰ ਸਖਤ ਸੁਨੇਹਾ ਦਿੱਤਾ। ਉਨ੍ਹਾਂ ਕਿਹਾ ਕਿ ਅੱਤਵਾਦੀਆਂ ਅਤੇ ਉਨ੍ਹਾਂ ਦੇ ਆਕਿਆਂ ਲਈ ਸਰਹੱਦ ਪਾਰ ਦੀ ਧਰਤੀ ਵੀ ਸੁਰੱਖਿਅਤ ਨਹੀਂ ਹੋਵੇਗੀ। ਆਪ੍ਰੇਸ਼ਨ ਸਿੰਧੂਰ ਵਿਚ ਭਾਰਤੀ ਸੈਨਾ ਨੇ ਹਿੰਮਤ ਤੇ ਬਹਾਦਰੀ ਦੇ ਨਾਲ-ਨਾਲ ਸਹਿਣਸ਼ੀਲਤਾ ਦਾ ਵੀ ਪ੍ਰਦਰਸ਼ਨ ਕੀਤਾ ਅਤੇ ਸਰਹੱਦ ਨਾਲ ਲੱਗਦੇ ਫੌਜੀ ਟਿਕਾਣਿਆ 'ਤੇ ਹੀ ਕਾਰਵਾਈ ਨਹੀਂ ਕੀਤੀ, ਸਗੋਂ ਭਾਰਤ ਦੀਆਂ ਸੈਨਾਵਾਂ ਦੀ ਗੂੰਜ ਰਾਵਲਪਿੰਡੀ ਤੱਕ ਸੁਣਾਈ ਦਿੱਤੀ, ਜਿੱਥੇ ਪਾਕਿਸਤਾਨੀ ਫੌਜ ਦਾ ਮੁੱਖ ਦਫ਼ਤਰ ਹੈ।

ਲਖਨਊ ਨੇੜ ਵਿਚ ਬ੍ਰਹਮੋਸ ਇੰਟੀਗ੍ਰੇਸ਼ਨ ਅਤੇ ਟੈਸਟਿੰਗ ਫੈਸਿਲਿਟੀ ਸੈਂਟਰ ਦਾ ਵਰਚੁਅਲ ਉਦਘਾਟਨ ਕਰਦੇ ਹੋਏ ਰੱਖਿਆ ਮੰਤਰੀ ਨੇ ਕਿਹਾ ਕਿ ਭਾਰਤ ਵਿਰੋਧੀ ਅੱਤਵਾਦੀ ਜਥੇਬੰਦੀਆਂ ਨੇ ਭਾਰਤ ਮਾਤਾ ਦੇ ਮੱਥੇ 'ਤੇ ਹਮਲਾ ਕਰਕੇ ਕਈ ਪਰਿਵਾਰਾਂ ਦੇ ਸਿੰਧੂਰ ਮਿਟਾਏ ਸਨ। ਭਾਰਤੀ ਸੈਨਾ ਨੇ ਆਪ੍ਰੇਸ਼ਨ ਸਿੰਧੂਰ ਰਾਹੀਂ ਉਨ੍ਹਾਂ ਨੂੰ ਇਨਸਾਫ਼ ਦਿਵਾਇਆ ਹੈ। ਰੱਖਿਆ ਮੰਤਰੀ ਨੇ ਕਿਹਾ ਕਿ ਅੱਜ ਨੈਸ਼ਨਲ ਟੈਕਨੋਲਾਜੀ ਡੇ ਹੈ। ਅੱਜ ਹੀ ਦੇ ਦਿਨ 1998 ਵਿਚ ਪੋਖਰਣ ਪਰਮਾਣੂ ਟੈਸਟ ਕਰਕੇ ਭਾਰਤ ਨੇ ਦੁਨੀਆ ਨੂੰ ਆਪਣੀ ਤਾਕਤ ਦਿਖਾਈ ਸੀ। ਉਨ੍ਹਾਂ ਕਿਹਾ ਕਿ ਭਾਰਤ ਅੱਜ ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ ਵਿੱਚੋਂ ਇਕ ਹੈ। ਬ੍ਰਹਮੋਸ ਦਾ ਉਤਪਾਦਨ ਅਜੇ ਤਿਰੁਵਨੰਤਪੁਰਮ, ਨਾਗਪੁਰ, ਹੈਦਰਾਬਾਦ ਅਤੇ ਪਿਲਾਨੀ ਵਿਚ ਹੁੰਦਾ ਹੈ।




### ਹਰ ਸਾਲ 100 ਬ੍ਰਹਮੋਸ ਮਿਜ਼ਾਈਲਾਂ ਬਣਨਗੀਆਂ

ਭਾਰਤ-ਰੂਸ ਦੇ ਇਸ ਸਾਂਝੇ ਉਪਰਾਲੇ ਵਿਚ ਦੋ ਤਰ੍ਹਾਂ ਦੀਆਂ ਬ੍ਰਹਮੋਸ ਮਿਸਾਈਲਾਂ ਦਾ ਉਤਪਾਦਨ ਹੋਵੇਗਾ। ਥਲ ਸੈਨਾ, ਹਵਾਈ ਸੈਨਾ ਅਤੇ ਜਲ ਸੈਨਾ ਲਈ ਹਰ ਸਾਲ 80 ਤੋਂ 100 ਬ੍ਰਹਮੋਸ ਮਿਜ਼ਾਈਲਾਂ ਬਣਨਗੀਆਂ। ਮਿਜ਼ਾਈਲ ਦੀ ਵੱਧ ਤੋਂ ਵੱਧ ਰਫ਼ਤਾਰ 2.8 ਤੋਂ 3.0 ਮੈਕ (ਧੁਨੀ ਦੀ ਰਫ਼ਤਾਰ ਤੋਂ ਤਿੰਨ ਗੁਣਾ, ਲਗਪਗ 3430 ਕਿਮੀ. ਪ੍ਰਤੀ ਘੰਟਾ) ਤੱਕ ਹੋਵੇਗੀ। ਰੇਂਜ 290 ਤੋਂ 400 ਕਿਲੋਮੀਟਰ ਦੀ ਹੋਵੇਗੀ। ਵਜ਼ਨ ਅਤੇ ਲਾਗਤ ਮੌਜੂਦਾ ਬ੍ਰਹਮੋਸ ਮਿਸਾਈਲ ਤੋਂ ਅੱਧੀ ਰੋਵੇਗੀ। ਅਜੇ ਤਿਆਰ ਹੋਣ ਵਾਲੀਬ੍ਰਹਮੋਸ ਮਿਸਾਈਲ ਦਾ ਵਜ਼ਨ 2900 ਕਿਲੋਗ੍ਰਾਮ ਹੋਵੇਗਾ, ਜਦਕਿ ਐਨਜੀ ਤਕਨੀਕ ਦੀ ਮਿਸਾਈਲ ਦਾ ਵਜ਼ਨ ਘਟ ਕੇ 1260 ਕਿਲੋਗ੍ਰਾਮ ਹੋ ਜਾਵੇਗਾ। ਵਜ਼ਨ ਘਟਣ ਨਾਲ ਸੁਖੋਈ ਜਹਾਜ਼ ਵਿਚ ਇਕ ਦੀ ਜਗ੍ਹਾ ਪੰਜ ਮਿਸਾਈਲਾਂ ਤੱਕ ਲੋਡ ਹੋ ਸਕਣਗੀਆਂ।

# ਭਾਰਤ ਅਤੇ ਪਾਕਿਸਤਾਨ ਵਿਚਕਾਰ ਗੋਲੀਬੰਦੀ ਕਰਾਉਣ ਲਈ ਵੱਡੇ ਦੇਸ਼ਾਂ ਨੇ ਕੀਤੀਆਂ ਅਪੀਲਾਂ

**ਨਵੀਂ ਦਿੱਲੀ:** ਭਾਰਤ ਅਤੇ ਪਾਕਿਸਤਾਨ ਵਿੱਚ ਬਣੇ ਜੰਗ ਵਰਗੇ ਹਾਲਾਤ ਵਿੱਚ ਇੱਕ ਦੂਸਰੇ ਉੱਤੇ ਕੀਤੇ ਗਏ ਤਾਬੜ ਤੋੜ ਡਰੋਨ ਹਮਲਿਆਂ ਅਤੇ ਸਰਹੱਦ ਉੱਤੇ ਹੋਈ ਗੋਲੀਬਾਰੀ ਨਾਲ ਦੋਹਾਂ ਦੇਸ਼ਾਂ ਵਿੱਚ ਵਧੇ ਤਨਾਅ ਨੂੰ ਘੱਟ ਕਰਨ ਲਈ ਅਤੇ ਗੋਲੀਬੰਦੀ ਕਰਵਾਉਣ ਲਈ ਵਿਸ਼ਵ ਭਰ ਦੇ ਵੱਡੇ ਅਤੇ ਪ੍ਰਭਾਵਸ਼ਾਲੀ ਦੇਸ਼ਾਂ ਵੱਲੋਂ ਲਗਾਤਾਰ ਕੋਸ਼ਿਸ਼ਾਂ ਅਤੇ ਅਪੀਲਾਂ ਕੀਤੀਆਂ ਗਈਆਂ। ਅਮਰੀਕਾ, ਬਰਤਾਨੀਆ, ਰੂਸ, ਅਤੇ ਚੀਨ ਉਨ੍ਹਾਂ ਦੇਸ਼ਾਂ ਵਿੱਚ ਸ਼ਾਮਿਲ ਹਨ ਜਿਨ੍ਹਾਂ ਵੱਲੋਂ ਆਪਣੇ ਆਪਣੇ ਤੌਰ ਤੇ ਇਸ ਗੋਲੀਬੰਦੀ ਲਈ ਦੋਹਾਂ ਦੇਸ਼ਾਂ ਦੇ ਆਗੂਆਂ ਨਾਲ ਲਗਾਤਾਰ ਸੰਪਰਕ ਕੀਤਾ, ਖੁੱਲ੍ਹੇਆਮ ਅਪੀਲਾਂ ਕੀਤੀਆਂ ਅਤੇ ਇਸ ਗੱਲ ਲਈ ਮਾਹੌਲ ਤਿਆਰ ਕੀਤਾ ਗਿਆ ਕਿ ਜੰਗ ਨੂੰ ਟਾਲ ਕੇ ਅੱਗੇ ਵਧਿਆ ਜਾਏ।

## ਟਰੰਪ ਨੇ ਕਿਹਾ- ਭਾਰਤ-ਪਾਕਿ ਛੇਤੀ ਖ਼ਤਮ ਕਰਨ ਸੰਘਰਸ਼



**ਨਿਊਯਾਰਕ:** ਵ੍ਹਾਈਟ ਹਾਊਸ ਨੇ ਕਿਹਾ ਹੈ ਕਿ ਰਾਸ਼ਟਰਪਤੀ ਡੋਨਾਲਡ ਟ੍ਰੰਪ ਚਾਹੁੰਦੇ ਹਨ ਕਿ ਭਾਰਤ ਤੇ ਪਾਕਿਸਤਾਨ ਵਿਚਾਲੇ ਸੰਘਰਸ਼ ਜਿੰਨਾ ਜਲਦੀ ਹੋ ਸਕੇ, ਓਨਾ ਜਲਦੀ ਖ਼ਤਮ ਹੋ ਜਾਵੇ। ਵਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲਿਨ ਲੈਵਿਟ ਨੇ ਦੱਸਿਆ ਕਿ ਰਾਸ਼ਟਰਪਤੀ ਨੇ ਕਿਹਾ ਹੈ ਕਿ ਉਹ ਜਲਦੀ ਤੋਂ ਜਲਦੀ ਸੰਘਰਸ਼ ਦੇ ਖ਼ਤਮ ਹੋਣ ਦੀ ਉਮੀਦ ਕਰਦੇ ਹਨ। ਉਹ ਸਮਝਦੇ ਹਨ ਕਿ ਇਹ ਦੋ ਦੇਸ਼ ਹਨ ਜੋ ਦਹਾਕਿਆਂ ਤੋਂ ਇਕ-ਦੂਜੇ ਨਾਲ ਮਤਭੇਦ ਰੱਖਦੇ ਆ ਰਹੇ ਹਨ, ਰਾਸ਼ਟਰਪਤੀ ਟਰੰਪ ਦੇ ਓਵਲ ਆਫਿਸ 'ਚ ਆਉਣ ਤੋਂ ਬਹੁਤ ਪਹਿਲਾਂ ਤੋਂ ਭਾਰਤ-ਪਾਕਿ ਵਿਚਾਲੇ ਸੰਘਰਸ਼ ਵਿਚ ਵਿਚੋਲਗੀ ਕਰਨ ਦੇ ਯਤਨਾਂ 'ਤੇ ਇਕ ਸਵਾਲ ਦੇ ਜਵਾਬ ਵਿਚ ਲੈਵਿਟ ਨੇ ਕਿਹਾ-ਇਹ ਕੁਝ ਅਜਿਹਾ ਹੈ, ਜਿਸ ਵਿਚ ਵਿਦੇਸ਼ ਮੰਤਰੀ ਤੇ ਸਾਡੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਮਾਰਕੋ ਰੂਬਿਓ ਵੀ ਸ਼ਾਮਲ ਰਹੇ। ਟਰੰਪ ਦੇ ਦੋਵਾਂ ਦੇਸ਼ਾਂ ਦੇ ਨੇਤਾਵਾਂ ਨਾਲ ਚੰਗੇ ਸੰਬੰਧ ਹਨ ਅਤੇ ਰੂਬਿਓ ਦੋਵਾਂ ਦੇਸ਼ਾਂ ਦੇ ਨੇਤਾਵਾਂ ਨਾਲ ਲਗਾਤਾਰ ਸੰਪਰਕ ਵਿਚ ਸਨ। ਉਹ ਇਸ ਸੰਘਰਸ਼ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੇ ਸਨ।

## ਚੀਨ ਵਲੋਂ ਦੋਵਾਂ ਦੇਸ਼ਾਂ ਨੂੰ ਸੰਜਮ ਵਰਤਣ ਦੀ ਅਪੀਲ

**ਬੀਜਿੰਗ:** ਚੀਨ ਨੇ ਭਾਰਤ ਤੇ ਪਾਕਿਸਤਾਨ ਨੂੰ ਖੇਤਰ 'ਚ ਸ਼ਾਂਤੀ ਤੇ ਸਥਿਰਤਾ ਦੇ ਵੱਡੇ ਹਿੱਤ 'ਚ ਵੱਧ ਤੋਂ ਵੱਧ ਸੰਜਮ ਵਰਤਣ ਦੀ ਅਪੀਲ ਕੀਤੀ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬਿਆਨ 'ਚ ਕਿਹਾ ਗਿਆ ਹੈ ਕਿ ਅਸੀਂ



ਮੌਜੂਦਾ ਸਥਿਤੀ ਬਾਰੇ ਚਿੰਤਤ ਹਾਂ। ਭਾਰਤ ਤੇ ਪਾਕਿਸਤਾਨ ਹਮੇਸ਼ਾ ਇਕ ਦੂਜੇ ਦੇ ਗੁਆਂਢੀ ਹਨ ਤੇ ਰਹਿਣਗੇ। ਉਹ ਦੋਵੇਂ ਚੀਨ ਦੇ ਗੁਆਂਢੀ ਵੀ ਹਨ। ਇਸ ਨੇ ਪਹਿਲਗਾਮ ਅੱਤਵਾਦੀ ਹਮਲੇ ਦੇ ਸੰਬੰਧ 'ਚ ਸਪੱਸ਼ਟ ਕਿਹਾ ਕਿ ਚੀਨ ਹਰ ਤਰ੍ਹਾਂ ਦੇ ਅੱਤਵਾਦ ਦਾ ਵਿਰੋਧ ਕਰਦਾ ਹੈ। ਇਸ 'ਚ ਕਿਹਾ ਗਿਆ ਕਿ ਅਸੀਂ ਦੋਵਾਂ ਧਿਰਾਂ ਨੂੰ ਸ਼ਾਂਤੀ ਤੇ ਸਥਿਰਤਾ ਦੇ ਵੱਡੇ ਹਿੱਤ 'ਚ ਕੰਮ ਕਰਨ, ਸ਼ਾਂਤ ਰਹਿਣ, ਸੰਜਮ ਵਰਤਣ ਤੇ ਅਜਿਹੀਆਂ ਕਾਰਵਾਈਆਂ ਕਰਨ ਤੋਂ ਗੁਰੇਜ਼ ਕਰਨ ਦੀ ਅਪੀਲ ਕਰਦੇ ਹਾਂ ਜੋ ਸਥਿਤੀ ਨੂੰ ਹੋਰ ਗੁੰਝਲਦਾਰ ਬਣਾ ਸਕਦੀ ਹੈ। ਬਿਆਨ 'ਚ ਅੱਗੇ ਕਿਹਾ ਗਿਆ ਹੈ ਕਿ ਚੀਨ ਭਾਰਤ ਦੀ ਫੌਜੀ ਕਾਰਵਾਈ ਨੂੰ ਅਫਸੋਸਨਾਕ ਮੰਨਦਾ ਹੈ।

## ਅਮਰੀਕਾ ਵਲੋਂ ਭਾਰਤ ਤੇ ਪਾਕਿ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰਾਂ ਨਾਲ ਗੱਲਬਾਤ

**ਸਾਨ ਫਰਾਂਸਿਸਕੋ:** ਭਾਰਤ ਵਲੋਂ ਪਾਕਿਸਤਾਨ 'ਚ ਅੱਤਵਾਦੀ ਢਾਂਚੇ ਨੂੰ ਨਿਸ਼ਾਨਾ ਬਣਾ ਕੇ 'ਆਪ੍ਰੇਸ਼ਨ ਸੰਦੂਰ' ਸ਼ੁਰੂ ਕਰਨ ਤੋਂ ਕੁਝ ਘੰਟਿਆਂ ਬਾਅਦ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਦੋਵਾਂ ਦੇਸ਼ਾਂ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰਾਂ ਨੂੰ ਗੱਲਬਾਤ ਦੇ ਰਸਤੇ ਖੁੱਲ੍ਹੇ ਰੱਖਣ ਤੇ ਤਣਾਅ ਤੋਂ ਬਚਣ ਦੀ ਅਪੀਲ ਕੀਤੀ। ਵਾਸ਼ਿੰਗਟਨ ਚ ਭਾਰਤੀ ਦੂਤਘਰ ਨੇ ਕਿਹਾ ਕਿ ਰਾਸ਼ਟਰੀ ਸੁਰੱਖਿਆ ਸਲਾਹਕਾਰ (ਐਨ.ਐਸ.ਏ.) ਅਜੀਤ ਡੋਵਾਲ ਨੇ ਹਮਲਿਆਂ ਤੋਂ ਥੋੜ੍ਹੀ ਦੇਰ ਬਾਅਦ ਰੂਬੀਓ ਨਾਲ ਗੱਲ ਕੀਤੀ ਤੇ ਉਨ੍ਹਾਂ ਨੂੰ ਕੀਤੀ ਗਈ ਕਾਰਵਾਈ ਬਾਰੇ ਜਾਣਕਾਰੀ ਦਿੱਤੀ। ਰੂਬੀਓ ਨੇ ਪਾਕਿਸਤਾਨੀ ਰਾਸ਼ਟਰੀ ਸੁਰੱਖਿਆ ਸਲਾਹਕਾਰ (ਐਨ.ਐਸ.ਏ.) ਅਸੀਮ ਮਲਿਕ ਨਾਲ ਵੀ ਗੱਲ ਕੀਤੀ। ਰੂਬੀਓ ਨੇ ਕਿਹਾ ਕਿ ਉਹ ਭਾਰਤ ਤੇ ਪਾਕਿਸਤਾਨ ਵਿਚਕਾਰ ਸਥਿਤੀ ਦੀ ਨੇੜਿਓਂ ਨਿਗਰਾਨੀ ਕਰ ਰਹੇ ਹਨ ਤੇ ਉਮੀਦ ਕਰਦੇ ਹਨ ਕਿ ਇਹ ਜਲਦ ਖ਼ਤਮ ਹੋ ਜਾਵੇਗਾ।



ਰੂਬੀਓ ਨੇ ਐਕਸ 'ਤੇ ਇਕ ਪੋਸਟ 'ਚ ਕਿਹਾ ਕਿ ਮੈਂ ਭਾਰਤ ਤੇ ਪਾਕਿਸਤਾਨ ਵਿਚਕਾਰ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹਾਂ। ਉਮੀਦ ਹੈ ਕਿ ਇਹ ਜਲਦ ਖ਼ਤਮ ਹੋ ਜਾਵੇਗਾ ਤੇ ਅਮਰੀਕਾ ਭਾਰਤੀ ਤੇ ਪਾਕਿਸਤਾਨੀ ਲੀਡਰਸ਼ਿਪ ਦੋਵਾਂ ਨੂੰ ਸ਼ਾਂਤੀਪੂਰਨ ਹੱਲ ਲਈ ਜੋੜਨਾ ਜਾਰੀ ਰੱਖਿਆ।

## ਬਰਤਾਨੀਆ ਤਣਾਅ ਘਟਾਉਣ ਲਈ ਸਮਰਥਨ ਦੇਣ ਨੂੰ ਤਿਆਰ



**ਲੰਡਨ:** ਬਰਤਾਨੀਆ ਨੇ ਕਿਹਾ ਹੈ ਕਿ ਉਹ ਭਾਰਤ ਤੇ ਪਾਕਿਸਤਾਨ ਦੋਵਾਂ ਨੂੰ ਗੱਲਬਾਤ ਤੇ ਤਣਾਅ ਘਟਾਉਣ ਵੱਲ ਵਧਣ ਲਈ ਸਮਰਥਨ ਕਰਨ ਲਈ ਤਿਆਰ ਹੈ। ਵਪਾਰ ਸਕੱਤਰ ਜੋਨਾਥਨ ਰੇਨੋਲਡਜ਼ ਨੇ ਜੰਮੂ-ਕਸ਼ਮੀਰ ਦੀ ਸਥਿਤੀ ਨੂੰ ਬਹੁਤ ਚਿੰਤਾਜਨਕ ਦੱਸਿਆ ਤੇ ਬੀ.ਬੀ.ਸੀ. ਨੂੰ ਦੱਸਿਆ ਕਿ ਉਨ੍ਹਾਂ ਦੇ ਕੈਬਨਿਟ ਸਹਿਯੋਗੀ ਯੂ.ਕੇ. ਦੇ ਵਿਦੇਸ਼ ਸਕੱਤਰ ਡੇਵਿਡ ਲੈਮੀ ਨੇ ਦੋਵਾਂ ਦੇਸ਼ਾਂ ਤੱਕ ਪਹੁੰਚ ਕੀਤੀ। ਹੈ। ਰੇਨੋਲਡਜ਼ ਨੇ ਕਿਹਾ ਕਿ ਸਾਡਾ ਸੁਨੇਹਾ ਇਹ ਹੋਵੇਗਾ ਕਿ ਅਸੀਂ ਇਕ ਦੋਸਤ ਹਾਂ, ਦੋਵਾਂ ਦੇਸ਼ਾਂ ਦੇ ਭਾਈਵਾਲ ਹਾਂ। ਅਸੀਂ ਦੋਵਾਂ ਦੇਸ਼ਾਂ ਦਾ ਸਮਰਥਨ ਕਰਨ ਲਈ ਤਿਆਰ ਹਾਂ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਦੀ ਖੇਤਰੀ ਸਥਿਰਤਾ ਲਈ ਗੱਲਬਾਤ 'ਚ ਤਣਾਅ ਘਟਾਉਣ 'ਚ ਸਾਡੀ ਬਹੁਤ ਵੱਡੀ ਦਿਲਚਸਪੀ ਹੈ ਤੇ ਇਸ ਦਾ ਸਮਰਥਨ ਕਰਨ ਲਈ ਅਸੀਂ ਜੋ ਵੀ ਕਰ ਸਕਦੇ ਹਾਂ,ਕਰਨ ਲਈ ਤਿਆਰ ਹਾਂ।

## ਰੂਸ ਵੀ ਭਾਰਤ-ਪਾਕਿ ਟਕਰਾਅ ਵਧਣ 'ਤੇ ਸੀ ਚਿੰਤਤ

**ਮਾਸਕੋ:** ਰੂਸ ਨੇ ਭਾਰਤ ਤੇ ਪਾਕਿਸਤਾਨ ਵਿਚਕਾਰ ਫੌਜੀ ਟਕਰਾਅ ਵਧਣ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਗਈ। ਰੂਸ ਦੇ ਵਿਦੇਸ਼ ਮੰਤਰਾਲੇ ਦੀ ਬੁਲਾਰਾ ਮਾਰੀਆ ਜ਼ਖ਼ਾਰੋਵਾ ਦੇ ਹਵਾਲੇ ਨਾਲ ਸਰਕਾਰੀ ਸਮਾਚਾਰ ਏਜੰਸੀ ਟਾਸ ਨੇ ਕਿਹਾ ਕਿ ਅਸੀਂ ਪਹਿਲਗਾਮ ਸ਼ਹਿਰ ਦੇ ਨੇੜੇ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਵਿਚਕਾਰ ਵਧ ਰਹੇ ਫੌਜੀ ਟਕਰਾਅ ਬਾਰੇ ਡੂੰਘੀ ਚਿੰਤਾ ਰੱਖਦੇ ਹਾਂ। ਇਸ ਦੇ ਕਿਸੇ ਵੀ ਪ੍ਰਗਟਾਵੇ ਦਾ ਵਿਰੋਧ ਕਰਦਾ ਹੈ ਤੇ ਇਸ ਬੁਰਾਈ ਦਾ ਪ੍ਰਭਾਵਸ਼ਾਲੀ ਢੰਗ ਨਾਲ ਮੁਕਾਬਲਾ ਕਰਨ ਲਈ ਪੂਰੇ ਵਿਸ਼ਵ ਭਾਈਚਾਰੇ ਦੇ ਯਤਨਾਂ ਨੂੰ ਇਕਜੁੱਟ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੰਦਾ ਹੈ। ਅਸੀਂ ਖੇਤਰ 'ਚ ਸਥਿਤੀ ਨੂੰ ਹੋਰ ਵਿਗੜਨ ਤੋਂ ਰੋਕਣ ਲਈ ਸਬੰਧਿਤ ਧਿਰਾਂ ਨੂੰ ਸੰਜਮ ਵਰਤਣ ਦਾ ਸੱਦਾ ਦਿੰਦੇ ਹਾਂ। ਉਨ੍ਹਾਂ ਕਿਹਾ ਕਿ ਰੂਸ ਅੱਤਵਾਦੀ ਕਾਰਵਾਈਆਂ ਦੀ ਸਖ਼ਤ ਨਿੰਦਾ ਕਰਦਾ ਹੈ।



## ਜੰਗ ਵਰਗੇ ਹਾਲਾਤ ਕਾਰਨ ਸ੍ਰੀ ਹਰਿਮੰਦਰ ਸਾਹਿਬ ਦੀ ਰੌਣਕ ਵੀ ਘਟੀ



**ਅੰਮ੍ਰਿਤਸਰ:** ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਵਲੋਂ ਅੱਜ ਪਾਕਿਸਤਾਨ ਵਿਰੁੱਧ 'ਆਪ੍ਰੇਸ਼ਨ ਸੰਧੂਰ' ਤਹਿਤ ਕੀਤੀ ਏਅਰ ਸਟਰਾਈਕ ਤੋਂ ਬਾਅਦ ਪੈਦਾ ਹੋਏ ਤਣਾਅ ਵਾਲੇ ਹਾਲਾਤ ਦੇ ਮੱਦੇਨਜ਼ਰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਉਣ ਵਾਲੀਆਂ ਸੰਗਤਾਂ ਦੀ ਆਮਦ ਕਾਫੀ ਘੱਟ ਰਹੀ। ਪ੍ਰਾਪਤ ਵੇਰਵਿਆਂ ਅਨੁਸਾਰ ਅੰਮ੍ਰਿਤਸਰ ਦਾ ਹਵਾਈ ਅੱਡਾ ਬੰਦ ਹੋਣ ਕਾਰਨ ਵਿਦੇਸ਼ਾਂ ਤੋਂ ਸ਼ਰਧਾਲੂ ਗੁਰੂ ਨਗਰੀ ਨਹੀਂ ਪੁੱਜ ਸਕੇ ਤੇ ਜੰਗ ਵਰਗੇ ਬਣੇ ਰਹੇ ।ਹਾਲਾਤ ਕਾਰਨ ਪੰਜਾਬ ਤੇ ਗੁਆਂਢੀ ਸੂਬਿਆਂ ਤੋਂ ਵੀ ਬਹੁਤ ਘੱਟ, ਭਾਵ ਕੇਵਲ 10 -15 ਫੀਸਦੀ ਸ਼ਰਧਾਲੂ ਹੀ ਦਰਸ਼ਨ ਇਸ਼ਨਾਨ ਕਰਨ ਲਈ ਪੁੱਜੇ। ਜਿਥੇ ਆਮ ਦਿਨਾਂ ਵਿਚ ਦਰਸ਼ਨ ਕਰਨ ਲਈ ਸ਼ਰਧਾਲੂਆਂ ਨੂੰ ਘੰਟਿਆਂ ਬੱਧੀ ਕਤਾਰਾਂ ਵਿਚ ਖੜੇ ਰਹਿ ਕੇ ਮੱਥਾ ਟੇਕਣ ਲਈ ਇੰਤਜ਼ਾਰ ਕਰਨਾ ਪੈਂਦਾ ਸੀ, ਉਥੇ ਅੱਜ ਕੱਲ ਸੰਗਤ ਦੀ ਆਮਦ ਘਟ ਹੋਣ ਕਾਰਨ ਆਸਾਨੀ ਨਾਲ ਹੀ ਸ਼ਰਧਾਲੂ ਮੱਥਾ ਟੇਕ ਰਹੇ ਹਨ। ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਅੱਜ ਅੰਮ੍ਰਿਤ ਵੇਲੇ, ਬਾਅਦ ਦੁਪਹਿਰ ਤੇ ਰਾਤ ਨੂੰ ਆਮ ਵਾਂਗ ਸਥਾਨਕ ਸ਼ਰਧਾਲੂ ਹੀ ਪੁੱਜੇ, ਪਰ ਹੋਰਨਾਂ ਸ਼ਹਿਰਾਂ ਜਾਂ ਸੂਬਿਆਂ ਅਤੇ ਵਿਦੇਸ਼ ਤੋਂ ਸੰਗਤਾਂ ਥੋੜੀ ਗਿਣਤੀ ਵਿਚ ਹੀ ਪੁੱਜੀਆਂ। ਇਸੇ ਦੌਰਾਨ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਗੁਰਪ੍ਰੀਤ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਆਮ ਦਿਨਾਂ ਵਿਚ ਕਰੀਬ ਇਕ ਲੱਖ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ ਵਿਖੇ ਦਰਸ਼ਨ ਕਰਨ ਪੁੱਜਦੇ ਸਨ ਤੇ ਇਨ੍ਹਾਂ 'ਚੋਂ ਵੱਡੀ ਗਿਣਤੀ ਵਿਚ ਸ਼ਰਧਾਲੂ ਗੁਰੂ ਘਰ ਦੀਆਂ ਸਰਾਵਾਂ ਅਤੇ ਯਾਤਰੀ ਨਿਵਾਸਾਂ ਵਿਚ ਵੀ ਰਾਤ ਵਿਸ਼ਰਾਮ ਕਰਦੇ ਸਨ ਪਰ ਅੱਜ ਦੇ ਹਾਲਾਤ ਤੇ ਮੱਦੇਨਜ਼ਰ ਸੰਗਤਾਂ ਦੀ ਗਿਣਤੀ ਕਾਫੀ ਘੱਟ ਹੋਣ ਕਰਕੇ ਸਾਰੀਆਂ ਸਰਾਵਾਂ ਤੇ ਯਾਤਰੀ ਨਿਵਾਸਾਂ ਦੇ ਕਰੀਬ 850 ਦੇ ਕਰੀਬ ਕਮਰਿਆਂ ਵਿਚੋਂ ਕੇਵਲ 30 ਕੁ ਫੀਸਦੀ ਹੀ ਕਮਰੇ ਸ਼ਰਧਾਲੂਆਂ ਵਲੋਂ ਬੁੱਕ ਕਰਵਾਏ ਗਏ। ਉਨ੍ਹਾਂ ਦੱਸਿਆ ਕਿ ਸਾਰਾਗੜੀ ਨਿਵਾਸ (ਸਰਾਂ), ਜਿਸ ਦੀ ਕਿ ਸ਼ਰਧਾਲੂਆਂ ਵਲੋਂ ਕਈ ਦਿਨ ਪਹਿਲਾਂ ਹੀ ਆਨਲਾਈਨ ਬੁਕਿੰਗ ਕਰਵਾਈ ਹੋਈ ਸੀ, ਅੱਜ ਦੋਵਾਂ ਮੁਲਕਾਂ ਵਿਚ ਪੈਦਾ ਹੋਏ ਤਣਾਅ ਕਾਰਨ ਬੁਕਿੰਗ ਰੱਦ ਕਰਵਾ ਦਿੱਤੀ ਗਈ ਹੈ। ਇਸੇ ਦੌਰਾਨ ਅੱਜ ਸ੍ਰੀ ਹਰਿਮੰਦਰ ਸਾਹਿਬ ਨੂੰ ਜਾਂਦੇ ਵਿਰਾਸਤੀ ਮਾਰਗ, ਜਿਥੇ ਕਿ ਦਿਨ ਰਾਤ ਸ਼ਰਧਾਲੂਆਂ ਦੀ ਚਹਿਲ ਪਹਿਲ ਰਹਿੰਦੀ ਹੈ, ਵਿਚ ਵੀ ਲੱਗਪਗ ਵੀਰਾਨੀ ਛਾਈ ਹੋਈ ਸੀ।

## ਭਾਰਤ ਅਗਲੇ ਪੰਜ ਸਾਲਾਂ 'ਚ 52 ਜਾਸੂਸੀ ਉੱਪਗ੍ਰਹਿ ਕਰੇਗਾ ਲਾਂਚ

**ਨਵੀਂ ਦਿੱਲੀ:** ਇਕ ਪਾਸੇ ਪਾਕਿਸਤਾਨ ਵਿਚ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਭਾਰਤ ਨੇ ਦੁਨੀਆ ਨੂੰ ਆਪਣੀ ਸ਼ਕਤੀ ਤੋਂ ਜਾਣੂ ਕਰਵਾ ਦਿੱਤਾ ਹੈ। ਦੂਜੇ ਪਾਸੇ, ਉਹ ਆਪਣੀ ਰੱਖਿਆ ਸਮਰਥਾ ਨੂੰ ਹੋਰ ਵਧਾਉਣ ਦੀ ਯੋਜਨਾ 'ਤੇ ਵੀ ਤੇਜ਼ੀ ਨਾਲ ਕੰਮ ਕਰ ਰਿਹਾ ਹੈ। ਭਾਰਤ ਪੁਲਾੜ ਅਧਾਰਿਤ ਨਿਗਰਾਨੀ ਸਮਰਥਾਵਾਂ ਨੂੰ ਵਧਾਉਣ ਲਈ ਅਗਲੇ ਪੰਜ ਸਾਲਾਂ ਵਿਚ 52 ਉਪਗ੍ਰਹਿਆਂ ਨੂੰ ਪੰਧ ਵਿਚ ਸਥਾਪਤ ਕਰੇਗਾ। ਇਹ ਜਾਣਕਾਰੀ ਬੁੱਧਵਾਰ ਨੂੰ ਇੰਡੀਅਨ ਨੈਸ਼ਨਲ ਸਪੇਸ ਪ੍ਰਮੋਸ਼ਨ ਐਂਡ ਅਥਾਰਾਈਜ਼ੇਸ਼ਨ ਸੈਂਟਰ ਦੇ ਚੇਅਰਮੈਨ ਪਵਨ ਕੁਮਾਰ ਗੋਇਨਕਾ ਨੇ ਗਲੋਬਲ ਸਪੇਸ ਐਕਸਪਲੋਰੇਸ਼ਨ ਕਾਨਫਰੰਸ 2025 ਨੂੰ ਸੰਬੋਧਨ ਕਰਦਿਆਂ ਕਿਹਾ। ਉਨ੍ਹਾਂ ਕਿਹਾ ਕਿ ਇਹ ਜਾਸੂਸੀ ਉਪਗ੍ਰਹਿ ਭਾਰਤੀ ਫੌਜ, ਜਲ ਸੈਨਾ ਤੇ ਹਵਾਈ ਸੈਨਾ ਨੂੰ ਦੁਸ਼ਮਣ ਦੀਆਂ ਗਤੀਵਿਧੀਆਂ ਨੂੰ ਟਰੈਕ ਕਰਨ, ਸਰਹੱਦਾਂ ਦੀ ਨਿਗਰਾਨੀ ਕਰਨ ਅਤੇ ਫੌਜੀ ਕਾਰਵਾਈਆਂ ਦੌਰਾਨ ਅਸਲ-ਸਮੇਂ ਦੇ ਤਾਲਮੇਲ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨਗੇ।



# ਪੰਜਾਬ ਟਾਈਮਜ਼

*17 ਮਈ, ਸ਼ਨਿਚਰਵਾਰ*

## ਸਾਰਥਿਕ ਪੱਤਰਕਾਰੀ ਦਾ ਸਤੰਭ

*'ਪੰਜਾਬ ਟਾਈਮਜ਼' ਅਮਰੀਕਾ ਵਿਚ ਕੀਤੀ ਜਾ ਰਹੀ ਸਾਰਥਿਕ, ਸਹਿਜ ਅਤੇ ਸਾਫ਼ਸੁਥਰੀ ਪੰਜਾਬੀ ਪੱਤਰਕਾਰੀ ਦਾ ਉਹ ਸਤੰਭ ਹੈ, ਜਿਸ ਦਾ ਕੋਈ ਹੋਰ ਸਾਨੀ ਨਹੀਂ ਹੈ। ਚੌਥਾਈ ਸਦੀ ਦਾ ਇਹ ਸ਼ਾਨਾ ਮੱਤਾ ਸਫ਼ਰ ਨਿਰਪੱਖਤਾ ਅਤੇ ਨਿਡਰਤਾ ਦੀ ਇਕ ਅਦਭੁੱਤ ਮਿਸਾਲ ਹੈ। ਇਸ ਵਿਚ ਛਪਣ ਵਾਲੀ ਸਮੁੱਚੀ ਸਮੱਗਰੀ ਅਤੇ ਇਸਦੇ ਸਫ਼ਿਆਂ ਦਾ ਸ਼ਿੰਗਾਰ ਬਣਨ ਵਾਲੀਆਂ ਘਟਨਾਵਾਂ ਦਾ ਵੇਰਵਾ ਰੋਜ਼ ਮਰਹਾ ਦੀਆਂ ਪ੍ਰਚਲਿਤ ਜਿਹੀਆਂ ਖਬਰਾਂ ਜਾਂ ਕਚਘਰੜ ਜਿਹੇ ਲੇਖਾਂ ਤੱਕ ਹੀ ਸੀਮਤ ਨਹੀਂ ਹੁੰਦਾ। ਇਸ ਦੇ ਦਮਦਾਰ ਸਫਿਆਂ ਉੱਤੇ ਨਜ਼ਰ ਮਾਰੀਏ ਤਾਂ ਇਨ੍ਹਾਂ ਵਿਚੋਂ ਸਮੁੱਚੀ ਪੰਜਾਬੀਅਤ ਡਲਕਾਂ ਮਾਰਦੀ ਪ੍ਰਤੱਖ ਦਿਸਦੀ ਹੈ। ਇਨ੍ਹਾਂ ਸਫਿਆਂ ਵਿਚ ਪੰਜਾਬੀ ਭਾਸ਼ਾ ਦੀ ਵਿਸ਼ਵ ਵਿਆਪੀ ਪ੍ਰਫੁੱਲਤਾ ਲਈ ਤਾਂਘਦੀ ਤਮੰਨਾ ਵੀ ਹੈ, ਗੁਰੂ ਸਾਹਿਬਾਨ ਦੇ ਵਰਸਾਏ ਹੋਏ ਸਰਬ ਸਾਂਝੀ ਵਾਲਤਾ ਦੇ ਜਜ਼ਬੇ ਦਾ ਜਲੌਅ ਵੀ ਹੈ, ਪੰਜਾਬੀ ਸੱਭਿਆਚਾਰ ਦੀ ਵੰਨਸੁਵੰਨਤਾ ਵੀ ਹੈ, ਪੰਜਾਬੀ ਸਾਹਿਤ ਦੀ ਸਰਬਾਂਗਤਾ ਵੀ ਹੈ, ਵਿਦੇਸ਼ਾਂ ਵਿਚ ਪੰਜਾਬੀਆਂ ਦੇ ਵਸੇਬੇ ਦੀਆਂ ਦੁਸ਼ਵਾਰੀਆਂ ਦੇ ਦਰਦ ਵੀ ਹਨ, ਵਿਸ਼ਵ ਭਰ ਵਿਚ ਪੰਜਾਬੀਆਂ ਵੱਲੋਂ ਮਾਰੀਆਂ ਜਾ ਰਹੀਆਂ ਮੱਲਾਂ ਦਾ ਗੌਰਵ ਵੀ ਹੈ। ਯਾਨੀ ਕਿ ਜ਼ਿੰਦਗੀ ਦੇ ਹਰ ਪਹਿਲੂ ਨਾਲ ਜੁੜੇ ਹੋਏ ਜ਼ਿੰਦਗੀ ਦੇ ਹਰ ਚਾਅ ਅਤੇ ਮਲਾਰ ਨਾਲ ਸਜੇ ਹੋਏ ਇਹ ਸਫ਼ੇ ਨਿਰੇ ਪੁਰੇ 'ਪੰਜਾਬ ਟਾਈਮਜ਼' ਦੇ ਸਫ਼ੇ ਹੀ ਨਹੀਂ ਹਨ, ਇਹ ਸਾਡੇ ਵਰਤਮਾਨ ਦੇ ਉਹ ਸਫ਼ੇ ਹਨ, ਜਿਨਾਂ ਵਿਚੋਂ ਇਤਿਹਾਸ ਵੀ ਝਲਕਦਾ ਹੈ ਅਤੇ ਭਵਿੱਖ ਵੀ ਨਿਹਾਰਿਆ ਜਾ ਸਕਦਾ ਹੈ ।*

*ਪਿਛਲੀ ਸਦੀ ਦੀ ਸ਼ਾਮ ਦੇ ਸੂਰਜ ਨੂੰ ਅਲਵਿਦਾ ਕਹਿਣ ਵੇਲੇ ਅਤੇ ਨਵੀਂ ਸਦੀ ਦੀ ਸਵੇਰ ਨੂੰ 'ਜੀ ਆਇਆਂ ਨੂੰ' ਕਹਿੰਦਿਆਂ ਸੰਨ 2000 ਦੀ ਪਹਿਲੀ ਜਨਵਰੀ ਨੂੰ ਸਰਦਾਰ ਅਮੋਲਕ ਸਿੰਘ ਜੰਮੂ ਦੇ ਸੁਨਹਿਰੀ ਸੁਪਨਿਆਂ ਵਿਚੋਂ, ਜਦੋਂ 'ਪੰਜਾਬ ਟਾਈਮਜ਼' ਦਾ ਸੂਰਜ ਉਦੈ ਹੋਇਆ ਤਾਂ ਉਹ ਸਮਾਂ ਪੰਜਾਬੀ ਭਾਸ਼ਾ, ਪੰਜਾਬੀ ਸੱਭਿਆਚਾਰ, ਅਤੇ ਪੰਜਾਬੀ ਬੰਦੇ ਦੀ ਵਿਦੇਸ਼ਾਂ ਵਿਚ ਰਸਾਈ ਦਾ ਅਤੇ ਆਪਣੀ ਸਭਿਆਚਾਰਕ ਪਛਾਣ ਪ੍ਰਤੀ ਜਾਗਰੂਕਤਾ ਦਾ ਇੱਕ ਤਰ੍ਹਾਂ ਨਾਲ ਮੁਢਲਾ ਦੌਰ ਹੀ ਸੀ। ਇਸ ਸਮੇਂ ਤੱਕ ਬਰਤਾਨੀਆ ਪੰਜਾਬੀ ਪੱਤਰਕਾਰੀ ਵਿਚ ਕਾਫ਼ੀ ਸਫਰ ਤਹਿ ਕਰ ਚੁੱਕਿਆ ਸੀ। 'ਦੇਸ ਪ੍ਰਦੇਸ' ਅਤੇ 'ਸੰਦੇਸ਼' ਵਰਗੇ ਪੰਜਾਬੀ ਪਰਚੇ ਆਪਣੀ ਸਿਖਰਾਂ ਛੋਹ ਕੇ ਵਾਪਸ ਪਰਤ ਚੁੱਕੇ ਸਨ। ਕਨੈਡਾ ਵਿਚ 'ਇੰਡੋ-ਕਨੇਡੀਅਨ ਟਾਈਮਜ਼' ਅਤੇ 'ਕਨੇਡਾ ਦਰਪਣ' ਵੀ ਪੱਥਰ ਚੱਟ ਕੇ ਮੁੜ ਚੁੱਕੇ ਸਨ। 'ਪੰਜਾਬ ਟਾਈਮਜ਼' ਅਮਰੀਕਾ ਦੀ ਧਰਤੀ 'ਤੋਂ ਉਸ ਵੇਲੇ ਛਪਣ ਵਾਲਾ ਦੂਸਰਾ ਪਰਚਾ ਸੀ। ਪਹਿਲਾ ਪਰਚਾ ਨਿਊਯਾਰਕ 'ਤੋਂ ਛਪਣ ਵਾਲਾ 'ਸ਼ੇਰੇ ਪੰਜਾਬ' ਸੀ, ਜੋ ਆਰਥਕ ਤੰਗੀਆਂ ਕਰਕੇ ਬੰਦ ਹੋ ਚੁਕਾ ਹੈ।*

*'ਪੰਜਾਬ ਟਾਈਮਜ਼' ਦੇ ਆਗਾਜ਼ ਦਾ ਸਮਾਂ ਉਂਹ ਸਮਾਂ ਸੀ ਜਦੋਂ ਭਾਰਤੀ ਪੰਜਾਬ ਸਾਲਾਂ ਸਾਲਾਂ ਤੱਕ ਹੰਢਾਏ ਗਹਿਰੇ ਸੰਕਟ ਦੀ ਗ੍ਰਿਫ਼ਤ ਵਿਚੋਂ ਨਿਕਲ ਕੇ ਵਿਕਾਸ ਦੀਆਂ ਨਵੀਆਂ ਸੰਭਾਵਨਾਵਾਂ ਦੀ ਤਲਾਸ਼ ਵਿਚ ਭਟਕ ਰਿਹਾ ਸੀ। ਹਰੇ ਇਨਕਲਾਬ ਦਾ ਜਾਦੂ ਖਤਮ ਹੋ ਚੁੱਕਾ ਸੀ। ਉਦਾਰਵਾਦੀ ਅਰਥ ਵਿਵਸਥਾ ਦਾ ਵਰੋਸਾਇਆ ਹੋਇਆ ਵਿਸ਼ਵੀਕਰਨ ਵੀ ਆਪਣਾ ਤਲਿਸਮ ਗੁਆਉਣਾ ਸ਼ੁਰੂ ਹੋ ਚੁੱਕਿਆ ਸੀ। ਵਿਦੇਸ਼ੀ ਧਰਤੀ ਉੱਤੇ ਦੇਸੀ ਜਨ-ਜੀਵਨ ਦੇ ਗੌਰਵ ਨੂੰ ਆਪਣੀ ਭਾਸ਼ਾ ਅਤੇ ਆਪਣੇ ਸੱਭਿਆਚਾਰ ਦੇ ਬਲਬੂਤੇ ਆਪਣੀ ਮੂਲ ਪਛਾਣ ਨੂੰ ਬਣਾਈ ਰੱਖਣਾ ਅਤੇ ਰੋਟੀ-ਰੋਜ਼ੀ ਦੇ ਵਸੀਲੇ ਵਜੋਂ ਪੰਜਾਬੀ ਪੱਤਰਕਾਰੀ ਨੂੰ ਅਪਣਾਉਣਾ ਨੰਗੇ ਪੈਰਾਂ ਨਾਲ ਕੰਡਿਆਂ ਉੱਤੇ ਤੁਰਨ ਵਾਂਗ ਸੀ। ਪਰ ਅਮੋਲਕ ਸਿੰਘ ਜੰਮੂ ਦੇ ਦ੍ਰਿੜ ਸੰਕਲਪਾਂ ਅਤੇ ਪੱਕੇ ਇਰਾਦਿਆਂ ਨੇ ਕੰਡਿਆਂ ਭਰੀ ਇਸ ਡਗਰ ਨੂੰ ਚੁਣਨਾ ਠੀਕ ਸਮਝਿਆ। ਚਾਰੇ ਕੂਟਾਂ ਵੰਗਾਰਾਂ ਨਾਲ ਭਰੀਆਂ ਪਈਆਂ ਸਨ। ਪਰ ਸਿਹਤ ਅਤੇ ਸਾਧਨਾਂ ਦੀਆਂ ਅਥਾਹ ਦੁਸ਼ਵਾਰੀਆਂ ਦੇ ਬਾਵਜੂਦ ਉਨ੍ਹਾਂ ਨੇ ਪਿਛਾਂਹ ਮੁੜ ਕੇ ਨਾ ਵੇਖਿਆ! ਉਨ੍ਹਾਂ ਨੇ ਕਦੇ ਵੀ ਨਾ ਸੋਚਿਆ ਕਿ 'ਬਹੁਤ ਕਠਿਨ ਹੈ ਡਗਰ ਪਨਘਟ ਕੀ ' ... ਕਿਉਂਕਿ ਅੱਗੇ ਤੋਂ ਅੱਗੇ ਚਲਦੇ ਜਾਣਾ ਉਨ੍ਹਾਂ ਦਾ ਸੁਭਾਅ ਸੀ। ਅੱਗੇ ਵਧਣ ਨੂੰ ਉਨ੍ਹਾਂ ਨੇ ਆਪਣਾ ਆਸ਼ਾ ਬਣਾ ਲਿਆ। ਇਸ ਆਸ਼ੇ ਦੀ ਪੂਰਤੀ ਕਰਦੇ ਕਰਦੇ ਆਪ ਉਹ ਜ਼ਿੰਦਗੀ ਦੀ ਲੜਾਈ ਹਾਰ ਗਏ...*

*ਉਨ੍ਹਾਂ ਦੇ ਲਾਏ ਇਸ ਬੂਟੇ ਨੂੰ ਹਰਾ ਭਰਾ ਰੱਖਣਾ ਹੁਣ ਸਾਡਾ ਆਸ਼ਾ ਹੈ, ਮਿਸ਼ਨ ਹੈ। ਇਸ ਸਫਰ ਵਿਚ ਸਾਡੇ ਨਾਲ ਨਾਲ ਸਾਡੇ ਸਲਾਹਕਾਰ ਬੋਰਡ ਦਾ ਅਜਿਹਾ ਅਸ਼ੀਰਵਾਦ ਵੀ ਹੈ, ਜੋ ਸਾਨੂੰ ਥਿੜਕਣ ਨਹੀਂ ਦਿੰਦਾ, ਰੁਕਣ ਨਹੀਂ ਦਿੰਦਾ, ਪਿੱਛੇ ਮੁੜਨ ਨਹੀਂ ਦਿੰਦਾ। ਸਤਾਰਾਂ ਮਈ ਦਿਨ ਸਨਿਚਰਵਾਰ ਦੀ ਸ਼ਾਮ 'ਪੰਜਾਬ ਟਾਈਮਜ਼' ਦੀ 26ਵੀਂ ਨਾਈਟ ਉਹ ਮੁਕਾਮ ਹੈ, ਜਦੋਂ ਸਰਦਾਰ ਅਮੋਲਕ ਸਿੰਘ ਜੰਮੂ ਦੇ ਆਸ਼ੇ ਦਾ ਅਹਿਦ ਇੱਕ ਵਾਰ ਫੇਰ ਦੁਹਰਾਇਆ ਜਾਏਗਾ। ਇਹ ਜਾਣਦਿਆਂ ਹੋਇਆਂ ਵੀ ਕਿ:-*

*ਯੇ ਇਸ਼ਕ ਨਹੀਂ ਆਸਾਂ*
*ਇਤਨਾ ਤੋ ਸਮਝ ਲੀਜੀਏ*
*ਏਕ ਆਗ ਕਾ ਦਰੀਯਾ ਹੈ*
*ਔਰ ਡੂਬ ਕੇ ਜਾਨਾ ਹੈ*

*ਅੱਗ ਦੀਆਂ ਲਾਟਾਂ ਨਾਲ ਭਰੇ ਹੋਏ ਇਸ ਰਸਤੇ ਉੱਤੇ ਚਲਦਿਆਂ ਤੁਹਾਡਾ ਸਾਥ ਇਸੇ ਤਰ੍ਹਾਂ ਬਣਿਆ ਰਹੇਗਾ ਤਾਂ ਇਹ ਰਸਤਾ ਹੀ ਸਾਡੀ ਮੰਜ਼ਿਲ ਹੋ ਜਾਏਗੀ। ਵਰਤਮਾਨ ਵਿਚ ਚਮਕਦਾ ਸਾਰਥਿਕ ਪੱਤਰਕਾਰੀ ਦਾ ਇਹ ਸਤੰਭ ਭਵਿੱਖ ਨੂੰ ਵੀ ਰੌਸ਼ਨ ਕਰਦਾ ਰਹੇ! ਇਹੀ ਸਾਡਾ ਆਸ਼ਾ ਹੈ, ਇਹੀ ਸਾਡਾ ਅਹਿਦ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਧੰਨਵਾਦ ਟਰੰਪ ਜੀ!

*ਫਾਇਦੇ ਮੰਦ ਨਹੀਂ ਸਗੋਂ ਨੁਕਸਾਨ ਹੁੰਦਾ, ਜੰਗ 'ਜਿੱਤਣੇ' ਵਾ.ਲੇ ਤੇ 'ਹਾਰਿਆਂ' ਦਾ।*
*ਵੱਡੇ ਮੁਲਕਾਂ ਦਾ ਹੋਈ ਵਿਉਪਾਰ ਜਾਂਦਾ, ਜਮ੍ਹਾਂ ਕੀਤੇ ਹਥਿਆਰ 'ਭੰਡਾਰਿਆਂ' ਦਾ।*
*ਜਿਸ ਪ੍ਰਵਾਰ 'ਚੋਂ ਕੋਈ 'ਸ਼ਹੀਦ' ਹੋ ਜਏ, ਪੁੱਛੀਏ ਹਾਲ ਕੀ ਗਮਾਂ ਦੇ ਮਾਰਿਆਂ ਦਾ।*
*ਜੀਣਾ ਦੁੱਭਰ ਹੋ ਜਾਂਦਾ ਏ ਉਮਰ ਸਾਰੀ, ਬਾਕੀ ਟੱਬਰ ਦੇ ਜੀਆਂ ਵਿਚਾਰਿਆਂ ਦਾ।*
*ਸੇਕ ਝੱਲਣਾ ਪੈਂਦਾ ਫਿਰ 'ਪੀੜ੍ਹੀਆਂ' ਨੂੰ, ਸਾੜੇ ਨਫਰਤ ਦੇ ਬੀਅ ਖਿਲਾਰਿਆਂ ਦਾ।*
*ਲੱਖ ਸ਼ੁਕਰ ਕਿ ਪੈ ਗਿਆ 'ਭੋਗ' ਜਲਦੀ, ਮਚੇ ਹਫਤਾ ਕੁ ਭਰ ਤੋਂ 'ਹੜਕੰਪ' ਦਾ ਜੀ।*
*ਠੰਢੇ ਕਰ'ਤਾ ਜਿਨ ਦੋਹਾਂ ਹੀ 'ਤੱਤਿਆਂ' ਨੂੰ, ਲੱਖ ਧੰਨਵਾਦ ਅਮਰੀਕਨ ਟਰੰਪ ਦਾ ਜੀ।*

# ਜੰਗ ਬਨਾਮ ਟਰੰਪ ਕਾਰਡ



ਗੁਰਮੀਤ ਸਿੰਘ ਪਲਾਹੀ
ਫੋਨ: 98158-02070



ਦੁਨੀਆ ਭਰ ਵਿਚ ਇਸ ਤੋਂ ਪਹਿਲਾਂ ਲਗਾਤਾਰ ਇੰਨੇ ਸਾਰੇ ਹਥਿਆਰਬੰਦ ਸੰਘਰਸ਼ ਨਹੀਂ ਹੋਏ, ਜਿੰਨੇ ਇਸ ਵੇਲੇ ਹੋ ਰਹੇ ਹਨ। ਗਲੋਬਲ ਪੀਸ ਇੰਡੈਕਸ 2024 ਦੇ ਅਨੁਸਾਰ ਸੰਘਰਸ਼ ਕਰਨ ਵਾਲੇ ਦੇਸ਼ਾਂ ਦੀ ਸੰਖਿਆ, ਦੂਜੇ ਵਿਸ਼ਵ ਯੁੱਧ ਦੇ ਬਾਅਦ ਇਸ ਸਮੇਂ ਸਭ ਤੋਂ ਵੱਧ ਹੈ। ਸਾਲ 2020 'ਚ ਹਥਿਆਰਬੰਦ ਸੰਘਰਸ਼ਾਂ ਦੀ ਗਿਣਤੀ 56 ਅਤੇ 2024 'ਚ 59 ਹੋ ਗਈ। ਸਾਲ 2023 'ਚ ਇਜ਼ਰਾਇਲ-ਹਮਾਸ ਅਤੇ ਯੂਕਰੇਨ-ਰੂਸ, ਮਿਆਮੀ ਗ੍ਰਹਿ ਯੁੱਧ, ਸੂਡਾਨ ਗ੍ਰਹਿ ਯੁੱਧ ਲੜੇ ਗਏ। ਜਿਨ੍ਹਾਂ 'ਚ 10 ਹਜ਼ਾਰ ਤੋਂ ਵੱਧ ਗਿਣਤੀ 'ਚ ਲੋਕ ਮਰੇ।

ਮਾਹਰਾਂ ਦੀ ਅਸ਼ੰਕਾ ਹੈ ਕਿ 2025 ਵਿਚ ਇਜ਼ਰਾਇਲ, ਗਾਜ਼ਾ, ਲੈਬਨਾਨ, ਇਰਾਨ, ਇਰਾਕ, ਸੀਰੀਆ, ਯਮਨ, ਪਾਕਿਸਤਾਨ, ਯੁਗਾਂਡਾ ਆਦਿ ਵਿਚ ਹਾਲਾਤ ਖਰਾਬ ਹੋ ਜਾਣਗੇ। ਅਮਰੀਕਾ ਨੇ ਇਨ੍ਹਾਂ ਵਿਚੋਂ ਕਈ ਦੇਸ਼ਾਂ ਨੂੰ ਪਹਿਲਾਂ ਹੀ ਉਕਸਾਇਆ ਹੈ।

2022 ਵਿਚ ਅਮਰੀਕਾ ਨੇ ਇਕੱਲੇ ਯੂਕਰੇਨ ਨੂੰ 18.1 ਅਰਬ ਡਾਲਰ ਦੇ ਹਥਿਆਰ ਦਿੱਤੇ। 2023 ਵਿਚ ਇਹ ਵੱਧ ਕੇ 80.9 ਅਰਬ ਡਾਲਰ ਹੋ ਗਏ। ਦੁਨੀਆ ਭਰ ਵਿਚ ਹਥਿਆਰਾਂ ਦੀ ਵਿਕਰੀ 238 ਅਰਬ ਡਾਲਰ ਦੀ ਸੀ, ਜਿਸ ਵਿਚ 81 ਅਰਬ ਡਾਲਰ ਦੀ ਸਿੱਧੀ ਵਿਕਰੀ ਸਿਰਫ਼ ਅਮਰੀਕਾ ਸਰਕਾਰ ਨੇ ਕੀਤੀ, ਜੋ 2022 ਨਾਲੋਂ 56 ਫੀਸਦੀ ਵੱਧ ਹੈ। 2023 ਵਿਚ ਅਮਰੀਕਾ ਨੇ ਇਜ਼ਰਾਇਲ ਨੂੰ 21.2 ਅਰਬ ਡਾਲਰ ਦਿੱਤੇ 2024 ਵਿਚ ਇਹ ਵਧ ਕੇ 42.76 ਅਰਬ ਡਾਲਰ ਹੋ ਗਏ।

ਲਗਭਗ ਸਾਰੇ ਮਹਾਦੀਪ ਸੰਘਰਸ਼ ਅਤੇ ਯੁੱਧ ਦੇ ਦੌਰ ਵਿਚ ਹਨ ਅਤੇ ਹਥਿਆਰਾਂ ਦੀ ਦੌੜ ਵਿਚ ਸ਼ਾਮਲ ਹਨ। ਹੋਰ ਸਭ ਅਮੀਰ ਮੁਲਕਾਂ ਨਾਲੋਂ ਅਮਰੀਕਾ ਸਭ ਤੋਂ ਅੱਗੇ ਹੈ। ਉਹ ਆਪਣੇ ਹਥਿਆਰਾਂ ਦੇ ਵਪਾਰ ਅਤੇ ਵਪਾਰਕ ਹਿੱਤਾਂ ਲਈ ਹਰ ਹਰਬਾ ਵਰਤ ਰਿਹਾ ਹੈ। ਅਮਰੀਕਾ ਦੀ ਟਰੰਪ ਸਰਕਾਰ ਨੇ ਦੁਨੀਆ ਦੇ ਸਾਰੇ ਦੇਸ਼ਾਂ ਨਾਲ ਵਪਾਰਕ ਜੰਗ ਛੇੜੀ ਹੋਈ ਹੈ। ਗਾਜ਼ਾ ਅਤੇ ਯੂਕਰੇਨ 'ਚ ਅਮਰੀਕਾ ਦੀ ਸਿੱਧੇ ਅਸਿੱਧੇ ਦਖਲ ਨਾਲ ਗਹਿਰੀ ਸ਼ਮੂਲੀਅਤ ਹੈ।

2025 'ਚ ਅੱਤ ਘਿਨਾਉਣੀ 'ਪਹਿਲਗਾਮ' ਘਟਨਾ 'ਤੋਂ ਬਾਅਦ ਪਾਕਿ-ਭਾਰਤ ਯੁੱਧ ਨੇ ਦੱਖਣੀ ਏਸ਼ੀਆ ਖਿੱਤੇ 'ਚ ਅਸਥਿਰਤਾ ਪੈਦਾ ਕਰ ਦਿੱਤੀ। ਅਚਾਨਕ ਜੰਗਬੰਦੀ ਦਾ ਐਲਾਨ ਹੋ ਗਿਆ। ਦੋਹਾਂ ਪਾਸਿਆਂ ਦੀ ਜਨਤਾ ਦੇ ਮਨਾਂ 'ਚ ਖ਼ੁਸ਼ੀ ਹੈ, ਕਿਉਂਕਿ ਉਹ ਤਾਂ ਜੰਗ ਚਾਹੁੰਦੀ ਹੀ ਨਹੀਂ ਸੀ, ਸਗੋਂ ਇਹ ਜੰਗ ਤਾਂ ਉਨ੍ਹਾਂ ਉੱਤੇ ਥੋਪੀ ਜਾ ਰਹੀ ਸੀ। ਲੋਕਾਂ 'ਚ ਪਰੇਸ਼ਾਨੀ ਸੀ। ਕਈ ਰਾਤਾਂ ਤੋਂ ਉਨ੍ਹਾਂ ਸੌਂ ਕੇ ਨਹੀਂ ਵੇਖਿਆ। ਆਖਰ ਇਹ ਮਾਜਰਾ ਹੈ ਕੀ ਸੀ? ਇਹ ਗੱਲ ਨਿੱਬੜ ਕਿਵੇਂ ਗਈ? ਆਖਰ ਦੋਹਾਂ ਦੇਸ਼ਾਂ ਦੇ 'ਸੇਵਕ' ਚੁੱਪ-ਚੁਪੀਤੇ 'ਥਾਣੇਦਾਰ ਟਰੰਪ' ਦੀ ਗੱਲ ਕਿਵੇਂ ਮੰਨ ਗਏ? ਆਖਰ ਇਨ੍ਹਾਂ ਮੁਲਕਾਂ ਦੇ ਇਨ੍ਹਾਂ 'ਰਾਖਿਆਂ' ਨੂੰ ਲੋਕਾਂ ਨੂੰ ਜੰਗ 'ਚ ਝੋਕਣ ਦਾ ਫ਼ਾਇਦਾ ਕੀ ਮਿਲਿਆ?

ਪਾਕਿਸਤਾਨ ਇਸ ਜੰਗ ਦੀ ਆੜ ਵਿਚ 2.3 ਅਰਬ ਡਾਲਰ ਦਾ ਆਈ.ਐੱਮ.ਐੱਫ. ਅੰਤਰਰਾਸ਼ਟਰੀ ਕਰਜ਼ਾ ਪ੍ਰਾਪਤ ਕਰ ਗਿਆ ਅਤੇ ਸਾਡੇ ਹਾਕਮ ਨੇ 'ਬਿਹਾਰ' ਦੀ ਚੋਣ ਜਿੱਤਣ ਦਾ ਮਾਹੌਲ ਸਿਰਜਣ ਲਈ ਜੋ ਬਿਸਾਤ ਵਿਛਾਈ ਸੀ, ਉਸ ਨੂੰ ਸਫ਼ਲਤਾ ਨਾਲ ਨੇਪਰੇ ਚਾੜ੍ਹਨ 'ਚ ਕਾਮਯਾਬ ਹੋ ਗਿਆ। ਪਰ ਇੱਕ ਗੱਲ ਜਿਹੜੀ ਉਹ ਨਹੀਂ ਕਰ ਸਕਿਆ, ਉਹ ਹਿੰਦੂ-ਮੁਸਲਮਾਨਾਂ ਦਾ ਫਸਾਦ ਨਾ ਕਰਵਾ ਸਕਿਆ ਜਾਂ ਕਹਿ ਲਈਏ ਆਪਣੇ ਉਸ ਮਨਸੂਬੇ 'ਚ ਸਫ਼ਲ ਨਹੀਂ ਹੋ ਸਕਿਆ, ਜਿਸ ਨੂੰ ਬਣਾਉਣਾ ਉਸਨੇ ਚਿਤਵਿਆ ਸੀ। ਕੀ ਸੱਚ-ਮੁੱਚ ਸਾਡੇ 'ਹਾਕਮ' ਦੇ ਮਨ ਵਿਚ 'ਅਤਿਵਾਦੀਆਂ' ਨੂੰ ਸਬਕ ਸਿਖਾਉਣ ਤੇ ਉਨ੍ਹਾਂ ਦੇ ਪਾਲਣਹਾਰੇ ਪਾਕਿਸਤਾਨੀ ਹੁਕਮਰਾਨਾਂ ਨੂੰ ਸਬਕ ਸਿਖਾਉਣ ਦੀ ਮਨਸ਼ਾ ਸੀ ਜਾਂ ਮਨਸੂਬਾ ਸਿਰਫ਼ ਆਪਣੀ ਗੱਦੀ ਨੂੰ ਪੱਕਿਆਂ ਕਰਨਾ ਸੀ? ਕਹਿੰਦੇ ਹਨ ਸਰਵਿਆਂ ਅਨੁਸਾਰ ਬਿਹਾਰ 'ਚ ਚੋਣ 'ਸੱਤਾਧਾਰੀ' ਹਾਰ ਰਹੇ ਸਨ, ਜਿਸ ਦਾ ਅਸਰ ਸਿਰਫ਼ ਬਿਹਾਰ ਚੋਣਾਂ 'ਚ ਹੀ ਨਹੀਂ ਸੀ ਪੈਣਾ ਸਗੋਂ ਕੇਂਦਰ ਸਰਕਾਰ ਵੀ 'ਤੜੱਕ ਕਰਕੇ' ਨਿਤੀਸ਼ ਕੁਮਾਰ ਕਾਰਨ ਡਿੱਗ ਪੈਣੀ ਸੀ।

ਰਹੀ ਗੱਲ ਟਰੰਪ ਦੀ ਉਸਨੂੰ ਤਾਂ ਆਪਣੇ ਹਿੱਤ ਪਿਆਰੇ ਹਨ। ਉਸਨੇ ਤਾਂ ਆਪਣਾ ਫ਼ੌਜੀ ਸਮਾਨ ਵੇਚਣਾ ਹੈ। ਦੁਨੀਆ ਦਾ ਸਭ ਤੋਂ ਵੱਡਾ ਸੌਦਾਗਰ ਇਸ ਗੱਲ ਲਈ ਮਸ਼ਹੂਰ ਹੈ ਕਿ ਉਹ ਦੇਸ਼ਾਂ ਨੂੰ ਆਪਸ ਵਿਚ ਲੜਾਉਂਦਾ ਹੈ ਅਤੇ ਆਪਣੇ ਹਥਿਆਰ ਵੇਚਦਾ ਹੈ, ਚੋਖਾ ਮੁਨਾਫ਼ਾ ਕਮਾਉਂਦਾ ਹੈ। ਟਰੰਪ ਪ੍ਰਸ਼ਾਸਨ ਤਾਂ ਇਸ ਵੇਲੇ ਦੁਨੀਆ ਭਰ ਵਿਚ ਧੌਂਸ-ਧੱਕੇ ਲਈ ਮਸ਼ਹੂਰ ਹੈ। ਜਿਸ ਵੱਲੋਂ ਦੁਨੀਆਂ ਦੇ ਹਿੱਤ ਲਾਂਭੇ ਰੱਖ ਕੇ, ਅਮਰੀਕੀ ਰਾਸ਼ਟਰਵਾਦ ਨੂੰ ਉਤਸ਼ਾਹਿਤ ਕਰਨ ਲਈ ਸਿਰਫ਼ ਗੱਲਾਂ ਹੀ ਨਹੀਂ ਕੀਤੀਆਂ ਜਾ ਰਹੀਆਂ, ਸਗੋਂ ਅਮਲੀ ਕਦਮ ਵੀ ਪੁੱਟੇ ਜਾ ਰਹੇ ਹਨ। ਅਸਲ ਅਰਥਾਂ ਵਿਚ ਟਰੰਪ ਜੰਗ ਲਗਵਾਉਂਦਾ ਵੀ ਹੈ ਅਤੇ ਆਪਣੇ ਹਿੱਤਾਂ ਦੀ ਪੂਰਤੀ ਲਈ ਅਤੇ ਭਲ ਖੱਟਣ ਲਈ ਜੰਗ ਰੁਕਵਾਉਂਦਾ ਵੀ ਹੈ। ਹਿੰਦੁਸਤਾਨ-ਪਾਕਿਸਤਾਨ ਦੀ ਜੰਗ 'ਚ ਇੱਕ ਵਿਚੋਲੇ ਦਾ ਰੋਲ ਅਦਾ ਕਰਕੇ, ਉਹ ਅਮਨ ਦਾ ਮਸੀਹਾ ਬਣਨ ਦੇ ਯਤਨ 'ਚ ਹੈ। ਪਰ ਕੀ ਇਹ ਸੱਚ-ਮੁੱਚ ਇਵੇਂ ਹੀ ਹੈ? ਜੇ ਹੈ ਤਾਂ ਰੂਸ- ਯੂਕਰੇਨ ਜੰਗ 'ਚ ਉਸਦੀ ਭੂਮਿਕਾ ਇੱਕ ਪੱਖੀ ਕਿਉਂ ਹੈ? ਜੇ ਹੈ ਤਾਂ ਇਜ਼ਰਾਇਲ-ਹਮਾਸ 'ਚ ਉਸ ਦਾ ਰੋਲ ਇੱਕ ਪਾਸੜ ਕਿਉਂ ਹੈ?

ਇਸ ਸਮੇਂ ਭਾਰਤ-ਪਾਕਿ ਜੰਗ ਅਤੇ ਜੰਗਬੰਦੀ 'ਚ ਟਰੰਪ ਦੀ ਭੂਮਿਕਾ ਦੀ ਵੱਡੀ ਚਰਚਾ ਹੈ। ਉਸਦਾ ਮਕਸਦ ਆਪਣਾ ਵਪਾਰ ਵਧਾਉਣਾ ਹੈ ਅਤੇ ਟਰੰਪ ਦੇ ਸ਼ਬਦਾਂ 'ਚ, 'ਦੋਹੇ ਧਿਰਾਂ ਉਸਦੀਆਂ 'ਪਿਆਰੀਆਂ' ਹਨ।' ਉਸ ਨੇ ਦੋਹਾਂ ਪਹਿਲਵਾਨਾਂ ਨੂੰ ਉਦੋਂ ਤੱਕ ਲੜਨ ਦਿੱਤਾ, ਜਦੋਂ ਤੱਕ ਉਸ ਨੇ ਚਾਹਿਆ ਜਾਂ ਜਿੱਥੋਂ ਤੱਕ ਉਸਦਾ ਹਿੱਤ ਸਾਧਿਆ ਮੰਨਿਆ ਗਿਆ। ਉਂਝ ਪਾਕਿਸਤਾਨ ਧਿਰ, ਉੱਥੋਂ ਦੇ ਹਾਕਮ ਪਰੇਸ਼ਾਨ ਹਨ, ਉਥੋਂ ਦੀ ਫ਼ੌਜ ਅਤੇ ਉਥੋਂ ਦੇ ਅਤਿਵਾਦੀ ਸੰਗਠਨਾਂ ਤੋਂ, ਜਿਹੜੇ ਚੈਨ ਨਾ.ਲ ਉਨ੍ਹਾਂ ਨੂੰ ਰਾਜ ਨਹੀਂ ਕਰਨ ਦਿੰਦੇ। ਇਹੋ ਵਜ੍ਹਾ ਹੈ ਕਿ ਉਸ ਦੀ 'ਸੈਨਾ' ਅਤੇ 'ਅਤਿਵਾਦੀਆਂ' ਨੂੰ ਭਾਰਤ ਦੇ ਗਲ ਪਾਈ ਰੱਖਦੇ ਹਨ। ਪਰ ਇਸ ਸਭ ਕੁਝ ਦਾ, ਸਭ ਤੋਂ ਭੈੜਾ ਅਸਰ ਪੰਜਾਬ 'ਤੇ ਪੈਂਦਾ ਹੈ। ਹੁਣ ਜਦੋਂ ਦੋਵੇਂ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਲੋਕ ਨੇੜੇ ਆ ਰਹੇ ਸਨ ਅਤੇ ਹੁਣ ਵੀ ਨੇੜੇ ਹਨ, ਦੂਰ ਨਹੀਂ, ਸਰਹੱਦ ਪਾਰ ਆਪਸੀ ਵਪਾਰ ਦੀਆਂ ਗੱਲਾਂ ਕਰਨ ਲੱਗ ਪਏ ਸਨ। ਇਹ ਗੱਲਾਂ ਹਾਕਮ ਨੂੰ ਸਖਾਂਦੀਆਂ ਨਹੀਂ। ਇਹੋ ਜਿਹਾ 'ਸੀਨ' ਕੁਝ ਦਿਨਾਂ ਵਿਚ ਸਿਰਜ ਦਿੱਤਾ, ਦੋਹਾਂ ਧਿਰਾਂ ਦੀਆਂ ਸਵਾਰਥੀ ਹਾਕਮ ਧਿਰਾਂ ਨੇ ਕਿ ਜੰਗ ਭਖ਼ ਪਈ। ਠਾਹ-ਠੂਹ ਹੋਣ ਲੱਗ ਪਈ। ਲੋਕਾਂ ਦਾ ਚੈਨ ਵਿਗੜ ਗਿਆ ਅਤੇ ਵੱਡੇ ਨੁਕਸਾਨ ਦਾ ਖਦਸ਼ਾ ਅਤੇ ਮੌਤ ਦਾ ਡਰ ਮੰਡਰਾਉਣ ਲੱਗ ਪਿਆ।

ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਕਿ ਇਸ ਜੰਗ ਨਾਲ ਲੋਕਾਂ ਦਾ ਕਿੰਨਾ ਨੁਕਸਾਨ ਹੋਇਆ, ਕਿੰਨੇ ਵਿਸ਼ਵਾਸ ਤਿੜਕੇ, ਕਿੰਨੇ ਰਿਸ਼ਤੇ ਟੁੱਟੇ, ਕਿੰਨੇ ਹਿੰਦੁਸਤਾਨੀ-ਪਾਕਿਸਤਾਨੀ ਪਰੇਸ਼ਾਨ ਹੋਏ। ਉਨ੍ਹਾਂ ਕਿੰਨਾ ਮਾਨਸਿਕ ਸੰਤਾਪ ਹੰਢਾਇਆ, ਜਿਹੜੇ ਇਧਰ-ਉਧਰ ਵਿਆਹ-ਬੰਧਨ ਵਿਚ ਬੱਧੇ ਹੋਏ ਹਨ।

ਆਖਰ ਇਹ ਸਿਆਸਤ, ਹਾਕਮਾਂ ਦਾ ਇਹ ਚਿਹਰਾ, ਜਿਹੜਾ ਅਮਰੀਕੀ ਟਰੰਪ, ਰੂਸੀ ਪੁਤਿਨ ਤੋਂ ਸ਼ੁਰੂ ਹੁੰਦਾ ਹੈ ਅਤੇ ਸਾਡੇ ਹਾਕਮ ਤੱਕ ਪੁੱਜਦਾ ਹੈ, ਜਦੋਂ ਬੇਨਕਾਬ ਹੁੰਦਾ ਹੈ ਤਾਂ ਲੋਕਾਂ ਦੇ ਮਨਾਂ 'ਚ 'ਲੋਕਤੰਤਰ', 'ਅਮਨ ਦੀ ਬਾਤ', 'ਲੋਕ ਹਿਤੈਸ਼ੀ' ਯੋਜਨਾਵਾਂ ਅਤੇ ਪਖੰਡ ਦਾ ਪਰਦਾਫਾਸ਼ ਹੁੰਦਾ ਹੈ।

ਸੱਚ-ਮੁੱਚ ਜੇਕਰ ਭਾਰਤ-ਪਾਕਿ ਦੇ ਹਾਕਮ ਆਪ ਹੀ ਵਿਚਾਰ ਲੈਂਦੇ ਕਿ ਜੋ ਘਟਨਾ 'ਪਹਿਲਗਾਮ' ਚ ਵਾਪਰੀ, ਉਸ ਦਾ ਨਿਰਣਾ ਕਰਕੇ, ਦੋਸ਼ੀਆਂ ਨੂੰ ਸਜ਼ਾ ਮਿਲਦੀ ਅਤੇ ਉਹ ਵੀ ਆਪਸੀ ਗੱਲਬਾਤ ਅਤੇ ਆਪਸੀ ਭਰੋਸੇ ਨਾਲ ਤਾਂ ਦੋਹਾਂ ਦੇਸ਼ਾਂ 'ਚ ਜਿਹੜੀ ਫ਼ਿਕ ਸਿੰਧੂ ਨਦੀ ਦਾ ਪਾਣੀ ਰੋਕ ਕੇ, ਇੱਕ-ਦੂਜੇ ਦੇਸ਼ ਦੇ ਡਿਪਲੋਮੈਟ ਆਪੋ-ਆਪਣੇ ਦੇਸ਼ਾਂ ਤੋਂ ਭਜਾ ਕੇ ਅਤੇ ਆਪਸੀ ਕੁੜੱਤਣ ਭਰ ਕੇ ਪਾਈ ਗਈ ਹੈ, ਉਹ ਇੰਵ ਨਾ ਹੁੰਦੀ ਤੇ ਦੁਨੀਆ ਦੇ ਵੱਡੇ ਵਪਾਰੀ ਨੂੰ ਦੋ ਮੁਲਕਾਂ ਦੀ 'ਪ੍ਰਭੂਸੱਤਾ' ਨੂੰ ਆਪਣੇ ਪੈਰਾਂ ਹੇਠ ਮਿੱਧਣ ਦਾ ਮੌਕਾ ਹੀ ਨਾ ਮਿ.ਲਦਾ।

ਕੀ ਭਾਰਤ ਵੱਲੋਂ ਰੱਦ ਕੀਤਾ ਸਿੰਧੂ ਨਦੀ ਸਮਝੌਤਾ ਅਤੇ ਪਾਕਿਸਤਾਨ ਵੱਲੋਂ ਰੱਦ ਕੀਤਾ ਸ਼ਿਮਲਾ ਸਮਝੌਤਾ ਅਤੇ ਕਸ਼ਮੀਰ ਦਾ ਮਸਲਾ ਹੁਣ ਅਮਰੀਕਾ ਦੀ ਵਿਚੋਲਗੀ ਨਾਲ ਹੀ ਹੱਲ ਹੋਏਗਾ, ਜਿਸ ਸੰਬੰਧੀ ਭਾਰਤ ਦੋਹਾਂ ਦੇਸ਼ਾਂ 'ਚ ਕਿਸੇ ਦੇਸ਼ ਦੀ ਵਿਚੋਲਗੀ ਪਿਛਲੇ ਸਮੇਂ 'ਚ ਪ੍ਰਵਾਨ ਨਹੀਂ ਕਰਦਾ ਰਿਹਾ!

ਬਿਨਾ ਸ਼ੱਕ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਸਵਾਗਤਯੋਗ ਸਾਕਰਾਤਮਕ ਅਤੇ ਜ਼ਰੂਰੀ ਕਦਮ ਹੈ। ਪਰ ਜੰਗਬੰਦੀ ਨੂੰ ਸੁਲਝਾਉਣ ਲਈ ਅਮਰੀਕਾ ਦੀ ਕਥਿਤ ਸ਼ਮੂਲੀਅਤ ਚਿੰਤਾਜਨਕ ਹੈ। ਕੀ ਇਸ ਨਾਲ ਦੱਖਣੀ ਏਸ਼ੀਆ ਵਿਚ ਉਸਦੀ ਆਮ ਸਰਦਾਰੀ ਅਤੇ ਅਸਥਿਰਤਾ ਦੀ ਭੂਮਿਕਾ ਨਿਭਾਉਣ ਦਾ ਰਾਹ ਨਹੀਂ ਖੁਲ੍ਹਦਾ? ਚਾਹੀਦਾ ਤਾਂ ਇਹ ਸੀ ਕਿ ਦੋਵੇਂ ਦੇਸ਼ਾਂ ਦੇ ਨੇਤਾ ਸਮਰਾਜਵਾਦੀ ਦਖ਼ਲਅੰਦਾਜ਼ੀ ਨੂੰ ਰੱਦ ਕਰਕੇ ਆਪਸੀ ਵਿਸ਼ਵਾਸ, ਸਤਿਕਾਰ ਅਤੇ ਲੋਕਾਂ ਦੀ ਇਛਾਵਾਂ 'ਤੇ ਅਧਾਰਤ ਕੰਮ ਕਰਦੇ, ਕਿਉਂਕਿ ਦੋਹਾਂ ਦੇਸ਼ਾਂ ਦੇ ਲੋਕ ਜੰਗ ਨਹੀਂ ਅਮਨ ਚਾਹੁੰਦੇ ਹਨ। ਵੇਖਣਾ ਇਹ ਵੀ ਹੋਵੇਗਾ ਕਿ ਅਮਰੀਕਾ ਦੁਆਰਾ ਕੀਤੀ ਵਿਚੋਲਗੀ ਕੀ ਆਖ਼ਿਰ ਹੈ ਕੀ ਸੀ?

ਇਸ ਸੰਬੰਧੀ ਟਰੰਪ ਦਾ ਬਿਆਨ ਪੜ੍ਹਨ ਵਾਲਾ ਹੈ, ਜੋ ਉਸਦੀ ਸ਼ਾਹੂਕਾਰੀ, ਵਪਾਰਕ ਸੋਚ ਦੀ ਤਰਜ਼ਮਾਨੀ ਕਰਨ ਵਾਲਾ ਅਤੇ ਅਮਰੀਕੀ ਹਿੱਤ ਸਾਧਨ ਵਾਲਾ ਹੈ।

ਟਰੰਪ ਦੇ ਬਿਆਨ ਦੇ ਕੁਝ ਅੰਸ਼ ਪੜੋ 'ਮੈਨੂੰ ਮਾਣ ਹੈ ਕਿ ਅਮਰੀਕਾ ਇਸ ਇਤਿਹਾਸਕ ਅਤੇ ਦਲੇਰਾਨਾ ਫ਼ੈਸਲੇ 'ਤੇ ਪਹੁੰਚਣ ਵਿਚ ਤੁਹਾਡੀ ਮਦਦ ਕਰਨ ਦੇ ਯੋਗ ਸੀ। ਭਾਵੇਂ ਇਸ ਬਾਰੇ ਚਰਚਾ ਨਹੀਂ ਕੀਤੀ ਗਈ, ਮੈਂ ਇਨ੍ਹਾਂ ਦੋਹਾਂ ਮਹਾਨ ਦੇਸ਼ਾਂ ਨਾਲ ਵਪਾਰ ਨੂੰ ਕਾਫ਼ੀ ਹੱਦ ਤੱਕ ਵਧਾਉਣ ਜਾ ਰਿਹਾ ਹਾਂ'। ਵਪਾਰੀ, ਚੌਧਰ, ਸਿਹਰਾ ਤਿੰਨ ਸ਼ਬਦ ਹਨ, ਜੋ ਟਰੰਪ ਕਾਰਡ ਦੀ ਤਰਜਮਾਨੀ ਕਰਨ ਵਾਲੇ ਹਨ।

ਜੇਕਰ ਸੱਚਮੁੱਚ ਭਾਰਤ ਮਹਾਨ ਬਣ ਰਿਹਾ ਹੈ, ਜੇਕਰ ਸੱਚਮੁੱਚ ਭਾਰਤ ਵੱਡੀ ਆਰਥਿਕ ਸ਼ਕਤੀ ਬਣ ਰਿਹਾ ਹੈ ਤਾਂ ਉਹ 'ਚੀਨ' ਵਾਂਗਰ ਦੁਨੀਆਂ ਦੇ ਵੱਡੇ 'ਥਾਣੇਦਾਰ' ਵਿਰੁੱਧ ਹਿੱਕ ਡਾਹ ਕੇ ਕਿਉਂ ਨਹੀਂ ਖੜਦਾ? ਕਿਉਂ ਉਸ ਦੀਆਂ ਟੈਰਿਫ਼ ਸ਼ਰਤਾਂ ਅਤੇ ਹੋਰ ਹੁਕਮਾਂ ਨੂੰ ਅੱਖਾਂ ਮੀਟ ਕੇ ਮੰਨ ਕੇ ਉਸ ਦੀ 'ਜੀ- ਹਜ਼ੂਰੀ' ਕਰ ਰਿਹਾ ਹੈ?

ਅੱਜ ਟਰੰਪ ਨੇ ਦੋਹਾਂ ਦੇਸ਼ਾਂ ਨੂੰ ਆਪਣੀ ਮੁੱਠੀ 'ਚ ਕਰਕੇ ਇਹੋ-ਜਿਹਾ ਕਾਰਡ ਖੇਡਿਆ ਹੈ, ਜਿਸ ਨਾਲ ਦੇਸ਼ ਭਾਰਤ ਦਾ 'ਵੱਡੇ ਹੋਣ ਦਾ ਵੱਕਾਰ' ਦਾਅ 'ਤੇ ਲੱਗਾ ਹੈ।

# ਪੰਜਾਬ ਟਾਈਮਜ਼: ਬਿੱਖੜੇ ਰਾਹਾਂ ਦਾ ਸੁਨਹਿਰੀ ਸਫ਼ਰ

17 ਮਈ 2025 ਨੂੰ ਸ਼ਾਮ ਦੇ 6 ਵਜੇ ‘ਪੰਜਾਬ ਟਾਈਮਜ਼’ ਆਪਣੇ ਸ਼ਾਨਾਂਮੱਤੇ ਇਤਿਹਾਸ ਦਾ 26ਵਾਂ ਜਸ਼ਨ ਮਨਾ ਰਿਹਾ ਹੈ। ਇਹ ‘ਪੰਜਾਬ ਟਾਈਮਜ਼’ ਦੀ ਪ੍ਰਕਾਸ਼ਨਾ ਦੇ ਸਿਲਵਰ ਜੁਬਲੀ ਜਲੌਅ ਵਿਚੀਂ ਲੰਘ ਕੇ ਨਵੇਂ ਦਿਸਹਦਿਆਂ ਵੱਲ ਸੇਧਿਤ ਹੋਣ ਦਾ ਇੱਕ ਨਵਾਂ ਪੜਾਅ ਹੈ। ਪਿਛਲੇ ਮਹੀਨੇ 27 ਅਪ੍ਰੈਲ 2025 ਨੂੰ ਹੋਈ ‘ਪੰਜਾਬ ਟਾਈਮਜ਼’ ਦੇ ਐਡਵਾਈਜ਼ਰੀ ਬੋਰਡ ਦੀ ਮੀਟਿੰਗ ਵਿਚ ਇਸ ਦੇ ਸਲਾਹਕਾਰਾਂ ਵੱਲੋਂ ‘ਪੰਜਾਬ ਟਾਈਮਜ਼’ ਨਾਲ ਵਿਖਾਈ ਗਈ ਪ੍ਰਤੀਬੱਧਤਾ ਨੇ ਸਾਨੂੰ ਨਵੀਂ ਸ਼ਕਤੀ ਦਿੱਤੀ ਹੈ, ਨਵਾਂ ਜੋਸ਼ ਦਿੱਤਾ ਹੈ। ਇਸ ਮੀਟਿੰਗ ਵਿਚ ਪੂਰੇ ਉਮਾਹ ਨਾਲ ਸ਼ਾਮਿਲ ਹੋਏ ਸਾਡੇ ਸਲਾਹਕਾਰਾਂ ਦੇ ਚਿਹਰਿਆਂ ਦੇ ਹਾਵ-ਭਾਵ ਦੱਸਦੇ ਸਨ ਕਿ ਉਹ ‘ਪੰਜਾਬ ਟਾਈਮਜ਼’ ਦੀ ਸਲਾਮਤੀ ਅਤੇ ਪ੍ਰਗਤੀ ਲਈ ਪੂਰੀ ਤਰ੍ਹਾਂ ਵਚਨਬੱਧ ਹਨ ਅਤੇ ਇਸ ਪਵਿੱਤਰ ਕਾਰਜ ਲਈ ਹਰ ਮਦਦ ਦੇਣ ਲਈ ਤਿਆਰ ਹਨ। ‘ਪੰਜਾਬ ਟਾਈਮਜ਼ ਨਾਈਟ-2026’ ਇਸਦੇ ਬਾਨੀ ਸੰਪਾਦਕ ਸਰਦਾਰ ਅਮੋਲਕ ਸਿੰਘ ਜੰਮੂ ਅਤੇ ਉਨਾਂ ਦੇ ਸਹਿਯੋਗੀ ਸਾਥੀਆਂ-ਪ੍ਰੋਫ਼ੈਸਰ ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿੱਲੋਂ, ਗੁਰਿੰਦਰ ਸਿੰਘ ਗਿੱਲ, ਅਯੁਧਿਆ ਸਲਵਾਨ ਅਤੇ ਹਾਲ ਹੀ ਵਿਚ ਸਾਥੋਂ ਵਿਛੜ ਗਏ ਸ. ਰਜਿੰਦਰ ਸਿੰਘ ਬੈਂਸ ਨੂੰ ਸਮਰਪਿਤ ਕੀਤੀ ਗਈ ਹੈ। ਸਰਦਾਰ ਅਮੋਲਕ ਸਿੰਘ ਜੰਮੂ ਦੀ ਅਗਵਾਈ ਵਿਚ ਇਨ੍ਹਾਂ ਸਾਰੇ ਸਹਿਯੋਗੀਆਂ ਨੇ ਪੰਜਾਬੀ ਸੱਭਿਆਚਾਰ, ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਪ੍ਰਤੀ ਸਾਡੇ ਗੁਰੂ ਸਾਹਿਬਾਨ ਵਲੋਂ ਦਿੱਤੇ ਗਏ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨੂੰ ਅਮਰੀਕਾ ਦੀ ਧਰਤੀ ਤੋਂ ਉਜਾਗਰ ਕਰਕੇ ਵਿਸ਼ਵ ਭਰ ਵਿਚ ਫੈਲਾਉਣ ਦਾ ਇੱਕ ਸੁਪਨਾ ਲਿਆ ਸੀ, ਜੋ ਆਪਣੇ 26ਵੇਂ ਪੜਾਅ ਉਤੇ ਪਹੁੰਚ ਚੁੱਕਾ ਹੈ।

ਪਹਿਲੀ ਜਨਵਰੀ ਸੰਨ 2000 ਨੂੰ ਜਦੋਂ ਇਸ ਦਾ ਰਸਮੀ ਪ੍ਰਕਾਸ਼ਨ ਅਰੰਭ ਹੋਇਆ ਸੀ ਤਾਂ ਇਹ ਮੈਗਜ਼ੀਨ ਸਾਈਜ਼ ਦੇ ਸਿਰਫ਼ 24 ਸਫ਼ਿਆਂ ਦਾ ਪਰਚਾ ਸੀ। ਇਸ ਦੇ ਪਾਠਕਾਂ ਦਾ ਘੇਰਾ ਵੀ ਸ਼ੁਰੂ ਦੇ ਕੁਝ ਮਹੀਨੇ ਸ਼ਿਕਾਗੋ ਦੇ ਆਸ



ਪਾਸ ਹੀ ਸੀ। ਹੁਣ ਇਹ ਅਮਰੀਕਾ ਵਿਚ ਸਭ ਤੋਂ ਵੱਧ ਪਸੰਦ ਕੀਤਾ ਜਾਣ ਵਾਲਾ ਪਰਚਾ ਹੈ। ਦੁਨੀਆਂ ਭਰ ਵਿਚ ਵੈਬਸਾਈਟ ਰਾਹੀਂ ਇਸ ਨੂੰ ਪਾਠਕਾਂ ਦਾ ਭਰਵਾਂ ਹੁੰਗਾਰਾ ਮਿਲਿਆ ਹੈ। ਇਹ ਪਰਚਾ ਇਸ ਸਮੇਂ ਅਮਰੀਕਾ ਦੀਆਂ ਕੋਈ 45 ਸਟੇਟਾਂ ਵਿਚ ਪਹੁੰਚਦਾ ਹੈ। ਵੈਬਸਾਈਟ ਰਾਹੀਂ ਇਸ ਦੇ ਪਾਠਕਾਂ ਦੀ ਗਿਣਤੀ ਵਿਸ਼ਵ ਭਰ ਵਿਚ ਹੈ। ਛੱਬੀ ਸਾਲਾਂ ਦੇ ਇਸ ਅਰਸੇ ਦੌਰਾਨ ਮਾਲੀ ਮੁਸ਼ਕਲਾਂ ਵੀ ਆਈਆਂ ਅਤੇ ਵਿਰੋਧੀਆਂ ਅਤੇ ਆਪਣਿਆਂ ਵਲੋਂ ਚੁਣੌਤੀਆਂ ਵੀ ਪੇਸ਼ ਕੀਤੀਆਂ ਗਈਆਂ ਪਰ ‘ਪੰਜਾਬ ਟਾਈਮਜ਼’ ਬਿਨਾਂ ਡਗਮਗਾਏ ਆਪਣੇ ਰਾਹ ਉਤੇ ਚੱਲਦਾ ਰਿਹਾ। ਇਹ ਪਾਠਕਾਂ ਅਤੇ ਇਸ ਦੇ ਸਰਪ੍ਰਸਤਾਂ ਵਲੋਂ ਮਿਲੇ ਨਿਰੰਤਰ ਅਤੇ ਨਿੱਘੇ ਹੁੰਗਾਰੇ ਦਾ ਹੀ ਸਦਕਾ ਹੈ। ਅਸੀਂ ਮੁਢ ਤੋਂ ਹੀ ਬੇਲਾਗ, ਬੇਬਾਕ ਅਤੇ ਨਿਧੜਕ ਪੱਤਰਕਾਰੀ ਕਰਨ ਦਾ ਟੀਚਾ ਲੈ ਕੇ ਤੁਰੇ ਸਾਂ ਅਤੇ ਇਸ ਟੀਚੇ ਵੱਲ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਨਿਰੰਤਰ ਸਾਡਾ ਸਫ਼ਰ ਜਾਰੀ ਹੈ। ਅਸੀਂ ਇਹ ਦਾਅਵਾ ਨਹੀਂ ਕਰਦੇ ਕਿ ਇਸ ਟੀਚੇ ਉਤੇ ਅਸੀਂ ਸੌ ਫੀਸਦੀ ਪਹਿਰਾ ਦੇਣ ਵਿਚ ਕਾਮਯਾਬ ਹੁੰਦੇ ਹਾਂ ਜਾਂ ਰਹਿੰਦੇ ਹਾਂ ਪਰ ਦਿੱਤੇ ਹੋਏ ਹਾਲਾਤ ਵਿਚ ਦੂਜੇ ਪਰਚਿਆਂ ਦੇ ਮੁਕਾਬਲੇ ਇਸ ਦਿਸ਼ਾ ਵੱਲ ਸਾਡੇ ਕਦਮ ਵਧੇਰੇ ਨਿੱਗਰ ਹਨ। ਇਹ ਸਾਡਾ ਦਾਅਵਾ ਨਹੀਂ ਸਗੋਂ ਸਾਡੇ ਪਾਠਕਾਂ ਦੀ ਰਾਏ ਹੈ। ਜਦੋਂ ਨਿਧੜਕ ਹੋ ਕੇ ਕੋਈ ਖਬਰ ਛਾਪੀ ਜਾਂਦੀ ਹੈ ਤਾਂ ਨਿਸ਼ਚਿਤ ਤੌਰ ‘ਤੇ ਨਾਰਾਜ਼ਗੀਆਂ ਵੀ ਪੈਦਾ ਹੁੰਦੀਆਂ ਹਨ, ਵਿਰੋਧ ਵੀ ਹੁੰਦਾ ਹੈ, ਚੁਣੌਤੀਆਂ ਵੀ ਵਧਦੀਆਂ ਹਨ, ਖਾਸ ਕਰਕੇ ਪੰਜਾਬੀ ਪੱਤਰਕਾਰੀ ਦੀਆਂ ਪ੍ਰਸਥਿਤੀਆਂ ਨੂੰ ਮੁੱਖ ਰੱਖਦਿਆਂ ਮਾਲੀ ਨੁਕਸਾਨ ਵੀ ਹੁੰਦਾ ਹੈ। ਫਿਰ ਵੀ ਜੇ ‘ਪੰਜਾਬ ਟਾਈਮਜ਼’ ਇਸ ਗੱਲ ‘ਤੇ ਪਹਿਰਾ ਦੇ ਸਕਿਆ ਹੈ ਤਾਂ ਲਾਜ਼ਮੀ ਤੌਰ ‘ਤੇ ਆਪਣੇ ਪਾਠਕਾਂ, ਸਨੇਹੀਆਂ ਅਤੇ ਸਲਾਹਕਾਰਾਂ ਦੇ ਬਲਬੂਤੇ ‘ਤੇ ਹੀ। ਸਾਡੀ ਪ੍ਰਤੀਬੱਧਤਾ ਕਿਸੇ ਪਾਰਟੀ ਜਾਂ ਧੜੇ ਨਾਲ ਨਹੀਂ ਹੈ। ਸਾਡੀ ਪ੍ਰਤੀਬੱਧਤਾ ਪੰਜਾਬ ਨਾਲ ਹੈ, ਪੰਜਾਬੀਅਤ ਨਾਲ ਹੈ, ਗੁਰੂ ਸਾਹਿਬਾਨ ਦੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨਾਲ ਹੈ। ਕਿਸੇ ਨਾਅਰੇਬਾਜੀ ਜਾਂ ਉਲਾਰਪਣ ਤੋਂ ਅਸੀਂ ਹਮੇਸ਼ਾਂ ਪ੍ਰਹੇਜ਼ ਕੀਤਾ ਹੈ।

ਪਿਛਲੇ 26 ਸਾਲਾਂ ਵਿਚ ‘ਪੰਜਾਬ ਟਾਈਮਜ਼’ ਨੇ ਪਾਠਕਾਂ ਦਾ ਇਕ ਨਿੱਗਰ ਵਰਗ ਪੈਦਾ ਕੀਤਾ ਹੈ। ਇਹ ਵਰਗ ‘ਪੰਜਾਬ ਟਾਈਮਜ਼’ ਦੀ ਮਿਆਰੀ ਪੱਤਰਕਾਰੀ ਦਾ ਕਦਰਦਾਨ ਹੈ। ‘ਪੰਜਾਬ ਟਾਈਮਜ਼’ ਦੀ ਲੋਕਪ੍ਰਿਯਤਾ ਦਾ ਸਾਨੂੰ ਪਤਾ ਉਦੋਂ ਲਗਦਾ ਹੈ, ਜਦੋਂ ਕਦੇ ਬੁਧਵਾਰ ਨੂੰ ਪੇਪਰ ਵੈਬਸਾਈਟ ‘ਤੇ ਪਾਉਣ ਵਿਚ ਦੇਰੀ ਹੋ ਜਾਏ ਜਾਂ ਕਿਸੇ ਟੈਕਨੀਕਲ ਪ੍ਰਾਬਲਮ ਕਰਕੇ ਸਮੱਸਿਆ ਆ ਜਾਵੇ, ਤਾਂ ਪਾਠਕਾਂ ਦੇ ਫੋਨ ਅਤੇ ਈਮੇਲਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਉਹ ਇਨੀ ਬੇਸਬਰੀ ਨਾਲ ਉਡੀਕ ਕਰਦੇ ਹੁੰਦੇ ਹਨ ਕਿ ਕਹਿਣਗੇ ਕਿ ਪੇਪਰ ਦੀ ਪੀ.ਡੀ.ਐਫ. ਫਾਈਲ ਹੀ ਭੇਜ ਦਿਓ।

ਸਰਦਾਰ ਅਮੋਲਕ ਸਿੰਘ ਜੀ ਦੇ ਆਸ਼ੇ ਅਨੁਸਾਰ ‘ਪੰਜਾਬ ਟਾਈਮਜ਼’ ਨਾ ਤਾਂ ਕਿਸੇ ਮਸਲੇ ਉਤੇ ਇਕ ਪਾਸੇ ਉਲਾਰ ਹੋਇਆ ਹੈ ਅਤੇ ਨਾ ਹੀ ਦੂਜੇ ਪਾਸੇ, ਨਾ ਹੀ ਇਸ ਨੇ ਕਿਸੇ ਇਕ ਜਥੇਬੰਦੀ, ਵਿਅਕਤੀ ਜਾਂ ਵਰਗ ਨੂੰ ਖੁਸ਼ ਕਰਨ ਜਾਂ ਵਿਰੋਧ ਕਰਨ ਲਈ ਆਪਣੇ ਪੱਤਰਕਾਰੀ ਦੇ ਅਸੂਲ ਛਿੱਕੇ ਟੰਗੇ ਹਨ। ਸਾਡੀ ਕੋਸ਼ਿਸ਼ ਹਮੇਸ਼ਾ ਇਕ ਜ਼ਿੰਮੇਵਾਰ, ਸੰਤੁਲਿਤ ਅਤੇ ਨਿਰਪੱਖ ਪਹੁੰਚ ਅਪਣਾ ਕੇ ਸਾਰੀ ਗੱਲ ਪਾਠਕਾਂ ਅੱਗੇ ਰੱਖਣ ਦੀ ਹੁੰਦੀ ਹੈ। ਕਿਸੇ ਮਸਲੇ ਉਤੇ ਵਿਸ਼ਲੇਸ਼ਣਾਤਮਕ ਟਿੱਪਣੀ ਤਾਂ ਪੇਸ਼ ਕਰਦੇ ਹਾਂ ਪਰ ਆਪਣੀ ਰਾਏ ਨਹੀਂ ਠੋਸਦੇ। ਸਾਡੀ ਇਹ ਕੋਸ਼ਿਸ਼ ਹੁੰਦੀ ਹੈ ਕਿ ਅਜਿਹੇ ਲੇਖ ਛਾਪੇ ਜਾਣ ਜੋ ਜਾਣਕਾਰੀ ਭਰਪੂਰ ਹੋਣ ਅਤੇ ਨਾਲ ਹੀ ਸਮਾਜ ਨੂੰ ਸਹੀ ਸੇਧ ਵਲ ਤੋਰ ਸਕਣ। ਕਿਸੇ ਮੁੱਦੇ ਜਾਂ ਮਸਲੇ ਉਤੇ ਬਹਿਸ ਛੇੜਨ ਲਈ ਅਸੀਂ ਅਕਸਰ ਵਿਚਾਰ ਛਾਪਦੇ ਰਹਿੰਦੇ ਹਾਂ ਅਤੇ ਮੁੱਦੇ ਦੇ ਪੱਖ ਅਤੇ ਵਿਰੋਧ ਵਿਚ ਆਉਣ ਵਾਲੇ ਵਿਚਾਰਾਂ ਨੂੰ ਬਰਾਬਰ ਦੀ ਥਾਂ ਦੇਣ ਦੀ ਕੋਸ਼ਿਸ਼ ਕਰਦੇ ਹਾਂ। ਸਾਡਾ ਮਕਸਦ ਹੁੰਦਾ ਹੈ ਕਿ ਵਿਚਾਰ-ਚਰਚਾ ਰਾਹੀਂ ਪਾਠਕ ਸਹੀ ਦਿਸ਼ਾ ਵਲ ਤੁਰ ਸਕੇ। ‘ਪੰਜਾਬ ਟਾਈਮਜ’ ਨੂੰ ਆਪਣੇ ਕਾਲਮਨਵੀਸਾਂ ‘ਤੇ ਵੀ ਮਾਣ ਹੈ। ਇਨ੍ਹਾਂ ਕਾਲਮਨਵੀਸਾਂ ਦੇ ਕਾਲਮ ਪਾਠਕ ਬੜੀ ਬੇਸਬਰੀ ਨਾਲ ਉਡੀਕਦੇ ਹਨ।

ਅਕਸਰ ਪਾਠਕਾਂ ਦੇ ‘ਪੰਜਾਬ ਟਾਈਮਜ਼’ ਨੂੰ ਪ੍ਰਸ਼ੰਸਾ ਦੇ ਫੋਨ ਆਉਂਦੇ ਰਹਿੰਦੇ ਹਨ। ਕੁਝ ਪਾਠਕ ਚਿਠੀਆਂ ਰਾਹੀਂ ਵੀ ਆਪਣੀ ਰਾਇ ਜ਼ਾਹਰ ਕਰਦੇ ਹਨ। ਮੇਰੀ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਫੋਨ ਕਰਨ ਦੀ ਥਾਂ ਤੇ ਕਿਸੇ ਵੀ ਰਚਨਾ ਬਾਰੇ ਆਪਣੇ ਵਿਚਾਰ ਲਿਖ ਕੇ ‘ਸੰਪਾਦਕ ਦੀ ਡਾਕ’ ਲਈ ਭੇਜਣ। ਇਸ ਤਰ੍ਹਾਂ ਆਪਣੀ ਰਾਇ ਉਹ ਲੇਖਕ ਤੇ ਅਖਬਾਰ ਦੇ ਅਮਲੇ ਦੇ ਨਾਲ-ਨਾਲ ਬਾਕੀ ਪਾਠਕਾਂ ਨਾਲ ਵੀ ਸਾਂਝੀ ਕਰ ਰਹੇ ਹੋਣਗੇ।

ਪਿਛਲੇ ਕੁਝ ਸਮੇਂ ਤੋਂ, ਕਰੋਨਾ ਤੋਂ ਬਾਅਦ ਜਦੋਂ ਤੋਂ ਅਰਥਚਾਰੇ ਵਿਚ ਮੰਦਾ ਆਇਆ ਹੈ, ਪੰਜਾਬੀ ਅਖਬਾਰਾਂ ਵਿਚ ਆਪੋ-ਆਪਣੀ ਆਮਦਨ ਵਧਾਉਣ ਲਈ ਇਸ਼ਤਿਹਾਰਾਂ ਦੀ ਖਿੱਚ-ਧੂਹ ਵਧੀ ਹੈ। ਅਸੀਂ ਇਸ ਗੱਲ ਨੂੰ ਸਮਝਦੇ ਹਾਂ ਕਿ ਖੁਲ੍ਹੀ ਮੰਡੀ ਅਰਥਚਾਰੇ ਵਿਚ ਹਰ ਕਿਸੇ ਨੂੰ ਆਪਣਾ ਸਮਾਨ ਆਪਣੀ ਕੀਮਤ ‘ਤੇ ਵੇਚਣ ਦਾ ਹੱਕ ਹੈ ਪਰ ਫਿਰ ਵੀ ਇਹ ਖਿਆਲ ਰਖਣ ਦੀ ਲੋੜ ਹੈ ਕਿ ਇਕ-ਦੂਜੇ ‘ਤੋਂ ਸਸਤੇ ਭਾਅ ਇਸ਼ਤਿਹਾਰ ਵੇਚ ਕੇ ਆਮਦਨ ਵਧਾਉਣ ਦੀ ਵੀ ਇਕ ਹੱਦ ਹੀ ਹੋ ਸਕਦੀ ਹੈ। ਅਸੀਂ ਆਪਣੇ ਤੌਰ ‘ਤੇ ਇਸ਼ਤਿਹਾਰਾਂ ਦੀਆਂ ਦਰਾਂ ਦੀ ਜੰਗ ਵਿਚ ਨਹੀਂ ਪੈਣਾ ਚਾਹੁੰਦੇ ਕਿਉਂਕਿ ਅਜਿਹਾ ਕੀਤਿਆਂ ਸਮੁਚੀ ਪੰਜਾਬੀ ਪੱਤਰਕਾਰੀ ਦਾ ਹੀ ਨੁਕਸਾਨ ਹੈ। ‘ਪੰਜਾਬ ਟਾਈਮਜ਼’ ਨੂੰ ਇਸ ਅਰਸੇ ਦੌਰਾਨ ਆਰਥਕ ਚੁਣੌਤੀਆਂ ਦੇ ਨਾਲ-ਨਾਲ ਆਪਣੇ ਅਜਿਹੇ ਸਮਕਾਲੀਆਂ ਤੋਂ ਵੀ ਚੁਣੌਤੀਆਂ ਮਿਲੀਆਂ। ‘ਪੰਜਾਬ ਟਾਈਮਜ਼’ ਦੀ ਲੋਕਪ੍ਰਿਅਤਾ ਨੂੰ ਬਰਦਾਸ਼ਤ ਨਾ ਕਰਨ ਵਾਲੀਆਂ ਧਿਰਾਂ ਵਲੋਂ ਹੁਣ ਤਕ ਵੀ ਇਹ ਕੋਸ਼ਿਸ਼ਾਂ ਜਾਰੀ ਹਨ ਪਰ ਸਾਨੂੰ ਆਪਣੇ ਪਾਠਕਾਂ ‘ਤੇ ਮਾਣ ਹੈ ਕਿ ਉਹ ਸਾਡੀ ਪੱਤਰਕਾਰੀ ਦੀ ਕਦਰ ਕਰਦੇ ਹਨ। ਪਾਠਕਾਂ, ਸਨੇਹੀਆਂ ਅਤੇ ਸਲਾਹਕਾਰਾਂ ਨੇ ਸਾਨੂੰ ਜੋ ਅਥਾਹ ਪਿਆਰ, ਸਤਿਕਾਰ ਅਤੇ ਉਤਸ਼ਾਹ ਦਿੱਤਾ ਹੈ ਉਸ ਨੇ ਸਰਦਾਰ ਅਮੋਲਕ ਸਿੰਘ ਜੀ ਦੇ ਜਾਣ ਉਪਰੰਤ ਘੋਰ ਨਿਰਾਸ਼ਾ ਦੇ ਆਲਮ ਵਿਚ ਵੀ ਆਪਣੇ-ਆਪ ਨੂੰ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਖਣ ਦੇ ਰਾਹ ਵਿਚ ਸਾਨੂੰ ਕਦੇ ਰੁਕਾਵਟ ਨਹੀਂ ਆਉਣ ਦਿੱਤੀ।

ਸਰਦਾਰ ਅਮੋਲਕ ਸਿੰਘ ਵਲੋਂ ਜਗਾਈ ਗਈ ‘ਪੰਜਾਬ ਟਾਈਮਜ਼’ ਰੂਪੀ ਜੋਤ ਨੂੰ ਜਗਾਈ ਰਖਣ ਦਾ ਜਨੂੰਨ ਹੀ ਸਾਡੀ ਉਹ ਸ਼ਕਤੀ ਹੈ, ਜੋ ਸਾਨੂੰ ਬਿਖੜੇ ਪੈਂਡਿਆਂ ਉੱਤੇ ਵੀ ਸੁਨਹਿਰੀ ਸਫ਼ਰ ਦੀਆਂ ਨਵੀਆਂ ਤੋਂ ਨਵੀਆਂ ਪੈੜਾਂ ਪਾਉਣ ਲਈ ਸਦਾ ਜਿਊਂਦੇ-ਜਾਗਦੇ ਰੱਖਦੀ ਹੈ। ਨਿਰਸੰਦੇਹ ‘ਪੰਜਾਬ ਟਾਈਮਜ਼’ ਦੀ ਜੀਵਨਧਾਰਾ ਇਸਦੇ ਪਾਠਕ, ਇਸ ਦੇ ਸਨੇਹੀ, ਇਸਦੇ ਸਹਿਯੋਗੀ ਅਤੇ ਇਸ ਦੇ ਸਲਾਹਕਾਰ ਹੀ ਹਨ। ਇਸ ਸ਼ਾਨਾਮੱਤੇ ਪੜਾਅ ਉਤੇ ‘ਪੰਜਾਬ ਟਾਈਮਜ਼’ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਸਲਾਮਤੀ ਅਤੇ ਬਿਹਤਰੀ ਲਈ ਵਿਸ਼ਵ ਭਰ ਵਿਚ ਸਰਬ ਸਾਂਝੀਵਾਲਤਾ ਦਾ ਸੰਦੇਸ਼ ਫੈਲਾਉਣ ਲਈ ਯਤਨਸ਼ੀਲ ਰਹਿਣ ਦਾ ਸਵਰਗੀ ਅਮੋਲਕ ਸਿੰਘ ਦਾ ਅਹਿਦ ਦੁਹਰਾਉਂਦਾ ਹੋਇਆ, ਤੁਹਾਥੋਂ ਹੋਰ ਵਧੇਰੇ ਸਹਿਯੋਗ ਦੀ ਆਸ ਰੱਖਦਾ ਹੈ। ਬਹੁਤ ਬਹੁਤ ਧੰਨਵਾਦ ਜੀ!

**-ਜਸਪ੍ਰੀਤ ਕੌਰ ਜੰਮੂ**

## ਕੁਕ ਕਾਊਂਟੀ ਦੀ ਟਰੈਜ਼ਰਰ ਵੱਲੋਂ ‘ਪੰਜਾਬ ਟਾਈਮਜ਼’ ਦੀ 26ਵੀਂ ਵਰ੍ਹੇਗੰਢ ‘ਤੇ ਵਧਾਈਆਂ

**ਸ਼ਿਕਾਗੋ:** ਕੁੱਕ ਕਾਊਂਟੀ ਦੀ ਟਰੈਜ਼ਰਰ (ਖਜ਼ਾਨਚੀ) ਮਾਰੀਆ ਪਪਾਸ ਨੇ ‘ਪੰਜਾਬ ਟਾਈਮਜ਼’ ਦੀ 26ਵੀਂ ਵਰੇਗੰਢ ‘ਤੇ ਵਧਾਈ ਦਿੱਤੀ ਹੈ। ‘ਪੰਜਾਬ ਟਾਈਮਜ਼’ ਵੱਲੋਂ ਪੰਜਾਬੀ ਪੱਤਰਕਾਰੀ ਅਤੇ





Maria Pappas
Cook County Treasurer

January 1, 2025

Mr. Amolak Singh Jammu
Punjab Times
20451 N. Plum Road
Palatine, IL 60074

Dear Amolak:

Providing people information in the form of news is a noble calling, and I am pleased to congratulate you on this 26th anniversary of your publication Punjab Times, which has answered that calling.

The information that the world generates daily, even hourly, easily overwhelms our ability to absorb it. For that, we need publications like yours that sift through mountains of events and paint intelligent word pictures of our community, our state, our country and the world.

Few know how difficult it can be to put printed words on a page – story selection and presentation must be joined sensitively – but you have done it with effort and commitment that make your work noble, and I honor your effort.

You improve our world, and I wish you and your readers all the best on this special anniversary.

Sincerely,

Maria Pappas
Cook County Treasurer

:bb

$111 million in refunds and $54 million in exemptions

118 North Clark Street • Room 212 • Chicago, Illinois 60602 • Telephone (312) 603-6202 • FAX (312) 603-2113

ਪੰਜਾਬੀ ਭਾਈਚਾਰੇ ਲਈ ਪਾਏ ਨਿੱਗਰ ਯੋਗਦਾਨ ਦੀ ਪ੍ਰਸ਼ੰਸਾ ਕਰਦਿਆਂ ਭੇਜੇ ਗਏ ਵਿਸ਼ੇਸ਼ ਪੱਤਰ ਵਿਚ ਮਾਰੀਆ ਪਪਾਸ ਨੇ ਲਿਖਿਆ ਹੈ ਕਿ ‘ਪੰਜਾਬ ਟਾਈਮਜ਼’ ਪਾਠਕਾਂ ਲਈ ਬੜਾ ਮਹੱਤਵਪੂਰਨ ਅਖਬਾਰ ਹੈ ਜਿਸ ਨੇ ਭਾਈਚਾਰੇ ਨਾਲ ਸਬੰਧਤ ਜਾਣਕਾਰੀ ਇਕ-ਦੂਜੇ ਤੱਕ ਪਹੁੰਚਾਉਣ ਅਤੇ ਉਸ ਨੂੰ ਚੇਤਨ ਕਰਨ ਵਿਚ ਵੱਡਾ ਯੋਗਦਾਨ ਪਾਇਆ ਹੈ।

ਲੋਕਾਂ ਨੂੰ ਖ਼ਬਰਾਂ ਦੇ ਰੂਪ ਵਿਚ ਜਾਣਕਾਰੀ ਪ੍ਰਦਾਨ ਕਰਨਾ ਇੱਕ ਨੇਕ ਕੰਮ ਹੈ, ਅਤੇ ਮੈਂ ਤੁਹਾਨੂੰ ਤੁਹਾਡੇ ਪ੍ਰਕਾਸ਼ਨ ‘ਪੰਜਾਬ ਟਾਈਮਜ਼’ ਦੀ ਇਸ 26ਵੀਂ ਵਰ੍ਹੇਗੰਢ ‘ਤੇ ਵਧਾਈ ਦਿੰਦੇ ਹੋਏ ਖੁਸ਼ ਹਾਂ, ਜਿਸਨੇ ਇਸ ਕਾਰਜ ਨੂੰ ਨਿਭਾਇਆ ਹੈ।

ਦੁਨੀਆ ਦੀ ਹਰ ਰੋਜ਼ ਦੀ ਜਾਣਕਾਰੀ, ਇੱਥੋਂ ਤੱਕ ਕਿ ਹਰ ਘੰਟੇ ਪੈਦਾ ਹੋਣ ਵਾਲੀ ਜਾਣਕਾਰੀ ਜੋ ਕਿ ਹਰ ਇਨਸਾਨ ਲਈ ਲੋੜੀਂਦੀ ਹੁੰਦੀ ਹੈ, ਨੂੰ ਸਾਡੇ ਤੱਕ ਪਹੁੰਚਾਉਣ ਲਈ ਤੁਹਾਡੇ ਵਰਗੇ ਪ੍ਰਕਾਸ਼ਨਾਂ ਦੀ ਜ਼ਰੂਰਤ ਹੈ, ਜੋ ਕਈ ਦਿੱਕਤਾਂ ਦਾ ਸਹਮਣਾ ਕਰਦਿਆਂ ਵੱਡੀਆਂ ਘਟਨਾਵਾਂ, ਸਮਾਗਮਾਂ ਬਾਰੇ ਜਾਣਕਾਰੀ ਨੂੰ ਸਾਧਾਰਨ ਭਾਸ਼ਾ ਵਿਚ ਭਾਈਚਾਰੇ, ਰਾਜ, ਦੇਸ਼ ਅਤੇ ਦੁਨੀਆ ਦੇ ਲੋਕਾਂ ਤੱਕ ਪਹੁੰਚਾਉਂਦੇ ਹਨ।

ਬਹੁਤ ਘੱਟ ਲੋਕ ਜਾਣਦੇ ਹਨ ਕਿ ਛਪੇ ਹੋਏ ਸ਼ਬਦਾਂ ਨੂੰ ਇੱਕ ਪੰਨੇ ‘ਤੇ ਲਗਾਉਣਾ ਕਿੰਨਾ ਮੁਸ਼ਕਲ ਹੋ ਸਕਦਾ ਹੈ, ਕਹਾਣੀ ਦੀ ਚੋਣ ਅਤੇ ਪੇਸ਼ਕਾਰੀ ਨੂੰ ਸੰਵੇਦਨਸ਼ੀਲਤਾ ਨਾਲ ਜੋੜਿਆ ਜਾਣਾ ਚਾਹੀਦਾ ਹੈ, ਪਰ ਤੁਸੀਂ ਇਹ ਕੰਮ ਮਿਹਨਤ ਅਤੇ ਵਚਨਬੱਧਤਾ ਨਾਲ ਕੀਤਾ ਹੈ ਜੋ ਤੁਹਾਡੇ ਕੰਮ ਨੂੰ ਨੇਕ ਬਣਾਉਂਦਾ ਹੈ, ਅਤੇ ਮੈਂ ਤੁਹਾਡੇ ਯਤਨਾਂ ਦਾ ਸਨਮਾਨ ਕਰਦੀ ਹਾਂ।

ਟਰੈਜ਼ਰਰ ਮਾਰੀਆ ਪਪਾਸ ਨੇ ਆਪਣੇ ਪੱਤਰ ਵਿਚ ਬਾਕਾਇਦਾ ਜ਼ਿਕਰ ਕੀਤਾ ਹੈ ਕਿ ‘ਪੰਜਾਬ ਟਾਈਮਜ਼’ ਨੂੰ ਪੰਜਾਬੀ ਭਾਈਚਾਰੇ ਤੱਕ ਪੁੱਜਦਾ ਕਰਨ ਦਾ ਮਿਸ਼ਨ ਬਹੁਤ ਵੱਡਾ ਹੈ ਅਤੇ ਅਦਾਰੇ ਦੀ ਸਮੁੱਚੀ ਟੀਮ ਨੇ ਇਸ ਮਿਸ਼ਨ ਨੂੰ ਨੌਕਰੀ ਨਾ ਸਮਝ ਕੇ ਸਗੋਂ ਲੋਕਾਂ ਦੀ ਸੇਵਾ ਦੇ ਲੇਖੇ ਲਾਇਆ ਹੈ।

ਤੁਸੀਂ ਸਾਡੀ ਦੁਨੀਆ ਨੂੰ ਬਿਹਤਰ ਬਣਾਉਂਦੇ ਹੋ, ਅਤੇ ਮੈਂ ਤੁਹਾਨੂੰ ਅਤੇ ਤੁਹਾਡੇ ਪਾਠਕਾਂ ਨੂੰ ਇਸ ਵਿਸ਼ੇਸ਼ ਵਰ੍ਹੇਗੰਢ ‘ਤੇ ਸ਼ੁਭਕਾਮਨਾਵਾਂ ਦਿੰਦੀ ਹਾਂ।

# ਨਿਰਵਿਘਨ ਪ੍ਰਕਾਸ਼ਨ ਦੇ 26ਵੇਂ ਸਾਲ 'ਚ (ਪਹਿਲੀ ਜਨਵਰੀ 2000-2025)

ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿੱਲੋਂ, ਗੁਰਿੰਦਰ ਗਿੱਲ, ਅਯੋਧਿਆ ਸਲਵਾਨ ਅਤੇ ਸ. ਰਾਜਿੰਦਰ ਸਿੰਘ ਬੈਂਸ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 26ਵੀਂ ਵਰ੍ਹੇਗੰਢ

# 'ਪੰਜਾਬ ਟਾਈਮਜ਼ ਨਾਈਟ'

## 17 ਮਈ 2025 ਸ਼ਨਿਚਰਵਾਰ ਸ਼ਾਮੀ 6:00 ਵਜੇ

**Atlantis Banquets**
1273 N. Rand Road,
Arlington Heights, IL 60004

### ਚੀਫ ਗੈਸਟ




ਦਰਸ਼ਨ ਸਿੰਘ ਧਾਲੀਵਾਲ

### ਗੈਸਟ ਆਫ ਆਨਰ



ਅਮਰਜੀਤ ਢੀਂਡਸਾ



ਗੁਰਬਖਸ਼ ਰਾਹੀ



ਹਰਮਨ ਥਿੰਦ

ਯਾਦ ਸਲਾਮਤ ਰਹੇ...



ਸ. ਅਮੋਲਕ ਸਿੰਘ ਜੰਮੂ

### ਗੈਸਟ ਆਫ ਆਨਰ



ਜੇ ਪੀ ਖਹਿਰਾ



ਲਖਵੀਰ ਢੀਂਡਸਾ



ਪਾਲਾ ਸ਼ੇਰਮਾਰ



ਲਵ ਮਿਨਹਾਸ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ, ਡਾ. ਹਰਗੁਰਮੁਖਪਾਲ ਸਿੰਘ, ਹਰਦਿਆਲ ਸਿੰਘ ਦਿਓਲ, ਡਾ. ਗੁਰਦਿਆਲ ਸਿੰਘ ਬਸਰਾਨ, ਜੈਦੇਵ ਸਿੰਘ ਭੱਠਲ, ਜਗਦੀਸ਼ਰ ਸਿੰਘ ਕਲੇਰ, ਗੁਰਚਰਨ ਸਿੰਘ ਗਰੇਵਾਲ, ਹਰਜੀਤ ਸਿੰਘ ਸਾਹੀ, ਦਰਸ਼ਨ ਸਿੰਘ ਦਰੜ, ਮਨਦੀਪ ਸਿੰਘ ਭੂਰਾ



ਰਘਬੀਰ ਸਿੰਘ ਘੁੰਨ, ਪਰਮਿੰਦਰ ਸਿੰਘ ਵਾਲੀਆ, ਅਮਰੀਕ ਸਿੰਘ (ਅਮਰ ਕਾਰਪੈਟ), ਜਸਕਰਨ ਸਿੰਘ ਧਾਲੀਵਾਲ, ਡਾ. ਤੇਜਿੰਦਰ ਸਿੰਘ ਮੰਡੇਰ, ਅਵਤਾਰ ਸਿੰਘ ਸਪਰਿੰਗਫੀਲਡ, ਗੁਲਜ਼ਾਰ ਸਿੰਘ ਮੁਲਤਾਨੀ, ਭੁਪਿੰਦਰ ਸਿੰਘ ਧਾਲੀਵਾਲ, ਗੁਰਦੇਵ ਸਿੰਘ ਜੌੜਾ, ਅੰਮ੍ਰਿਤਪਾਲ ਸਿੰਘ ਸੰਘਾ, ਆਗਿਆਪਾਲ ਸਿੰਘ ਬਾਠ



ਜਸਵੀਰ ਕੌਰ ਢਿਲੋਂ, ਡਾ. ਇਨਕਲਾਬੀ ਥਾਂਦੀ, ਡਾ. ਨਵਦੀਪ ਕੌਰ ਸੰਧੂ, ਬਲਵਿੰਦਰ ਕੌਰ (ਨਿੱਕੀ) ਸੇਖੋਂ, ਹਰਵਿੰਦਰ ਪਾਲ ਸਿੰਘ ਲੈਲ, ਜਗਜੀਤ ਸਿੰਘ ਢੀਂਡਸਾ, ਸਰਵਣ ਸਿੰਘ ਟਿਵਾਣਾ, ਸੁਖਮੇਲ ਸਿੰਘ ਅਟਵਾਲ, ਸ. ਹੈਪੀ ਸਿੰਘ ਹੀਰ, ਅਮੋਲਕ ਸਿੰਘ ਗਾਖਲ, ਜੱਸੀ ਗਿੱਲ

# PUNJAB TIMES NIGHT 2025

## ਵਿਸ਼ੇਸ਼ ਮਹਿਮਾਨ



ਡਾ. ਹਰਜਿੰਦਰ ਸਿੰਘ ਦਿਲਗੀਰ (ਸਿੱਖ ਹਿਸਟੋਰੀਅਨ) | ਧਰਮ ਸਿੰਘ ਗੋਰਾਇਆ | ਪ੍ਰੋ. ਸੁਹਿੰਦਰ ਬੀਰ | ਦਵਿੰਦਰ ਕੌਰ ਗੁਰਾਇਆ | ਦਵੀ ਦਵਿੰਦਰ (ਸੰਪਾਦਕ: ਸਪੋਕਸਮੈਨ) | ਮੈਡੀ ਸਿੰਘ (ਗਾਇਕ)



ਡਾ. ਆਤਮਜੀਤ ਸਿੰਘ | ਰਵਿੰਦਰ ਸਹਿਰਾਅ | ਕੁਲਵਿੰਦਰ | ਜਗਜੀਤ ਨੌਸ਼ਹਿਰਵੀ | ਮੱਖਣ ਬੈਂਸ | ਰਜਿੰਦਰ ਟਾਂਡਾ | ਗੁਰਚਰਨ ਮਾਨ | ਡਾ. ਦਲਬੀਰ ਪੰਨੂ | ਸੈਮ ਚਾਹਲ | ਅਜੇ ਤਨਵੀਰ



ਗੁਰਚਰਨ ਸਿੰਘ ਝੱਜ | ਜਸਮੀਰ ਸਿੰਘ | ਡਾ. ਸਰਬਜੀਤ ਭੰਡਾਲ | ਬੱਬੂ ਐਪਲਟਨ | ਸੋਹਣ ਸਿੰਘ ਗਿੱਲ | ਰਾਣਾ ਸਿੰਘ ਵਿਰਕ | ਰਣਬੀਰ ਸਿੰਘ ਧਾਲੀਵਾਲ | ਜੱਸੀ ਸਹੋਤਾ | ਪਾਲ ਖਲੀਲ | ਹਰਵਿੰਦਰ ਵਾਲੀਆ | ਲਖਵੀਰ ਜੌਹਲ | ਮਨਜੀਤ ਨਾਗਰਾ




ਭਾਈ ਮਹਿੰਦਰ ਸਿੰਘ | ਜੈਰਾਮ ਸਿੰਘ ਕਾਹਲੋਂ | ਰਾਜਵੀਰ ਬੋਪਾਰਾਏ | ਕੁਲਦੀਪ ਗਿੱਲ | ਮੁਖਤਿਆਰ ਖਹਿਰਾ | ਹਰਜਿੰਦਰ ਜਿੰਦੀ | ਜਰਨੈਲ ਸਿੰਘ ਮਿਆਣੀ | ਪਰਮਿੰਦਰ ਗੋਲਡੀ | ਡਾ. ਵਿਕਰਮ ਗਿੱਲ | ਦਵਿੰਦਰ ਸਿੰਘ ਰੰਗੀ | ਜਗਪਾਲ ਗਰੇਵਾਲ | ਗੁਰਮੇਲ ਕੰਗ



ਲੱਕੀ ਸਹੋਤਾ | ਡਾ. ਹਰਜਿੰਦਰ ਖਹਿਰਾ | ਅਜੈਬ ਲੱਖਣ | ਜਸਪਾਲ ਘੋਤੜਾ | ਡਾ. ਰਛਪਾਲ ਸਿੰਘ ਬਾਜਵਾ | ਰਘਵਿੰਦਰ ਸਿੰਘ ਮਾਹਲ | ਠਾਕਰ ਬਸਾਤੀ | ਸਨੀ ਕੁਲਾਰ | ਰੋਨੀ ਕੁਲਾਰ | ਪ੍ਰਦੀਪ ਕਾਹਲੋਂ | ਜੱਸੀ ਸਿੰਘ | ਗੁਰਮੁਖ ਸਿੰਘ ਭੁੱਲਰ | ਧਰਮਿੰਦਰ ਖਟੜਾ | ਯਾਦਵਿੰਦਰ ਖਟੜਾ



ਲਖਬੀਰ ਸਿੰਘ ਸੰਧੂ | ਜਗਦੀਸ਼ ਸਿੰਘ ਸੰਧੂ | ਜਸਬੀਰ ਸਿੰਘ | ਕੁਲਬੀਰ ਸਿੰਘ | ਸ਼ਿਵਇੰਦਰ ਸਿੰਘ | ਮੱਖਣ ਸਿੰਘ ਕਲੇਰ | ਸਤਨਾਮ ਸਿੰਘ ਔਲਖ | ਕਮਲਜੀਤ ਘੁਮਾਣ | ਦੀਪਇੰਦਰ ਵਿਰਕ | ਬਲਜੀਤ ਟਿਵਾਣਾ | ਜਸਵਿੰਦਰ ਗਿੱਲ | ਪਿੰਦੀ ਛੀਨਾ | ਹਨੀ ਖੰਗੂੜਾ



ਜਸਬੀਰ ਪਲੀਆ | ਸੁਰਿੰਦਰ ਪਲੀਆ | ਅਮਰਦੇਵ ਬਦੇਸ਼ਾ | ਪ੍ਰਦੀਪ ਸਲਵਾਨ | ਰਜਿੰਦਰ ਦਿਆਲ | ਸੰਤੋਖ ਸਿੰਘ ਡੀ ਸੀ | ਨਰਿੰਦਰ ਸਿੰਘ ਸਰਾਂ | ਰਾਣਾ ਸੇਖੋਂ | ਪਰਵਿੰਦਰ ਸਿੰਘ ਨਨੂੰਆ | ਨਵਤੇਜ ਸੋਹੀ | ਪਾਲ ਧਾਲੀਵਾਲ | ਸੁਖਪਾਲ ਗਿੱਲ | ਬਲਬੀਰ ਬੈਦਵਾਨ

**ਪੰਜਾਬ ਟਾਈਮਜ਼ ਦੀ 26ਵੀਂ ਵਰ੍ਹੇਗੰਢ ਮੌਕੇ 17 ਮਈ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸਾਹਿਤਕਾਰ, ਗਾਇਕ ਤੁਹਾਡਾ ਮਨੋਰੰਜਨ ਕਰਨਗੇ।**

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਅਮੈਰੀਕਨ ਆਰਗੇਨਾਈਜ਼ੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਪੰਜਾਬੀ ਹੈਰੀਟੇਜ ਆਰਗੇਨਾਈਜ਼ੇਸ਼ਨ (ਪੀ ਐਚ ਓ), ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ, ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬੀ ਕਲਚਰਲ ਸੁਸਾਇਟੀ ਆਫ ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ, ਸਵੇਰਾ ਇੰਕ।

ਮੀਡੀਆ ਪਾਰਟਨਰ: ਰੇਡੀਓ ਚੰਨ ਪ੍ਰਦੇਸੀ, ਦੇਸੀ ਜੰਕਸ਼ਨ, ਢੋਲ ਰੇਡੀਓ, ਪੀ.ਟੀ.ਸੀ।

# ਧਰਤੀ ਉੱਤੇ ਸਾਂਝ ਪਾਉਣ ਲਈ ਪੈਰਵੀ

21ਵੀਂ ਸਦੀ ਦੀ ਸ਼ੁਰੂਆਤ ਨੇ ਮਿਹਨਤਕਸ਼ਾਂ ਦੀ ਪੂੰਜੀ ਰਾਹੀਂ ਵਿਗਿਆਨ ਅਤੇ ਤਕਨਾਲੋਜੀ 'ਤੇ ਆਧਾਰਤ ਇੱਕ ਨਵਾਂ ਗਲੋਬਲ ਸੰਸਾਰ ਬਣਾਇਆ ਹੈ।

ਇਸ ਨਵੇਂ ਸੰਸਾਰ ਵਿਚ ਅਜਿਹੀਆਂ ਤਾਕਤਾਂ ਨੇ ਵੀ ਜਨਮ ਲਿਆ ਹੈ, ਜੋ ਇਨਸਾਨੀ ਹੋਂਦ ਨੂੰ ਨਵੀਨ ਰੂਪ ਵਿਚ ਚੁਣੌਤੀ ਦੇ ਰਹੀਆਂ ਹਨ। ਇਹ ਚੁਣੌਤੀਆਂ ਭੂਗੋਲਕ ਹੱਦਾਂ ਦੀ ਗੱਲ ਨਹੀਂ ਕਰਦੀਆਂ, ਨਾ ਹੀ ਇਨ੍ਹਾਂ ਦੇ ਜਵਾਬ ਪੁਰਾਣੀਆਂ ਰਾਜਨੀਤਕ ਰਣਨੀਤੀਆਂ ਜਾਂ ਹਥਿਆਰਾਂ ਦੀ ਭਾਸ਼ਾ ਵਿਚ ਦਿੱਤੇ ਜਾ ਸਕਦੇ ਹਨ। ਸੰਸਾਰ ਦੀ ਰੂਪ-ਰੇਖਾ ਹੁਣ ਆਉਣ ਵਾਲੇ ਯੁੱਗ ਦੀਆਂ ਰਣਨੀਤਕ ਲੋੜਾਂ ਅਨੁਸਾਰ ਤਿਆਰ ਹੋ ਰਹੀ ਹੈ, ਜਿੱਥੇ ਪਾਣੀ, ਊਰਜਾ, ਖਾਦ, ਜੈਵ-



**ਮਦਨਦੀਪ ਸਿੰਘ**
**ਫੋਨ: 85918-59124**

ਟੈਕਨਾਲੋਜੀ ਅਤੇ ਸਾਈਬਰ ਤਕਨੀਕਾਂ ਆਧੁਨਿਕ ਜੰਗ ਦਾ ਕੇਂਦਰ ਬਣ ਰਹੀਆਂ ਹਨ। ਇਨ੍ਹਾਂ ਹਾਲਤਾਂ ਵਿਚਕਾਰ, ਭਾਰਤ ਅਤੇ ਪਾਕਿਸਤਾਨ ਅਜੇ ਵੀ ਵਿਭਾਜਨ ਦੀ ਅਨੁਭੂਤੀ ਵਿਚ ਫਸੇ ਹੋਏ ਹਨ, ਇਹ ਖਿੱਤਾ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ।

ਭਾਰਤ ਅਤੇ ਪਾਕਿਸਤਾਨ ਦੋਵੇਂ ਪਰਮਾਣੂ ਤਾਕਤਾਂ ਹਨ, ਦੋਵਾਂ ਮੁਲਕਾਂ ਕੋਲ ਅਜਿਹੀ ਜਨਸੰਖਿਆ, ਭੂਗੋਲਿਕ ਵਿਵਿਧਤਾ, ਅਤੇ ਇਤਹਾਸਕ ਸੰਸਕ੍ਰਿਤੀਆਂ ਹਨ, ਜੋ ਉਨ੍ਹਾਂ ਨੂੰ ਦੁਨੀਆਂ ਦੀ ਰਣਨੀਤਕ ਅਤੇ ਅਰਥਚਾਰਕ ਦਿਸ਼ਾ ਦੀ ਅਗਵਾਈ ਕਰਨ ਯੋਗ ਬਣਾਉਂਦੀਆਂ ਹਨ। ਪਰੰਤੂ ਅਫ਼ਸੋਸ ਦੀ ਗੱਲ ਇਹ ਹੈ ਕਿ ਇਹ ਦੋਵੇਂ ਮੁਲਕ, ਸੰਸਾਰਕ ਪੱਧਰ ਉੱਤੇ ਆਪਣੀ ਸੰਭਾਵੀ ਭੂਮਿਕਾ ਨਿਭਾਉਣ ਦੀ ਥਾਂ, ਅਜੇ ਵੀ ਅਤੀਤ ਦੇ ਦੁੱਖ ਵਿਚ ਬੱਝੇ ਜਾਤ, ਧਰਮ ਦੇ ਭਰਮ ਦੀ ਸਰਹੱਦੀ ਰਾਜਨੀਤਕ ਸਾਜ਼ਿਸ਼ ਦੇ ਸ਼ਿਕਾਰ ਹਨ। ਜਦਕਿ ਦੱਖਣੀ ਏਸ਼ੀਆ ਦਾ ਤਣਾਅ ਹਥਿਆਰਾਂ ਦੇ ਵਪਾਰੀ ਮੁਲਕਾਂ ਲਈ ਲਾਭਕਾਰੀ ਸਿੱਧ ਹੋ ਰਿਹਾ ਹੈ, ਪਰ ਭਾਰਤ ਅਤੇ ਪਾਕਿਸਤਾਨ ਲਈ ਇਹ ਲੜਾਈ ਭਵਿੱਖ ਦੀਆਂ ਪੀੜ੍ਹੀਆਂ ਲਈ ਸਜ਼ਾ ਬਣ ਚੁੱਕੀ ਹੈ।

ਇਹ ਕੋਈ ਰਾਜਨੀਤਕ ਨਾਅਰਾ ਨਹੀਂ ਕਿ ਜੰਗਾਂ ਨੇ ਕਦੇ ਵੀ ਕਿਸੇ ਮੁਲਕ ਨੂੰ ਅੱਗੇ ਨਹੀਂ ਵਧਣ ਦਿੱਤਾ, ਇਹ ਇੱਕ ਇਤਿਹਾਸਕ ਸੱਚਾਈ ਹੈ, ਜਿਸ ਨੂੰ ਸਮਝੇ ਬਗੈਰ ਅੱਗੇ ਨਹੀਂ ਵਧਿਆ ਜਾ ਸਕਦਾ। ਇਹ ਸਮਝਣਾ ਪਵੇਗਾ ਕਿ ਜਿੱਥੇ ਜੰਗਾਂ ਨੇ ਤਬਾਹੀ ਲਿਆਂਦੀ ਹੈ, ਉਥੇ ਸਾਂਝ ਅਤੇ ਪਿਆਰ ਨੇ ਮਨੁੱਖ ਨੂੰ ਉੱਜਲ ਭਵਿੱਖ ਬਣਾਉਣ ਅਤੇ ਜੀਵਨ ਦੀ ਰਾਹ ਵਿਖਾਈ ਹੈ।

ਜੇਕਰ ਅਮਰੀਕਾ ਅਤੇ ਜਰਮਨੀ ਵਰਗੇ ਦੇਸ਼, ਦੂਜੇ ਵਿਸ਼ਵ ਯੁੱਧ ਤੋਂ ਬਾਅਦ ਵਿਗਿਆਨਕ ਤਕਨੀਕ ਰਾਹੀਂ ਗਲੋਬਲ ਸਿਸਟਮ ਬਣਾਉਣ ਵਿਚ ਲੱਗ ਗਏ, ਤਾਂ ਭਾਰਤ ਅਤੇ ਪਾਕਿਸਤਾਨ ਵੀ ਆਪਣੀ ਧਰਤੀ ਉੱਤੇ ਨਵੀਨ ਉਮੀਦਾਂ ਦੇ ਬੀਜ ਬੋ ਸਕਦੇ ਹਨ।

ਭਾਰਤ ਅਤੇ ਪਾਕਿਸਤਾਨ ਸੰਸਾਰਕ ਰਣਨੀਤੀ ਤੋਂ ਅਲੱਗ ਨਹੀਂ ਰਹਿ ਸਕਦੇ। ਭਾਰਤ ਇੱਕ ਉਭਰਦੀ ਵਿਸ਼ਵ ਤਾਕਤ ਹੈ, ਅਤੇ ਪਾਕਿਸਤਾਨ ਦੀ ਭੂ-ਸਥਿਤੀ, ਜਨਸੰਖਿਆਕ ਸੰਭਾਵਨਾਵਾਂ ਅਤੇ ਆਉਂਦੇ ਯੁੱਗ ਲਈ ਲੋੜੀਂਦੇ ਭੂਗੋਲਿਕ ਦਰਵਾਜ਼ੇ ਭਵਿੱਖ ਵੱਲ ਖੁੱਲ੍ਹਦੇ ਹਨ। ਦੋਵੇਂ ਦੇਸ਼ ਜੇਕਰ ਆਪਣੀਆਂ ਰਣਨੀਤੀਆਂ ਨੂੰ ਮੁੱਢ ਤੋਂ ਚੱਲਦੀਆਂ ਟਕਰਾਵੀਂ ਲਕੀਰਾਂ ਤੋਂ ਹਟਾ ਕੇ ਨਵੇਂ ਸੰਸਾਧਨਾਂ, ਉੱਦਮ ਅਤੇ ਵਿਗਿਆਨਕ ਸਾਂਝਾਂ ਵੱਲ ਮੋੜਨ, ਤਾਂ ਇਹ ਖੇਤਰ ਦੁਨੀਆਂ ਦੇ ਨਕਸ਼ੇ 'ਤੇ ਇੱਕ ਨਵਾਂ ਅਧਿਆਇ ਲਿਖ ਸਕਦਾ ਹੈ।

ਸਵਾਲ ਇਹ ਨਹੀਂ ਕਿ ਕੌਣ ਕਿੰਨਾ ਸ਼ਕਤੀਸ਼ਾਲੀ ਹੈ, ਸਵਾਲ ਇਹ ਹੈ ਕਿ ਕੌਣ ਭਵਿੱਖ ਨੂੰ ਸਿਆਣਪ ਨਾਲ ਪੜ੍ਹ ਸਕਦਾ ਹੈ। ਜਦ ਭਾਰਤ ਆਪਣੇ ਵਿਗਿਆਨਕ ਮਿਸ਼ਨਾਂ ਨਾਲ ਨਵੀਆਂ ਉਚਾਈਆਂ ਨੂੰ ਛੂਹ ਰਿਹਾ ਹੈ, ਤਾਂ ਪਾਕਿਸਤਾਨ ਵੀ ਆਪਣੀ ਨੌਜਵਾਨ ਆਬਾਦੀ ਦੀ ਦਿਮਾਗੀ ਤਾਕਤ ਨਾਲ ਨਵੀਆਂ ਉਮੀਦਾਂ ਦੇ ਰਾਹ ਬਣਾ ਸਕਦਾ ਹੈ। ਦੋਵੇਂ ਦੇਸ਼ ਆਪਣੀ ਆਤਮ-ਨਿਰਭਰਤਾ ਅਤੇ ਗਲੋਬਲ ਪੱਧਰ 'ਤੇ ਸਥਾਪਤ ਹੋਣ ਦੀ ਇੱਛਾ ਰੱਖਦੇ ਹਨ, ਪਰ ਇਹ ਸਿਰਫ਼ ਤਣਾਅ ਅਤੇ ਹਥਿਆਰਾਂ ਰਾਹੀਂ ਸੰਭਵ ਨਹੀਂ ਹੋ ਸਕਦਾ।

ਸੰਸਾਰ ਦੇ ਨਵੇਂ ਨਕਸ਼ੇ ਵਿਚ ਉਹੀ ਦੇਸ਼ ਟਿਕ ਸਕਣਗੇ ਜੋ ਸਿਰਫ਼ ਜਿਉਂਦੇ ਨਹੀਂ, ਸਗੋਂ ਹੋਰਾਂ ਨੂੰ ਵੀ ਜੀਊਣ ਦੇਣ ਲਈ ਯੋਜਨਾ ਬਣਾਉਣਗੇ। ਭਾਰਤ ਅਤੇ ਪਾਕਿਸਤਾਨ ਜੇਕਰ ਆਉਣ ਵਾਲੀਆਂ ਸਾਂਝੀਆਂ ਚੁਣੌਤੀਆਂ, ਜਿਵੇਂ ਕਿ ਜਲਵਾਯੂ ਪਰਿਵਰਤਨ, ਭੋਜਨ ਸੁਰੱਖਿਆ, ਪਾਣੀ ਦੀ ਕਮੀ, ਰੋਬੋਟਿਕਸ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਗੋਵਰਨਸ ਵੱਲ ਇਕੱਠੇ ਸੋਚਣ, ਤਾਂ ਇਹ ਸਿਰਫ਼ ਰਾਜਨੀਤਕ ਪਲਟਾਅ ਨਹੀਂ ਹੋਵੇਗਾ, ਸਗੋਂ ਇੱਕ ਇਤਿਹਾਸਕ ਬਦਲਾਅ ਹੋਵੇਗਾ।

ਇਨ੍ਹਾਂ ਦੇਸ਼ਾਂ ਨੂੰ ਇਹ ਸਮਝਣ ਦੀ ਲੋੜ ਹੈ



ਕਿ ਪਿਛਲੇ ਕੁਝ ਦਹਾਕਿਆਂ ਵਿਚ ਸੰਸਾਰ ਨੇ ਸਰੋਤ ਕਬਜ਼ਾਉਣ ਦੀ ਯੁੱਧ ਦੀ ਨਵੀਂ ਪਰਿਭਾਸ਼ਾ ਅਪਣਾਈ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਜੇਕਰ ਇਹ ਦੋ ਹਮਸਾਏ ਇਕ ਦੂਜੇ ਨੂੰ ਦੁਸ਼ਮਣ ਸਮਝਣ ਦੀ ਥਾਂ ਭਾਈ ਸਮਝਣ ਲੱਗਣ, ਤਾਂ ਦੁਨੀਆਂ ਦੀ ਰਣਨੀਤਕ ਤਸਵੀਰ ਅਜਿਹੀ ਹੋਵੇਗੀ, ਜਿਸ ਵਿਚ ਹਮਸਾਏ ਸਿਰਫ਼ ਸਰਹੱਦਾਂ ਨਾਲ ਨਹੀਂ, ਸਗੋਂ ਨੈਤਿਕਤਾ, ਚੇਤਨਾ ਅਤੇ ਉਮੀਦਾਂ ਨਾਲ ਜੁੜੇ ਹੋਣਗੇ। ਸੰਸਾਰ ਦੀਆਂ ਸਰਹੱਦਾਂ ਬਣਦੀਆਂ ਤੇ ਮਿਟਦੀਆਂ ਰਹਿੰਦੀਆਂ ਹਨ, ਪਰ ਜੋ ਮੁਲਕ ਸਾਂਝ ਪੈਦਾ ਕਰਦੇ ਹਨ, ਉਹ ਮਿਟਦੇ ਨਹੀਂ ਬਣਦੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖਤਾ ਦਾ ਇਤਿਹਾਸ ਸਦਾ ਹੀ ਸੰਘਰਸ਼ਾਂ, ਸਰਹੱਦਾਂ ਅਤੇ ਤਾਕਤਾਂ ਦੀ ਲੜਾਈ ਵਿਚ ਲਿਖਿਆ ਗਿਆ। ਪਰ ਅੱਜ ਦਾ ਸੰਸਾਰ ਇਕ ਨਵੇਂ ਦੌਰ ਵਿਚ ਦਾਖਲ ਹੋ ਚੁੱਕਾ ਹੈ, ਇਕ ਅਜਿਹਾ ਦੌਰ ਜਿੱਥੇ ਲੜਾਈ ਹੁਣ ਸਿਰਫ ਹਥਿਆਰਾਂ ਦੀ ਨਹੀਂ, ਸਗੋਂ ਭਵਿੱਖ ਦੇ ਊਰਜਾ ਸਰੋਤਾਂ ਅਤੇ ਵਾਤਾਵਰਨਕ ਸੰਸਾਧਨਾਂ ਦੀ ਬਣ ਗਈ ਹੈ। ਅਮਰੀਕਾ ਵਰਗੀਆਂ ਮਹਾਂ-ਤਾਕਤਾਂ ਨੇ ਅਤੀਤ ਵਿਚ ਜਿਵੇਂ ਤੇਲ ਉੱਤੇ ਕਬਜ਼ਾ ਕਰਨ ਲਈ ਮੱਧ ਪੂਰਬ ਨੂੰ ਰਣਭੂਮੀ ਬਣਾਇਆ, ਅੱਜ ਉਹੀ ਰਣਨੀਤੀਆਂ ਰੇਅਰ ਅਰਥ ਮੈਟਲਜ਼, ਨੈਚੁਰਲ ਗੈਸ ਅਤੇ ਪਾਣੀ ਵਰਗੇ ਸਾਧਨਾਂ ਦੇ ਲਾਲਚ ਵਜੋਂ ਦੁਹਰਾਈਆਂ ਜਾ ਰਹੀਆਂ ਹਨ।

ਯੂਕਰੇਨ ਦਾ ਸੰਘਰਸ਼ ਸਿਰਫ ਰੂਸ ਅਤੇ ਨੈਟੋ ਦੇ ਵਿਚਕਾਰ ਦੀ ਖਿੱਚ ਨਹੀਂ, ਬਲਕਿ ਇੱਕ ਵਿਸ਼ਾਲ ਰਣਨੀਤਕ ਖੇਡ ਦਾ ਹਿੱਸਾ ਹੈ, ਜਿਸ ਦਾ ਕੇਂਦਰ ਭਵਿੱਖ ਵਿਚ ਸੰਸਾਰ ਉੱਤੇ ਰਾਜ ਕਰਨ ਦੀ ਦੌੜ ਹੈ। ਇਹ ਤਾਕਤਾਂ ਆਰਥਕ, ਰਣਨੀਤਕ ਅਤੇ ਵਾਤਾਵਰਣ ਸਰੋਤਾਂ ਨੂੰ ਆਪਣੇ ਕੰਟਰੋਲ ਹੇਠ ਲਿਆਉਣ ਦੀ ਦੌੜ ਵਿਚ ਹਨ।

ਰੂਸ ਅਤੇ ਯੂਕਰੇਨ ਵਿਚਕਾਰ ਚੱਲ ਰਹੇ ਯੁੱਧ ਦਾ ਮੁੱਖ ਉਦੇਸ਼ ਯੂਕਰੇਨ ਦੀ ਧਰਤੀ ਹੇਠਾਂ ਮੌਜੂਦ ਕੀਮਤੀ ਖਣਿਜ ਸਰੋਤਾਂ 'ਤੇ ਕਬਜ਼ਾ ਕਰਨਾ ਹੈ। ਇਨ੍ਹਾਂ ਖਣਿਜਾਂ ਵਿਚ ਲਿਥੀਅਮ, ਕੋਬਾਲਟ, ਦੁਰਲੱਭ ਧਾਤਾਂ ਅਤੇ ਕੁਦਰਤੀ ਗੈਸ ਸ਼ਾਮਲ ਹਨ, ਜੋ ਆਧੁਨਿਕ ਤਕਨਾਲੋਜੀ ਅਤੇ ਊਰਜਾ ਖੇਤਰ ਲਈ ਬਹੁਤ ਮਹੱਤਵਪੂਰਨ ਹਨ। ਅਮਰੀਕਾ ਆਪਣੇ ਰਾਜਨੀਤਕ ਹਿੱਤਾਂ ਲਈ ਯੂਰਪੀ ਸੰਘ ਨਾਲ ਰਿਸ਼ਤੇ ਕਮਜ਼ੋਰ ਕਰਦਾ ਹੋਇਆ ਰੂਸ ਨਾਲ ਨਜ਼ਦੀਕੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਤਾਂ ਜੋ ਇਸ ਖੇਤਰ ਵਿਚ ਆਪਣਾ ਪ੍ਰਭਾਵ ਬਣਾਈ ਰੱਖ ਸਕੇ। ਇਹ ਸਾਰਾ ਟਕਰਾਅ ਅਸਲ ਵਿਚ ਭਵਿੱਖ ਦੀਆਂ ਤਕਨੀਕਾਂ, ਊਰਜਾ ਸੁਰੱਖਿਆ ਅਤੇ ਰਾਜਨੀਤਕ ਪ੍ਰਭਾਵ ਲਈ ਚੱਲ ਰਹੀ ਇੱਕ ਵੱਡੀ ਲੜਾਈ ਦਾ ਹਿੱਸਾ ਹੈ।

ਇਹ ਅਜਿਹੀ ਦੌੜ ਹੈ ਜਿਸ ਵਿਚ ਜਿੱਤ ਕਿਸੇ ਦੇ ਹਿੱਤ ਵਿਚ ਨਹੀਂ, ਪਰ ਹਾਰ ਮਨੁੱਖਤਾ ਦੀ ਹੋਣੀ ਬਣ ਜਾਵੇਗੀ।

ਇਸ ਸੰਸਾਰਕ ਹਾਲਾਤ ਦੇ ਸੰਦਰਭ ਵਿਚ ਭਾਰਤ ਅਤੇ ਪਾਕਿਸਤਾਨ ਜਿਹੜੇ ਪਿਛਲੇ ਕਈ ਦਹਾਕਿਆਂ ਤੋਂ ਅਪਸੀ ਵਿਵਾਦਾਂ, ਕਸ਼ਮੀਰ, ਅਤੇ ਧਾਰਮਿਕ ਵੰਡਾਂ ਦੇ ਆਧਾਰ 'ਤੇ ਲੜ ਰਹੇ ਹਨ, ਉਨ੍ਹਾਂ ਲਈ ਇਹ ਸਮਾਂ ਹੈ ਸੋਚ ਵੱਲ ਮੋੜ ਕੱਟਣ ਦਾ। ਜਦੋਂ ਬਾਕੀ ਸੰਸਾਰ ਭਵਿੱਖ ਲਈ ਤਿਆਰੀਆਂ ਕਰ ਰਿਹਾ ਹੈ, ਇਹ ਖੇਤਰ ਅਜੇ ਵੀ ਅਤੀਤ ਦੇ ਜ਼ਖ਼ਮਾਂ ਨੂੰ ਕੁਰੇਦਣ 'ਚ ਰੁੱਝਿਆ ਹੋਇਆ ਹੈ। ਇਹ ਦੋਵੇਂ ਦੇਸ਼ ਜੇਕਰ ਆਪਣੀ ਸ਼ਕਤੀ ਅਤੇ ਸਮਰੱਥਾ ਨੂੰ ਲੜਾਈ ਦੀ ਥਾਂ ਸਾਂਝ ਬਣਾਉਣ ਵਿਚ ਲਗਾ ਲੈਣ, ਤਾਂ ਦੱਖਣੀ ਏਸ਼ੀਆ ਇੱਕ ਨਵੀਂ ਵਿਸ਼ਵ-ਤਾਕਤ ਵਜੋਂ ਉਭਰ ਸਕਦਾ ਹੈ।

ਭਾਰਤ ਅਤੇ ਪਾਕਿਸਤਾਨ ਨੂੰ ਆਪਣੀਆਂ ਹੱਦਬੰਦੀਆਂ ਨੂੰ ਢਾਹ ਕੇ, ਅੰਤਰਰਾਸ਼ਟਰੀ ਰਣਨੀਤਕ ਖੇਡ ਨੂੰ ਸਮਝਣ ਦੀ ਲੋੜ ਹੈ ਅਤੇ ਇਨ੍ਹਾਂ ਨੂੰ ਸਾਂਝੀ ਤਰੱਕੀ ਦੀ ਰਾਹ 'ਤੇ ਪੈਰ ਰੱਖਣਾ ਚਾਹੀਦਾ ਹੈ। ਇਹ ਦੋਵੇਂ ਦੇਸ਼ ਜੇਕਰ ਪਾਣੀ, ਊਰਜਾ, ਵਪਾਰ, ਸਿੱਖਿਆ ਅਤੇ ਤਕਨੀਕ ਵਿਚ ਸਾਂਝੇ ਰੂਪ ਵਿਚ ਕੰਮ ਕਰਨ, ਤਾਂ ਨਾ ਸਿਰਫ ਇਹ ਖੇਤਰ ਗਰੀਬੀ ਤੋਂ ਬਚ ਸਕਦਾ ਹੈ, ਸਗੋਂ ਆਉਣ ਵਾਲੀ ਭਵਿੱਖੀ ਲੜਾਈ ਵਿਚ ਆਪਣੀ ਮੌਜੂਦਗੀ ਨੂੰ ਇੱਕ ਰਚਨਾਤਮਕ ਤਾਕਤ ਵਜੋਂ ਦਰਜ ਕਰ ਸਕਦਾ ਹੈ।

ਸਾਡੀ ਧਰਤੀ ਤੇ ਊਰਜਾ ਸਾਧਨ ਸ਼ਾਇਦ ਇੰਨੇ ਹੀ ਬਚੇ ਹਨ। ਜੇਕਰ ਅਸੀਂ ਹੁਣ ਵੀ ਵਿਵਾਦਾਂ, ਧਰਮਾਂ ਵਿਚ ਫਸੇ ਰਹੇ ਤਾਂ ਮਨੁੱਖਤਾ ਦਾ ਅੰਤ ਸਿਰਫ਼ ਇੱਕ ਹਥਿਆਰ ਦੀ ਨਹੀਂ, ਸਗੋਂ ਇਕ ਦੁਰਭਾਗੇ ਸੰਕਟ ਦੀ ਸੂਰਤ 'ਚ ਹੋਵੇਗਾ। ਇਸ ਲਈ ਅੱਜ ਦੀ ਸਭ ਤੋਂ ਵੱਡੀ ਲੋੜ ਹੈ ਸਾਂਝੀ ਸੋਚ ਦੀ। ਅਜਿਹੀ ਸੋਚ ਦੀ ਜੋ ਹੱਦਾਂ ਤੋਂ ਪਾਰ ਜਾਵੇ, ਧਰਮਾਂ ਤੋਂ ਉੱਪਰ ਹੋਵੇ, ਮਨੁੱਖਤਾ ਨੂੰ ਕੇਂਦਰ ਬਣਾਵੇ। ਅਸੀਂ ਲੜ ਕੇ ਕੁਝ ਨਹੀਂ ਜਿੱਤ ਸਕਦੇ। ਪਰ ਜੇ ਅਸੀਂ ਸਾਂਝਾ ਸੁਪਨਾ ਦੇਖੀਏ, ਤਾਂ ਇੱਕ ਨਵੀਂ ਦੁਨੀਆਂ ਦੀ ਰਚਨਾ ਕਰ ਸਕਦੇ ਹਾਂ, ਜਿੱਥੇ ਭਾਰਤ ਅਤੇ ਪਾਕਿਸਤਾਨ ਨਾ ਸਿਰਫ਼ ਗਵਾਂਢੀ ਹੋਣ, ਸਗੋਂ ਭਵਿੱਖ ਦੇ ਰਾਖੇ ਵੀ ਬਣ ਸਕਣ।

---

# ਜੰਗ ਨਾਲੋਂ ਜੰਗ-ਬੰਦੀ ਬਿਹਤਰ

ਜੰਗ ਸ਼ਬਦ ਹੀ ਖ਼ਤਰਨਾਕ ਹੁੰਦਾ ਹੈ। ਜੰਗ ਦਾ ਤਬਾਹਕੁਨ ਹੋਣਾ ਕੁਦਰਤੀ ਹੈ। ਜੰਗ ਤਬਾਹੀ ਦਾ ਪ੍ਰਤੀਕ ਹੁੰਦਾ ਹੈ। ਜੰਗ ਦੇ ਨਤੀਜੇ ਕਦੀ ਵੀ ਸਕਾਰਾਤਮਕ ਨਹੀਂ ਹੋ ਸਕਦੇ। ਜੰਗ ਦੇ ਨਤੀਜੇ ਹਮੇਸ਼ਾ ਦਿਲ ਨੂੰ ਦੁਖਾਉਣ, ਦਹਿਲਾਉਣ ਵਾਲੇ ਤੇ ਹਿਰਦੇਵੇਦਿਕ ਹੁੰਦੇ ਹਨ।

ਜੰਗ-ਬੰਦੀ ਸਕਾਰਾਤਮਕ ਸੋਚ ਦਾ ਪ੍ਰਗਟਾਵਾ ਹੁੰਦੀ ਹੈ। ਜੰਗ-ਬੰਦੀ ਵਿਚ ਨਫ਼ਾ ਨੁਕਸਾਨ ਨਹੀਂ ਵੇਖਿਆ ਜਾਣਾ ਚਾਹੀਦਾ। ਜੰਗ ਮਾਨਵਤਾ ਦਾ ਘਾਣ ਕਰਦੀ ਹੈ, ਪ੍ਰੰਤੂ ਜੰਗ-ਬੰਦੀ ਮਾਨਵਤਾ ਦੇ ਭਲੇ ਵਿਚ ਹੁੰਦੀ ਹੈ ਤੇ ਮਾਨਵਤਾ ਦਾ ਬਚਾਓ ਕਰਦੀ ਹੈ। ਸ਼ਾਂਤੀ ਦਾ ਪ੍ਰਤੀਕ ਹੁੰਦੀ ਹੈ। ਸੁਹਾਵਣਾ ਜੀਵਨ ਜਿਉਣ ਲਈ ਸ਼ਾਂਤਮਈ ਵਾਤਾਵਰਨ ਜ਼ਰੂਰੀ ਹੁੰਦਾ ਹੈ। ਦੇਸ਼ ਦਾ ਆਰਥਿਕ, ਸਮਾਜਿਕ, ਸਭਿਆਚਾਰਕ, ਵਿਗਿਆਨਕ, ਸਰੀਰਕ ਤੇ ਮਾਨਸਿਕ ਵਿਕਾਸ ਸ਼ਾਂਤੀ ਦੇ ਸਮੇਂ ਹੀ ਹੋ ਸਕਦਾ ਹੈ। ਇਸ ਲਈ ਕਿਸੇ ਵੀ ਦੇਸ਼ ਦੇ ਵਿਕਾਸ ਲਈ ਸ਼ਾਂਤੀ ਹੋਣੀ ਜ਼ਰੂਰੀ ਹੁੰਦੀ ਹੈ।

**ਉਜਾਗਰ ਸਿੰਘ**
**ਫੋਨ: 94178 13072**

ਭਾਰਤ ਤੇ ਪਾਕਿਸਤਾਨ ਦਰਮਿਆਨ ਹੋਈ ਜੰਗ-ਬੰਦੀ ਦਾ ਦੋਹਾਂ ਦੇਸ਼ਾਂ ਦੇ ਅਮਨਪਸੰਦ ਲੋਕਾਂ ਨੇ ਸਵਾਗਤ ਕੀਤਾ ਹੈ।

ਜੰਗ-ਬੰਦੀ ਦਾ ਐਲਾਨ ਹੋਣ 'ਤੇ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ। ਲੋਕਾਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ। 22 ਅਪ੍ਰੈਲ 2025 ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਖੇ ਹੋਏ ਅਤਿਵਾਦੀ ਹਮਲੇ ਵਿਚ 26 ਸੈਰ ਸਪਾਟਾ ਕਰਨ ਗਏ ਬੇਕਸੂਰ ਮਾਸੂਮ ਮਾਰੇ ਗਏ ਸਨ। ਉਸ ਸਮੇਂ ਭਾਰਤ ਵਿਚ ਪਾਕਿਸਤਾਨ ਵਿਰੁੱਧ ਰੋਸ ਦੀ ਲਹਿਰ ਉਠ ਖੜ੍ਹੀ ਹੋਈ ਸੀ। ਭਾਰਤ ਦੇ ਲੋਕ ਸਰਕਾਰ ਤੋਂ ਪਾਕਿਸਤਾਨ ਤੋਂ ਬਦਲਾ ਲੈਣ ਲਈ ਕੋਈ ਸਾਰਥਕ ਕਾਰਵਾਈ ਉਮੀਦ ਰੱਖਦੇ ਸਨ। ਭਾਰਤ ਨੇ ਪੂਰੀ ਤਿਆਰੀ ਤੋਂ ਬਾਅਦ 6-7 ਮਈ ਦੀ ਰਾਤ ਨੂੰ ਪਾਕਿਸਤਾਨ ਵਿਚ ਸਥਿਤ ਅਤਵਾਦੀਆਂ ਦੇ 9 ਸਿਖਲਾਈ ਟਿਕਾਣਿਆਂ 'ਤੇ 'ਅਪ੍ਰੇਸ਼ਨ ਸਿੰਧੂਰ' ਰਾਹੀਂ ਹਮਲਾ ਕਰ ਕੇ ਸਿਖਲਾਈ ਸੈਂਟਰ ਤਬਾਹ ਕਰ ਦਿੱਤੇ। ਫਿਰ ਪਾਕਿਸਤਾਨ ਦੇ 6 ਏਅਰ ਬੇਸ ਵੀ ਤਬਾਹ ਕਰ ਦਿੱਤੇ। ਪਾਕਿਸਤਾਨ ਨੇ ਵੀ ਭਾਰਤ 'ਤੇ ਡਰੋਨਾਂ ਨਾਲ ਹਮਲੇ ਕੀਤੇ। ਇੱਕ ਕਿਸਮ ਨਾਲ ਦੋਹਾਂ ਦੇਸ਼ਾਂ ਦਰਮਿਆਨ ਲੜਾਈ ਸ਼ੁਰੂ ਹੋ ਗਈ। ਐਲਓਸੀ 'ਤੇ ਵੀ ਗੋਲਾਬਾਰੀ ਹੁੰਦੀ ਰਹੀ। ਪੁਣਛ ਵਿਚ ਪਾਕਿਸਤਾਨ ਨੇ ਭਾਰਤ ਦਾ ਨੁਕਸਾਨ ਕੀਤਾ। ਇੱਕ ਕਿਸਮ ਨਾਲ ਦਹਿਸ਼ਤ ਦਾ ਮਾਹੌਲ ਬਣ ਗਿਆ। 'ਅਪ੍ਰੇਸ਼ਨ ਸਿੰਧੂਰ' ਕਰਨਾ ਬਿਲਕੁਲ ਜ਼ਾਇਜ ਸੀ ਪ੍ਰੰਤੂ ਇਸ ਨਾਲ ਬਦਲਾ ਤਾਂ ਲੈ ਲਿਆ ਪ੍ਰੰਤੂ ਜੇਕਰ ਜੰਗ ਜਾਰੀ ਰਹਿੰਦੀ ਤਾਂ ਬਹੁਤ ਸਾਰੀਆਂ ਔਰਤਾਂ ਦੇ ਸਿੰਧੂਰ ਲਹਿ ਜਾਣੇ ਸਨ। 10 ਮਈ ਨੂੰ ਸ਼ਾਮ 5 ਵਜੇ ਅਮਰੀਕਾ ਦੀ ਵਿਚੋਲਗੀ ਨਾਲ ਜੰਗ-ਬੰਦੀ ਦਾ ਦੋਹਾਂ ਦੇਸ਼ਾਂ ਨੇ ਐਲਾਨ ਕਰ ਦਿੱਤਾ, ਇਸ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਦੋਹਾਂ ਦੇਸ਼ਾਂ ਵੱਲੋਂ ਆਪੋ-ਆਪਣੀ ਜਿੱਤ ਦੇ ਦਾਅਵੇ ਹੋਣ ਲੱਗ ਪਏ। ਭਾਰਤ ਵਿਚ ਕੁਝ ਲੋਕਾਂ ਨੇ ਜੰਗ-ਬੰਦੀ ਦਾ ਸਵਾਗਤ ਕੀਤਾ, ਪ੍ਰੰਤੂ ਕੁਝ ਲੋਕਾਂ ਨੇ ਭਾਰਤ ਵੱਲੋਂ ਅਮਰੀਕਾ ਦੀ ਵਿਚੋਲਗੀ 'ਤੇ ਸਵਾਲ ਚੁੱਕਦਿਆਂ ਇਸਨੂੰ ਭਾਰਤ ਦੇ ਹਿੱਤ ਵਿਰੁੱਧ ਕਿਹਾ, ਸਗੋਂ ਇਸਨੂੰ ਭਾਰਤ ਦੀ ਹਾਰ ਦੇ ਰੂਪ ਵਿਚ ਪ੍ਰਚਾਰਿਆ ਗਿਆ। ਜੋ ਸਰਾਸਰ ਗ਼ਲਤ ਹੈ, ਡੀਫੈਂਸ ਪੜਚੋਲਕਾਰਾਂ ਅਨੁਸਾਰ ਜੰਗ-ਬੰਦੀ ਨੂੰ ਜਿੱਤ ਹਾਰ ਤੇ ਨਫ਼ਾ-ਨੁਕਸਾਨ ਦੇ ਤੌਰ 'ਤੇ ਨਹੀਂ ਵੇਖਣਾ ਚਾਹੀਦਾ। ਜੰਗ-ਬੰਦੀ ਦੇਸ਼ ਦੀ ਆਰਥਿਕਤਾ ਲਈ ਲਾਹੇਵੰਦ ਹੁੰਦੀ ਹੈ। ਲੋਕ ਆਪਣਾ ਰੋਜ਼ ਮਰ੍ਹਾ ਦਾ ਕਾਰੋਬਾਰ ਕਰ ਕੇ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਕਰਨ ਦੇ ਸਮਰੱਥ ਹੁੰਦੇ ਹਨ। ਜੰਗ ਦੌਰਾਨ ਜਨ-ਜੀਵਨ ਵਿਚ ਖੜੋਤ ਆ ਜਾਂਦੀ ਹੈ। ਕਰਫਿਊ ਤੇ ਬਲੈਕ ਆਊਟ ਕਾਰੋਬਾਰ ਬੰਦ ਕਰ ਦਿੰਦੀ ਹੈ। ਜਾਨ-ਮਾਲ ਦਾ ਵੱਖਰਾ ਨੁਕਸਾਨ ਹੁੰਦਾ ਹੈ। ਮਨੁੱਖੀ ਜੀਵਨ ਦਾ ਬਚਾਓ ਸਭ ਤੋਂ ਵੱਡੀ ਪ੍ਰਾਪਤੀ ਹੁੰਦਾ ਹੈ। ਲੋਕਾਂ ਦਾ ਸੁੱਖ-ਚੈਨ ਖ਼ਤਮ ਹੋ ਜਾਂਦਾ ਹੈ। ਜੰਗ-ਬੰਦੀ ਦੇਸ਼ ਅਤੇ ਲੋਕਾਂ ਦੇ ਹਿੱਤ ਵਿਚ ਹੁੰਦੀ ਹੈ। ਸਰਕਾਰਾਂ ਦਾ ਮੰਤਵ ਵੀ ਲੋਕ ਹਿੱਤਾਂ 'ਤੇ ਪਹਿਰਾ ਦੇਣਾ ਹੁੰਦਾ ਹੈ। ਭਾਰਤ ਲਈ ਜੰਗ-ਬੰਦੀ ਇਸ ਕਰਕੇ ਵੀ ਜ਼ਰੂਰੀ ਹੈ ਕਿ ਉਸ ਦੇ ਲਗਪਗ ਸਾਰੇ ਗੁਆਂਢੀ ਦੇਸ਼ਾਂ ਨਾਲ ਸੰਬੰਧ ਸਾਜ਼ਗਾਰ ਨਹੀਂ ਹਨ।

ਚੀਨ ਹਮੇਸ਼ਾ ਭਾਰਤ ਲਈ ਖ਼ਤਰਾ ਬਣਿਆ ਰਹਿੰਦਾ ਹੈ। ਭਾਰਤ ਖਾਸ ਤੌਰ 'ਤੇ ਪੰਜਾਬ ਨੇ



*ਜੰਗਬੰਦੀ ਦੇ ਐਲਾਨ ਮਗਰੋਂ ਪਾਕਿਸਤਾਨ ਦੇ ਹੈਦਰਾਬਾਦ ਵਿਚ ਜਸ਼ਨ ਮਨਾਉਂਦੇ ਹੋਏ ਲੋਕ।*

1947 ਵਿਚ ਦੇਸ਼ ਦੀ ਵੰਡ, 1965 ਚੀਨ ਨਾਲ ਜੰਗ, 1971 ਪਾਕਿਸਤਾਨ ਨਾਲ ਲੜਾਈ, ਕਾਰਗਿਲ, ਪੁਲਵਾਮਾ ਤੇ ਹੁਣ ਪਹਿਲਗਾਮ ਦੇ ਭਿਆਨਕ ਨਤੀਜਿਆਂ ਦਾ ਸੰਤਾਪ ਭੋਗਿਆ ਹੈ।

ਹਜ਼ਾਰਾਂ ਫੌਜੀਆਂ ਅਤੇ ਸਿਵਲੀਅਨ ਦਾ ਖ਼ੂਨ ਡੁੱਲ੍ਹਿਆ, ਇਸਤਰੀਆਂ ਵਿਧਵਾ ਹੋਈਆਂ, ਮਾਵਾਂ ਦੇ ਪੁੱਤ ਸ਼ਹੀਦ ਹੋਏ, ਭੈਣਾਂ ਭਰਾਵਾਂ ਦੇ ਰੱਖੜੀਆਂ ਬੰਨ੍ਹਣ ਤੋਂ ਰਹਿ ਗਈਆਂ ਤੇ ਬੱਚੇ ਮਾਤਾ-ਪਿਤਾ ਤੋਂ ਵਾਂਝੇ ਹੋ ਗਏ। 1971 ਦੀ ਜੰਗ ਵਿਚ ਪਾਕਿਸਤਾਨ ਦਾ ਨੁਕਸਾਨ ਬਹੁਤ ਜ਼ਿਆਦਾ ਹੋਇਆ। ਪਾਕਿਸਤਾਨ ਦੋ ਹਿੱਸਿਆਂ ਵਿਚ ਵੰਡਿਆ ਗਿਆ। ਬੰਗਲਾਦੇਸ਼ ਪਾਕਿਸਤਾਨ ਨਾਲੋਂ ਵੱਖ ਹੋ ਗਿਆ। ਪਾਕਿਸਤਾਨ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਉਸਦੇ 93000 ਫੌਜੀਆਂ ਨੇ ਜਨਰਲ ਜਗਜੀਤ ਸਿੰਘ ਅਰੋੜਾ ਅੱਗੇ ਹਥਿਆਰ ਸੁੱਟ ਦਿੱਤੇ। ਪਾਕਿਸਤਾਨ ਇਤਨੀ ਬੁਰੀ ਤਰ੍ਹਾਂ ਹਾਰ ਤੇ ਨੁਕਸਾਨ ਕਰਵਾਉਣ ਤੋਂ ਬਾਅਦ ਵੀ ਸੁਧਰਨ ਦਾ ਨਾਮ ਨਹੀਂ ਲੈ ਰਿਹਾ। ਮਨੁੱਖਤਾ ਦਾ ਖ਼ੂਨ ਡੁੱਲ੍ਹਦਾ ਹੈ। ਅਸਲ ਵਿਚ ਪਾਕਿਸਤਾਨ ਵਿਚ ਲੋਕਾਂ ਦੀ ਸਰਕਾਰ 'ਤੇ ਫੌਜ ਭਾਰੂ ਹੈ। ਉਥੇ ਫੌਜ ਦੀ ਹੀ ਪੁਗਦੀ ਹੈ। ਫੌਜ ਅਜਿਹੇ ਪੰਗੇ ਛੇੜੀ ਰੱਖਦੀ ਹੈ ਤਾਂ ਜੋ ਸਰਕਾਰ ਨੂੰ ਆਪਣੇ ਥੱਲੇ ਲਾ ਕੇ ਰੱਖ ਸਕੇ। ਜੰਗ ਕੋਈ ਖੇਡ ਨਹੀਂ ਹੁੰਦੀ। ਅਤਿਵਾਦੀਆਂ ਨੂੰ ਵੀ ਪਤਾ ਹੁੰਦਾ ਹੈ ਕਿ ਉਨ੍ਹਾਂ ਦੀ ਉਮਰ ਬਹੁਤੀ ਲੰਬੀ ਨਹੀਂ ਹੁੰਦੀ ਪ੍ਰੰਤੂ ਪਾਕਿਸਤਾਨ ਸਰਕਾਰ ਦੀ ਪੁਸ਼ਤ-ਪਨਾਹੀ ਹੋਣ ਕਰਕੇ ਗੁਮਰਾਹ ਹੋ ਕੇ ਫਿਰ ਵੀ ਉਹ ਅਜਿਹੇ ਕੰਮ ਕਰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਪੰਜਾਬ ਨੇ 1980ਵਿਆਂ ਵਿਚ ਪਾਕਿਸਤਾਨ ਦੀ ਸ਼ਹਿ 'ਤੇ ਕਥਿਤ ਅਤਵਾਦੀਆਂ ਤੇ ਸਰਕਾਰਾਂ ਦੀਆਂ ਜ਼ਿਆਦਤੀਆਂ ਦਾ ਸੰਤਾਪ ਭੋਗਿਆ। ਪੰਜਾਬ ਦੀ ਨੌਜਵਾਨੀ ਦਾ ਘਾਣ ਹੋਇਆ। ਇਸੇ ਤਰ੍ਹਾਂ 1984 ਵਿਚ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਸਿੱਖ ਨਸਲਕੁਸ਼ੀ ਹੋਈ, ਜਿਸ ਦਾ ਦੁੱਖ ਅੱਜ ਤੱਕ ਪੰਜਾਬੀਆਂ/ਸਿੱਖਾਂ ਦੇ ਅੱਲੇ ਜ਼ਖਮਾਂ ਵਿਚੋਂ ਰਿਸ ਰਿਹਾ ਹੈ। ਇਨ੍ਹਾਂ ਜੰਗਾਂ ਅਤੇ ਦੁਰਘਟਨਾਵਾਂ ਦਾ ਸਭ ਤੋਂ ਵੱਧ ਨੁਕਸਾਨ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਲੋਕਾਂ ਨੂੰ ਹੋਇਆ ਹੈ, ਜਿਨ੍ਹਾਂ ਨੇ ਆਪਣੇ ਪਿੰਡੇ 'ਤੇ ਸਾਰਾ ਕੁਝ ਹੰਢਾਇਆ ਹੈ। ਇਨ੍ਹਾਂ ਪੰਜਾਬੀਆਂ ਨੂੰ ਪੁੱਛੋ ਜੰਗ ਦਾ ਕੀ ਨੁਕਸਾਨ ਹੁੰਦਾ ਹੈ? ਪੰਜਾਬੀ ਜੰਗ-ਬੰਦੀ ਦਾ ਸਵਾਗਤ ਕਰਦੇ ਹਨ। ਉਹ ਦੋਵੇਂ ਦੇਸ਼ਾਂ ਦੇ ਸਿਆਸਤਦਾਨਾਂ ਨੂੰ ਪੰਜਾਬੀਆਂ ਦੇ ਦੁੱਖ ਨੂੰ ਮਹਿਸੂਸ ਕਰਦਿਆਂ ਕੂਟਨੀਤਕ ਸੰਬੰਧਾਂ ਨਾਲ ਸਾਰੇ ਮਸਲੇ ਹੱਲ ਕਰਨ। ਕਿਸੇ ਵੀ ਦੇਸ਼ ਦੇ ਲੋਕਾਂ ਦਾ ਖ਼ੂਨ ਅਜਾਈਂ ਨਹੀਂ ਡੁੱਲ੍ਹਣਾ ਚਾਹੀਦਾ। ਪਾਕਿਸਤਾਨ ਦੀ ਆਰਥਿਕ ਹਾਲਤ ਡਾਵਾਂਡੋਲ ਹੈ, ਪ੍ਰੰਤੂ ਭਾਰਤ ਦੀ ਵੀ ਬਹੁਤੀ ਚੰਗੀ ਨਹੀਂ ਉਹ ਵੀ ਕਰਜ਼ਈ ਹੋਇਆ ਪਿਆ ਹੈ। ਸੰਸਾਰ ਦੇ ਵੱਡੇ ਦੇਸ਼ ਆਪੋ-ਆਪਣੇ ਹਥਿਆਰ ਵੇਚਣ ਲਈ ਦੋਹਾਂ ਦੇਸ਼ਾਂ ਦੀ ਆਰਥਿਕਤਾ ਨੂੰ ਢਾਅ ਲਾ ਰਹੇ ਹਨ। ਰੂਸ ਜਿਸ ਨੂੰ ਭਾਰਤ ਆਪਣਾ ਹਮਦਰਦ ਕਹਿੰਦਾ ਹੈ, ਉਹ ਪਾਕਿਸਤਾਨ ਨੂੰ ਵੀ ਹਥਿਆਰ ਵੇਚਦਾ ਹੈ। ਹੀਰੋਸੀਮਾ ਤੇ ਨਾਗਾ ਸਾਕੀ ਦੇ ਪ੍ਰਮਾਣੂ ਹਮਲੇ ਦਾ ਭੂਤ ਅਜੇ ਤੱਕ ਮੰਡਰਾ ਰਿਹਾ ਹੈ, ਡੀਫੈਂਸ ਪੜਚੋਲਕਾਰਾਂ ਦੀ ਰਾਏ ਹੈ ਕਿ ਅਮਰੀਕਾ ਭਾਂਪ ਗਿਆ ਸੀ ਕਿ ਜੇਕਰ ਕਿਸੇ ਇੱਕ ਦੇਸ਼ ਨੇ ਅਣਗਹਿਲੀ ਵਰਤ ਲਈ ਤਾਂ ਸੰਸਾਰ ਜੰਗ ਲੱਗ ਸਕਦੀ ਹੈ, ਸੰਸਾਰ ਆਰਥਿਕ ਮੰਦਹਾਲੀ ਵਿਚ ਤਾਂ ਪਹੁੰਚੇਗਾ ਹੀ ਪ੍ਰੰਤੂ ਪ੍ਰਮਾਣੂੰ ਖ਼ਤਰਾ ਸਭ ਤੋਂ ਵੱਧ ਨੁਕਸਾਨਦਾਇਕ ਹੋ ਸਕਦਾ ਹੈ, ਕਿਉਂਕਿ ਭਾਰਤ ਤੇ ਪਾਕਿਸਤਾਨ ਦੋਹਾਂ ਦੇਸ਼ਾਂ ਕੋਲ ਪ੍ਰਮਾਣੂ ਸ਼ਕਤੀ ਹੈ। ਰੂਸ ਅਤੇ ਯੂਕਰੇਨ ਦੀ ਲੜਾਈ ਖ਼ਤਮ ਹੋਣ ਵਿਚ ਨਹੀਂ ਆ ਰਹੀ। ਇਹ ਅਹੰਕਾਰ ਦੀ ਲੜਾਈ ਨਹੀਂ ਸਗੋਂ ਸ਼ਾਂਤੀ ਦਾ ਮਸਲਾ ਹੈ। ਜਿਹੜੇ ਲੋਕ ਸੋਸ਼ਲ ਮੀਡੀਆ 'ਤੇ ਬੈਠ ਕੇ ਡੀਂਗਾਂ ਮਾਰ ਰਹੇ ਹਨ ਤੇ

(ਬਾਕੀ ਅਗਲੇ ਸਫੇ 'ਤੇ)

# 'ਏਕ ਚੁਟਕੀ ਸਿੰਦੂਰ...'




7 ਮਈ ਤੜਕੇ ਕੀਤੇ ਗਏ 'ਆਪਰੇਸ਼ਨ ਸਿੰਦੂਰ' ਉਪਰੰਤ 2007 ਦੀ ਬੌਲੀਵੁਡ ਫਿਲਮ 'ਓਮ ਸ਼ਾਂਤੀ ਓਮ' ਵਿਚ ਅਭਿਨੇਤਰੀ ਦੀਪਿਕਾ ਪਾਦੂਕੋਨ ਵਲੋਂ ਬੋਲਿਆ ਗਿਆ ਇੱਕ ਡਾਇਲਾਗ ਬੜਾ ਚਰਚਿਤ ਹੋਇਆ ਹੈ-'ਏਕ ਚੁਟਕੀ ਸਿੰਦੂਰ ਕੀ ਕੀਮਤ ਤੁਮ ਕਯਾ ਜਾਨੋਂ ਰਮੇਸ਼ ਬਾਬੂ...ਈਸ਼ਵਰ ਕਾ ਆਸ਼ੀਰਵਾਦ ਹੋਤਾ ਹੈ ਏਕ ਚੁਟਕੀ ਸਿੰਦੂਰ...ਹਰ ਔਰਤ ਕਾ ਖਵਾਬ ਹੋਤਾ ਹੈ ਏਕ ਚੁਟਕੀ ਸਿੰਦੂਰ'।



ਸਮੇਂ ਦੀ ਵਿਡੰਬਨਾ ਦੇਖੋ ਕਿ ਉਸ ਫਿਲਮ, ਜਿਸ ਦਾ ਨਾਮ 'ਓਮ ਸ਼ਾਂਤੀ ਓਮ' ਹੈ, ਦਾ ਸੰਵਾਦ 'ਜੰਗ ਵਰਗੇ ਹਾਲਾਤ' ਵਿਚ 'ਵਾਇਰਲ' ਹੋ ਗਿਆ ਹੈ! ਇਸ ਦੀਆਂ ਮੀਮਜ਼ ਬਣ ਬਣ ਸੋਸ਼ਲ ਮੀਡੀਆ ਉੱਪਰ ਪ੍ਰਚੱਲਿਤ ਹੋ ਰਹੀਆਂ ਹਨ। ਕਈਆਂ ਵਿਚ ਇਸ ਸੰਵਾਦ ਨੂੰ ਥੋੜੀ ਜਿਹੀ 'ਟਵਿਸਟ' ਦੇ ਕੇ ਐਂ ਵੀ ਲਿਖਿਆ ਗਿਐ-'ਏਕ ਚੁਟਕੀ ਸਿੰਦੂਰ ਕੀ ਕੀਮਤ ਤੁਮ ਕਿਆ ਜਾਨੋ 'ਮੌਲਾਨਾ ਮੁਨੀਰ' ਜਾਂ ਫਿਰ 'ਏਕ ਚੁਟਕੀ ਸਿੰਦੂਰ ਕੀ ਕੀਮਤ ਅਬ ਜਾਨ ਗਏ ਹੋ ਨਾਪਾਕ ਪਾਕ' ਆਦਿ।

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

ਦਰਅਸਲ 7 ਮਈ ਨੂੰ ਜਦ ਭਾਰਤ ਨੇ 22 ਅਪ੍ਰੈਲ ਵਾਲੇ ਦਿਨ ਪਹਿਲਗਾਮ ਵਿਚ ਮਾਰੇ ਗਏ 26 ਨਿਹੱਥੇ ਸੈਲਾਨੀਆਂ, ਜਿਨ੍ਹਾਂ 'ਚੋਂ ਇੱਕ ਨੇਪਾਲੀ ਨਾਗਰਿਕ ਸੀ ਤੇ ਬਾਕੀ ਭਾਰਤੀ, ਦੇ ਬਦਲੇ ਵਜੋਂ ਮਕਬੂਜ਼ਾ ਕਸ਼ਮੀਰ ਅਤੇ ਲਹਿੰਦੇ ਪੰਜਾਬ ਵਿਚਲੇ ਅਤਿਵਾਦੀਆਂ ਦੇ 9 ਟਿਕਾਣਿਆਂ ਉਪਰ ਮੋੜਵੀਂ ਕਾਰਵਾਈ ਬਾਰੇ ਇੱਕ ਪ੍ਰੈਸ ਕਾਨਫਰੰਸ ਰਾਹੀਂ ਜਾਣਕਾਰੀ ਦਿਤੀ ਤਾਂ ਕੀਤੇ ਗਏ ਆਪਰੇਸ਼ਨ ਦਾ ਕੋਡਨੇਮ ਬੜਾ ਹੀ ਸਿੰਬੋਲਿਕ ਲੱਗਾ। ਤੇ ਇਹ ਹੈ ਵੀ ਸੀ। ਆਪਾਂ ਸਭ ਨੇ ਪੜ੍ਹਿਆ-ਦੇਖਿਆ। ਐਨ 3 ਕੁਰਸੀਆਂ ਦੇ ਪਿੱਛੇ ਮੋਟੇ ਅੱਖਰਾਂ ਵਿਚ ਲਿਖਿਆ ਸੀ 'ਆਪਰੇਸ਼ਨ ਸਿੰਦੂਰ'। ਸ਼ਬਦ ਸਿੰਦੂਰ ਵਿਚਲੇ ਅੰਗਰੇਜ਼ੀ ਦੇ ਦੋ 'ਓਜ਼', ਜੋ ਸੁਭਾਵਕ ਬਣਤਰ ਵਜੋਂ ਗੋਲਾਕਾਰ ਹਨ, ਵਿਚ ਇਕ 'ਓ' ਸੰਧੂਰ ਨਾਲ ਭਰਿਆ ਹੋਇਆ ਸੀ ਅਤੇ ਦੂਸਰਾ 'ਓ' ਬੇਸ਼ਕ ਖਾਲੀ ਸੀ ਪਰ ਉਸ ਕੋਲ ਸੰਧੂਰ ਬਿਖਰਿਆ ਪਿਆ ਸੀ!

ਇਹ ਇੱਕ ਠੋਸ ਤੇ 'ਠਾਹ-ਸੋਟਾ' ਮੈਟਾਫਰ ਸੀ। ਇਸ ਦਾ ਮਤਲਬ ਸੀ ਕਿ ਬੇਸ਼ੱਕ ਪਾਕਿਸਤਾਨ ਦੀ ਪੁਸ਼ਤਪਨਾਹੀ ਹੇਠ ਪਲਦੇ ਦਹਿਸ਼ਤਗਰਦਾਂ ਨੇ 25 ਭਾਰਤੀਆਂ, ਜਿਨ੍ਹਾਂ ਵਿਚੋਂ 24 ਹਿੰਦੂ ਸਨ, ਅਤੇ ਵਿਆਹੇ-ਵਰੇ ਸਨ, ਨੂੰ ਉਨ੍ਹਾਂ ਦੀਆਂ ਪਤਨੀਆਂ, ਧੀਆਂ-ਪੁੱਤਰਾਂ, ਮਾਪਿਆਂ ਦੇ ਸਾਹਮਣੇ ਬੇਦਰਦੀ ਨਾਲ ਮਾਰਿਆ ਸੀ ਅਤੇ ਛੁੱਟੀਆਂ ਮਨਾਉਣ ਗਏ ਪਰਿਵਾਰਾਂ ਦੀਆਂ ਔਰਤਾਂ ਨੂੰ ਵਿਧਵਾ ਕਰ ਕੇ ਉਨ੍ਹਾਂ ਦੀ ਮਾਂਗ ਦੇ ਸੰਧੂਰ 'ਤੇ ਡਾਕਾ ਮਾਰਿਆ ਸੀ, ਤਾਂ ਵੀ ਪੂਰਾ ਭਾਰਤ ਉਨ੍ਹਾਂ ਦੇ ਪੀੜਤ ਪਰਿਵਾਰਾਂ, ਖਾਸ ਕਰਕੇ ਵਿਧਵਾ ਪਤਨੀਆਂ, ਨਾਲ ਪੂਰੀ ਤਾਕਤ ਅਤੇ ਤਨਦੇਹੀ ਨਾਲ ਖੜ੍ਹਾ ਹੈ।

(ਅਸੀਂ ਪਹਿਲਾਂ ਵੀ ਲਿਖ ਚੁੱਕੇ ਹਾਂ ਕਿ ਨਵ-ਵਿਆਹੀ ਹਿਮਾਂਸ਼ੀ ਨਾਰਵਾਲ ਦੀ ਆਪਣੇ ਲੈਫਟੀਨੈਂਟ ਪਤੀ ਵਿਨੇ ਨਰਵਾਲ ਦੀ ਲਾਸ਼ ਕੋਲ ਬੇਬਸ ਬੈਠਿਆਂ ਦੀ ਫੋਟੋ ਹਰ ਸੰਵੇਦਨਸ਼ੀਲ ਬੰਦੇ ਨੂੰ ਦਹਾਕਿਆਂ ਬੱਧੀ 'ਹਾਂਟ' ਕਰਦੀ ਰਹੇਗੀ)

ਇੱਕ 'ਓ' ਵਿਚਲਾ ਭਰਿਆ ਗਿਆ ਸੰਧੂਰ ਇਸ ਗਲ ਦਾ ਸੂਚਕ ਅਤੇ ਸੁਨੇਹਾ ਹੈ ਕਿ ਸੰਧੂਰ ਸਿਰਫ ਸਨਾਤਨ ਮੱਤ/ਹਿੰਦੂ ਧਰਮ 'ਚ ਔਰਤ ਦੇ ਸ਼ਾਦੀਸ਼ੁਦਾ ਹੋਣ ਦਾ ਸੰਕੇਤ ਹੀ ਨਹੀਂ, ਸਗੋਂ ਇਹ ਘਰ-ਪਰਿਵਾਰਕ ਰਿਸ਼ਤਿਆਂ ਦੇ ਅਟੁੱਟ ਬੰਧਨ, ਅਸੀਮ ਪਿਆਰ ਅਤੇ ਅਮਰ ਅਧਿਆਤਮਕ ਸੰਸਕਾਰਾਂ ਦਾ ਪ੍ਰਤੀਕ ਹੈ।

ਇਸ 'ਸਿੰਬੋਲਿਜ਼ਮ' ਨੂੰ ਇੱਕ ਹੋਰ ਸੰਕੇਤ ਨੇ ਹੋਰ ਬਲ ਬਖਸ਼ਿਆ। ਉਹ ਸੀ ਇੱਕ ਅਜਿਹੀ ਮਹਿਲਾ ਫੌਜੀ ਅਫਸਰ ਦਾ ਉਸ ਮੀਡੀਆ ਬਰੀਫਿੰਗ ਵਿਚ ਸ਼ਾਮਿਲ ਹੋਣਾ ਜਿਸ ਦੇ ਧਰਮ 'ਚ ਸ਼ਾਦੀਸ਼ੁਦਾ ਔਰਤਾਂ ਵਲੋਂ ਸੰਧੂਰ ਨਹੀਂ ਵਰਤਿਆ ਜਾਂਦਾ। ਭਾਵ ਕਰਨਲ ਸੋਫੀਆ ਕੁਰੈਸ਼ੀ, ਜਿਸ ਦਾ ਧਰਮ ਇਸਲਾਮ ਹੈ ਪਰ ਜਿਸ ਦਾ ਧਰਤੀ-ਧਰਮ ਭਾਰਤ ਹੈ। ਉਸ ਦੀਆਂ 3 ਪੀੜ੍ਹੀਆਂ ਫੌਜੀ ਹਨ। ਤੇ ਉਸ ਨਾਲ ਬੈਠੀ ਸੀ ਇੱਕ ਹਿੰਦੂ ਮਹਿਲਾ ਅਫਸਰ ਵਿੰਗ ਕਮਾਂਡਰ ਵਿਓਮਿਕਾ ਸਿੰਘ। ਇਹ ਉਸ ਫਾਸ਼ੀਵਾਦੀ ਦੋ-ਰਾਸ਼ਟਰੀ ਸਿਧਾਂਤ ਦੇ ਮੂੰਹ ਉੱਪਰ ਕਰਾਰੀ ਚਪੇੜ ਹੈ ਜਿਸ ਨੂੰ ਪਾਕਿਸਤਾਨ ਦਾ ਫੌਜੀ ਮੁਖੀ ਆਸਿਮ ਮੁਨੀਰ ਇਨ੍ਹੀਂ ਦਿਨੀਂ ਬਾਰ-ਬਾਰ ਅਤੇ ਚਿਲਾ-ਚਿਲਾ ਕੇ ਦੁਹਰਾ ਰਿਹਾ ਹੈ। ਉਸ ਵਲੋਂ ਉਗਲੀ ਗਈ ਅੱਗ ਉਪਰੰਤ ਹੀ ਪਹਿਲਗਾਮ ਦਾ ਕਤਲੇਆਮ ਹੋਇਆ ਸੀ। (ਇਸ 'ਲਿੰਕੇਜ' ਦੀ ਸੰਭਾਵਨਾ ਸਬੰਧੀ ਦੇਸ਼ ਦੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਵੀ ਇਸ਼ਾਰਾ ਕੀਤਾ ਹੈ)। ਇਨ੍ਹਾਂ ਦੋ ਦਲੇਰ ਮਹਿਲਾ ਫੌਜੀ ਅਫਸਰਾਂ ਦੀ ਮੌਜੂਦਗੀ ਜਿਥੇ ਪਹਿਲਗਾਮ-ਪੀੜਤ ਮਹਿਲਾਵਾਂ ਲਈ ਧਰਵਾਸ ਹੈ, ਓਥੇ ਸਰਹੱਦੋਂ ਪਾਰ ਪਲਦੇ ਦਹਿਸ਼ਤਗਰਦਾਂ ਲਈ ਇੱਕ ਧੜੱਲੇਦਾਰ ਧਮਾਕਾ ਹੈ ਕਿ ਭਾਰਤ ਵਿਚ ਨਾ ਸਿਰਫ ਹਿੰਦੂ, ਮੁਸਲਮਾਨ, ਸਿੱਖ, ਈਸਾਈ, ਬੋਧੀ, ਜੈਨੀ, ਪਾਰਸੀ ਅਤੇ ਹੋਰ ਧਰਮਾਂ ਨੂੰ ਮੰਨਣ ਵਾਲੇ ਲੋਕ ਇਸ ਸੰਕਟ ਦੀ ਘੜੀ ਵਿਚ ਇੱਕਮੁਠ ਹਨ, ਬਲਕਿ ਇਥੇ 'ਨਰ-ਨਾਰੀ' ਦੀ ਬਰਾਬਰੀ ਤੇ ਨਾਰੀ-ਸ਼ਕਤੀ ਦੀ ਮਹਾਨਤਾ ਅਤੇ ਮਹੱਤਤਾ ਮੰਨੀ ਵੀ ਜਾਂਦੀ ਹੈ ਤੇ ਉਸ ਨੂੰ ਮਾਨਤਾ ਵੀ ਦਿਤੀ ਜਾਂਦੀ ਹੈ, ਜੋ ਸਰਹੱਦ ਪਾਰ ਦੀਆਂ ਬਹੁਤੀਆਂ ਔਰਤਾਂ ਨੂੰ ਅਜੇ ਸ਼ਾਇਦ ਪ੍ਰਾਪਤ ਨਾ ਹੋਵੇ।

ਅਜਿਹਾ ਪਹਿਲੀ ਵਾਰ ਹੋਇਐ ਕਿ ਮੀਡੀਆ ਬ੍ਰੀਫਿੰਗ ਵਿਦੇਸ਼ ਸਕੱਤਰ ਵਿਕਰਮ ਮਿਸਰੀ ਦੇ ਨਾਲ ਦੋ ਮਹਿਲਾ ਫੌਜੀ ਅਫਸਰਾਂ ਵਲੋਂ ਕੀਤੀ ਗਈ ਹੋਵੇ! ਇਹ ਵੀ ਪਹਿਲੀ ਵਾਰ ਹੀ ਹੋਇਐ ਕਿ ਪ੍ਰੈਸ ਬਰੀਫਿੰਗ ਹਿੰਦੀ-ਅੰਗਰੇਜ਼ੀ ਦੋਨਾਂ ਭਾਸ਼ਾਵਾਂ ਵਿਚ ਕੀਤੀ ਗਈ ਹੋਵੇ। ਇੱਥੇ ਇਹ ਵੀ ਦੱਸਣਾ ਲਾਜ਼ਮੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਿਹਾਰ ਸਮਾਗਮ ਵਿਚ ਪਹਿਲਗਾਮ ਬਾਰੇ ਹਿੰਦੀ ਤੋਂ ਆਪਣਾ ਭਾਸ਼ਨ ਅੰਗਰੇਜ਼ੀ ਵਿਚ ਸ਼ਿਫਟ ਕੀਤਾ ਹੋਵੇ। ਇਨ੍ਹਾਂ ਗੱਲਾਂ ਦਾ ਸਾਫ ਮਤਲਬ ਹੈ ਕਿ ਭਾਰਤ ਆਪਣੀ ਗੱਲ ਸਿੱਧੀ ਅਮਰੀਕਾ, ਪੱਛਮੀ ਮੁਲਕਾਂ ਅਤੇ ਹੋਰ ਦੇਸ਼ਾਂ, ਜੋ ਹਿੰਦੀ ਨਹੀਂ ਸਮਝ ਸਕਦੇ, ਨੂੰ ਪਹੁੰਚਾਉਣਾ ਚਾਹੁੰਦਾ ਹੈ। 1971 ਦੀ ਜੰਗ ਤੋਂ ਬਾਅਦ ਪਹਿਲੀ ਵਾਰ ਹੋਇਐ ਕਿ ਤਿੰਨਾਂ ਸੈਨਾਂਵਾਂ ਵਲੋਂ ਐਕਸ਼ਨ ਕੀਤਾ ਗਿਆ ਹੋਵੇ ਅਤੇ ਉਹ ਵੀ ਲਹਿੰਦੇ ਪੰਜਾਬ ਦੇ 100 ਕਿਲੋ ਮੀਟਰ ਅੰਦਰ ਤਕ। ਦੋਵਾਂ ਮੁਲਕਾਂ ਵਿਚ ਪਹਿਲੀ ਵਾਰ ਇੱਕ ਹਾਈ-ਟੈਕ ਜੰਗ ਹੋਈ। ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਵੀ ਫੌਜੀ 'ਸਟਰਾਈਕ' ਦਾ ਕੋਡਨੇਮ ਇੱਕ ਮਾਅਨੀਖੇਜ਼ ਸੰਕੇਤ ਵਜੋਂ ਰਖਿਆ ਗਿਆ ਹੋਵੇ! ਪਹਿਲੇ ਕਈ ਆਪੇਰਸ਼ਨਾਂ ਦੇ ਨਾਮ ਸਿਰਫ ਫੌਜੀ ਸ਼ਕਤੀ/ਦਲੇਰੀ ਨੂੰ ਦਰਸਾਉਣ ਵਾਲੇ ਹੀ ਹਨ ਜਿਵੇਂ ਆਪਰੇਸ਼ਨ ਵਿਜੇ, ਆਪਰੇਸ਼ਨ ਪਰਾਕਰਮ ਆਦਿ। ਪਰ 7 ਮਈ ਵਾਲਾ ਇਹ ਨਾਮ ਸਾਡੀ ਫੌਜੀ ਸ਼ਕਤੀ ਤਾਂ ਦਰਸਾਉਂਦਾ ਹੀ ਹੈ ਪਰ ਨਾਲ ਹੀ ਇਸ ਨਾਲ ਜੁੜੀ ਭਾਵੁਕਤਾ ਅਤੇ ਭਾਰਤੀ ਸੰਸਕ੍ਰਿਤੀ ਦਾ ਵੀ ਬਿਰਤਾਂਤ ਸਿਰਜਦੈ। ਕਿਹਾ ਜਾਂਦੈ ਕਿ ਇਹ ਨਾਮਕਰਨ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤਾ ਸੀ, ਜੋ ਦੇਸ਼ ਦੀਆਂ ਉਨ੍ਹਾਂ ਮਹਿਲਾਵਾਂ, ਮਾਂਵਾਂ, ਭੈਣਾਂ ਨੂੰ ਸਮਰਪਿਤ ਹੈ ਜਿਨ੍ਹਾਂ ਦੀ ਮਾਂਗ ਦਾ ਸੰਧੂਰ ਮਿਟਾਇਆ ਗਿਆ ਸੀ।

ਇਹ ਸੰਕੇਤ ਦੇਸ਼ ਵਿਚਲੀ ਆਪਸੀ ਸਾਂਝ, ਸਦਭਾਵਨਾ, ਸਮਾਵੇਸ਼ ਅਤੇ ਮਾਤਰ-ਭੂਮੀ ਦੀ ਰਾਖੀ ਲਈ ਇੱਕਜੁਟਤਾ ਦਾ ਸੰਜੀਦਾ ਪਰ ਸਾਰਥਕ ਸੰਦੇਸ਼ ਹੈ।

ਇਹ ਪਹਿਲਗਾਮ ਦੇ ਦਰਦ ਨੂੰ ਸਮੂਹਿਕ ਰਾਸ਼ਟਰੀ ਚੇਤਨਾ ਦਾ ਹਿੱਸਾ ਬਣਾਉਣ, ਦੇਸ਼ ਦੀ ਏਕਤਾ/ਅਖੰਡਤਾ ਪ੍ਰਗਟਾਉਣ ਅਤੇ ਦੇਸ਼ ਦੇ ਦੁਸ਼ਮਣਾਂ ਨੂੰ ਸਹੀ ਸਬਕ ਸਿਖਾਉਣ ਦੀ ਸਟੀਕ 'ਸਰਜੀਕਲ ਸਟਰਾਈਕ' ਹੈ।

ਇਸ ਦਾ ਕੋਡਨੇਮ ਠੀਕ ਹੀ 'ਆਪਰੇਸ਼ਨ ਸਿੰਦੂਰ', ਜੋ ਇਸ ਦੀ ਭਾਵੁਕਤਾ ਅਤੇ 'ਸਟਰਾਈਕਿੰਗ' ਸਟੀਕਤਾ ਲਈ ਸਦਾ ਯਾਦ ਰਹੇਗਾ। ਇਸ ਨਾਲ ਲਸ਼ਕਰ, ਜੈਸ਼ ਅਤੇ ਹਿਜਬੁਲ ਦੇ ਟਿਕਾਣੇ 25 ਮਿੰਟਾਂ 'ਚ ਨੇਸਤੋ ਨਬੂਦ ਕਰ ਦਿਤੇ ਗਏ, 100 ਤੋਂ ਵੱਧ ਅਤਿਵਾਦੀ, ਜਿਨ੍ਹਾਂ ਵਿਚ ਜੈਸ਼-ਏ-ਮੁਹੰਮਦ ਦੇ ਪ੍ਰਮੁੱਖ ਅਤਿਵਾਦੀ ਮਸੂਦ ਅਜ਼ਹਰ ਦੇ ਪਰਿਵਾਰ ਦੇ ਕਈ ਮੈਂਬਰ/ਰਿਸ਼ਤੇਦਾਰ ਵੀ ਮਾਰੇ ਗਏ ਹਨ।

ਪਾਕਿਸਤਾਨ ਵਲੋਂ ਵੀ ਕੰਟਰੋਲ ਰੇਖਾ ਦੇ ਇਧਰਲੇ ਪਾਸੇ ਪੁਣਛ ਇਲਾਕੇ ਵਿਚ ਅੰਧਾਧੁੰਦ ਗੋਲਾਬਾਰੀ ਕੀਤੀ ਗਈ ਜਿਸ ਵਿਚ ਕਈ ਭਾਰਤੀ ਨਾਗਰਿਕ ਮਾਰੇ ਗਏ। ਇਨ੍ਹਾਂ ਵਿਚ 3 ਸਿੱਖ, ਸਮੇਤ ਇਕ ਗੁਰਦੁਆਰੇ ਦੇ ਗ੍ਰੰਥੀ, ਵੀ ਸ਼ਾਮਿਲ ਹਨ। ਉਥੇ ਗੁਰਦੁਆਰੇ ਦੀ ਇਮਾਰਤ ਨੂੰ ਵੀ ਨੁਕਸਾਨ ਪੁੱਜੈ। ਅੰਮ੍ਰਿਤਸਰ ਵੱਲ ਵੀ ਨਾਕਾਮ ਹਮਲਾ ਹੁੰਦਾ ਰਿਹਾ।

ਪਿਛਲੇ ਦਿਨਾਂ 'ਚ ਡਰੋਨ/ਮਿਜ਼ਾਈਲ ਹਮਲਿਆਂ ਅਤੇ ਸਰਹੱਦ ਪਾਰੋਂ ਗੋਲਾਬਾਰੀ 'ਚ ਕਈ ਜਾਨਾਂ ਗਈਆਂ ਅਤੇ ਦਰਜਨਾਂ ਲੋਕ ਜ਼ਖਮੀ ਹੋਏ।

ਇਹ ਬੜੀ ਸੁਖਦ ਖਬਰ ਹੈ ਕਿ ਹੁਣ ਦੋਵਾਂ ਦੇਸ਼ਾਂ ਵਿਚ ਜੰਗਬੰਦੀ ਹੋ ਗਈ ਹੈ। ਇਸ ਵਿਚ ਵਿਚੋਲਗੀ ਅਮਰੀਕਾ ਅਤੇ ਸਾਊਦੀ ਅਰਬ ਨੇ ਕੀਤੀ। ਭਾਵੇਂ ਇਸ ਦਾ ਐਲਾਨ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਸੰਖੇਪ ਜਿਹੀ ਪ੍ਰੈਸ ਕਾਨਫ੍ਰੰਸ ਵਿਚ ਕੀਤਾ ਪਰ ਇਸ ਬਾਰੇ ਫੌਜੀ ਪੱਖ ਫਿਰ ਉਨ੍ਹਾਂ ਦੋ ਮਹਿਲਾ ਅਫਸਰਾਂ ਨੇ ਹੀ ਪੇਸ਼ ਕੀਤਾ ਜੋ ਪਿਛਲੇ ਦਿਨਾਂ 'ਚ ਲਗਾਤਰ ਮੀਡੀਆ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਸੰਬੋਧਨ ਕਰਦੀਆਂ ਰਹੀਆਂ ਸਨ। ਇਨ੍ਹਾਂ ਫੌਜੀ ਅਫਸਰਾਂ ਨੂੰ ਸਲਾਮ! ਸਾਰੀ ਫੌਜ ਨੂੰ ਸੈਲਿਯੂਟ!

ਜੰਗ ਬੰਦੀ ਵਿਚ ਹੀ ਦੋਵਾਂ ਦੇਸ਼ਾਂ ਦੀ ਭਲਾਈ ਹੈ। ਅਸੀਂ ਤਾਂ ਬੈਠੇ ਹੀ ਸਰਹੱਦ ਉਪਰ ਹਾਂ, ਇਸ ਲਈ ਹਮੇਸ਼ਾਂ ਅਮਨ ਪਸੰਦ ਰਹੇ ਹਾਂ ਕਿਉਂਕਿ ਜੰਗ ਦਾ ਸੇਕ ਸਭ ਤੋਂ ਪਹਿਲਾਂ ਤੇ ਸਭ ਤੋਂ ਵਧੇਰੇ ਸਾਨੂੰ ਹੀ ਸਹਿਣਾ ਪੈਂਦੈ, ਤੇ ਜਾਂ ਜੰਮੂ-ਕਸ਼ਮੀਰ ਵਾਲਿਆਂ ਨੂੰ। ਪਰ ਠੋਸੀ ਗਈ ਜੰਗ ਵਿਚ ਸਭ ਤੋਂ ਅੱਗੇ ਹੋ ਕੇ ਲੜਨ ਵਾਲਿਆਂ 'ਚੋਂ ਵੀ ਅਸੀਂ ਹੀ ਹਾਂ।

(ਉਂਝ ਇਸ ਵਾਰ ਤਾਂ ਕੌਮਾਂਤਰੀ ਸਰਹੱਦ ਨਾਲ ਲਗਦੇ ਸਾਰੇ ਸੂਬੇ ਹੀ ਲਪੇਟ ਵਿਚ ਆ ਗਏ)

ਸਾਡੇ ਉੱਪਰ ਦੁਸ਼ਮਣਾਂ ਨੇ ਸਦੀਆਂ ਤੋਂ ਹਮਲੇ ਕੀਤੇ ਹਨ, ਕਰ ਰਹੇ ਹਨ, ਕਰਦੇ ਵੀ ਰਹਿਣਗੇ ਪਰ ਸਦਾ ਮੂੰਹ ਦੀ ਖਾਂਦੇ ਰਹਿਣਗੇ!

ਮੁਹੰਮਦ ਇਕਬਾਲ ਨੇ ਐਂਵੇਂ ਤਾਂ ਨਹੀਂ ਕਿਹਾ ਸੀ-
'ਯੂਨਾਨ-ਓ-ਮਿਸਰ-ਓ-ਰੂਮਾ, ਸਬ ਮਿਟ ਗਏ ਜਹਾਂ ਸੇ,
ਅਬ ਤਕ ਮਗਰ ਹੈ ਬਾਕੀ, ਨਾਮ-ਓ-ਨਿਸ਼ਾਂ ਹਮਾਰਾ।
ਕੁਛ ਬਤਾ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ,
ਸਦੀਉਂ ਰਹਾ ਹੈ ਦੁਸ਼ਮਨ ਦੌਰ-ਏ-ਜਹਾਂ ਹਮਾਰਾ'।

ਅੰਤਿਕਾ-

ਮਹਾਨਕੋਸ਼ ਅਨੁਸਾਰ 'ਸਿੰਦੂਰ' ਸੰਸਕ੍ਰਿਤ ਮੂਲ ਦਾ ਸ਼ਬਦ ਹੈ, ਜਿਸ ਨੂੰ ਅੰਗਰੇਜ਼ੀ ਵਿਚ 'ਵਰਮਿਲੀਅਨ' ਕਿਹਾ ਜਾਂਦੈ। ਇਹ ਇਸਤਰੀਆਂ ਦੀ ਮਾਂਗ ਵਿਚ ਭਰਿਆ ਜਾਂਦੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦੇ ਕਈ ਹਵਾਲੇ ਹਨ ਜੋ ਵੱਖ-ਵੱਖ ਪ੍ਰਸੰਗਾਂ ਵਿਚ ਵਰਤੇ ਗਏ ਹਨ। ਕੁਝ ਉਦਾਹਰਨਾਂ ਪੇਸ਼ ਹਨ-'ਮਾਠਿ ਗੁੰਦਾਈ ਪਟੀਆ ਭਰੀਐ ਮਾਂਗ ਸੰਧੂਰੇ'॥(ਅੰਗ 557-58),'ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ'॥ (ਅੰਗ 417)

ਸ਼ਬਦ 'ਵਰਮਿਲੀਅਨ' ਲਾਤੀਨੀ ਮੂਲ ਦੇ ਸ਼ਬਦ 'ਵਰਮੀਕਿਯੂਲਸ' ਅਤੇ ਪੁਰਾਤਨ ਫਰਾਂਸਿਸੀ ਦੇ 'ਵਰਮੇਲੋਨ' ਤੋਂ ਆਇਐ ਜਿਸ ਦਾ ਅਰਥ ਲਾਲ ਰੰਗ ਹੈ। ਲਾਤੀਨੀ ਦੇ ਸ਼ਬਦ 'ਵਰਮਿਸ', ਜਿਸ ਦਾ ਅਰਥ ਲਾਲ ਖੰਭਾਂ ਵਾਲਾ ਕੀਟ ਹੈ, ਵੀ ਕੀਤੇ ਗਏ ਹਨ।

ਵੱਖ ਵੱਖ ਸਰੋਤ ਸੰਧੂਰ ਦੀ ਹੋਂਦ 5000 ਸਾਲ ਤੋਂ ਵੀ ਪੁਰਾਣੀ ਦਸਦੇ ਹਨ। ਇਸ ਦਾ ਵਰਣਨ ਮਹਾਂਕਾਵਿ ਰਮਾਇਣ ਵਿਚ ਵੀ ਹੈ। ਇਸ ਲਈ ਸੰਧੂਰ ਦੀ ਇਤਿਹਾਸਕ ਅਤੇ ਅਧਿਆਤਮਕ ਮਹੱਤਤਾ ਬਹੁਤ ਹੈ।

1947 ਦੀ ਹਿੰਦੀ ਫਿਲਮ ਦਾ ਨਾਮ ਹੀ 'ਸਿੰਧੂਰ' ਸੀ। ਸੰਧੂਰ ਹਿੰਦੂ ਮਤ ਵਿਚ ਪਹਿਲੀ ਵਾਰ ਸ਼ਾਦੀ ਸਮੇਂ ਪਤੀ ਵਲੋਂ ਪਤਨੀ ਦੀ ਮਾਂਗ ਵਿਚ ਪਾਇਆ ਜਾਂਦੈ ਪਰ ਬਾਅਦ ਵਿਚ ਵਿਅਹੁਤਾ ਔਰਤ ਇਸ ਨੂੰ ਆਪ ਹੀ ਪਾਉਂਦੀ ਹੈ। ਇਹ ਸੁਹਾਗਣ ਦੇ ਪਤੀ ਪ੍ਰਤੀ ਪ੍ਰੇਮ, ਵਫਾ ਅਤੇ ਲੰਮੀ ਉਮਰ ਦਾ ਸੂਚਕ ਮੰਨਿਆ ਜਾਂਦੈ। ਪਰ ਕੁਝ ਲੋਕ ਇਸ ਨੂੰ ਨਕਾਰਦੇ ਵੀ ਹਨ।

---

*(ਪਿਛਲੇ ਸਫੇ ਦਾ ਬਾਕੀ)*

ਲੜਾਈ ਜਾਰੀ ਰੱਖਣ ਲਈ ਉਕਸਾ ਰਹੇ ਹਨ, ਉਨ੍ਹਾਂ ਨੂੰ ਜੰਗ ਦੇ ਸੰਤਾਪ ਬਾਰੇ ਤਜਰਬਾ ਨਹੀਂ। ਸਰਹੱਦਾਂ 'ਤੇ ਜਦੋਂ ਸਾਡੇ ਸੈਨਿਕ ਸ਼ਹੀਦ ਹੁੰਦੇ ਹਨ ਤਾਂ ਕਿਤਨੇ ਘਰਾਂ ਵਿਚ ਮਾਤਮ ਦੀਆਂ ਸਫਾਂ ਵਿਛ ਜਾਂਦੀਆਂ ਹਨ। ਸੋਸ਼ਲ ਮੀਡੀਆ 'ਤੇ ਪੋਸਟਾਂ ਪਾ ਕੇ ਦਮਗਜ਼ੇ ਮਾਰਨੇ ਸੌਖੇ ਹਨ, ਪ੍ਰੰਤੂ ਸਰਹੱਦਾਂ 'ਤੇ ਜਾ ਕੇ ਲੜਨਾ ਅਤਿ ਮੁਸ਼ਕਲ ਹੁੰਦਾ ਹੈ।

ਫੌਜੀ ਭਰਾ ਕੜਾਕੇ ਦੀ ਠੰਡ ਵਿਚ ਲੜਦੇ ਹਨ। ਪੀਣ ਲਈ ਪਾਣੀ ਨਹੀਂ ਮਿਲਦਾ, ਬਰਫ ਨੂੰ ਪਿਘਲਾ ਕੇ ਪਾਣੀ ਪੀਂਦੇ ਹਨ। ਅਸੀਂ ਘਰਾਂ ਵਿਚ ਬੈਠੇ ਗੱਲਾਂ ਕਰਨ ਜੋਗੇ ਹਾਂ। ਇਸ ਤੋਂ ਇਲਾਵਾ ਜਿਹੜੇ ਸਰਹੱਦੀ ਪਿੰਡਾਂ ਦੇ ਲੋਕ ਕਿਸਾਨ ਰਹਿੰਦੇ ਹਨ, ਉਨ੍ਹਾਂ ਨੂੰ ਪੁੱਛੋ ਕਿਵੇਂ ਉਨ੍ਹਾਂ ਦੇ ਸਿਰਾਂ 'ਤੇ ਮੌਤ ਦਾ ਸਾਇਆ ਲਟਕਦਾ ਰਹਿੰਦਾ ਹੈ। ਉਹ ਹਮੇਸ਼ਾ ਤਲਵਾਰ ਦੀ ਨੋਕ 'ਤੇ ਜ਼ਿੰਦਗੀ ਬਸਰ ਕਰ ਰਹੇ ਹਨ। ਹਰ ਵਕਤ ਮੌਤ ਦਾ ਡਰ ਹੁੰਦਾ ਹੈ। ਬਿਲਕੁਲ ਇਸੇ ਤਰ੍ਹਾਂ ਟੀ ਵੀ ਅਤੇ ਵੈੱਬ ਚੈਨਲਾਂ ਵਾਲਿਆਂ ਨੂੰ ਵੀ ਕੜਕ-ਕੜਕ ਕੇ ਲੋਕਾਂ ਨੂੰ ਉਕਸਾਉਣਾ ਨਹੀਂ ਚਾਹੀਦਾ। ਗ਼ਲਤ ਤੇ ਗੁੰਮਰਾਹਕੁਨ ਬਿਨਾ ਕਨਫਰਮ ਕੀਤੇ ਖ਼ਬਰਾਂ ਵੀ ਨਹੀਂ ਲਗਾਉਣੀਆਂ ਚਾਹੀਦੀਆਂ। ਅਖ਼ਬਾਰਾਂ ਦੇ ਪ੍ਰਤੀਨਿਧਾਂ ਨੂੰ ਵੀ ਖ਼ਬਰਾਂ ਭੇਜਣ ਲੱਗੇ ਸੁਣੀਆਂ ਸੁਣਾਈਆਂ ਖ਼ਬਰਾਂ ਨਹੀਂ ਲਗਾਉਣੀਆਂ ਚਾਹੀਦੀਆਂ। ਕੁਝ ਦੇਸ਼ ਵਿਰੋਧੀ ਲੋਕ ਅਫ਼ਵਾਹਾਂ ਫੈਲਾਉਂਦੇ ਰਹਿੰਦੇ ਹਨ, ਜਿਹੜੀਆਂ ਲੋਕਾਂ ਵਿਚ ਡਰ ਪੈਦਾ ਕਰਦੀਆਂ ਹਨ। ਇਸ ਲਈ ਸਾਰਿਆਂ ਨੂੰ ਸੰਜੀਦਗੀ ਤੋਂ ਕੰਮ ਲੈਣਾ ਚਾਹੀਦਾ ਹੈ। ਪਹਿਲਗਾਮ ਵਿਖੇ ਮਾਰੇ ਗਏ ਸੈਲਾਨੀਆਂ ਦਾ ਦੁੱਖ ਹਰ ਭਾਰਤੀ ਨੂੰ ਹੈ, ਪ੍ਰੰਤੂ ਸਮੇਂ ਦੀ ਨਜ਼ਾਕਤ ਅਤੇ ਦੇਸ਼ ਦੀ ਸਰਕਾਰ ਦੀਆਂ ਹਦਾਇਤਾਂ ਦੀ ਪਹਿਰੇਦਾਰੀ ਕਰਨਾ ਹਰ ਭਾਰਤੀ ਦਾ ਫ਼ਰਜ਼ ਬਣਦਾ ਹੈ।

---

# ਓਮ ਸ਼ਾਂਤੀ ਸ਼ਾਂਤੀ ...

ਦੁਨੀਆਂ ਚ ਇੱਕ ਪ੍ਰਜਾਤੀ ਵੱਸਦੀ ਹੈ। ਇਸ ਪ੍ਰਜਾਤੀ ਦਾ ਕੋਈ ਇੱਕ ਨਾਂ ਨਹੀਂ ਹੈ। ਉਂਝ ਇਸ ਨੂੰ ਕਈ ਨਾਵਾਂ ਨਾਲ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਪਾਕਿਸਤਾਨ ਵਾਲੇ ਹਸਨ ਨਿਸਾਰ ਹੋਰੀਂ ਆਖਦੇ ਹੁੰਦੇ ਨੇ ਕਿ 'ਬਰੇਸਗੀਰ ਦੇ ਤਾਂ ਮੁਸਲਮਾਨ ਦੇ ਪੱਲੇ ਹੀ ਕੱਖ ਨਹੀਂ ਹੈ, ਜੇ ਜਾਅਲੀ ਜਾਤੋ ਔਰ ਨਾਮੋਂ ਸੇ ਬਣੀ ਹੋਈ ਕੌਮ ਹੈ।'

ਉੱਪਰਲੇ ਫਿਕਰੇ 'ਚ ਮੁਸਲਮਾਨ ਕੱਢ ਦਵੋ ਤਾਂ ਇਹ ਪ੍ਰਜਾਤੀ ਇਸ ਫਿਕਰੇ ਵਿਚ ਪੂਰੀ ਫਿਟ ਬੈਠਦੀ ਹੈ। ਇਹਦਾ ਨਜ਼ਰੀਆ ਹਰ ਚੀਜ਼ ਬਾਰੇ ਆਪਾ-ਵਿਰੋਧੀ ਹੁੰਦਾ ਹੈ।

ਮਸਲਨ ਦੋ ਤਿੰਨ ਸਾਲ ਹੋ ਗਏ ਹਨ ਸਾਨੂੰ ਇਸ ਪ੍ਰਜਾਤੀ ਨੂੰ ਸਮਝਾਉਂਦਿਆਂ ਕਿ ਰੂਸ ਦਾ ਯੂਕਰੇਨ 'ਤੇ ਹਮਲਾ ਉਸ ਦੀ ਸਟਰੈਟਜਿਕ ਲੋੜ ਸੀ। ਕਿਉਂਕਿ ਯੂਕਰੇਨ ਇਤਿਹਾਸਿਕ ਤੌਰ 'ਤੇ ਰੂਸ ਦਾ ਹਿੱਸਾ ਰਿਹਾ ਹੈ ਤੇ ਇਸ ਦੀ ਭਾਸ਼ਾ ਯੂਕਰੇਨ ਨਾਲ ਮਿਲਦੀ ਰਹੀ ਹੈ ਇਸ ਲਈ ਰੂਸ ਕੋਲ ਇਹ ਹੱਕ ਸੀ ਕਿ ਉਹ ਇਸ 'ਤੇ ਹਮਲਾ ਕਰ ਸਕੇ।

ਹੁਣ ਉੱਪਰਲੇ ਤਰਕ ਵਿਚੋਂ ਰੂਸ ਦੀ ਥਾਂ 'ਤੇ ਹਿੰਦੁਸਤਾਨ ਭਰ ਦਵੋ ਤੇ ਯੂਕਰੇਨ ਦੀ ਥਾਂ 'ਤੇ ਪਾਕਿਸਤਾਨ।

ਪਰ ਨਹੀਂ, ਜਦੋਂ ਹਿੰਦੁਸਤਾਨ-ਪਾਕਿਸਤਾਨ ਦੀ ਗੱਲ ਆਉਂਦੀ ਹੈ ਤਾਂ ਇਹ ਪ੍ਰਜਾਤੀ ਰਾਤੋ-ਰਾਤ 'ਸ਼ਾਂਤੀ ਦੂਤ' ਵਿਚ ਤਬਦੀਲ ਹੋ ਗਈ। ਜਿਨ੍ਹਾਂ ਦਾ 'ਇਨਕਲਾਬ ਵੀ ਗੋਲੀ ਵਿਚੋਂ" ਨਿਕਲਦਾ ਸੀ ਉਹ ਸ਼ਾਂਤੀ ਦੂਤਾਂ ਦੀਆਂ ਮੋਹਰਲੀਆਂ ਸਫਾਂ ਵਿਚ ਸਨ।

ਜਿਹੜੇ ਤਲਵਾਰਾਂ ਲਹਿਰਾ ਕੇ ਕਹਿੰਦੇ ਸਨ ਕਿ 'ਇੰਝ ਹੀ ਰਾਜ ਕਰਾਂਗੇ' ਸੁਣਿਆ ਹੈ ਕੱਲ ਕਿਸੇ ਨੇ ਤਿੰਨ ਫੁੱਟੇ ਮਿਆਨ ਵਿਚੋਂ ਤਲਵਾਰ ਕੱਢ ਕੇ ਲਹਿਰਾਈ ਤਾਂ ਉਹ ਕੀ ਵੇਖਦਾ ਹੈ ਕਿ ਉਸ ਤਲਵਾਰ ਦੀ ਥਾਂ 'ਤੇ ਜਰਦ ਰੰਗ ਦੇ ਗੇਂਦੇ ਦੇ ਫੁੱਲ ਸਨ। ਇਹ ਵੀ ਸੁਣਨ 'ਚ ਆਇਆ ਹੈ ਕਿ ਉਹ ਸਾਰੀ ਰਾਤ 'ਸਸੁਰਾਲ ਗੇਂਦਾ ਫੂਲ' ਦੇ ਗਾਣੇ ਉੱਤੇ ਇੰਨੇ ਚਾਅ 'ਚ ਨੱਚਿਆ ਕਿ ਉਹਨੂੰ ਹਸਪਤਾਲ ਦਾਖਲ ਕਰਾਉਣਾ ਪਿਆ।

ਉਹ ਸਬਜ਼ ਰੰਗ ਦੀ ਪ੍ਰਜਾਤੀ ਜਿਹੜੀ ਹਰ ਗੱਲ 'ਤੇ ਜੁਝਾਰੂ ਹੋਣ ਦਾ ਹੋਕਾ ਦਿੰਦੀ ਸੀ ਤੇ 'ਦਿੱਲੀ ਦੇ ਕਿੰਗਰੇ ਢਾਹੁਣ' ਨੂੰ ਤਿਆਰ ਰਹਿੰਦੀ ਸੀ। ਉਹਦੇ ਬਸੰਤੀ ਰੰਗ ਦੇ ਬੈਨਰਾਂ ਉੱਤੇ ਅੱਜ ਕੱਲ੍ਹ 'ਫਲਾਣਾ ਢਿਮਕਾ ਏਕਤਾ' ਦੀ ਥਾਂ 'ਤੇ ਮੋਟਾ ਕਰਕੇ 'ਜੰਗ ਨਹੀਂ ਅਮਨ' ਲਿਖਿਆ ਹੋਇਆ ਹੈ। ਪਾਕਿਸਤਾਨ ਵੱਲੋਂ ਆਏ ਸਾਰੇ ਡਰੋਨ ਇਨ੍ਹਾਂ ਨੇ 'ਜੰਗ ਨਹੀਂ ਅਮਨ' ਦੇ ਇਸੇ ਮੂਲ ਮੰਤਰ ਦੇ ਜਾਪ ਨਾਲ ਹੀ ਸਵਾਹਾ ਕੀਤੇ ਹਨ। ਐਸ 400 ਵਾਲਾ ਤਾਂ ਐਵੇਂ ਰੌਲਾ ਹੀ ਹੈ। ਸਰਗੋਸ਼ੀਆਂ ਹਨ ਕਿ ਇਹ ਮੰਤਰ ਇਨ੍ਹਾਂ ਨੂੰ ਮਾਸਕੋ ਦੇ ਲਾਲ ਚੌਕ ਵਿਚ 'ਫਰੀਜ਼ਰ 'ਚ ਲੱਗੇ ਬਾਬੇ' ਨੇ ਸੁਪਨੇ ਵਿਚ ਆ ਕੇ ਦਿੱਤਾ ਹੈ।

ਇਸ ਪ੍ਰਜਾਤੀ ਦੀ ਇੱਕ ਹੋਰ ਨਵੀਂ ਬਣੀ ਬ੍ਰਿਗੇਡ ਸਰਹੱਦ ਦੇ ਪਰਲੇ ਪਾਸੇ ਵਾਲੇ ਅੱਧ- ਕੱਚ-ਪੜ੍ਹ ਵੀ ਲੋਗਰ ਹਨ। ਕੱਲ੍ਹ ਤੱਕ ਪੰਜਾਬੀਅਤ ਨੂੰ ਵਿਊਆਂ, ਲਾਈਕਾਂ ਦੇ ਭਾਅ ਵੇਚ ਰਹੇ ਸਨ। ਲਾਈਕਾਂ ਵਿਊਆਂ ਵਾਲਾ ਬਾਜ਼ਾਰ ਥੋੜਾ ਠੰਡਾ ਹੋਇਆ ਤਾਂ 'ਜੰਗ ਨਹੀਂ ਅਮਨ' ਦੀ ਖੁਰਚਣ ਥੱਲਿਓਂ ਪਾਕਿਸਤਾਨੀ ਮੁਸੱਲਾ ਫੌਜ ਦੇ ਕੁਝ ਜਾਂਬਾਜ ਸਿਪਾਹੀ ਨਾਹਰੇ ਮਾਰਦੇ ਪਾਏ ਗਏ।

ਪਰ ਏਨੇ ਵਿਚ ਇੱਕ ਅਲੋਕਾਰੀ ਘਟਨਾ ਵਾਪਰ ਗਈ।

ਅਮਰੀਕਾ ਵਾਲਾ ਬਾਬਾ ਟਰੰਪ ਪ੍ਰੀਤ ਸਿੰਘ ਆਪਣੇ ਨਵੇਂ ਬਣੇ ਪਲੇਟਫਾਰਮ 'ਟਰੁਥ ਸੋਸ਼ਲ' ਤੇ ਪ੍ਰਗਟ ਹੋਇਆ, ਸ਼ਾਂਤੀ ਦੇ ਇਲਾਹੀ ਬੋਲ ਬੋਲੇ ਤੇ ਚਾਰੇ ਪਾਸੇ ਸ਼ਾਂਤੀ ਦੀ ਕਲਾ ਵਰਤ ਗਈ।

ਖੁਸ਼ੀ ਚ ਖੀਵੇ ਹੋਏ 'ਸ਼ਾਂਤੀ ਦੂਤਾਂ' ਨੇ ਆਪਣੇ ਸਾਰੇ ਮੈਡਲ ਲਾਹ ਕੇ ਟਰੰਪਰੀਤ ਸਿੰਘ ਦੀ ਝੋਲੀ ਵਿਚ ਪਾ ਦਿੱਤੇ।

ਵੈਸੇ ਵੀ ਸ਼ਾਂਤੀ ਦੂਤ ਵਾਲਾ ਸ਼ਮਲਾ ਇੰਨਾ ਭਾਰਾ ਹੈ ਕਿ ਇਸ ਦਾ ਭਾਰ ਲੰਬੇ ਸਮੇਂ ਤੱਕ ਨਹੀਂ ਚੁੱਕਿਆ ਜਾ ਸਕਦਾ।

ਹੁਣ ਕੱਲ ਦੇ ਉਹੀ ਸ਼ਾਂਤੀ ਦੂਤ ਆਪਣੇ ਪੁਰਾਣੇ ਜਲੌਅ ਵਿਚ ਪਰਤ ਆਏ ਹਨ ਤੇ ਹਿੰਦੁਸਤਾਨ ਦੀ ਸਰਕਾਰ ਦੀ 'ਮਾਂ ਬਹਿਨ ਏਕ' ਕਰ ਰਹੇ ਹਨ ਕਿ ਉਹਨੇ ਜੰਗਬੰਦੀ ਕਿਉਂ ਕੀਤੀ।

ਇਸ ਪ੍ਰਜਾਤੀ ਦਾ ਜਲਵਾ ਦੋ ਚਾਰ ਦਿਨ ਹੋਰ ਕਾਇਮ ਰਹਿਣ ਦੀ ਭਵਿੱਖ ਬਾਣੀ ਹੈ ਜਿੰਨਾ ਚਿਰ ਕੋਈ ਨਵਾਂ ਮਸਲਾ ਨਹੀਂ ਮਿਲ ਜਾਂਦਾ ਜਿਸ ਮੁਤਾਬਕ ਇਹ ਆਪਣਾ ਰੰਗ ਵਟਾ ਸਕਣ।

ਜੈ ਹੋ

**-ਨਵਚੇਤਨ**

# 'ਰੰਗ-ਪ੍ਰਸੰਗ-ਸੁਰਜੀਤ ਪਾਤਰ ਦੇ' ਵਿਚੋਂ ਕੁਝ ਰੰਗ

(ਪਾਤਰ ਦੇ ਸਦੀਵੀ ਵਿਛੋੜੇ ਤੋਂ ਬਾਅਦ ਮੈਂ ਦਸ ਮਹੀਨੇ ਦੀ ਮਿਹਨਤ ਤੋਂ ਬਾਅਦ ਪੁਸਤਕ ਲਿਖੀ, 'ਰੰਗ-ਪ੍ਰਸੰਗ-ਸੁਰਜੀਤ ਪਾਤਰ ਦੇ'-ਏਥੇ ਉਸ ਪੁਸਤਕ ਵਿਚੋਂ ਪਾਠਕਾਂ ਲਈ ਕੁਝ ਚੋਣਵੇਂ ਰੰਗ ਪੇਸ਼ ਹਨ)

ਸੁਰਜੀਤ ਪਾਤਰ ਨਾਲ ਬੜੀ ਗੂੜ੍ਹੀ ਦੋਸਤੀ ਹੋਣ ਦਾ ਮੇਰਾ ਦਾਅਵਾ ਬਿਲਕੁਲ ਨਹੀਂ। ਗੂੜ੍ਹੀ ਦੋਸਤੀ ਉਹ ਹੁੰਦੀ ਹੈ, ਜਿਸ ਵਿਚ ਤੁਸੀਂ ਇੱਕ-ਦੂਜੇ ਦੇ ਦਿਲਾਂ ਦੇ ਜਾਣੂ ਹੁੰਦੇ ਹੋ। ਆਪਣੇ ਸਾਰੇ ਦੁਖ-ਸੁਖ ਇੱਕ-ਦੂਜੇ ਨਾਲ ਸਾਂਝੇ ਕਰ ਸਕਦੇ ਹੋ। ਆਪਣੇ ਨਿੱਜੀ ਜੀਵਨ ਵਿਚ ਦੂਜੇ ਨੂੰ ਝਾਤ ਮਾਰਨ ਦਾ, ਰਾਇ ਦੇਣ-ਲੈਣ ਦਾ ਇਖ਼ਤਿਆਰ ਰੱਖਦੇ ਹੋ। ਜਦੋਂ ਦਿਲ ਕਰੇ ਇੱਕ ਦੂਜੇ ਦੇ ਘਰ ਉਹਨੂੰ ਬਿਨ ਦੱਸਿਆਂ ਬੇਝਿਜਕ ਮਿਲਣ ਆ-ਜਾ ਸਕਦੇ ਹੋ। ਆਪਣੀਆਂ ਮੁਹੱਬਤਾਂ, ਵਿਛੋੜਿਆਂ ਦੀ ਗੱਲ ਕਰ ਸਕਦੇ ਹੋਵੋ। ਤੁਹਾਡੇ ਆਪਸੀ ਪਰਿਵਾਰਕ ਜੀਆਂ ਦਾ ਵੀ ਆਪਸ ਵਿਚ ਮਿਲਵਰਤਣ ਹੋਵੇ, ਸਹਿਚਾਰ ਹੋਵੇ।



ਸਾਡੀ ਆਪਸੀ ਅਜਿਹੀ ਕੋਈ ਸਾਂਝ ਨਹੀਂ ਸੀ। ਅਸੀਂ ਇੱਕ-ਦੂਜੇ ਦੇ ਘਰ ਗਏ ਤਾਂ ਹੋਵਾਂਗੇ, ਪਰ, ਸਾਡੇ ਨਾਲ ਕੋਈ ਨਾ ਕੋਈ ਸਾਂਝਾ ਦੋਸਤ ਹੁੰਦਾ ਸੀ। ਸਾਡੀ ਕੋਈ ਵੀ ਮਿਲਣੀ ਆਪਸ ਵਿਚ ਦੁਖ-ਸੁਖ ਫੋਲਣ ਵਾਲੀ, ਨਿਰੋਲ ਨਿੱਜੀ ਮਿਲਣੀ ਨਹੀਂ ਸੀ। ਉਂਝ ਅਸੀਂ ਦੋਵਾਂ ਨੇ ਇੱਕੋ ਛੱਤ ਹੇਠਾਂ ਕਈ ਕਈ ਰਾਤਾਂ ਇਕੱਠੀਆਂ ਵੀ ਕੱਟੀਆਂ, ਇਕੱਠੇ ਸਫ਼ਰ ਵੀ ਕੀਤੇ, ਸਟੇਜਾਂ ਸਾਂਝੀਆਂ ਕੀਤੀਆਂ, ਕਵੀ ਦਰਬਾਰਾਂ ਵਿਚ ਕਵਿਤਾਵਾਂ ਪੜ੍ਹਦੇ ਰਹੇ।

**ਵਰਿਆਮ ਸਿੰਘ ਸੰਧੂ**
**ਫੋਨ: 647-535-1539**
**ਵ੍ਹਟਸਐਪ: 98726-02296**

ਸਾਡੀਆਂ ਬਹੁਤੀਆਂ ਮਿਲਣੀਆਂ ਮਹਿਫ਼ਿਲਾਂ, ਸਟੇਜਾਂ ਦੀਆਂ ਸਨ। ਮੈਂ ਜਿੰਨਾਂ ਕੁ ਸੁਰਜੀਤ ਪਾਤਰ ਨੂੰ ਸਮਝ ਸਕਿਆ, ਉਹ ਉਹਦੀ ਸ਼ਾਇਰੀ, ਲਿਖਤਾਂ ਤੇ ਉਹਦੇ ਨਾਲ ਹੁੰਦੀਆਂ ਅਣਗਿਣਤ ਮੁਲਾਕਾਤਾਂ ਵਿਚੋਂ ਕਸ਼ੀਦ ਕਰ ਕੇ ਜਾਣ-ਸਮਝ ਸਕਿਆ ਹਾਂ।

ਅਸਲ ਵਿਚ ਸਾਡੀ ਸਾਂਝ ਨਿੱਜੀ ਨਾ ਹੋ ਕੇ ਆਪਸੀ ਕਦਰਦਾਨੀ ਦੀ ਸਾਂਝ ਸੀ। ਮੈਂ ਉਹਦੀ ਸ਼ਾਇਰੀ ਤੇ ਸਹਿਜ ਸ਼ਖ਼ਸੀਅਤ ਦਾ ਦੀਵਾਨਾ ਕਦਰਦਾਨ ਸਾਂ ਤੇ ਉਹ ਮੇਰੀਆਂ ਕਹਾਣੀਆਂ ਦਾ ਕਦਰਦਾਨ ਸੀ। ਜਦੋਂ ਅਸੀਂ ਕਿਸੇ ਸਟੇਜ 'ਤੇ ਦੋਵੇਂ ਹਾਜ਼ਰ ਹੁੰਦੇ ਤਾਂ ਮੈਨੂੰ ਮੁਖ਼ਾਤਬ ਹੁੰਦਿਆਂ ਉਹ ਅਕਸਰ, 'ਸਾਡਾ ਮੁਮਤਾਜ਼ ਕਹਾਣੀਕਾਰ' ਆਖ ਕੇ ਵਡਿਆਉਂਦਾ ਤੇ ਇਹ ਗੱਲ ਤਾਂ ਉਹਨੇ ਸਟੇਜ ਤੋਂ ਕਈ ਵਾਰ ਆਖੀ, 'ਵਰਿਆਮ ਦੀ ਕਹਾਣੀ 'ਮੈਂ ਹੁਣ ਠੀਕ ਠਾਕ ਹਾਂ' ਤੋਂ ਪੰਜਾਬ ਸੰਕਟ ਬਾਰੇ ਲਿਖੀ ਸਾਰੀ ਕਵਿਤਾ ਵਾਰੀ ਜਾ ਸਕਦੀ ਹੈ।',

ਉਹਨੇ 'ਹਨੇਰੇ ਵਿਚ ਸੁਲਘਦੀ ਵਰਣਮਾਲਾ' ਮੇਰੀ ਝੋਲੀ ਵਿਚ ਪਾਉਂਦਿਆਂ

ਮੇਰੇ ਲਈ ਇਹ ਸਤਰਾਂ ਲਿਖ ਕੇ ਮੈਨੂੰ ਮਾਲਾ-ਮਾਲ ਕਰ ਦਿੱਤਾ ਸੀ

'ਪਿਆਰੇ ਵਰਿਆਮ ਸੰਧੂ ਵਾਸਤੇ
ਜਿਸਦੀ ਹਰੇਕ ਕਹਾਣੀ ਪੜ੍ਹ ਕੇ
ਮੈਨੂੰ ਇਸ ਗੱਲ 'ਤੇ ਫ਼ਖ਼ਰ ਹੋਇਆ ਹੈ
ਕਿ ਉਹ ਮੇਰਾ ਦੋਸਤ ਹੈ!'

ਪੰਜਾਬ ਆਰਟਸ ਕੌਂਸਲ ਨੇ 'ਪੰਜਾਬ ਗੌਰਵ' ਨਾਂ ਦਾ ਪੁਰਸਕਾਰ ਦੇਣਾ ਸ਼ੁਰੂ ਕੀਤਾ ਤਾਂ ਪਹਿਲਾ ਲੇਖਕ ਮੈਂ ਹੀ ਸਾਂ।

ਇੱਕ ਵਾਰ ਮੈਂ ਜਨਤਕ ਤੌਰ 'ਤੇ ਪੋਸਟ ਪਾ ਕੇ ਉਹਨੂੰ ਫ਼ੋਨ ਨਾ ਚੁੱਕਣ ਦਾ ਨਿਹੋਰਾ ਮਾਰਿਆ। ਉਹ ਨਿਹੋਰਾ ਸੀ:

...ਮੇਰੀ ਕਹਾਣੀ 'ਡੁੰਮ੍ਹ' ਦਾ ਪਾਤਰ ਤੇਜੂ (ਅਸਲ ਵਿਚ ਮੇਜਾ ਸਿੰਘ) ਇਕ ਵਾਰ ਖੋਤੀ 'ਤੇ ਪੱਠੇ ਲੱਦੀ ਆ ਰਿਹਾ ਸੀ। ਅਸੀਂ ਪੰਜ-ਸੱਤ ਮੁੰਡੇ ਜਾ ਰਹੇ ਸਾਂ। ਚਾਚਾ ਮੇਜਾ ਸੂੰਹ ਕਹਿੰਦਾ, 'ਜਵਾਨੋ! ਏਨੇ ਜਣੇ ਕੱਠੇ ਹੋ ਕੇ ਕਿੱਥੇ ਚਲੇ ਓ! ਸੁੱਖ ਤਾਂ ਹੈ?'

'ਚਾਚਾ! ਭਿੱਖੀਵਿੰਡ, ਸਰਦਾਰ ਪਰਤਾਪ ਸੂੰਹ ਕੈਰੋਂ ਦਾ ਜਲਸਾ ਸੁਣਨ ਚੱਲੇ ਆਂ।'

ਮੇਜਾ ਸੂੰਹ ਖੋਤੀ ਨੂੰ ਰੋਕ ਕੇ ਕਹਿੰਦਾ, 'ਚੰਗੀ ਗੱਲ ਆ! ਚੰਗੀ ਗੱਲ ਆ! ਚੱਲੇ ਓ ਤਾਂ ਸਰਦਾਰ ਕੈਰੋਂ ਨੂੰ ਮੇਰੀ ਫ਼ਤਹਿ ਜਰੂਰ ਬੁਲਾਉਣਾ।'

ਅਸੀਂ ਹੱਸ ਕੇ ਕਿਹਾ, 'ਚਾਚਾ! ਸਮਝ ਲੈ, ਤੇਰੀ ਫ਼ਤਹਿ ਅੱਪੜ ਗਈ ਸਰਦਾਰ ਕੈਰੋਂ ਤੀਕ।'

ਮੇਜਾ ਸਿੰਘ ਨੇ ਖੋਤੀ ਨੂੰ ਤੋਰਨ ਲਈ ਟਿਚਕਰ ਮਾਰੀ ਤੇ ਸਾਨੂੰ ਕਿਹਾ, 'ਜਵਾਨੋ!-ਪਰ ਇਕ ਗੱਲ ਜੇ। ਐਵੇਂ ਆਖਾਂ! ਮੈਂ ਸਰਦਾਰ ਕੈਰੋਂ ਨੂੰ ਜਾਣਦਾਂ, ਸਰਦਾਰ ਕੈਰੋਂ ਮੈਨੂੰ ਨਹੀਂ ਜੇ ਜਾਣਦਾ!'

ਏਨੀ ਆਖ ਕੇ ਮੈਂ ਤੋੜਾ ਝਾੜਤਾ, 'ਸਾਡੇ ਲਈ ਤਾਂ ਏਨੀ ਗੱਲ ਹੀ ਬੜੇ ਮਾਣ ਵਾਲੀ ਹੈ, ਕਿ ਅਸੀਂ ਪਾਤਰ ਨੂੰ ਜਾਣਦੇ ਹਾਂ!'

ਜੁਗ ਜੁਗ ਜੀਵੇ ਵੱਡਾ ਵੀਰ!
ਪੰਜਾਬੀ ਸ਼ਾਇਰੀ ਦਾ ਮਾਣ!
ਸਾਡਾ ਜੱਗ-ਜਹਾਨ!
ਵਰਿਆਮ ਸਿੰਘ ਸੰਧੂ

—

ਪਾਤਰ ਦਾ ਹੁੰਗਾਰਾ ਸੀ:

ਪਿਆਰੇ ਵਰਿਆਮ!
ਤੇਰੇ ਸੁਹਣੇ ਬੋਲ ਸੁਣੇ ਤਾਂ ਅੱਖਾਂ ਨਮ ਹੋ ਗਈਆਂ
ਬਿਰਥਾ ਜੀਵਨ ਹੋ ਗਿਆ ਸਫਲਾ, ਸਿਫ਼ਰਾਂ ਰਕਮ ਹੋ ਗਈਆਂ।
ਤੂੰ ਸਾਡਾ ਮਾਣ ਹੈਂ, ਪਿਆਰੇ ਵਰਿਆਮ।
ਤੈਨੂੰ ਤੇ ਤੇਰੇ ਸਾਰੇ ਪਿਆਰਿਆਂ ਨੂੰ ਮੋਹ ਭਰੀਆਂ ਦੁਆਵਾਂ।

—

ਪਾਤਰ ਦੀਆਂ ਮੋਹ ਭਰੀਆਂ ਦੁਆਵਾਂ ਸਦਕਾ ਹੀ ਇਹ ਪੁਸਤਕ ਮੁਕੰਮਲ ਹੋ ਸਕੀ ਹੈ।

ਇਹ ਕਿਤਾਬ ਨਾ ਜੀਵਨੀ ਹੈ, ਨਾ ਆਲੋਚਨਾ। ਇਹ ਸੁਰਜੀਤ ਪਾਤਰ ਦੇ ਜੀਵਨ, ਸ਼ਾਇਰੀ ਅਤੇ ਸ਼ਖ਼ਸੀਅਤ ਵਿਚੋਂ ਕਸ਼ੀਦ ਕੀਤੇ ਸ਼ਰਬਤੀ ਤੁਪਕੇ ਹਨ।

-0-

ਮੈਨੂੰ ਕਨੇਡਾ ਵਿਚ ਅੱਧੀ ਰਾਤੀਂ ਪਤਾ ਲੱਗਾ ਕਿ ਕਵਿਤਾ ਦਾ ਸੂਰਜ ਡੁੱਬ ਗਿਆ ਹੈ। ਮੈਂ ਮਨ ਨੂੰ ਬਥੇਰਾ ਸਮਝਾਇਆ ਕਿ ਪਾਤਰ ਨੇ ਤਾਂ ਆਪ ਕਿਹਾ ਸੀ ਕਿ ਮੈਂ ਕਿਤੇ ਨਹੀਂ ਜਾਣ ਲੱਗਾ। ਮੈਂ ਸਿਵਿਆਂ 'ਚ ਸੜ ਕੇ ਵੀ ਮਰਨ ਨਹੀਂ ਲੱਗਾ।

ਸੂਰਜ ਨ ਡੁਬਦਾ ਕਦੇ ਸਿਰਫ਼ ਛੁਪਦਾ ਹੈ
ਮਤ ਸੋਚ ਕਿ ਮਰ ਜਾਏਂਗਾ ਸਿਵੇ 'ਚ ਬਲ ਕੇ।

ਪਰ ਵੈਰਾਗਿਆ ਹੋਇਆ ਮਨ ਆਖਦਾ ਸੀ ਕਿ ਅੱਜ ਪੰਜਾਬੀ ਅਦਬ ਦਾ ਉਚਾ ਸ਼ਮਲ੍ਹਾ ਡਿੱਗ ਪਿਆ ਹੈ। ਪੰਜਾਬੀ ਕਵਿਤਾ ਦਾ ਅਸਮਾਨੀ-ਬੁਰਜ ਢਹਿ ਗਿਆ ਹੈ।

ਸੰਤ ਸਿੰਘ ਸੇਖੋਂ ਨੇ ਕਦੀ ਕਿਹਾ ਸੀ ਕਿ ਵੀਹਵੀਂ ਸਦੀ ਵਿਚ ਪੰਜਾਬੀ ਕਵਿਤਾ ਦੀਆਂ ਸੱਤ ਚੋਟੀਆਂ ਹਨ: ਭਾਈ ਵੀਰ ਸਿੰਘ, ਪ੍ਰੋ ਪੂਰਨ ਸਿੰਘ, ਪ੍ਰੋ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ, ਪਾਸ਼ ਅਤੇ ਸੁਰਜੀਤ ਪਾਤਰ। ਇੱਕਵੀਂ ਸਦੀ ਦੀ ਪਹਿਲੀ ਚੌਥਾਈ ਵਿਚ ਕੇਵਲ ਤੇ ਕੇਵਲ ਸੁਰਜੀਤ ਪਾਤਰ ਪੰਜਾਬੀ ਕਵਿਤਾ ਦੀ ਮਾਊਂਟ ਐਵਰੈਸਟ ਬਣ ਕੇ ਸ਼ਾਨ ਨਾਲ ਸਭ ਤੋਂ ਉੱਚਾ ਖਲੋਤਾ ਸੀ। ਅੱਜ ਸਾਡੀ ਉਹ ਮਾਊਂਟ ਐਵਰੈਸਟ ਵੀ ਢਹਿ ਗਈ।

ਪਰ ਇਹ ਤਾਂ ਵੈਰਾਗੇ ਮਨ ਦੀ ਬਾਤ ਹੈ। ਪਾਤਰ ਢੱਠਾ ਕਿੱਥੇ ਹੈ, ਉਹ ਤਾਂ ਸਾਡੇ ਅੰਦਰ ਪੋਟਾ-ਪੋਟਾ ਕਰ ਕੇ ਉਸਰ ਰਿਹਾ ਹੈ। ਉਸਰਦਾ ਰਹਿਣਾ ਹੈ। ਆਖਣ ਨੂੰ ਤਾਂ ਭਾਵੇਂ ਪੰਜਾਬੀ ਕਵਿਤਾ ਦੇ ਖੇਤਰ ਵਿਚ ਨਵੀਂ ਸੁਰਜ਼ਮੀਨ ਦੀ ਤਲਾਸ਼ ਕਰਨ ਵਾਲਾ ਪੰਜਾਬੀ ਲੋਕ ਮਨਾਂ ਦਾ ਅਜ਼ੀਮ ਤੇ ਲੋਕ-ਪ੍ਰਿਅ ਸ਼ਾਇਰ ਸੁਰਜੀਤ ਪਾਤਰ ਅੱਜ ਸਾਡੇ ਦਰਮਿਆਨ ਨਹੀਂ ਰਿਹਾ, ਪਰ ਆਪਣੇ ਅੰਦਰ ਝਾਤ ਮਾਰ ਕੇ ਵੇਖੋ, ਉਹ ਕਿਧਰੇ ਨਹੀਂ ਗਿਆ, ਉਹ ਤਾਂ ਖੁਸ਼ਬੂ ਬਣ ਕੇ ਸਾਡੇ-ਤੁਹਾਡੇ ਧੁਰ ਅੰਦਰ ਵੜ ਕੇ ਕਿਤੇ ਬਹਿ ਗਿਆ ਹੈ। ਵਾਰਿਸਸ਼ਾਹ ਵਾਂਗ ਉਸਦੇ ਬੋਲ ਪੰਜਾਬੀਆਂ ਦੇ ਦਿਲਾਂ ਦੀ ਆਵਾਜ਼ ਬਣ ਕੇ ਧੜਕਦੇ ਰਹਿਣਗੇ।

ਪਾਤਰ ਦੀ ਕਵਿਤਾ ਨੂੰ ਕੌਣ ਮਾਰ ਸਕਦਾ ਹੈ। ਉਹਨੇ ਜੀਣ-ਜੋਗੀ ਕਵਿਤਾ ਲਿਖੀ ਹੈ ਤੇ ਜੀਣ-ਜੋਗੀ ਕਵਿਤਾ ਕਦੀ ਮਰਦੀ ਨਹੀਂ ਹੁੰਦੀ। ਨਾ ਪਾਤਰ ਨੇ ਕਦੇ ਮਰਨਾ ਹੈ। ਜ਼ਿੰਦਗੀ ਦੇ ਸਦੀਵੀ ਵਿਹੜੇ ਵਿਚ ਪਾਤਰ ਨੇ ਜਿਹੜੇ ਬੋਲ ਆਪਣੇ ਬਲਦੇ ਹੱਥਾਂ ਨਾਲ ਹਵਾਵਾਂ ਵਿਚ ਲਿਖ ਦਿੱਤੇ, ਇਹ ਬੋਲ ਪੀੜ੍ਹੀਆਂ ਤੱਕ ਲਿਖੇ ਰਹਿਣਗੇ ਤੇ ਲੋਕ ਪੜ੍ਹਦੇ-ਸੁਣਦੇ ਰਹਿਣਗੇ।

ਪਹਿਲਾਂ ਵੀ ਤਾਂ ਉਹ ਦਿਲ-ਦਿਲ ਵੱਸਿਆ ਸੀ। ਘਰ ਘਰ ਵੱਸਿਆ ਸੀ।

ਉਹ ਲੋਕ ਮਨਾਂ ਦੀ ਅਵਾਜ਼ ਸੀ!

ਉਹਦੀ ਆਵਾਜ਼ ਵਿਚ ਕੋਇਲ ਦੀ ਕੂ ਕੂ ਦੀ ਮਿਠਾਸ ਸੀ।

ਉਹਦੇ ਸ਼ਬਦਾਂ ਵਿਚ ਅੰਗਿਆਰ ਮਘਦੇ ਤੇ ਅਨਾਰ ਚੱਲਦੇ ਸਨ।

ਉਹਨੂੰ ਸੁਣਨਾ ਤੇ ਪੜ੍ਹਨਾ ਪੰਜਾਬ ਦੀ ਆਤਮਾ ਨੂੰ ਪੜ੍ਹਨਾ-ਸੁਣਨਾ ਸੀ।

ਉਹ ਸਭਨਾਂ ਦਾ ਹੀ ਡਾਢਾ ਆਪਣਾ ਸੀ।

ਮੈਨੂੰ ਲੱਗਦਾ ਹੈ ਕਿ ਉਹ ਮੇਰਾ ਤਾਂ ਕੁਝ ਡਾਢਾ ਹੀ ਸੱਕਾ ਸੀ।

ਸੁਰਜੀਤ ਪਾਤਰ ਇਨ੍ਹਾਂ ਸਮਿਆਂ ਵਿਚ ਸਭ ਤੋਂ ਵੱਧ ਪੜ੍ਹੇ-ਸੁਣੇ ਜਾਣ ਵਾਲਾ ਪੰਜਾਬੀ ਦਾ ਸਰਵ-ਸਨਮਾਨਤ ਤੇ ਸਰਵ-ਪ੍ਰਵਾਨਤ ਸ਼ਾਇਰ ਸੀ। ਕੋਈ ਕਵੀ ਦਰਬਾਰ, ਕੋਈ ਸਾਹਿਤਕ ਸਮਾਗਮ ਉਹਦੀ ਹਾਜ਼ਰੀ ਬਿਨਾ ਅਧੂਰਾ, ਬੇਰਸ ਤੇ ਨਾ-ਮੁਕੰਮਲ ਸਮਝਿਆ ਜਾਂਦਾ ਸੀ॥


ਪਾਤਰ ਨੇ ਦੇਸ਼ ਵਿਦੇਸ਼ ਵਿਚ ਹੋਏ ਅਨੇਕਾਂ ਅੰਤਰਾਸ਼ਟਰੀ ਕਵਿਤਾ ਉਤਸਵਾਂ ਵਿਚ ਭਾਗ ਲਿਆ ਤੇ ਦੁਨੀਆਂ ਦੀਆਂ ਵੱਖ ਵੱਖ ਵੱਡੀਆਂ ਸਮਝੀਆਂ ਜਾਂਦੀਆਂ ਜ਼ਬਾਨਾਂ ਵਿਚ ਪੰਜਾਬੀ ਕਵਿਤਾ ਸੁਣਾ ਕੇ ਪੰਜਾਬ ਤੇ ਪੰਜਾਬੀ ਦੀ ਪੱਗ ਉਚੀ ਕੀਤੀ। ਪੰਜਾਬੀ ਕਵਿਤਾ ਅਤੇ ਪੰਜਾਬੀ ਭਾਸ਼ਾ ਨੂੰ ਦੁਨੀਆਂ ਭਰ ਦੇ ਸਾਹਿਤਕਾਰਾਂ ਵਿਚ ਰਾਣੀ ਬਣਾ ਕੇ ਪੇਸ਼ ਕੀਤਾ।

ਮੈਂ ਉਹਦੀ ਗ਼ਜ਼ਲਾਂ ਦੀ ਪਹਿਲੀ ਕਿਤਾਬ 'ਹਵਾ ਵਿਚ ਲਿਖੇ ਹਰਫ਼' ਛਪਣ 'ਤੇ ਲਿਖਿਆ ਸੀ, 'ਇਹ ਕਿਤਾਬ ਪੰਜਾਬੀ ਕਵਿਤਾ ਦੇ ਅਸਮਾਨ ਵੱਲ ਖੁੱਲ੍ਹਦੀ ਖਿੜਕੀ ਹੈ। ਉਰਦੂ ਵਾਲੇ ਮਾਣ ਨਾਲ ਕਹਿੰਦੇ ਨੇ ਕਿ ਸਾਡੇ ਕੋਲ ਗ਼ਾਲਿਬ ਹੈ, ਮੀਰ ਹੈ, ਫ਼ੈਜ਼ ਹੈ, ਇਹੋ ਮਾਣ ਹਿੰਦੀ ਵਾਲੇ ਕਰਦੇ ਨੇ ਕਿ ਸਾਡੇ ਕੋਲ ਦੁਸ਼ਿਅੰਤ ਕੁਮਾਰ ਹੈ। ਅੱਜ ਤੋਂ ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਸਾਡੇ ਕੋਲ ਸੁਰਜੀਤ ਪਾਤਰ ਹੈ।'

ਅੱਜ ਤੱਕ ਸਟੇਜਾਂ 'ਤੇ ਭਾਸ਼ਨ ਕਰਨ ਵਾਲੇ ਵੱਡੇ ਬੁਲਾਰੇ ਆਪਣੀ ਗੱਲ ਨੂੰ ਪੁਸ਼ਟ ਕਰਨ ਲਈ, ਉਰਦੂ ਦੇ ਵੱਡੇ ਸ਼ਾਇਰਾਂ ਦੇ ਸ਼ਿਅਰ ਬੋਲਿਆ ਕਰਦੇ ਸਨ, ਪਰ ਹੁਣ ਉਨ੍ਹਾਂ ਨੂੰ ਉਰਦੂ ਜਾਂ ਹਿੰਦੀ ਵੱਲ ਵੇਖਣ ਦੀ ਲੋੜ ਨਹੀਂ ਪੈਂਦੀ, ਲੋੜ ਪੈਣ 'ਤੇ ਉਨ੍ਹਾਂ ਦੇ ਭਾਸ਼ਨਾ ਨੂੰ ਸ਼ਿੰਗਾਰਨ ਵਾਸਤੇ ਪਾਤਰ ਦੇ ਸ਼ਿਅਰ ਹੱਸਦੇ ਹੋਏ ਆ ਕੇ ਉਨ੍ਹਾਂ ਦੇ ਬੋਲਾਂ ਵਿਚ ਬੈਠ ਜਾਂਦੇ ਨੇ।

ਉਹਦੇ ਸ਼ਿਅਰਾਂ ਨੂੰ ਤੁਸੀਂ-ਅਸੀਂ ਤਾਂ ਸਟੇਜਾਂ 'ਤੇ ਬੋਲਦੇ ਹੀ ਹਾਂ, ਪਰ ਉਹਦੇ ਸ਼ਿਅਰ ਤਾਂ ਭਾਰਤ ਦੀ ਸੰਸਦ ਵਿਚ ਵੀ, ਪੰਜਾਬ ਦੀ ਅਸੈਂਬਲੀ ਵਿਚ ਵੀ ਗੂੰਜਦੇ ਰਹੇ ਨੇ। ਗੂੰਜਦੇ ਰਹਿਣ ਨੇ!

ਉਸ ਦੇ ਸ਼ਿਅਰ ਤਾਂ ਗੁਰਦਿਆਲ ਸਿੰਘ ਦੇ ਨਾਵਲਾਂ ਦੇ ਪਾਤਰ ਵੀ ਬੋਲਦੇ ਨੇ। ਰਵੀਸ਼ ਕੁਮਾਰ ਵਰਗਾ ਭਾਰਤ ਦਾ ਨਾਮਵਰ ਪੱਤਰਕਾਰ ਬੋਲਦਾ ਹੈ। ਸਾਬਕਾ ਪ੍ਰਧਾਨ ਮੰਤ੍ਰੀ ਮਨਮੋਹਨ ਸਿੰਘ ਜਿਸਦੀ ਕਵਿਤਾ ਦਾ ਕਦਰਦਾਨ ਹੈ। ਹੋਰ ਤੇ ਹੋਰ ਗੁਰਬਾਣੀ ਦੀ ਕਥਾ ਕਰਨ ਵਾਲੇ, (ਜਿਨ੍ਹਾਂ ਕੋਲ ਆਪਣੀ ਗੱਲ ਪੁਸ਼ਟ ਕਰਨ ਲਈ ਗੁਰਬਾਣੀ ਵਿਚੋਂ ਦ੍ਰਿਸ਼ਟਾਂਤ ਦੇਣ ਵਾਸਤੇ ਭਰਿਆ-ਪੂਰਾ ਸਮੁੰਦਰ ਪਿਆ ਹੈ), ਭਾਈ ਪਿੰਦਰਪਾਲ ਸਿੰਘ ਵਰਗੇ ਵੀ ਆਪਣੇ




ਪ੍ਰਵਚਨ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸੁਰਜੀਤ ਪਾਤਰ ਦੇ ਸ਼ਿਅਰ ਵਰਤਦੇ ਹਨ।

ਉਹ ਪੰਜਾਬੀ ਦਾ ਇੱਕੋ-ਇੱਕ ਸ਼ਾਇਰ ਹੈ ਜਿਸਨੂੰ ਵਾਰਿਸਸ਼ਾਹ ਵਰਗੀ ਲੋਕ-ਪ੍ਰਿਅਤਾ ਹਾਸਲ ਹੋਈ ਹੈ ਤੇ ਵਾਰਿਸ ਸ਼ਾਹ ਵਾਂਗ ਹੀ ਉਸਦੇ ਸ਼ਿਅਰ ਕੋਟ ਕੀਤੇ ਜਾਂਦੇ ਹਨ। ਕਦੀ ਕੋਈ ਗੁੰਝਲਦਾਰ ਘਟਨਾ ਜਾਂ ਵਰਤਾਰਾ ਵਾਪਰ ਜਾਏ ਤਾਂ ਲੋਕ ਕਹਿੰਦੇ ਰਹੇ ਹਨ, 'ਹੁਣ ਏਥੇ ਵਾਰੇਸ਼ਾਹ ਕੀ ਲਿਖੂ?'

ਅੱਗੇ ਤੋਂ ਅਜਿਹੀ ਮੁਸ਼ਕਿਲ ਬਣਨ 'ਤੇ ਲੋਕ ਕਿਹਾ ਕਰਨਗੇ, 'ਹੁਣ ਏਥੇ ਪਾਤਰ ਕੀ ਲਿਖੂ?'

ਇਹਦਾ ਮਤਲਬ ਹੈ ਕਿ ਪਾਤਰ ਸਾਨੂੰ ਗੱਲ-ਗੱਲ 'ਤੇ ਯਾਦ ਆਉਂਦਾ ਰਹੇਗਾ।

—

ਮੈਂ ਕਿਹਾ ਸੀ, 'ਸੁਰਜੀਤ ਪਾਤਰ ਨਾਅਰੇ ਜਾਂ ਲਲਕਾਰੇ ਦਾ ਨਹੀਂ, ਰਮਜ਼ ਤੇ ਇਸ਼ਾਰੇ ਦਾ ਸ਼ਾਇਰ ਹੈ। ਗੁਰਦਿਆਲ ਸਿੰਘ ਦੇ ਯਾਦ-ਸਮਾਗਮ ਵਿਚ ਬੋਲਦਿਆਂ ਮੈਂ ਕਿਹਾ ਸੀ, 'ਜ਼ਰੂਰੀ ਨਹੀਂ, ਲਾਲ ਝੰਡਾ ਲੇਖਕ ਦੇ ਹੱਥ ਵਿਚ ਹੀ ਹੋਵੇ, ਉਹ ਉਹਦੇ ਦਿਲ ਵਿਚ ਵੀ ਹੁੰਦਾ ਹੈ' ਲਾਲ ਝੰਡਾ ਸੁਰਜੀਤ ਪਾਤਰ ਦੇ ਦਿਲ ਵਿਚ ਵੀ ਸੀ।

'ਕਿੰਨਾਂ ਹੈ ਮਹਾਨ ਦੇਸ਼, ਉਦੋਂ ਪਤਾ ਲੱਗਿਆ, ਜਦੋਂ ਮੇਰੀ ਹਿੱਕ 'ਚ ਤਿਰੰਗਾ ਗਿਆ ਗੱਡਿਆ' ਆਖਣ ਵਾਲੇ ਪਾਤਰ ਦੀ ਹਿੱਕ ਵਿਚ ਡੂੰਘਾ ਗੱਡਿਆ ਤਿਰੰਗਾ ਜਦੋਂ ਉਹਦੇ ਦਿਲ ਨੂੰ ਲਹੂ ਲੁਹਾਨ ਕਰ ਰਿਹਾ ਹੋਵੇ, ਤਾਂ ਉਸ ਡੁੱਲ੍ਹੇ ਲਹੂ ਨਾਲ ਰੰਗੀਜ ਕੇ ਝੰਡਾ ਆਪਣੇ-ਆਪ ਲਾਲ ਹੋ ਜਾਂਦਾ ਹੈ। ਪਾਤਰ ਸ਼ਬਦਾਂ ਦੇ ਕਾਲੇ ਬੀਜਾਂ ਵਿਚੋਂ ਅਰਥਾਂ ਦੇ ਸੂਹੇ ਫੁੱਲ ਖਿੜਾ ਸਕਣ ਦਾ ਜਾਦੂ ਜਾਣਦਾ ਸੀ।

**ਮੇਰਾ ਗੋਤੀ ਸ਼ਮਸ਼ੇਰ ਸੰਧੂ ਠੀਕ ਕਹਿੰਦਾ ਹੈ:**

ਪਹਿਲਾਂ ਵੀ ਮੈਂ ਕਹਿੰਦਾ ਸੀ ਤੇ ਹੁਣ ਵੀ। ਅਜੋਕੀ ਪੰਜਾਬੀ ਕਵਿਤਾ ਦਾ ਨੰਬਰ ਇੱਕ ਸੁਰਜੀਤ ਪਾਤਰ ਹੈ। ਨੰਬਰ ਦੋ ਸੁਰਜੀਤ ਪਾਤਰ ਹੈ। ਨੰਬਰ ਤਿੰਨ ਸੁਰਜੀਤ ਪਾਤਰ ਹੈ। ਕੋਈ ਹੋਰ ਨਾਂ ਇਸ ਸੂਚੀ 'ਚ ਸ਼ਾਮਲ ਕਰਨੇ ਹੋਣ ਤਾਂ ਤਿੰਨਾਂ 'ਤੋਂ ਬਾਅਦ ਕਰ ਲਵੋ। ਇੱਕ ਗੱਲ ਹੋਰ ਵਾਰਿਸਸ਼ਾਹ ਤੋਂ ਬਾਅਦ ਸ਼ਿਵ ਕੁਮਾਰ। ਸ਼ਿਵ ਤੋਂ ਬਾਅਦ ਪਾਸ਼। ਪਾਸ਼ ਤੋਂ ਬਾਅਦ ਸੁਰਜੀਤ ਪਾਤਰ ਸੀ। ਇਨ੍ਹਾਂ ਸ਼ਾਇਰਾਂ ਦਾ ਨਾਂ ਹੱਟੀ, ਭੱਠੀ ਜਾਂ ਖੇਤ ਦੇ ਬੰਨੇ 'ਤੇ ਖੜੋਤੇ ਕਿਸਾਨ, ਮਜ਼ਦੂਰ ਜਾਂ ਕਿਸੇ ਵੀ ਆਮ ਬੰਦੇ ਤੋਂਪੁੱਛ ਲਓ, ਉਹ ਜਾਣਦਾ ਜ਼ਰੂਰ ਹੈ।

'ਸਲਾਮ ਕਾਫ਼ਿਲਾ' ਵਾਲਿਆਂ ਨੇ ਹਜ਼ਾਰਾਂ ਲੋਕਾਂ ਦੇ ਇਕੱਠ ਵਿਚ ਸੁਰਜੀਤ ਪਾਤਰ ਬਾਰੇ ਸ਼ਰਧਾਂਜਲੀ ਸਮਾਗਮ ਰਚਾ ਕੇ ਇਸ ਤੱਥ ਦੀ ਪੁਸ਼ਟੀ ਕਰ ਦਿੱਤੀ ਹੈ। ਦੇਸ਼ ਵਿਦੇਸ਼ ਵਿਚ ਉਹਦੀ ਯਾਦ ਵਿਚ ਸਮਾਗਮ ਕੀਤੇ ਜਾ ਰਹੇ ਹਨ। ਇੰਝ ਆਪਣੇ ਪਿਆਰੇ ਸ਼ਾਇਰ ਨੂੰ ਵੀ ਉਹਦੇ ਆਪਣੇ ਲੋਕਾਂ ਨੇ ਸੌ ਕਦਮ ਅੱਗੇ ਹੋ ਕੇ ਆਪਣੇ ਕਲੇਜੇ ਨਾਲ ਘੁੱਟ ਲਿਆ ਹੈ। ਜਿਹੜਾ ਲੋਕਾਂ ਦੇ ਗਲ ਨਾਲ ਲੱਗ ਗਿਆ। ਉਹਨੇ ਹੁਣ ਕਿੱਥੇ ਜਾਣਾ ਹੈ! ਉਹ ਲੋਕਾਂ ਕੋਲ ਰਹੇਗਾ। ਸਾਡੇ, ਤੁਹਾਡੇ ਸਭਨਾਂ ਕੋਲ ਰਹੇਗਾ। ਸਾਡਾ-ਤੁਹਾਡਾ ਹਿੱਸਾ ਬਣ ਕੇ। ਤੁਹਾਡੀ ਆਪਣੀ ਦੇਹ ਜਾਨ ਬਣ ਕੇ।

ਸਾਡਾ ਪਾਤਰ ਆਪ ਹੀ ਤਾਂ ਕਹਿ ਗਿਆ ਹੈ:

ਮੁਕਾ ਕੇ ਪਰਬਤਾਂ, ਜੰਗਲਾਂ, ਥਲਾਂ ਦਾ ਲੰਮਾ ਸਫ਼ਰ
ਨਦੀ ਦਾ ਨੀਰ ਹਾਂ, ਸਾਗਰ ਨੂੰ ਜਾ ਰਿਹਾ ਹਾਂ ਮੈਂ

ਇਨ੍ਹਾਂ ਹਵਾਵਾਂ 'ਚ ਹੀ ਗੀਤ ਬਣ ਕੇ ਗੂੰਜਾਂਗਾ
ਤੇਰੇ ਹੀ ਕੋਲ ਹਾਂ, ਕਦ ਦੂਰ ਜਾ ਰਿਹਾ ਹਾਂ ਮੈਂ

—

**ਵਿਸਕੀ ਦੀ ਬੋਤਲ ਤੇ ਕਵਿਤਾ ਦਾ ਨਸ਼ਾ**

ਬੀੜ ਬਾਬਾ ਬੁੱਢਾ ਸਾਹਿਬ ਵਿਚ ਕੁਝ ਚਿਰ ਨੌਕਰੀ ਕਰਨ 'ਤੋਂ ਬਾਅਦ ਉਹ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਦੇ ਭਾਸ਼ਾਵਾਂ ਦੇ ਵਿਭਾਗ ਵਿਚ ਚਲਾ ਗਿਆ। ਉਸੇ ਵਿਭਾਗ ਵਿਚ ਮੇਰੇ ਵੱਡੇ ਭਰਾਵਾਂ ਵਰਗੇ ਦੋਸਤ ਸਾਧੂ ਭਾ ਜੀ ਵੀ ਸਨ। ਜਦੋਂ ਪਾਤਰ ਦੇ ਉਸ ਵਿਭਾਗ ਵਿਚ ਜਾਣ 'ਤੋਂ ਬਾਅਦ ਮੈਂ ਪਹਿਲੀ ਵਾਰ ਸਾਧੂ ਭਾ ਜੀ ਨੂੰ ਮਿਲਣ ਗਿਆ ਤਾਂ ਪਾਤਰ ਨਾਲ ਮੇਲ ਹੋਣਾ ਹੀ ਸੀ।

ਰਾਤ ਨੂੰ ਪਾਤਰ ਸਾਧੂ ਭਾ ਜੀ ਦੇ ਘਰ ਆ ਗਿਆ ਕਿ ਖੁੱਲ੍ਹ ਕੇ ਗੱਲਾਂ-ਬਾਤਾਂ ਹੋਣਗੀਆਂ। ਉਹਨੇ ਕਾਗਜ਼ ਵਿਚ ਵਲ੍ਹੇਟੀ ਵਿਸਕੀ ਦੀ ਬੋਤਲ ਝਕਦਿਆਂ ਝਕਦਿਆਂ ਮੇਜ਼ 'ਤੇ ਰੱਖੀ, 'ਮੈਂ ਸੋਚਿਆ, ਵਰਿਆਮ ਨਾਲ ਪ੍ਰੇਮ-ਪਿਆਲਾ ਸਾਂਝਾ ਕਰਾਂਗੇ।'

ਸਾਧੂ ਭਾ ਜੀ ਤੇ ਮੈਂ ਹੱਸ ਪਏ। ਭਾ ਜੀ ਕਹਿੰਦੇ, 'ਪਾਤਰ ਤੇਰੇ ਲਈ ਏਥੇ ਦਾਰੂ ਦੀ ਕੋਈ ਥੋੜ ਏ ਭਲਾ! ਪਰ ਵਰਿਆਮ ਤਾਂ ਪੀਂਦਾ ਈ ਨਹੀਂ।'

ਪਲ ਭਰ ਲਈ ਪਾਤਰ ਦੇ ਚਿਹਰੇ 'ਤੇ ਨਿਰਾਸ਼ਾ ਦਾ ਪ੍ਰਛਾਵਾਂ ਜਿਹਾ ਪਿਆ।

ਮੈਂ ਕਿਹਾ, 'ਪਾਤਰ ਤੇਰੀ ਕਵਿਤਾ ਦਾ ਨਸ਼ਾ ਹੀ ਐਸਾ, ਜਿਹਦਾ ਸਰੂਰ ਕਦੀ ਉੱਤਰਨ ਵਾਲਾ ਨਹੀਂ। ਬੱਸ ਤੂੰ ਉਹ 'ਬੋਤਲ' ਖੋਲ੍ਹੀ ਰੱਖੀਂ। ਅਸੀਂ ਪੀਂਦੇ ਰਹੀਏ ਤੇ ਸਰਸ਼ਾਰ ਹੁੰਦੇ ਰਹੀਏ!

ਅਸੀਂ ਦੇਰ ਰਾਤ ਤੱਕ ਬੈਠੇ ਗੱਲਾਂ ਕਰਦੇ ਰਹੇ। ਜਾਣ ਲੱਗਿਆਂ ਮੋਹ ਨਾਲ ਆਪਣੇ ਘਰ ਆਉਣ ਦਾ ਸੱਦਾ ਦਿੱਤਾ।

ਉਹਦਾ ਘਰ ਅਜੇ ਖੁੱਲ੍ਹੇ ਮੈਦਾਨ ਵਿਚ ਨੰਗ-ਧੜੰਗ ਇਕੱਲ੍ਹਾ ਖਲੋਤਾ ਸੀ। ਬਿਨਾਂ ਪਲੱਸਤਰ ਘਰ ਦੀਆਂ ਦੀਵਾਰਾਂ 'ਤੇ ਬਾਲ ਅੰਕੁਰ ਨੇ ਲੀਕਾਂ ਵਾਹ ਕੇ 'ਚਿਤਰਕਾਰੀ' ਕੀਤੀ ਹੋਈ ਸੀ। ਕੁਝ ਦਿਨਾਂ ਬਾਅਦ ਇਸ ਇਕੱਲ੍ਹੇ ਮਕਾਨ ਨੂੰ ਵੇਖ ਕੇ ਚੋਰ ਆ ਗਏ। ਮੈਨੂੰ ਪਤਾ ਲੱਗਾ ਤਾਂ ਮੈਂ ਪਾਤਰ ਨੂੰ ਚਿੱਠੀ ਲਿਖੀ। ਜਵਾਬ ਵਿਚ ਪਾਤਰ ਨੇ ਉਸ ਰਾਤ ਦਾ ਡਰਾਉਣਾ ਜ਼ਿਕਰ ਕਰਦਿਆਂ ਫ਼ੈਜ਼ ਦੇ ਸ਼ਿਅਰ ਦਾ ਆਸਰਾ ਲੈ ਕੇ ਤੋੜਾ ਝਾੜਿਆ।

ਸ਼ਾਮੇ-ਫ਼ਿਰਾਕ ਅਬ ਨ ਪੂਛ ਆਈ ਔਰ ਆ ਕੇ ਟਲ ਗਈ
ਦਿਲ ਥਾ ਕਿ ਫਿਰ ਬਹਲ ਗਯਾ, ਜਾਂ ਥੀ ਕਿ ਫਿਰ ਸੰਭਲ ਗਈ।

ਸਮੇਂ ਨਾਲ ਸਾਡੇ ਰਿਸ਼ਤੇ ਦੀ ਗੰਢ ਪੀਚਵੀਂ ਹੁੰਦੀ ਗਈ। ਇਹ ਵੱਖਰੀ ਗੱਲ ਹੈ ਕਿ ਮੇਲ-ਮਿਲਾਪ ਘੱਟ ਹੁੰਦਾ ਸੀ। ਪਰ ਜਦ ਵੀ ਮਿਲਦੇ ਸਮੇਂ ਨੂੰ ਕਸ਼ੀਦ ਕਰ ਕੇ ਘੁੱਟ ਘੁੱਟ ਪੀਂਦੇ ਰਹਿੰਦੇ। ਕਦੀ-ਕਦੀ ਕਵੀ ਦਰਬਾਰਾਂ ਵਿਚ ਇੱਕੋ ਮੰਚ 'ਤੇ ਕਵਿਤਾ ਪੜ੍ਹਨ ਦਾ ਮੌਕਾ ਵੀ ਨਸੀਬ ਹੋ ਜਾਂਦਾ। ਸੁਰਜੀਤ ਪਾਤਰ ਨਾਲ ਮੇਰਾ ਮੋਹਵੰਤਾ ਰਿਸ਼ਤਾ ਤਾ-ਉਮਰ ਬਣਿਆ ਰਿਹਾ। ਸਾਡੀ ਮੁਹੱਬਤੀ ਤਾਰ ਧੁਰ ਅੰਦਰੋਂ ਕਿਤੇ ਜੁੜ ਗਈ ਸੀ। ਉਸ ਨਾਲ ਲਗਾਤਾਰ ਸਾਂਝੇ ਕੀਤੇ ਸੰਗੀਤਕ-ਸਮਾਗਮਾਂ ਨੇ ਇਸ ਰਿਸ਼ਤਗੀ 'ਤੇ ਗੂੜ੍ਹਾ ਮਜੀਠੀ ਰੰਗ ਚਾੜ੍ਹ ਦਿੱਤਾ।

—

**ਸਾਡਾ 'ਢਾਡੀ ਜਥਾ'**

ਸੁਰਜੀਤ ਪਾਤਰ ਅਕਸਰ ਸਾਡੇ ਦੋਵਾਂ ਦੀ ਸ਼ਖ਼ਸੀਅਤ ਦਾ ਨਿਖੇੜਾ ਕਰਨ ਲਈ ਕਿਹਾ ਕਰਦਾ ਸੀ, 'ਵਰਿਆਮ ਨੇ ਬਹੁਤਾ ਢਾਡੀਆਂ ਨੂੰ ਸੁਣਿਆ ਹੈ ਤੇ ਮੈਂ ਬਹੁਤਾ ਰਾਗੀਆਂ ਨੂੰ ਸੁਣਦਾ ਰਿਹਾਂ।'

ਇਹ ਸੱਚ ਵੀ ਸੀ। ਜਦੋਂ ਅਸੀਂ ਤਿੰਨਾਂ ਨੇ ਦੇਸ਼ ਵਿਦੇਸ਼ ਵਿਚ ਮਿਲ ਕੇ ਸਮਾਗਮ ਕਰਨੇ ਸ਼ੁਰੂ ਕੀਤੇ ਤਾਂ ਮੈਂ ਹੱਸ ਕੇ ਕਿਹਾ ਕਰਦਾ, 'ਹੁਣ ਬਣਿਆ ਆਪਣਾ ਅਸਲੀ ਢਾਡੀ ਜਥਾ।'

ਉਂਝ ਤਾਂ ਢਾਡੀ ਜਥੇ ਦਾ ਜਥੇਦਾਰ ਉਹੋ ਹੁੰਦਾ ਹੈ, ਜੋ ਸੁਣਾਏ ਜਾਣ ਵਾਲੇ ਪ੍ਰਸੰਗ ਦਾ ਬਿਰਤਾਂਤ ਸਾਂਝਾ ਕਰਦਾ ਹੈ ਤੇ ਐਨ ਟਿਕਾਣੇ 'ਤੇ ਪਹੁੰਚ ਕੇ ਢੱਡ-ਸਾਰੰਗੀ ਵਾਲਿਆਂ ਨੂੰ ਵਾਰ ਗਾਉਣ ਲਈ ਇਸ਼ਾਰਾ ਕਰਦਾ ਹੈ। ਪਰ ਸਾਡੇ ਜਥੇ ਵਿਚ ਪ੍ਰਸੰਗ ਉਸਾਰਨ ਵਾਲਾ ਬੇਸ਼ਕ ਮੈਂ ਹੀ ਸਾਂ। ਮੈਂ ਹੀ ਗੱਲ ਦੀ ਤੰਦ ਫੜਦਾ ਤੇ ਦਰਸ਼ਕਾਂ-ਸਰੋਤਿਆਂ ਨੂੰ ਸਮੁੱਚੇ ਪ੍ਰਸੰਗ ਨਾਲ ਜੋੜ ਕੇ ਗੱਲ ਪੱਤਣ 'ਤੇ ਲੈ ਆਉਂਦਾ। ਅੱਗੋਂ ਬੇੜੀ ਦਾ ਮਲਾਹ ਪਾਤਰ ਬਣ ਜਾਂਦਾ। ਹੁਣ ਚੱਪੂ ਪਾਤਰ ਦੇ ਹੱਥ ਹੁੰਦਾ। ਬੇੜੀ ਲਹਿਰਾਂ 'ਤੇ ਤਰਦੀ। ਸਵਰ-ਲਹਿਰੀਆਂ ਉੱਠਦੀਆਂ। ਪਾਤਰ ਦੇ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਦਾ ਰਹੱਸ ਖੁੱਲ੍ਹਦਾ। ਕਵਿਤਾ ਦੂਰ ਤੱਕ ਲਿਸ਼ਕਾਂ ਮਾਰਦੀ।

ਦੇਵ ਦਿਲਦਾਰ ਦੀ ਸੁਰ, ਸ਼ਬਦ ਨਾਲ ਸੰਗਤ ਕਰਦੀ। ਫਿਜ਼ਾ ਮਹਿਕ ਉੱਠਦੀ। ਬੇੜੀ ਸਹਿਜੇ ਜਿਹੇ ਪਾਰ ਉੱਤਰਦੀ। ਅਸੀਂ ਅਗਲੇ ਸਫ਼ਰ 'ਤੇ ਤੁਰਦੇ। ਮੈਂ ਗੱਲ-ਬਾਤ ਨੂੰ ਅਗਲੇ ਰਾਹ 'ਤੇ ਤੋਰਦਾ। ਤੁਰਦੇ ਤੁਰਦੇ ਅਸੀਂ ਪਾਤਰ ਦੇ ਨਵੇਂ ਖਿੜੇ ਕਾਵਿ-ਬਗੀਚੇ ਵਿਚ ਪਹੁੰਚਦੇ। ਵੇਖਦੇ ਕਿ ਕਿਹੜੇ ਕਿਹੜੇ ਗੁਲ ਸ਼ਾਇਰ ਦੀਆਂ ਨਿਗਾਹਾਂ 'ਤੋਂ ਚੋਰੀ ਖਿੜੇ ਸਨ, ਅਸੀਂ ਉਨ੍ਹਾਂ ਮਹਿਕਾਂ ਨੂੰ ਲੱਭਦੇ, ਜੋ ਹਵਾਵਾਂ ਤੋਂ ਚੋਰੀ ਪਤਾ ਨਹੀਂ ਕਿਹੜੇ ਦੇਸ਼ ਨੂੰ ਤੁਰ ਗਈਆਂ ਸਨ। ਮੈਂ ਗੱਲਬਾਤ ਨੂੰ ਇਸ ਮੁਕਾਮ 'ਤੇ ਲਿਆ ਕੇ ਕਹਿੰਦਾ, 'ਪਾਤਰ ਆਪਣੀ ਦੂਰ ਦੀ ਸੂਖ਼ਮ ਨਜ਼ਰ ਨਾਲ ਵੇਖ ਕੇ ਦੱਸ ਕਿ ਕਿੱਥੇ ਨੇ ਉਹ ਮਹਿਕਾਂ, ਕਿੱਥੇ ਨੇ ਗੁਲ ਤੇ ਕਿਹੜੇ ਪਾਸੇ ਨੂੰ ਜਾ ਰਹੀਆਂ ਨੇ ਹਵਾਵਾਂ!'

ਪਾਤਰ ਆਪਣੇ ਬੋਲਾਂ ਵਿਚ ਗੁਲਾਂ ਨੂੰ ਪਲੋਸਦਾ, ਮਹਿਕਾਂ ਨੂੰ ਘੋਲਦਾ ਤੇ ਅਸੀਂ ਦੇਵ ਨੂੰ ਕਹਿੰਦੇ ਸੁਰਾਂ ਦੇ ਕੰਧਾੜੇ ਚੜ੍ਹ ਕੇ ਹਵਾਵਾਂ ਵਿਚ ਤਾਰੀਆਂ ਲਾ ਕੇ ਆਵੇ! ਸਰੋਤੇ ਵੀ ਸੁਰਾਂ ਦੇ ਸਰਵਰ ਵਿਚ ਤਾਰੀਆਂ ਲਾਉਂਦੇ। ਮਹਿਕਾਂ ਵਿਚ ਭਿੱਜਦੇ। ਅਸਲ ਵਿਚ ਸਾਡੇ ਢਾਡੀ ਜਥੇ ਦਾ ਅਸਲੀ ਜਥੇਦਾਰ ਪਾਤਰ ਦੀ ਕਵਿਤਾ

***(ਬਾਕੀ ਅਗਲੇ ਸਫੇ 'ਤੇ)***

*(ਪਿਛਲੇ ਸਫੇ ਦਾ ਬਾਕੀ)*

ਸੀ, ਉਹਦੀ ਜ਼ਿੰਦਗੀ ਦੀ ਜ਼ਮੀਨ ਸੀ, ਜਿਸ ਦੀ ਮਿੱਟੀ ਵਿਚੋਂ ਉਹਨੂੰ ਕਾਲੇ ਬੀਜਾਂ ਵਿਚੋਂ ਸੂਹੇ ਫੁੱਲ ਖਿੜਾਉਣ ਦਾ ਹੁਨਰ ਪ੍ਰਾਪਤ ਹੋਇਆ ਸੀ।

ਸੁਰਜੀਤ ਪਾਤਰ ਨੇ ਦੇਸ਼-ਵਿਦੇਸ਼ ਵਿਚ ਆਪਣੀ ਕਵਿਤਾ ਦੀ ਅਨੇਕਾਂ ਵਾਰ ਛਹਿਬਰ ਲਾਈ। ਵੱਡੇ ਵੱਡੇ ਇਕੱਠਾਂ ਵਿਚ ਆਪਣਾ ਕਲਾਮ ਪੜ੍ਹਿਆ। ਉਹਦੇ ਦੋਸਤ-ਮਿੱਤਰ, ਪਾਤਰ ਦੀ ਕਵਿਤਾ ਦੇ ਪ੍ਰਸ਼ੰਸਕਾਂ ਦੇ ਸੰਗ-ਸਾਥ ਵਿਚ ਮਿਲ ਬੈਠਦੇ। ਬੜਾ ਰੰਗ ਬੱਝਦਾ। ਪਾਤਰ ਦੀ ਕਵਿਤਾ ਦਾ ਜਾਦੂ ਹੀ ਐਸਾ ਸੀ ਤੇ ਉਤੋਂ ਉਹਦਾ ਤਰੰਨੁਮ! ਸੋਨੇ 'ਤੇ ਸੁਹਾਗਾ!

—

ਲਾਇਲਪੁਰ ਖ਼ਾਲਸਾ ਕਾਲਜ ਦੀ ਸੰਦਲੀ ਤੇ ਸੁਰਮਈ ਸ਼ਾਮ

ਸੁਰਜੀਤ ਪਾਤਰ ਦੀ ਕਵਿਤਾ ਅਤੇ ਜੀਵਨ ਦੀ ਗੁਫ਼ਾ ਵਿਚ ਉਤਰਨ ਲਈ ਸ਼ਬਦ ਅਤੇ ਸੁਰ ਦੇ ਸਜੀਵ ਦੀਦਾਰ ਕਰਨ-ਕਰਵਾਉਣ ਲਈ, ਪਾਤਰ ਨਾਲ ਸਲਾਹ ਕਰ ਕੇ, ਇਤਿਹਾਸ ਵਿਚ ਅਜਿਹੀ ਪਹਿਲੀ ਸੰਦਲੀ ਤੇ ਸੁਰਮਈ ਸ਼ਾਮ ਦੀ ਤਾਰੀਖ਼ ਨਿਯਤ ਕਰ ਲਈ।

ਸੁਰਜੀਤ ਪਾਤਰ ਤੇ ਦੇਵ ਦਿਲਦਾਰ ਸਮੇਂ ਸਿਰ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਦਫ਼ਤਰ ਵਿਚ ਪਹੁੰਚ ਗਏ। ਮੁੱਖ ਪ੍ਰਾਹੁਣੇ ਵਜੋਂ ਮੈਂ ਸਾਂਝੇ ਸਾਹਿਤਕ ਮਿੱਤਰ ਨ੍ਰਿਪਿੰਦਰ ਸਿੰਘ ਰਤਨ ਨੂੰ ਸੱਦਾ ਦਿੱਤਾ। ਉਹ ਉਦੋਂ ਪੰਜਾਬ ਦਾ ਸਿੱਖਿਆ ਸਕੱਤਰ ਸੀ। ਰਤਨ ਵੀ ਵੇਲੇ ਸਿਰ ਪਹੁੰਚ ਗਿਆ। ਪ੍ਰਿੰਸੀਪਲ ਦੇ ਦਫ਼ਤਰ ਵਿਚ ਸਾਰੇ ਚਾਹ-ਪਾਣੀ ਪੀ ਰਹੇ ਸਨ ਕਿ ਮੈਂ ਤੇ ਪਾਤਰ ਵੱਖਰੇ ਸੋਫ਼ੇ 'ਤੇ ਬਹਿ ਗਏ। ਦਸ-ਪੰਦਰਾਂ ਮਿੰਟਾਂ ਵਿਚ ਅਸੀਂ ਤੈਅ ਕਰ ਲਿਆ ਕਿ ਮੈਂ ਗੱਲ ਕਿੱਥੋਂ ਸ਼ੁਰੂ ਕਰਾਂਗਾ ਤੇ ਕਿਹੜੇ ਕਿਹੜੇ ਮੁੱਖ ਸਵਾਲ ਕਰਾਂਗਾ ਤੇ ਕਿਹੜੀਆਂ ਕਿਹੜੀਆਂ ਗ਼ਜ਼ਲਾਂ ਦੇਵ ਚੰਗੀ ਤਰ੍ਹਾਂ ਗਾ ਲਵੇਗਾ।

ਇਕੱਲ੍ਹੇ ਪਾਤਰ ਨਾਲ ਤਾਂ ਚਾਰ-ਪੰਜ ਰੂ-ਬ-ਰੂ ਪ੍ਰੋਗਰਾਮ ਅਸੀਂ ਜਲੰਧਰ ਵਿਚ ਪਹਿਲਾਂ ਵੀ ਕਰ ਚੁੱਕੇ ਸਾਂ। ਇਨ੍ਹਾਂ ਵਿਚੋਂ ਦੋ ਕੁ ਵਾਰ, ਸਮੇਂ ਦੀ ਵਿੱਥ ਪਾ ਕੇ, ਆਪਣੇ ਕਾਲਜ ਵਿਚ ਹੀ ਵਿਦਿਆਰਥੀਆਂ ਤੇ ਕਾਲਜ ਦੇ ਚੁਨਿੰਦਾ ਅਧਿਆਪਕਾਂ ਦੀ ਹਾਜ਼ਰੀ ਵਿਚ ਅਤੇ ਦੋ ਕੁ ਵਾਰ ਪੰਜਾਬੀ ਲੇਖਕ ਸਭਾ ਜਲੰਧਰ ਵੱਲੋਂ ਵੀ ਕਰਵਾਏ ਗਏ। ਇਨ੍ਹਾਂ ਪ੍ਰੋਗਰਾਮਾਂ ਦਾ ਮੇਜ਼ਬਾਨ ਮੈਂ ਹੀ ਸਾਂ, ਪਰ ਉਦੋਂ ਏਨੇ ਬਹੁ-ਪਰਤੀ ਸਵਾਲ ਇੱਕੋ ਸਮਾਗਮ ਵਿਚ ਨਹੀਂ ਸਨ ਹੋਏ। ਉਂਝ ਵੀ ਗੱਲਾਂ ਖੜੇ-ਖੜੋਤੇ ਹੁੰਦੀਆਂ ਰਹੀਆਂ। ਨਾਲੇ ਬਹੁਤਾ ਜ਼ੋਰ ਇਸ ਗੱਲ 'ਤੇ ਹੁੰਦਾ ਕਿ ਪਾਤਰ ਕੋਲੋਂ ਉਹਦੀਆਂ ਗ਼ਜ਼ਲਾਂ ਤਰੰਨੁਮ ਵਿਚ ਸੁਣੀਆਂ ਜਾਣ। ਇਸ ਲਈ ਮੇਰਾ ਸੰਖੇਪ ਜਿਹਾ ਸਵਾਲ ਤੇ ਪਾਤਰ ਦਾ ਸੰਖੇਪ ਜਿਹਾ ਜਵਾਬ। ਤੇ ਫੇਰ ਗ਼ਜ਼ਲ ਦਾ ਗਾਇਨ। ਪਰ ਨਿੱਠ ਕੇ ਆਹਮੋ-ਸਾਹਮਣੇ ਬੈਠਣਾ, ਖੁੱਲ੍ਹੇ ਮਾਹੌਲ ਵਿਚ ਸਵਾਲਾਂ ਜਵਾਬਾਂ ਦਾ ਸਿਲਸਿਲਾ, ਅਜਿਹਾ ਕਦੀ ਨਹੀਂ ਸੀ ਹੋਇਆ। ਸੋਨੇ 'ਤੇ ਸੁਹਾਗਾ ਇਹ ਕਿ ਇਸ ਵਾਰ ਉਹਦੀਆਂ ਗ਼ਜ਼ਲਾਂ 'ਤੇ ਸੁਰ ਅਤੇ ਸਾਜ਼ ਰਾਹੀਂ ਸੁਨਹਿਰੀ ਝਾਲ ਫੇਰਨ ਵਾਲਾ ਦੇਵ ਦਿਲਦਾਰ ਸਾਡੀ ਸੰਗਤ ਕਰ ਰਿਹਾ ਸੀ।

ਸ਼ਾਮ ਦਾ ਵੇਲਾ ਸੀ। ਓਪਨ ਏਅਰ ਥੀਏਟਰ ਅੱਜ ਵੀ ਭਰਿਆ ਹੋਇਆ ਸੀ। ਪਰ ਅੱਜ ਸਰੋਤਿਆਂ ਵਿਚ ਲੇਖਕ, ਵਿਦਵਾਨ, ਕਾਲਜਾਂ ਦੇ ਅਧਿਆਪਕ ਤੇ ਕੁਝ ਵਿਦੇਸ਼ਾਂ 'ਤੋਂ ਆਏ ਪ੍ਰਾਹੁਣੇ ਵੀ ਸ਼ਾਮਲ ਸਨ। ਕਾਲਜ ਕਮੇਟੀ ਦਾ ਪ੍ਰਧਾਨ ਬਲਬੀਰ ਸਿੰਘ ਤੇ ਹੋਰ ਕਮੇਟੀ ਮੈਂਬਰ ਵੀ ਹਾਜ਼ਰ ਸਨ।

–

ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਾਲੇ ਸਮਾਗਮ ਦੀ ਅਪਾਰ ਸਫ਼ਲਤਾ ਦੀਆਂ ਅਜਿਹੀਆਂ ਧੁੰਮਾਂ ਪਈਆਂ ਕਿ ਅਗਲੇ ਕੁਝ ਮਹੀਨਿਆਂ ਵਿਚ ਹੀ ਸਾਨੂੰ ਜਲੰਧਰ ਵਿਚ ਹੀ ਪੰਜ-ਛੇ ਸਮਾਗਮ ਕਰਨੇ ਪਏ। ਹੁਣ ਅਸੀਂ ਏਨੇ ਅਭਿਆਸੀ ਹੋ ਚੁੱਕੇ ਸਾਂ ਕਿ ਸਾਨੂੰ ਸਮਾਗਮ ਤੋਂ ਪਹਿਲਾਂ ਇਹ ਪੁੱਛਣ/ਜਾਨਣ ਦੀ ਲੋੜ ਵੀ ਨਹੀਂ ਸੀ ਪੈਂਦੀ ਕਿ ਅੱਜ ਆਪਾਂ ਕੀ ਗੱਲ-ਬਾਤ ਕਰਨੀ ਹੈ। ਮੈਂ ਕਿਹੜੇ ਸਵਾਲ ਪੁੱਛਣੇ ਨੇ, ਦੇਵ ਦਿਲਦਾਰ ਨੇ ਕਿਹੜੀਆਂ ਕਿਹੜੀਆਂ ਗ਼ਜ਼ਲਾਂ ਗਾਉਣੀਆਂ ਨੇ। ਸਾਨੂੰ ਪਤਾ ਲੱਗ ਚੁੱਕਾ ਸੀ ਕਿ ਪਿਛਲੇ ਸਮਾਗਮਾਂ ਵਿਚ ਸਰੋਤਿਆਂ ਨੇ ਪਾਤਰ ਵੱਲੋਂ ਸੁਣਾਈਆਂ ਕਿਹੜੀਆਂ ਗੱਲਾਂ 'ਤੇ ਭਰਵਾਂ ਹੁੰਗਾਰਾ ਭਰਿਆ ਸੀ। ਦੇਵ ਦੀ ਗਾਈ ਕਿਹੜੀ ਗ਼ਜ਼ਲ ਨੇ ਵਧੇਰੇ ਠਾਠ ਬੱਧਾ ਸੀ।

—

ਸੁਰਜੀਤ ਪਾਤਰ ਦਾ 'ਸੀਰਤ' ਨਾਲ ਜੁੜਨਾ

ਜਦੋਂ ਮੇਰੇ ਬੇਟੇ ਸੁਪਨ ਨੇ ਸਾਨੂੰ ਕਨੇਡਾ ਬੁਲਾਉਣਾ ਸੀ ਤਾਂ ਉਹ ਤੇ ਮੈਂ ਦੋਵੇਂ ਹੀ ਨਹੀਂ ਸਾਂ ਚਾਹੁੰਦੇ ਕਿ ਕਨੇਡਾ ਵਿਚ ਆ ਕੇ ਕੋਈ 'ਨੌਕਰੀ' ਕਰਾਂ! ਕੰਮ ਕਰਨਾ ਮਾੜਾ ਨਹੀਂ। ਵੱਡੇ ਅਹੁਦਿਆਂ 'ਤੋਂ ਰਿਟਾਇਰ ਹੋਣ ਬਾਅਦ ਵੀ ਬਾਹਰਲੇ ਮੁਲਕਾਂ ਵਿਚ ਜਾ ਕੇ ਲੋਕ ਅਕਸਰ ਕੰਮ-ਕਾਰ ਕਰਦੇ ਨੇ ਤੇ ਇਸ ਵਿਚ ਕੋਈ ਮਿਹਣੇ ਵਾਲੀ ਗੱਲ ਨਹੀਂ। ਪਰ ਸਾਡਾ ਪਿਉ-ਪੁੱਤਾਂ ਦਾ 'ਬਾਬਾ ਆਦਮ ਨਿਰਾਲਾ' ਸੀ! ਮੈਂ ਉਹਨੂੰ ਕਿਹਾ ਸੀ ਕਿ ਮੈਂ ਤਾਂ ਲਿਖਣ-ਪੜ੍ਹਣ ਦਾ ਕੰਮ ਹੀ ਕਰਾਂਗਾ।

ਉਹਨੇ ਸੋਚਿਆ ਕਿ ਜੇ ਮੈਂ ਲਿਖਣ-ਪੜ੍ਹਣ ਦਾ ਕੰਮ ਹੀ ਕਰਨਾ ਸੀ ਤਾਂ ਕਿਉਂ ਨਾ ਮੇਰਾ ਰੁਝੇਵਾਂ ਸਾਰਥਕ ਬਨਾਉਣ ਲਈ ਇੱਕ ਮੈਗ਼ਜ਼ੀਨ ਸ਼ੁਰੂ ਕੀਤਾ ਜਾਵੇ। ਉਹਨੇ 'ਸੀਰਤ' ਨਾਂ ਦਾ ਮਾਸਿਕ-ਪੱਤਰ ਛਾਪਣਾ ਸ਼ੁਰੂ ਕਰ ਲਿਆ। ਜਦੋਂ ਅਸੀਂ ਕਨੇਡਾ ਗਏ ਤਾਂ 'ਸੀਰਤ' ਦਾ ਪਹਿਲਾ ਅੰਕ ਪ੍ਰਕਾਸ਼ਿਤ ਹੋ ਚੁੱਕਾ ਸੀ।

ਅੱਜ ਕਿਉਂਕਿ ਵਿਸ਼ੇਸ਼ ਗੱਲ ਸੁਰਜੀਤ ਪਾਤਰ ਦੀ ਕੀਤੀ ਜਾ ਰਹੀ ਹੈ ਤਾਂ ਦੱਸ ਦੇਣਾ ਬਹੁਤ ਜ਼ਰੂਰੀ ਹੈ ਕਿ ਪਾਤਰ ਨੇ 'ਸੀਰਤ' ਵਾਸਤੇ ਲਗਾਤਾਰ ਲਿਖਣ ਦਾ ਵਚਨ ਕੀਤਾ ਹੀ ਨਹੀਂ, ਉਹਨੂੰ ਤੋੜ ਤੱਕ ਨਿਭਾਇਆ ਵੀ। ਉਹਦੀ ਵਾਰਤਕ ਦੀ ਚਰਚਿਤ ਪੁਸਤਕ 'ਸੂਰਜ ਮੰਦਰ ਦੀਆਂ ਪੌੜੀਆਂ' ਦੀਆਂ ਅੱਧਿਓਂ ਵੱਧ ਲਿਖਤਾਂ ਉਹਨੇ 'ਸੀਰਤ' ਵਾਸਤੇ ਲਿਖੀਆਂ, ਤੇ ਇਹ ਗੱਲ ਉਹਨੇ ਪੁਸਤਕ ਦੀ ਪਹਿਲੀ ਛਾਪ ਵਿਚ ਮੁੱਖ-ਬੰਧ ਲਿਖਦਿਆਂ ਸਵੀਕਾਰ ਵੀ ਕੀਤੀ ਹੈ। ਖ਼ੂਬਸੂਰਤ ਗੱਲ ਇਹ ਸੀ ਕਿ ਉਹ ਆਪਣੀ ਜਿਹੜੀ ਵੀ ਲਿਖਤ 'ਸੀਰਤ' ਵਾਸਤੇ ਭੇਜਦਾ, ਉਸ ਨਾਲ ਜੁੜਵੀਆਂ ਤਸਵੀਰਾਂ ਵੀ ਨਾਲ ਭੇਜਦਾ। ਤਸਵੀਰਾਂ ਛਾਪਣ ਨਾਲ ਉਹ ਲਿਖਤ ਹੋਰ ਵੀ ਸਜਿੰਦ ਤੇ ਪ੍ਰਭਾਵਸ਼ਾਲੀ ਬਣ ਜਾਂਦੀ।

ਪਿਛਲੀਆਂ ਈਮੇਲਾਂ ਫ਼ੋਲਦਿਆਂ ਪਰਚੇ ਨੂੰ ਸਹਿਯੋਗ ਦੇਣ ਦੇ ਹਵਾਲੇ ਨਾਲ ਸਾਡਾ ਹੇਠਾਂ ਲਿਖਿਆ ਈ-ਮੇਲ ਵਟਾਂਦਰਾ ਲੱਭਾ ਹੈ:-

(ਵਰਿਆਮ ਸਿੰਘ ਸੰਧੂ ਵੱਲੋਂ)-ਪਾਤਰ ਪਿਆਰੇ ਜੀਓ! ਕੀ ਹਾਲ ਨੇ?

ਡੀ ਲਿਟ ਮਿਲਣ ਦੀਆਂ ਮੁਬਾਰਕਾਂ!

ਮੈਨੂੰ ਫਿਰ ਕਨੇਡਾ ਆਉਣਾ ਪੈ ਗਿਆ। ਰੁਝੇਵਿਆਂ ਕਰਕੇ ਮਿਲ ਬੈਠ ਤੇ ਖੁੱਲ੍ਹ ਕੇ ਗੱਲਾਂ ਕਰਨ ਦਾ ਸਬੱਬ ਬਣ ਹੀ ਨਾ ਸਕਿਆ, ਚਾਹੁੰਦਿਆਂ ਹੋਇਆਂ ਵੀ।

ਮੈਂ ਆਪਣੀ 'ਮੁਹਾਂਦਰੇ' ਵਾਲੀ ਇੰਟਰਵਿਊ ਵਿਚ ਗੁਰਬਚਨ ਬਾਰੇ ਗੱਲ ਕਰਦਿਆਂ ਧੱਕੇ ਨਾਲ ਹੀ 'ਸੁਰਜੀਤ ਪਾਤਰ' ਦਾ ਨਾਂ ਵਿਚ ਖਿੱਚ ਲਿਆਂਦਾ ਸੀ, ਬੁਰਾ ਤਾਂ ਨਹੀਂ ਲੱਗਾ? ਇਸ ਇੰਟਰਵਿਊ ਦਾ ਕੈਸਾ ਰੱਦੇ ਅਮਲ ਹੋਇਆ ਹੈ?

'ਸੀਰਤ' ਬਹੁਤ ਮਹਿੰਗਾ ਪੈਂਦਾ ਹੈ। ਜੇ ਕੁਝ ਮਸਾਲਾ ਪਿਆ ਹੋਵੇ ਤਾਂ ਘੱਲ ਦੇਣਾ।

ਈ ਮੇਲ ਕਰਨ ਦਾ ਫੌਰੀ ਕਾਰਨ ਹੈ ਕਿ ਅੱਜ ਦੁਪਹਿਰੇ ਸੁੱਤਿਆਂ ਪਿਆਂ ਜਨਾਬ ਪਾਤਰ ਸਾਹਿਬ ਨੇ ਆਕੇ ਮੇਰੇ ਸੁਪਨੇ ਵਿਚ ਦੀਦਾਰ ਦਿੱਤੇ। ਧੰਨ ਧੰਨ ਹੋ ਗਈ!

ਤੇਰਾ -ਵਰਿਆਮ

—

ਪਾਤਰ ਦਾ ਜਵਾਬ:

ਅਤਿ ਪਿਆਰੇ ਵਰਿਆਮ

ਏਨੀ ਦੇਰ ਨਾਲ ਉੱਤਰ ਦੇਣ ਲਈ ਮਾਫ਼ ਕਰ ਦੇਵੀਂ।

ਗ਼ਦਰੀ ਬਾਬਿਆਂ ਦੇ ਮੇਲੇ ਵਾਲੀ ਮੁਲਾਕਾਤ ਨਾਲ ਹੀ ਦਿਲ ਨੂੰ ਤਸੱਲੀ ਦੇ ਲਈ ਹੈ। ਤੇਰੀ ਸਟੇਜ-ਸਕੱਤਰੀ ਦੇ ਬੋਲ ਤਾਂ ਸਦਾ ਹੀ ਸੋਹਣੇ ਹੁੰਦੇ ਹਨ, ਤੇਰੀ ਕਵਿਤਾ ਵੀ ਬੜੀ ਦਿਲ ਟੁੰਬਵੀਂ ਸੀ (ਗ਼ਦਰੀ ਬਾਬਿਆਂ ਦੇ ਮੇਲੇ ਦੇ ਕਵੀ-ਦਰਬਾਰ ਦਾ ਸੰਚਾਲਨ ਕਰਦਿਆਂ ਮੈਂ ਆਪਣੀ ਕਵਿਤਾ ਵੀ ਸੁਣਾਈ ਸੀ-ਵ ਸ ਸੰਧੂ)। ਤੈਨੂੰ ਸੱਤੇ ਖ਼ੈਰਾਂ।

ਜੁਗ ਜੁਗ ਜੀਵੇਂ!

ਮੁਹਾਂਦਰੇ ਵਾਲੀ ਮੁਲਾਕਾਤ ਵਿਚ ਮੇਰਾ ਨਾਮ ਤਾਂ ਆਉਣਾ ਹੀ ਸੀ, ਨਾ ਆਉਂਦਾ ਤਾਂ ਬੁਰਾ ਲਗਦਾ।

ਸੀਰਤ ਲਈ ਛੇਤੀ ਹੀ ਕੁਝ ਭੇਜਾਂਗਾ।

ਪਿਆਰ ਨਾਲ ,

ਸੁਰਜੀਤ ਪਾਤਰ (4 ਮਾਰਚ 2010)

—

ਅਗਲਾ ਈ-ਮੇਲ ਵਟਾਂਦਰਾ

ਪਿਆਰੇ ਪਾਤਰ-ਇਸ ਵਾਰ ਜ਼ਰਾ ਜਲਦੀ ਖ਼ੇਚਲ ਕਰਨੀ ਪੈਣੀ ਹੈ। ਮੈਂ ਪੰਦਰਾਂ ਤਰੀਕ 'ਤੋਂ ਬਾਹਰ ਜਾਣਾ ਹੈ ਅਤੇ ਫਿਰ 19 ਤੋਂ 25 ਤਰੀਕ ਤੱਕ ਹਰਦੇਵ ਵਿਰਕ ਕੋਲ। ਇਸ ਲਈ ਪੰਦਰਾਂ ਤੱਕ ਪਰਚਾ ਮੁਕੰਮਲ ਕਰਕੇ ਜਾਣਾ ਹੈ। ਤੁਸੀਂ ਚੌਦਾਂ ਤੱਕ ਕੁਝ ਨਾ ਕੁਝ ਭੇਜ ਦਿਓ; ਭਾਵੇਂ ਹਾਜ਼ਰੀ ਲਾਉਣ ਜੋਗਾ ਹੀ ਕਿਉਂ ਨਾ ਹੋਵੇ।

ਅਸਲ ਵਿਚ ਅਸੀਂ ਹਰ ਮਹੀਨੇ ਲੇਟ ਹੁੰਦੇ ਹਾਂ। ਲੇਟ ਹੋਣ ਦੀ ਵਜ੍ਹਾ ਕਰਕੇ ਪਰਚਾ ਸਾਨੂੰ ਕਨੇਡਾ ਵਿਚ ਅਗਲੇ ਮਹੀਨੇ ਦੀ 20 ਤਰੀਕ ਦੇ ਗੇੜ ਵਿਚ ਮਿਲਦਾ ਹੈ। ਫਿਰ ਐਡਾਂ ਵਾਲਿਆਂ ਤੋਂ ਪੈਸੇ ਇਕੱਠੇ ਕਰਨੇ ਹੁੰਦੇ ਨੇ, ਫਿਰ ਪਿਛਲੇ ਮਹੀਨੇ ਦੀ ਛਪਾਈ ਦਾ ਖ਼ਰਚਾ ਭੇਜੀਦਾ ਹੈ ਤਾਂ ਅਗਲੇ ਅਗਲਾ ਪਰਚਾ ਤਿਆਰ ਕਰਨ ਤੇ ਛਾਪਣ ਲਈ ਰਾਜ਼ੀ ਹੁੰਦੇ ਹਨ।

ਅਸੀਂ ਹਰ ਹਾਲਤ ਵਿਚ ਪਰਚਾ ਜੇ 15 ਤਰੀਕ ਤੱਕ ਭੇਜੀਏ ਤਾਂ ਹੀ ਮਸਾਂ ਮਹੀਨੇ ਦੀ ਇਕ ਦੋ ਤਰੀਕ ਤੱਕ ਛਪ ਕੇ ਸਾਡੇ ਕੋਲ 10-15 ਦਿਨ ਵਿਚ ਪੁੱਜਦਾ ਹੈ।

ਬੀਬੇ ਵੀਰ ਬਣ ਕੇ ਐਤਕੀ ਖ਼ੇਚਲ ਕਰੋ, ਇਹ ਕਿਵੇਂ ਕਹੀਏ ਕਿ ਹਰ ਮਹੀਨੇ ਹਜ਼ੂਰ ਦੀ ਲੇਟ ਲਤੀਫ਼ੀ ਕਰਕੇ ਵੀ ਪਰਚਾ ਹਫ਼ਤਾ ਭਰ ਲੇਟ ਹੋ ਜਾਂਦਾ ਹੈ।-ਵਰਿਆਮ (9 ਜੂਨ 2009)

ਪਾਤਰ ਨੇ ਨਵਾਂ ਲੇਖ ਭੇਜ ਕੇ ਲਿਖਿਆ:

ਪਿਆਰੇ ਵਰਿਆਮ

ਉਸ ਲੇਖ ਦਾ ਨਾਮ ਰੱਖਦੇ ਆਂ, 'ਉਹ ਸ਼ਹਿਰ ਜਿੱਥੇ ਮੈਂ ਬਿਰਖ ਬਣਿਆਂ' ਮੈਂ ਉਸ ਲੇਖ ਵਿਚ ਕੁਝ ਕੁ ਸਤਰਾਂ ਓਥੇ ਜੋੜਦਾ ਹਾਂ, ਜਿੱਥੇ ਮੈਂ ਆਪਣੀ ਓਸ ਗ਼ਜ਼ਲ ਦੀ ਗੱਲ ਕਰਦਾ ਹਾਂ-ਕੋਈ ਡਾਲੀਆਂ...

ਐਤਕੀਂ ਕੋਸ਼ਿਸ਼ ਕਰਦਾ ਹਾਂ ਕਿ ਇਸ ਲੇਖ ਨੂੰ ਤਸਵੀਰਾਂ ਨਾਲ ਸਜਾ ਦੇਈਏ। ਮੈਂ ਨਵਾਂ ਲੇਖ ਅੱਜ ਤੋਂ ਹੀ ਲਿਖਣਾ ਸ਼ੁਰੂ ਕਰਦਾ ਹਾਂ ਤਾਂਕਿ ਅੱਗੇ ਤੋਂ ਕਦੀ ਏਹੋ ਜਿਹੀ ਨੌਬਤ ਨਾ ਆਵੇ। ਹਰ ਮਹੀਨੇ ਸੀਰਤ ਮੇਰੀ ਪਹਿਲੀ ਤਰਜੀਹ ਹੋਵੇਗਾ। ਇਸ ਵਾਰ ਮੈਨੂੰ ਸ਼ਰਮ ਆ ਰਹੀ ਹੈ

ਤੇਰਾ ਈ-ਠੱਗੀ ਵਾਲਾ ਲੇਖ ਬਹੁਤ ਵਧੀਆ ਲੱਗਾ। (ਮੇਰੀ ਈਮੇਲ ਹੈਕ ਕਰ ਕੇ ਕਿਸੇ ਨੇ ਦੁਨੀਆਂ ਭਰ ਵਿਚ ਫ਼ੈਲੇ ਮੇਰੇ ਮਿੱਤਰਾਂ ਕੋਲੋਂ ਦੋ



ਹਜ਼ਾਰ ਡਾਲਰ ਮੰਗੇ ਸਨ। ਤੇ ਬਰੈਂਪਟਨ ਵਿਚ ਮੇਰੇ ਗਵਾਂਢ ਬੈਠਾ ਕੁਲਜੀਤ ਮਾਨ ਠੱਗੀ ਦਾ ਸ਼ਿਕਾਰ ਹੋ ਗਿਆ ਸੀ) ਹੁਣ ਤਾਂ ਇਹ ਵਰਤਾਰਾ ਆਮ ਹੋ ਗਿਆ ਹੈ, ਪਰ ਉਨ੍ਹਾਂ ਦਿਨਾਂ ਵਿਚ ਪੰਜਾਬੀ ਵਿਚ ਈਮੇਲ ਠੱਗੀ ਦਾ ਇਹ ਪਹਿਲਾ ਮਾਮਲਾ ਸੀ-ਸੰਧੂ) ਦੋਸਤਾਂ ਦੇ ਰੰਗ-ਬਰੰਗੇ ਹੁੰਗਾਰੇ, ਪੋਲੀਸ ਦਾ ਵਿਵਹਾਰ ਤੇ ਬਾਕੌਲ ਤੇਰੇ ਘਟਨਾ-ਕ੍ਰਮ ਵਿਚ ਜਾਨ ਪਾਉਣ ਵਾਲਾ ਮੋਹ ਭਰਿਆ ਮਾਸੂਮ ਕੁਲਜੀਤ ਮਾਨ .ਤੇਰਾ ਘਟਨਾ-ਕ੍ਰਮ ਵਾਲਾ ਵਾਕ ਪੜ੍ਹ ਕੇ ਹਾਸਾ ਵੀ ਆਇਆ ਤੇ ਬਾਅਦ ਵਿਚ ਅੱਖਾਂ ਨਮ ਵੀ ਹੋ ਗਈਆਂ.

ਪਿਆਰ ਨਾਲ

ਸੁਰਜੀਤ ਪਾਤਰ (20 2009)

—

ਕਿਸਾਨ ਅੰਦੋਲਨ ਚੱਲ ਰਿਹਾ ਸੀ। ਪਾਤਰ ਨੇ ਉਸਦੇ ਹੱਕ ਵਿਚ ਲਿਖਿਆ ਵੀ। ਪਰ ਮੇਰੇ ਮਨ ਵਿਚ ਇੱਕ ਗੱਲ ਰੜਕਦੀ ਸੀ। ਅਜੇ ਵੀ 'ਪਦਮ ਸ਼੍ਰੀ' ਦਾ ਮੁਕਟ ਪਾਤਰ ਦੇ ਸਿਰ 'ਤੇ ਸੀ। ਇਹ ਮੁਕਟ ਹੋਰਨਾਂ ਦੇ ਨਾਲ ਨਾਲ ਮੈਨੂੰ ਵੀ ਚੁਭਣ ਲੱਗਾ ਸੀ। ਯਾਰ ਦਾ ਮਿਹਣਾ ਉਹਦੇ ਯਾਰਾਂ ਨੂੰ ਵੀ ਤਾਂ ਹੁੰਦਾ ਹੈ। ਮੈਨੂੰ ਪਾਤਰ ਦੇ ਚੁੱਪ ਰਹਿਣ 'ਤੇ ਨਮੋਸ਼ੀ ਤੇ ਉਦਾਸੀ ਸੀ। ਪ੍ਰੈੱਸ ਵਿਚ ਲਗਾਤਾਰ ਖ਼ਬਰਾਂ ਆ ਰਹੀਆਂ ਸਨ। ਹਵਾਲੇ ਵਜੋਂ ਸੰਕੇਤ ਮਾਤਰ ਇੱਕ ਖ਼ਬਰ:

...ਜ਼ਿਕਰਯੋਗ ਹੈ ਕਿ ਪਿਛਲੇ ਕਈ ਦਿਨਾਂ ਤੋਂ ਖੇਤੀਬਾੜੀ ਕਾਨੂੰਨਾਂ ਵਿਰੁੱਧ ਕਿਸਾਨ ਲਹਿਰ ਸੁਰਖੀਆਂ ਵਿਚ ਰਹੀ ਹੈ। ਬਾਲੀਵੁੱਡ ਦੀ ਗੱਲ ਕਰੀਏ ਤਾਂ ਬਹੁਤ ਸਾਰੇ ਸਿਤਾਰਿਆਂ ਨੇ ਹੁਣ ਤੱਕ ਕਿਸਾਨੀ ਅੰਦੋਲਨ ਦਾ ਸਮਰਥਨ ਕੀਤਾ ਹੈ- ਇਨ੍ਹਾਂ ਵਿਚ ਸਵਰਾ ਭਾਸਕਰ, ਸੋਨੂੰ ਸੂਦ, ਰਿਚਾ ਚੱਡਾ, ਤਾਪਸੀ ਪੰਨੂੰ, ਦਿਲਜੀਤ ਦੋਸਾਂਝ, ਅਨੁਭਵ ਸਿਨਹਾ, ਵਿਸ਼ਾਲ ਡਡਲਾਨੀ ਅਤੇ ਪ੍ਰਿਯੰਕਾ ਚੋਪੜਾ ਸ਼ਾਮਲ ਹਨ। ਇਸ ਕੜੀ ਵਿਚ ਸੋਨਮ ਕਪੂਰ ਦਾ ਨਾਮ ਵੀ ਸ਼ਾਮਲ ਕੀਤਾ ਗਿਆ ਹੈ।...ਮੈਂ ਸੋਚਦਾ ਸਾਂ, ਇਸ ਸੂਚੀ ਵਿਚ ਪਾਤਰ ਦਾ ਨਾਂ ਕਦੋਂ ਸ਼ਾਮਲ ਹੋਵੇਗਾ!

ਆਖ਼ਰ ਇੱਕ ਦਿਨ ਖ਼ਬਰ ਲਿਸ਼ਕੀ। ਸੁਰਜੀਤ ਪਾਤਰ ਦੀ ਜ਼ਮੀਰ ਵੀ ਜਾਗ ਪਈ ਸੀ, ਭਾਵੇਂ ਦੇਰ ਬਾਅਦ ਹੀ ਸਹੀ, ਉਹਨੇ ਆਪਣਾ ਪਦਮ-ਸ਼੍ਰੀ ਦਾ ਖ਼ਿਤਾਬ ਸਰਕਾਰ ਨੂੰ ਵਾਪਸ ਕਰਨ ਦਾ ਐਲਾਨ ਕਰਦਿਆਂ ਕਿਹਾ:

'ਜਿਸ ਸੰਵੇਦਨ-ਹੀਣਤਾ ਅਤੇ ਬੇਕਦਰੀ ਨਾਲ ਕੇਂਦਰ ਸਰਕਾਰ ਨੇ ਕਿਸਾਨਾਂ ਦੀਆਂ ਸਹੀ ਮੰਗਾਂ ਦੇ ਸ਼ਾਂਤਮਈ ਅੰਦੋਲਨ ਨਾਲ ਸਲੂਕ ਕੀਤਾ ਹੈ, ਉਸ ਨੇ ਮੇਰੇ ਦਿਲ ਨੂੰ ਠੇਸ ਪਹੁੰਚਾਈ ਹੈ। ਵਾਰ-ਵਾਰ ਕਿਰਤੀਆਂ ਕਿਸਾਨਾਂ ਦੇ ਦੁੱਖ ਨੂੰ ਗੁੰਮਰਾਹ ਹੋਏ ਲੋਕਾਂ ਦੀ ਸਮਝ ਕਹਿ ਕੇ ਇਸ ਲਹਿਰ ਨੂੰ ਨਿਰਾਰਥਕ ਬਣਾਉਣ ਦੀ ਕੋਸ਼ਿਸ਼ ਕਿਸਾਨੀ ਦੀ, ਕਿਰਤ ਦੀ ਅਤੇ ਲੋਕ ਭਾਵਨਾ ਦੀ ਤੌਹੀਨ ਹੈ। ਆਹਤ ਮਨ ਨਾਲ ਮੈਂ ਆਪਣਾ ਪਦਮ ਸ਼੍ਰੀ ਸਨਮਾਨ ਮੋੜਨ ਦਾ ਐਲਾਨ ਕਰਦਾ ਹਾਂ।'

ਮੈਂ 'ਸੁਖ ਦਾ ਸਾਹ' ਲਿਆ ਤੇ ਲਿਖਿਆ:

-ਜ਼ਿੰਦਾਬਾਦ ਪਾਤਰ! ਪਦਮ ਸ਼੍ਰੀ ਵਾਪਸ!!

ਪੰਜਾਬੀ ਦੇ ਮਹਾਨ ਸ਼ਾਇਰ ਤੇ ਮੇਰੇ ਪਿਆਰੇ ਮਿੱਤਰ ਸੁਰਜੀਤ ਪਾਤਰ ਨੇ ਕਿਸਾਨਾਂ ਦੀਆਂ ਅਸਲੋਂ ਹੀ ਜਾਇਜ਼ ਮੰਗਾਂ ਨੂੰ ਮਹੀਨਿਆਂ ਤੋਂ ਅਣਗੌਲਿਆਂ ਕਰਨ 'ਤੇ ਬਹੁਤ ਹੀ ਬੇਰੁਖੀ ਵਾਲਾ ਕਰੂਰ ਵਤੀਰਾ ਅਪਨਾਉਣ ਦਾ ਦਰਦ ਮਹਿਸੂਸ ਕਰਦਿਆਂ ਆਪਣਾ ਪਦਮ ਸ਼੍ਰੀ ਸਨਮਾਨ ਵਾਪਸ ਕਰਨ ਦਾ ਐਲਾਨ ਕੀਤਾ ਹੈ। ਉਹਦਾ ਇਹ ਐਲਾਨ ਮੈਂ ਕਈ ਦਿਨਾਂ ਤੋਂ ਉਡੀਕ ਰਿਹਾ ਸਾਂ। ਇੰਝ ਕਰ ਕੇ ਪਾਤਰ ਨੇ ਆਪਣੇ ਹਜ਼ਾਰਾਂ ਪ੍ਰਸੰਸਕਾਂ ਨੂੰ ਮਿਲਦੇ ਮਿਹਣਿਆਂ ਨੂੰ ਧੋ ਦਿੱਤਾ ਹੈ। ਪਾਤਰ ਨੂੰ ਮਿਲਦੇ ਮਿਹਣੇ ਮੈਨੂੰ ਆਪਣੇ ਆਪ ਨੂੰ ਮਿਲਦੇ ਜਾਪਦੇ ਸਨ। ਮੈਂ ਵੀ ਸੁਖ ਦਾ ਸਾਹ ਲਿਆ ਕਿਉਂਕਿ ਮੈਂ ਉਦਾਸ ਸਾਂ ਕਿ ਪਾਤਰ ਅਜੇ ਤੱਕ ਖ਼ਾਮੋਸ਼ ਕਿਉਂ ਹੈ!

ਉਹਨੇ ਕਵਿਤਾ ਦੀ ਲਾਜ ਰੱਖੀ ਹੈ ਤੇ ਬਾਬੇ ਨਾਨਕ ਦੇ ਬੋਲ ਪੁਗਾਏ ਹਨ>

'ਸਚੁ ਸੁਣਾਇਸੀ ਸਚ ਕੀ ਬੇਲਾ'

-ਵਰਿਆਮ ਸਿੰਘ ਸੰਧੂ

ਮੇਰੇ ਇਨ੍ਹਾਂ ਸ਼ਬਦਾਂ ਨੂੰ ਪੜ੍ਹ ਕੇ ਪਾਤਰ ਨੇ ਬੜਾ ਮੋਹ-ਭਰਿਆ ਹੁੰਗਾਰਾ ਭਰਿਆ ਸੀ।

ਪਿਆਰੇ ਵਰਿਆਮ!

ਤੇਰੇ ਸੁਹਣੇ ਬੋਲ ਸੁਣੇ ਤਾਂ ਅੱਖਾਂ ਨਮ ਹੋ ਗਈਆਂ।

ਬਿਰਥਾ ਜੀਵਨ ਹੋ ਗਿਆ ਸਫਲਾ, ਸਿਫ਼ਰਾਂ ਰਕਮ ਹੋ ਗਈਆਂ ।

ਤੂੰ ਸਾਡਾ ਮਾਣ ਹੈਂ, ਪਿਆਰੇ ਵਰਿਆਮ।

ਤੈਨੂੰ ਤੇ ਤੇਰੇ ਸਾਰੇ ਪਿਆਰਿਆਂ ਨੂੰ ਮੋਹ ਭਰੀਆਂ ਦੁਆਵਾਂ ।

ਲਿਖਤੁਮ ਸੁਰਜੀਤ ਪਾਤਰ

—

**'ਪਾਤਰ ਅਤੇ ਸੰਧੂ' ਵਿਚ ਸਾਂਝ ਤੇ ਫ਼ਰਕ ਦੀ ਕਹਾਣੀ**

ਪਹਿਲਾਂ ਤਾਂ ਥੋੜਾ ਜਿਹਾ ਆਪਣੇ ਮੂੰਹੋਂ ਮੀਆਂ ਮਿੱਠੂ ਬਣਨ ਦੀ ਆਗਿਆ ਦੇ ਦਿਉ।

ਸੰਤ ਸਿੰਘ ਸੇਖੋਂ ਦੇ ਅਭਿਨੰਦਨ ਗ੍ਰੰਥ ਵਿਚ ਸੇਖੋਂ ਨਾਲ ਕੀਤੀ ਮੁਲਾਕਾਤ ਵਿਚ ਸਵਾਲ ਕਰਨ ਵਾਲਾ ਸ਼ੁਰੂ ਵਿਚ ਹੀ ਇਕ ਸਵਾਲ ਕੁਝ ਇਸ ਪ੍ਰਕਾਰ ਕਰਦਾ ਹੈ:

'ਸੇਖੋਂ ਸਾਹਿਬ! ਇਨ੍ਹਾਂ ਸਮਿਆਂ ਵਿਚ ਤੁਹਾਡੀ ਥਾਪਣਾ 'ਤੋਂ ਬਿਨਾਂ ਸ਼ਾਇਦ ਹੀ ਕੋਈ ਲੇਖਕ ਸਥਾਪਤ ਹੋਇਆ ਹੋਵੇ!...'

ਸੇਖੋਂ ਸਾਹਿਬ ਟੋਕ ਕੇ ਕਹਿੰਦੇ, 'ਨਹੀਂ, ਦੋ ਜਣੇ ਮੇਰੇ ਥਾਪੜੇ ਤੋਂ ਬਿਨਾਂ ਵੀ ਸਥਾਪਤ ਹੋ ਗਏ। ਸੁਰਜੀਤ ਪਾਤਰ ਤੇ ਵਰਿਆਮ ਸੰਧੂ।'

ਇਹ ਤਾਂ ਐਵੇਂ 'ਮੈਂ ਤੇ ਬੇਬੇ ਇੱਕੀ' ਵਾਲੀ ਗੱਲ ਕਰ ਕੇ ਮੈਂ ਪਾਤਰ ਦੇ ਬਰਾਬਰ ਹੋਣ ਦੀ ਝੂਠੀ ਜਿਹੀ ਕੋਸ਼ਿਸ਼ ਕਰ ਰਿਹਾਂ। ਪਾਤਰ ਨਾਲ ਭਲਾ ਮੇਰਾ ਕੀ ਮੁਕਾਬਲਾ! ਉਂਝ ਇਹ ਵੀ ਤਸੱਲੀ ਤੇ ਖ਼ੁਸ਼ੀ ਵਾਲੀ ਗੱਲ ਸੀ, ਜਦੋਂ ਪੰਜਾਬ ਸਾਹਿਤ ਅਕਾਦਮੀ ਦੇ ਪ੍ਰਧਾਨ ਸੰਤ ਸਿੰਘ ਸੇਖੋਂ ਸਨ ਤਾਂ ਉਨ੍ਹਾਂ ਦੀ ਸਿਫ਼ਾਰਿਸ਼ ਨਾਲ ਪੰਜਾਬ ਆਰਟਸ ਕੌਂਸਲ ਵੱਲੋਂ ਜਿਨ੍ਹਾਂ ਲੇਖਕਾਂ ਦੀਆਂ ਕਿਤਾਬਾਂ ਨੂੰ ਮਾਣ-ਸਨਮਾਨ ਦਿੱਤਾ ਗਿਆ, ਉਨ੍ਹਾਂ ਵਿਚ ਸੁਰਜੀਤ ਪਾਤਰ ਤੇ ਅਜਮੇਰ ਔਲਖ ਦੇ ਨਾਲ ਮੇਰਾ ਨਾਂ ਵੀ ਸ਼ਾਮਿਲ ਸੀ।

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੇ ਲੇਖਕਾਂ ਨੂੰ ਇਨਾਮ ਦੇਣ ਦੀ ਪ੍ਰਥਾ ਸ਼ੁਰੂ ਕੀਤੀ ਤਾਂ ਜਿਹੜੇ ਪਹਿਲੇ ਪੰਜ ਇਨਾਮ ਦਿੱਤੇ ਗਏ, ਉਨ੍ਹਾਂ ਵਚ ਚਾਰ 'ਪੁਰਾਣੇ' ਲੇਖਕ ਸਨ ਤੇ ਪੰਜਵਾਂ ਨਾਮ ਸੁਰਜੀਤ ਪਾਤਰ ਦਾ ਸੀ। 'ਪੰਜਵਾਂ ਇਨਾਮ' ਨਵੇਂ ਸਥਾਪਤ ਹੋ ਰਹੇ ਲੇਖਕਾਂ ਨੂੰ ਪਛਾਨਣ ਤੇ ਉਤਸ਼ਾਹਿਤ ਕਰਨ ਵਾਸਤੇ ਸੀ ਤੇ ਇਹ ਹਰ ਸਾਲ ਕਿਸੇ 'ਨਵੇਂ ਲੇਖਕ' ਨੂੰ ਦਿੱਤਾ ਜਾਇਆ ਕਰਨਾ ਸੀ। ਅਗਲੇ ਸਾਲ ਇਹ 'ਪੰਜਵਾਂ ਇਨਾਮ' ਮੈਨੂੰ ਦੇਣ ਦਾ ਫ਼ੈਸਲਾ ਕੀਤਾ ਗਿਆ। ਅਕਾਦਮੀ ਦੇ ਜਨਰਲ ਸਕੱਤਰ ਡਾ ਪ੍ਰਮਿੰਦਰ ਸਿੰਘ ਨੇ ਮੈਨੂੰ ਸੂਚਿਤ ਕਰਨ ਲਈ ਚਿੱਠੀ ਵੀ ਤਿਆਰ ਕਰ ਲਈ ਤੇ ਪੋਸਟ ਕਰਨ ਲਈ ਮੇਰੇ ਘਰ ਦਾ ਪਤਾ ਪੁੱਛਣ ਲਈ ਮੇਰੇ ਮਿੱਤਰ ਡਾ ਸਾਧੂ ਸਿੰਘ ਕੋਲ ਗਏ ਤੇ ਉਹਨੂੰ ਖ਼ੁਸ਼ਖ਼ਬਰੀ ਦਿੰਦਿਆਂ ਇਹ ਖ਼ਬਰ ਮੇਰੇ ਤੱਕ ਪਹੁੰਚਾਉਣ ਲਈ ਵੀ ਕਹਿ ਦਿੱਤਾ। ਮੈਨੂੰ ਖ਼ਬਰ ਪਹੁੰਚਾ ਦਿੱਤੀ ਗਈ ਪਰ ਅਗਲੇ ਦਿਨ ਅਖ਼ਬਾਰਾਂ ਵਿਚ ਮੇਰਾ ਨਾਂ ਗ਼ਾਇਬ ਸੀ ਤੇ ਮੇਰੀ ਥਾਂ ਡਾ ਹਰਿਭਜਨ ਸਿੰਘ ਨੂੰ ਇਹ ਕਹਿ ਕੇ ਇਨਾਮ ਦੇ ਦਿੱਤਾ ਕਿਉਂਕਿ ਉਨ੍ਹਾਂ ਨੂੰ ਕੈਂਸਰ ਹੋ ਗਿਆ ਸੀ ਤੇ ਇੰਝ ਉਨ੍ਹਾਂ ਦੀ ਆਰਥਿਕ ਮਦਦ ਹੋ ਜਾਵੇਗੀ। ਇਹ ਗੱਲ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੀ ਸਟੇਜ 'ਤੇ, ਜਦੋਂ ਮੈਨੂੰ ਕੁਲਵੰਤ ਸਿੰਘ ਪੁਰਸਕਾਰ' ਦਿੱਤਾ ਜਾ ਰਿਹਾ ਸੀ ਤਾਂ ਡਾ ਪ੍ਰਮਿੰਦਰ ਸਿੰਘ ਹੁਰਾਂ ਨਾਮਵਰ ਲੇਖਕਾਂ ਦੇ ਭਰਵੇਂ ਇਕੱਠ ਵਿਚ ਮੰਨਦੇ ਹੋਏ ਇਹ ਵੀ ਕਿਹਾ ਕਿ ਅਗਲੇ ਸਾਲ ਇਹ ਇਨਾਮ ਵਰਿਆਮ ਸਿੰਘ ਸੰਧੂ ਨੂੰ ਦਿੱਤਾ ਜਾਵੇਗਾ। ਪਰ ਅਗਲੇ ਸਾਲ ਉਨ੍ਹਾਂ ਨੇ ਨਵੇਂ ਲੇਖਕਾਂ ਵਾਲਾ ਇਨਾਮ ਬੰਦ ਕਰ ਕੇ 'ਪੁਰਾਣੇ' ਲੇਖਕਾਂ ਨੂੰ ਹੀ ਦੇਣ ਦਾ ਫ਼ੈਸਲਾ ਕਰ ਲਿਆ ਤੇ ਮੈਨੂੰ ਬਾਰਾਂ ਸਾਲ ਬਾਅਦ ਉਹ ਇਨਾਮ 'ਕੁਝ ਪੁਰਾਣਾ' ਹੋ ਜਾਣ 'ਤੇ ਹੀ ਦਿੱਤਾ ਗਿਆ। ਇੰਝ ਮੈਂ ਪਾਤਰ ਤੋਂ 'ਦੂਜੇ ਨੰਬਰ' 'ਤੇ ਆਉਣੋਂ ਖੁੰਝ ਗਿਆ!

ਪਾਤਰ ਬਾਰੇ ਬੋਲਦਿਆਂ ਮੈਂ ਉਹਦੀ ਪ੍ਰਸੰਸਾ ਵਿਚ ਜ਼ਮੀਨ ਅਸਮਾਨ ਦੇ ਕੁਲਾਬੇ ਮੇਲ ਰਿਹਾ ਹੁੰਦਾ ਤਾਂ ਪਾਤਰ ਮੋੜਵੀਂ ਮੁਹੱਬਤ ਵਿਚ ਅਤਿਕਥਨੀ ਭਰੇ ਬੋਲ ਉਚਾਰਦਾ, 'ਵਰਿਆਮ ਦੀ ਕਹਾਣੀ 'ਮੈਂ ਹੁਣ ਠੀਕ ਠਾਕ ਹਾਂ' ਦੇ ਸਿਰ ਤੋਂ ਪੰਜਾਬ ਸੰਕਟ ਬਾਰੇ ਲਿਖੀ ਸਾਰੀ ਕਵਿਤਾ ਵਾਰੀ ਜਾ ਸਕਦੀ ਹੈ!'

2012 ਵਿਚ ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਮੈਂ ਤੇ ਕੁਝ ਹੋਰ ਦੋਸਤ ਕੈਲੇਫ਼ੋਰਨੀਆਂ ਵਾਲੇ ਮਿੱਤਰਾਂ ਕੁਲਵਿੰਦਰ, ਸੁਖਵਿੰਦਰ ਕੰਬੋਜ ਤੇ ਜਗਜੀਤ ਨੌਸ਼ਹਿਰਵੀ ਦੇ ਸੱਦੇ 'ਤੇ ਅਮਰੀਕਾ ਗਏ। ਕਾਨਫ਼ਰੰਸ 'ਤੋਂ ਕੁਝ ਦਿਨ ਬਾਅਦ ਮੇਰੀ ਵਾਪਸੀ ਸੀ। ਪਾਤਰ ਹੁਰਾਂ ਕੁਝ ਦਿਨ ਹੋਰ ਰੁਕਣਾ ਸੀ। ਕੁਲਵਿੰਦਰ ਨੇ ਆਪਣੀ ਰਿਹਾਇਸ਼ 'ਤੇ ਮੇਰੀ ਵਿਦਾਇਗੀ ਪਾਰਟੀ ਰੱਖੀ, ਜਿਸ ਵਿਚ ਕੈਲੇਫ਼ੋਰਨੀਆਂ ਵਾਲੇ ਲੇਖਕ ਹੁਮ-ਹੁਮਾ ਕੇ ਪਹੁੰਚੇ। ਖਾਣ-ਪਾਣ ਦੇ ਨਾਲ ਕਵਿਤਾਵਾਂ ਤੇ ਤਕਰੀਰਾਂ ਹੋਈਆਂ।

ਪ੍ਰਧਾਨਗੀ ਤਕਰੀਰ ਵਿਚ ਮੇਰੇ ਬਾਰੇ ਬੋਲਦਿਆਂ ਪਾਤਰ ਨੇ ਮੇਰੇ ਬਾਰੇ ਬਹੁਤ ਸਾਰੀਆਂ ਚੰਗੀਆਂ ਗੱਲਾਂ ਕਹੀਆਂ। ਯਾਰ ਬੇਲੀ, ਆਪਣੇ ਯਾਰਾਂ ਦੀ ਤਾਰੀਫ਼ ਕਰਦੇ ਹੀ ਹੁੰਦੇ ਨੇ। ਪਰ ਇੱਕ ਗੱਲ ਪਾਤਰ ਨੇ ਦੋਵਾਂ ਦੀ ਸ਼ਖ਼ਸੀਅਤ ਦੇ ਵੱਖਰੇ ਤੇ ਨਿਆਰੇਪਨ ਬਾਰੇ ਆਖੀ, 'ਮੈਨੂੰ ਲੱਗਦਾ ਏ ਕਿ ਬਚਪਨ ਤੇ ਜਵਾਨੀ ਵੇਲੇ ਮੈਂ ਰਾਗੀਆਂ ਨੂੰ ਬਹੁਤਾ ਸੁਣਿਆਂ ਤੇ ਵਰਿਆਮ ਨੇ ਢਾਡੀਆਂ ਨੂੰ।'

2023 ਵਿਚ 'ਲੋਕ ਮੰਚ ਪੰਜਾਬ' ਵੱਲੋਂ ਸੁਰਿੰਦਰ ਸੁੰਨੜ ਤੇ ਲਖਵਿੰਦਰ ਜੌਹਲ ਹੁਰਾਂ ਨੇ ਜਲੰਧਰ ਦੇ ਹੰਸ ਰਾਜ ਮਹਿਲਾ ਕਾਲਜ ਵਿਚ ਸੁਖਵਿੰਦਰ ਅੰਮ੍ਰਿਤ, ਮਦਨਵੀਰਾ ਅਤੇ ਮੇਰੇ ਸਨਮਾਨ ਵਿਚ ਰਚਾਏ ਸਮਾਗਮ ਵਿਚ ਇਹ ਗੱਲ ਹੂ-ਬ-ਹੂ ਇਨ੍ਹਾਂ ਸ਼ਬਦਾਂ ਵਿਚ ਦੁਹਰਾਈ, ' ਮੈਂ ਤੇ ਵਰਿਆਮ ਜਦੋਂ ਹਾਸੇ ਨਾਲ ਗੱਲਾਂ ਕਰੀਏ ਤਾਂ ਮੈਂ ਕਹਿੰਦਾ ਹੁੰਦਾਂ ਕਿ ਵਰਿਆਮ ਨੇ ਢਾਡੀ ਬਹੁਤ ਸੁਣੇ ਹੋਏ ਨੇ ਤੇ ਮੈਂ ਰਾਗੀ ਬਹੁਤ ਸੁਣੇ ਹੋਏ ਨੇ। ਪਾਤਰ ਦੇ ਪਹਿਲੀ ਵਾਰ ਆਖਣ 'ਤੇ ਹੀ, ਮੈਂ ਹੱਸਦਿਆਂ ਹੋਇਆਂ ਇਹ ਗੱਲ ਮੰਨ ਲਈ ਸੀ। ਉਹਨੇ ਮੇਰੇ ਬਾਰੇ ਕਿੰਨਾ ਵੱਡਾ ਸੱਚ ਦਰਿਆਫ਼ਤ ਕਰ ਲਿਆ ਸੀ।

ਸਾਡੇ ਪਿੰਡ ਦੋ ਵੱਡੇ ਮੇਲਿਆਂ 'ਤੇ ਦੋ-ਦੋ ਦਿਨ ਦੀਵਾਨ ਲੱਗਦੇ। ਕਦੀ ਕਦੀ ਦੀਵਾਨ ਹਫ਼ਤਾ ਭਰ ਚੱਲਦੇ ਰਹਿੰਦੇ। ਢਾਡੀ ਤੇ ਕਵੀਸ਼ਰ ਆਪਣੀ ਗਾਇਕੀ ਨਾਲ ਰੰਗ ਬੰਨ੍ਹਦੇ। ਮੈਂ ਸਾਰਾ-ਸਾਰਾ ਦਿਨ ਉਨ੍ਹਾਂ ਨੂੰ ਸੁਣਦਾ ਥੱਕਦਾ ਨਾ। ਪਰ ਕਦੀ ਕਦੀ ਰਾਗੀ ਜਥਾ ਪੰਦਰਾਂ-ਵੀਹ ਮਿੰਟਾਂ ਲਈ ਸ਼ਬਦ ਗਾਉਣ ਲੱਗਦਾ ਤਾਂ ਸਾਡਾ ਮਨ ਉਕਤਾ ਜਾਂਦਾ।। ਅਸੀਂ ਉਡੀਕਦੇ ਕਦੋਂ ਕੋਈ ਢਾਡੀ ਜਾਂ ਕਵੀਸ਼ਰ ਨਵਾਂ ਪ੍ਰਸੰਗ ਸੁਣਾਉਂਦਾ ਹੈ। ਢਾਡੀਆਂ ਤੇ ਕਵੀਸ਼ਰਾਂ ਵਿਚੋਂ ਵੀ ਮੇਰੀ ਅਗਲੀ ਪਹਿਲ ਢਾਡੀਆਂ ਨੂੰ ਸੁਣਨਾ ਹੁੰਦਾ।

ਇਹਦੀ ਤਸ਼ਰੀਹ ਕਰਦਿਆਂ ਪਾਤਰ ਨੇ ਜਲੰਧਰ* ਵਾਲੇ ਸਮਾਗਮ ਵਿਚ ਕਿਹਾ, 'ਵਰਿਆਮ ਦੀ ਗੱਲਬਾਤ ਵਿਚ ਬਹੁਤ ਵਿਸਥਾਰ ਹੁੰਦਾ। ਕੇਵਲ ਵਿਸਥਾਰ ਸ਼ਬਦਾਂ ਦਾ ਹੀ ਨਹੀਂ। ਮਾਨਵੀ ਵੀ ਤੇ ਇਤਿਹਾਸਕ ਵੀ...ਹੁੰਦਾ'

ਤੇ ਇਹ ਗੱਲ ਹੈ ਵੀ ਅਸਲੋਂ ਸੱਚ। ਮੇਰੇ ਪ੍ਰਸੰਸਕ-ਪਿਆਰੇ ਮੇਰੀ ਤਾਰੀਫ਼ ਵਿਚ ਅਕਸਰ ਕਹਿੰਦੇ ਨੇ ਕਿ 'ਵਰਿਆਮ ਕਹਾਣੀ ਵੀ ਲੰਮੀ ਲਿਖਦਾ ਹੈ ਤੇ ਤਕਰੀਰ ਵੀ ਲੰਮੀ ਕਰਦਾ ਹੈ।'

ਸਾਡੇ ਦੋਵਾਂ ਦੀ ਸ਼ਖ਼ਸ਼ੀਅਤ ਦਾ ਵਖਰੇਵਾਂ ਪਾਤਰ ਨੇ ਬੜੀ ਬਰੀਕੀ ਨਾਲ ਸਮਝਿਆ ਤੇ ਬਿਆਨਿਆ ਹੈ। ਇਹ ਸੱਚ ਹੈ ਕਿ ਮੈਂ ਤਕਰੀਰ ਵੀ ਲੰਮੀ ਕਰਦਾ ਹਾਂ। ਮੇਰੀ ਆਵਾਜ਼ ਵਿਚ ਗੜ੍ਹਕਾ ਵੀ ਹੁੰਦਾ ਹੈ। ਉਤਸ਼ਾਹ ਤੇ ਉਤੇਜਨਾ ਵੀ ਹੁੰਦੀ ਹੈ।

ਸੁਰਜੀਤ ਪਾਤਰ ਸਾਡੇ ਦੋਵਾਂ ਬਾਰੇ ਅਕਸਰ ਕਿਹਾ ਕਰਦਾ, 'ਮੈਂ ਵਰਿਆਮ ਸੰਧੂ ਹੁਰਾਂ ਤੋਂ ਬਾਅਦ ਬੋਲਦਾ ਨਹੀਂ ਹੁੰਦਾ ਅਕਸਰ। ਇੱਕ ਵਾਰ ਕੋਈ

*(ਬਾਕੀ ਅਗਲੇ ਸਫੇ 'ਤੇ)*

# ਟੀ.ਵੀ. ਦਾ ਹਰਮਨ-ਪਿਆਰਾ ਚਿਹਰਾ ਹੈ ਅਦਿਤੀ ਸ਼ਰਮਾ

4 ਸਤੰਬਰ, 1906 ਨੂੰ ਦਿੱਲੀ ਵਿਚ ਪੈਦਾ ਹੋਈ ਅਦਾਕਾਰਾ ਅਦਿਤੀ ਸ਼ਰਮਾ ਟੀ.ਵੀ. ਦੀ ਦੁਨੀਆ ਵਿਚ ਇਕ ਬਹੁਤ ਹੀ ਹਰਮਨਪਿਆਰਾ ਚਿਹਰਾ ਹੈ। ਟੀ.ਵੀ. ਸ਼ੋਅ 'ਕਾਲਿਰਿਨ' ਵਿਚ ਮੀਰਾ ਢੀਂਗਰਾ ਦੇ ਕਿਰਦਾਰ ਵਿਚ ਅਦਿਤੀ ਸ਼ਰਮਾ ਐਕਟਿੰਗ ਖੇਤਰ ਵਿਚ ਆਈ ਸੀ। ਉਸ ਤੋਂ ਬਾਅਦ ਉਹ ਨਾਗਿਨ-3', 'ਰੱਬ ਸੇ ਹੈ ਦੁਆ', 'ਯ ਜਾਦੂ ਹੈ ਜਿੰਨ ਕਾ', 'ਅਪੋਲੇਨਾ-ਸਪਨੋਂ ਕੀ ਉੱਚੀ ਉਡਾਨ' ਵਰਗੇ ਕਈ ਅਨੋਖੇ ਸ਼ੋਆਂ ਦਾ ਹਿੱਸਾ ਰਹਿ ਚੁੱਕੀ ਹੈ। ਅਦਿਤੀ ਰੋਹਿਤ ਸ਼ੈਟੀ ਦੇ ਸਟੰਟ ਆਧਾਰਿਤ ਰਿਆਲਿਟੀ ਸ਼ੋਅ 'ਫੀਅਰ ਫੈਕਟਰ ਖ਼ਤਰੋਂ ਕੇ ਖਿਲਾੜੀ-14' ਵਿਚ ਵੀ ਨਜ਼ਰ ਆ ਚੁੱਕੀ ਹੈ। ਅਦਿਤੀ ਸ਼ਰਮਾ 2017 ਵਿਚ ਗੁਰੂ ਰੰਧਾਵਾ ਦੇ ਨਾਲ ਸੰਗੀਤਕ ਵੀਡੀਓ 'ਤਾਰੇ' ਵਿਚ ਅਭਿਨੈ ਕਰਦੇ ਹੋਏ ਨਜ਼ਰ ਆਈ ਸੀ। ਇਸ ਸ਼ੋਅ ਵਿਚ ਉਸ ਨੂੰ ਕਾਫ਼ੀ ਪਸੰਦ ਕੀਤਾ ਗਿਆ ਸੀ। ਉਸ ਤੋਂ ਬਾਅਦ ਉਹ ਦੇ ਹੋਰ ਪੰਜਾਬੀ ਸੰਗੀਤਕ ਵੀਡੀਓ 'ਨਾਨ' ਅਤੇ 'ਬੇਕਦਰਾ' ਅਤੇ ਹਰਿਆਣਵੀ ਸੰਗੀਤਕ ਵੀਡੀਓ 'ਤੂ ਰਾਜਾ ਕੀ ਰਾਜ ਦੁਲਾਰੀ' ਵਿਚ ਦਿਖਾਈ ਦਿੱਤੀ ਸੀ। ਇਸ ਤੋਂ ਇਲਾਵਾ ਉਸ ਦੇ ਸੰਗੀਤਕ ਵੀਡੀਓ 'ਪਲੇ ਬੁਆਏ' ਅਤੇ 'ਆਦਤ ਵੇ' ਵੀ ਕਾਫ਼ੀ ਮਸ਼ਹੂਰ ਹੋਏ ਸਨ। ਵੈੱਬ ਸੀਰੀਜ਼ 'ਕੁਸ਼' ਜ਼ਰੀਏ ਅਦਿਤੀ ਨੇ ਓ.ਟੀ.ਟੀ. 'ਤੇ ਡੈਬਿਊ ਕੀਤਾ ਸੀ। ਇਸ ਸੀਰੀਜ਼ ਵਿਚ ਉਸ ਵਲੋਂ ਨਿਭਾਏ ਗਏ ਕਾਜਲ ਸਹਿਗਲ ਦੇ ਕਿਰਦਾਰ ਨੂੰ ਦਰਸ਼ਕਾਂ ਦਾ ਕਾਫ਼ੀ ਚੰਗਾ ਹੁੰਗਾਰਾ ਮਿਲਿਆ ਸੀ। ਸੋਸ਼ਲ ਮੀਡੀਆ 'ਤੇ ਵੱਡੀ ਪ੍ਰਸੰਸਕ ਫਾਲੋਇੰਗ ਰੱਖਣ ਵਾਲੀ ਅਤੇ ਟੀ.ਵੀ. ਸ਼ੋਆਂ ਤੋਂ ਹਰਮਨ ਪਿਆਰੀ ਹੋਈ ਅਦਾਕਾਰਾ ਅਦਿਤੀ ਸ਼ਰਮਾ ਦੇ ਵਿਆਹ ਨੂੰ ਲੈ ਕੇ ਹੈਰਾਨ ਕਰਨ ਵਾਲਾ ਖ਼ੁਲਾਸਾ ਹੋਇਆ ਹੈ। ਅਭਿਨੀਤ ਨੇ ਇਹ ਦੀ ਦਾਅਵਾ ਕੀਤਾ ਹੈ ਕਿ ਰੰਗੇ ਹੱਥੀਂ ਫੜੇ ਜਾਣ 'ਤੇ ਅਦਿਤੀ ਨੇ ਆਪਣੇ ਵਲੋਂ ਉਸ ਦਾ ਵਿਆਹ ਨੂੰ ਇਨ-ਵੈਲਿਡ ਅਤੇ ਮਾਕ-ਟਰਾਇਲ ਕਰਾਰ ਦੇ ਦਿੱਤਾ। ਇਸ ਦੇ ਨਾਲ ਹੀ ਅਦਿਤੀ ਨੇ ਅਭਿਨੀਤ ਤੋਂ ਤਲਾਕ ਮੰਗਦੇ ਹੋਏ 25 ਲੱਖ ਰੁਪਏ ਦੀ ਮੰਗ ਵੀ ਕੀਤੀ ਹੈ।



# ਰੰਗ ਮੰਚ ਦਾ ਰਾਮ ਚੰਦਰ-ਸਿਧਾਂਤ ਇਸ਼ਰ



ਲਗਭਗ 38 ਸਾਲ ਪਹਿਲਾਂ ਜਦੋਂ ਟੈਲੀਵੀਜ਼ਨ 'ਤੇ ਲੜੀਵਾਰ ਰਾਮਾਇਣ ਦਾ ਪ੍ਰਸਾਰਨ ਸ਼ੁਰੂ ਹੋਇਆ ਸੀ ਤਾਂ ਸੜਕਾਂ ਸੁੰਨਸਾਨ ਹੋ ਜਾਂਦੀਆਂ ਸਨ। ਮੁਹੱਲੇ ਦੇ ਜਿਸ ਘਰ ਵਿਚ ਟੀਵੀ ਹੁੰਦਾ ਸੀ। ਵੱਖ ਵੱਖ ਟੀ ਵੀ ਲੜੀਵਾਰਾਂ ਅਤੇ ਮੰਚ ਨਾਟਕਾਂ ਵਿਚ ਅਰੁਣ ਗੋਇਲ, ਐਨਟੀਆਰ, ਨੰਦਮੁਰੀ ਬਾਲ ਕ੍ਰਿਸ਼ਨ, ਜੂਨੀਅਰ ਐਨਟੀਆਰ, ਪ੍ਰਭਾਸ ਸਮੇਤ ਕਈ ਕਲਾਕਾਰਾਂ ਨੇ ਭਗਵਾਨ ਸ੍ਰੀਰਾਮ ਦੀ ਭੂਮਿਕਾ ਪਰਦੇ ਉਤੇ ਨਿਭਾਈ ਹੈ। ਆਗਾਮੀ ਦਿਨਾਂ ਵਿਚ ਨਿਤੇਸ਼ ਤਿਵਾੜੀ ਨਿਰਦੇਸ਼ਿਤ ਫਿਲਮ ਰਾਮਾਇਣ ਵਿਚ ਰਣਬੀਰ ਕਪੂਰ ਵੀ ਸ੍ਰੀਰਾਮ ਜੀ ਭੂਮਿਕਾ ਨਿਭਾਉਣਗੇ। ਦੂਜੇ ਪਾਸੇ ਰੰਗਮੰਚ ਉਤੇ ਵੀ ਭਗਵਾਨ ਰਾਮ 'ਤੇ ਅਧਾਰਿਤ ਨਾਟਕਾਂ ਦਾ ਮੰਚਨ ਹੁੰਦਾ ਰਿਹਾ ਹੈ। ਹੁਣ ਨਾਟਕ ਵਿਚ ਕਲਾਕਾਰ ਬਹੁਤ ਸਾਰਾ ਮੇਕਅੱਪ ਲਗਾ ਕੇ ਮੰਚ 'ਤੇ ਨਹੀਂ ਉਤਰਦੇ, ਬਲਕਿ ਹੁਣ ਚੰਗੇ ਸੈੱਟ ਅਪ ਨਾਲ ਭਗਵਾਨ ਰਾਮ ਦੀ ਮਹਿਮਾ ਦੀਆਂ ਲੀਲਾਵਾਂ ਵਿਖਾਉਂਦੇ ਹਨ।

ਪੁਨੀਤ ਇਸਰ ਦੇ ਬੇਟੇ ਸਿਧਾਂਤ ਇਸਰ ਜੈ ਸ੍ਰੀਰਾਮ-ਰਾਮਾਇਣ ਦਾ ਮੰਚਨ ਪਿਛਲੇ ਪੰਜ ਸਾਲ ਤੋਂ ਕਰਦੇ ਆ ਰਹੇ ਹਨ। ਸਿਧਾਂਤ ਇਸਰ ਨੂੰ ਕਈ ਲੜੀਵਾਰਾਂ ਵਿਚ ਸ੍ਰੀਰਾਮ ਦਾ ਪਾਤਰ ਨਿਭਾਉਣ ਦਾ ਮੌਕਾ ਮਿਲਿਆ। ਹਾਲਾਂਕਿ ਹੋਮ ਪ੍ਰੋਡਕਸ਼ਨ ਦੇ ਇਸ ਸੰਗੀਤਕ ਨਾਟਕ ਵਿਚ ਉਹ ਭਗਵਾਨ ਹਨੂੰਮਾਨ ਤੇ ਸ਼ਿਵ ਦੀ ਭੂਮਿਕਾ ਨਿਭਾਉਣੀ ਚਾਹੁੰਦੇ ਸਨ।

ਫਿਰ ਨੂੰ ਲੱਗਿਆ ਕਿ ਜੇ ਲੋਕ ਉਨ੍ਹਾਂ ਨੂੰ ਸ੍ਰੀਰਾਮ ਦੀ ਭੂਮਿਕਾ ਵਿਚ ਵੇਖ ਚੁੱਕੇ ਹਨ ਤਾਂ ਨਾਟਕ ਵਿਚ ਵੀ ਉਨ੍ਹਾਂ ਨੂੰ ਸ੍ਰੀਰਾਮ ਹੀ ਬਣਨਾ ਚਾਹੀਦਾ ਹੈ। ਸਿਧਾਂਤ ਕਹਿੰਦੇ ਹਨ ਕਿ ਅਸੀਂ ਇਨਡੋਰ ਵਿਚ ਇਸ ਨਾਟਕ ਨੂੰ ਕਰਦੇ ਹਾਂ ਤਾਂ ਦੋ ਢਾਈ ਹਜ਼ਾਰ ਦਰਸ਼ਕ ਹੁੰਦੇ ਹਨ।ਪਰ ਉਸ ਤੋਂ ਕਈ ਗੁਣਾਂ ਲੋਕ ਉਸ ਨਾਟਕ ਨੂੰ ਲਾਈਵ ਵੇਖਦੇ ਹਨ। ਉਨ੍ਹਾਂ ਦਾ ਆਸਥਾ ਤੁਹਾਡੇ ਨਾਲ ਉਸੇ ਪਲ ਜੁੜ ਜਾਂਦੀ ਹੈ।

ਟੀਵੀ ਉਤੇ ਸ੍ਰੀਰਾਮ ਦਾ ਪਾਤਰ ਨਿਭਾਉਣ ਸਮੇਂ ਕੁਝ ਗ਼ਲਤੀ ਹੋ ਜਾਂਦੀ ਸੀ ਤਾਂ ਰੀਟੇਕ ਅਤੇ ਡਬਿੰਗ ਨਾਲ ਠੀਕ ਹੋ ਜਾਂਦਾ ਸੀ। ਪਰ ਮੰਚ ਉਤ ਰੀਟੇਕ ਨਹੀਂ ਹੁੰਦਾ। ਸਟੇਜ ਉਤੇ ਲਗਾਤਾਰ ਤਿੰਨ ਘੰਟੇ ਸ੍ਰੀਰਾਮ ਬਣਦਾ ਹਾਂ ਤਾਂ

**ਕਲਾ ਪਰਿਕਰਮਾ**

ਲੋਕਾਂ ਨੂੰ ਲੱਗਦਾ ਹੈ ਕਿ ਖ਼ੁਦ ਪ੍ਰਭੂ ਹਨ। ਜਦੋਂ ਬਣਵਾਸ ਵਾਲਾ ਮੰਚਨ ਕਰਦਾ ਹਾਂ ਤਾਂ ਉਨ੍ਹਾਂ ਦੀਆਂ ਅੱਖਾਂ ਵਿਚ ਅੱਥਰੂ ਹੁੰਦੇ ਹਨ। ਜੋਨਾਟਕ ਵਿਚ ਉਹ ਭਗਵਾਨ ਹਨੂੰਮਾਨ ਤੇ ਸ਼ਿਵ ਦੀ ਭੂਮਿਕਾ ਨਿਭਾਉਣੀ ਚਾਹੁੰਦੇ ਸਨ।

ਫਿਰ ਨੂੰ ਲੱਗਿਆ ਕਿ ਜੇ ਲੋਕ ਉਨ੍ਹਾਂ ਨੂੰ ਸ੍ਰੀਰਾਮ ਦੀ ਭੂਮਿਕਾ ਵਿਚ ਵੇਖ ਚੁੱਕੇ ਹਨ ਤਾਂ ਨਾਟਕ ਵਿਚ ਵੀ ਉਨ੍ਹਾਂ ਨੂੰ ਸ੍ਰੀਰਾਮ ਹੀ ਬਣਨਾ ਚਾਹੀਦਾ ਹੈ। ਸਿਧਾਂਤ ਕਹਿੰਦੇ ਹਨ ਕਿ ਅਸੀਂ ਇਨਡੋਰ ਵਿਚ ਇਸ ਨਾਟਕ ਨੂੰ ਕਰਦੇ ਹਾਂ ਤਾਂ ਦੋ ਢਾਈ ਹਜ਼ਾਰ ਦਰਸ਼ਕ ਹੁੰਦੇ ਹਨ। ਡਾਇਲਾਗ ਮੈਂ ਬੋਲਦਾ ਹਾਂ, ਉਹ ਕਾਵਿ-ਸ਼ੈਲੀ 'ਚ ਹੁੰਦਾ ਹੈ, ਜਿਵੇਂ ਮੈਂ ਮਾਨਵ ਰੂਪ 'ਚ ਆ ਕੇ ਮਨੁੱਖ ਨੂੰ ਪਾਠ ਪੜ੍ਹਾਉਂਦਾ ਹਾਂ। ਸੰਘਰਸ਼ ਹੈ ਮਾਨਵ, ਜੀਵਨ ਦੇ ਹਰ ਕਦਮ ਉਤੇ ਮੈਂ ਸਿਖਾਉਂਦਾ ਹਾਂ। ਅਜਿਹੇ 'ਚ ਹਰ ਸ਼ਬਦ ਤੇ ਉਚਾਰਨ ਸਹੀ ਹੋਣਾ ਚਾਹੀਦਾ ਹੈ। ਮਰਿਆਦਾ ਪ੍ਰਸ਼ੋਤਮ ਸ੍ਰੀਰਾਮ ਨੂੰ ਜਦੋਂ ਕਲਾਕਾਰ ਰੰਗਮੰਚ 'ਤੇ ਨਿਭਾਉਂਦੇ ਹਨ ਤਾਂ ਉਨ੍ਹਾਂ ਦੀ ਮਰਿਆਦਾ ਦਾ ਪੂਰਾ ਧਿਆਨ ਰੱਖਣਾ ਚਾਹੀਦਾ। ਮੰਚ 'ਤੇ ਭਗਵਾਨ ਰਾਮ ਬਣ ਕੇ ਆਉਣ ਤੋਂ ਦੋ ਦਿਨ ਪਹਿਲਾਂ ਹੀ ਮੈਂ ਲਸਣ, ਪਿਆਜ਼ ਖਾਣਾ ਬੰਦ ਕਰ ਦਿੰਦਾ ਹਾਂ। ਧਿਆਨ ਲਗਾਉਂਦਾ ਹਾਂ।ਪਿਤਾ ਜੀ ਇਸੇ ਨਾਟਕ 'ਚ ਰਾਵਣ ਬਣਦੇ ਹਨ। ਉਹ ਕਈ ਵਾਰ ਝਿੜਕ ਵੀ ਦਿੰਦੇ। ਉਹ ਰਾਵਣ ਹਨ ਤਾਂ ਚੀਕ ਸਕਦੇ ਹਨ। ਪ੍ਰਭੂ ਸ੍ਰੀਰਾਮ ਅਜਿਹਾ ਨਹੀਂ ਕਰ ਸਕਦੇ। ਉਨ੍ਹਾਂ ਦਾ ਕਿਰਦਾਰ ਨਿਭਾਉਣ ਵੇਲੇ ਸੰਜਮ ਰੱਖਣਾ ਹੁੰਦਾ ਹੈ। ਪ੍ਰਭੂ ਰਾਮ ਨੇ ਇਕ ਵਾਰ ਕ੍ਰੋਧਿਤ ਹੋ ਕੇ ਕਿਹਾ ਸੀ ਕਿ ਜੇ ਜਾਣ ਦਾ ਰਸਤਾ ਨਾ ਦਿੱਤਾ ਤਾਂ ਉਹ ਪੂਰੇ ਸਮੁੰਦਰ ਨੂੰ ਸੁਕਾ ਦੇਣਗੇ। ਸਾਨੂੰ ਨੌਜਵਾਨਾਂ ਨੂੰ ਪ੍ਰਭੂ ਰਾਮ ਦਾ ਉਹ ਪਰਾਕ੍ਰਮ ਕਰੋਧ ਵਿਖਾਉਣਾ ਚਾਹੀਦਾ। ਪ੍ਰਭੂ ਸ਼ਾਸਤਰ ਪੂਜਨ ਕਰਦੇ। ਯੁੱਧ ਦੇ ਮਾਹਿਰ ਸਨ। ਅਸੀਂ ਉਹ ਸਭ ਕੁਝ ਨਾਟਕ ਵਿਚ ਵਿਖਾਇਆ ਹੈ ਤਾਂ ਕਿ ਨੌਜਵਾਨ ਉਸ ਨਾਲ ਜੁੜਨ।



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 24 ਮਈ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-691



*ਗਾਹੀ ਕਣਕ ਬਣਾਈ ਤੂੜੀ, ਜੁਗਾੜ ਕੁੱਪ ਦਾ ਸੀ ਧਰਿਆ,*
*ਗੱਭੇ ਖੜ੍ਹ ਬੇੜ ਫ਼ੜ ਬਾਬੇ ਨੇ, ਕੱਢ ਪੀੜ੍ਹੀ ਗੋ.ਲ ਸੀ ਕਰਿਆ।*
*ਡੰਡੇ ਗੱਡ ਬ.ਗਲ ਕਾਹੀ ਦਾ, ਡੰਗੇ ਲਾ ਲਾ ਸਾਵਾਂ ਸਰਿਆ,*
*ਤੰਗੜ ਭਰ ਭਰ ਪਾ ਕੇ ਤੂੜੀ, ਵਾਂਗ ਪਿਰਾਮਿਡ ਦੇ ਭਰਿਆ।*

## ਕੈਪਸ਼ਨ ਮੁਕਾਬਲਾ-689



ਸਿਆਸਤ ਗੰਦੀ ਵੋਟਾਂ ਵਾਲੀ
ਲੋਕਾਂ ਤਾਈਂ ਲੜਾਈ ਜਾਵੇ।
ਧਰਮ ਜਾਤ ਦੇ ਪਾ ਪੁਆੜੇ
ਮਨੁੱਖਤਾ ਨੂੰ ਮਰਵਾਈ ਜਾਵੇ।
ਜ਼ਾਲਮ ਖਾਤਰ ਖੇਡ ਪਲਾਂ ਦੀ
ਆਕਾ ਦਾ ਹੁਕਮ ਬਜਾਇਆ।
ਦਿਲ ਚੀਰਵੇਂ ਵੈਣਾਂ 'ਤੇ ਵੀ
ਕਿਸੇ ਤਰਸ ਨਾ ਖਾਇਆ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: +91 98783-37222***

---

ਪਰਿੰਦਿਆਂ ਦੀ ਪਰਵਾਜ ਅਧੂਰੀ
ਜ਼ਾਲਮਾਂ ਹੋਣ ਨਾ ਦਿੱਤੀ ਪੂਰੀ
ਗਿਰਝਾਂ ਵਾਂਗਰ ਉਤਰੇ ਵੈਰੀ
ਕੁਚਲ ਦਿੱਤੇ ਅਰਮਾਨ ਸੁਨਹਿਰੀ।
ਪਤਾ ਨ੍ਹੀ ਕੌਣ ਸੀ ਤੇ ਕਿਥੋਂ ਆਏ?
ਖੁਫੀਆ ਤੰਤਰ ਨੂੰ ਨਹੀਂ ਥਿਆਏ।
ਸੰਨਾਟਾ ਛਾ ਗਿਆ ਚਾਰੇ ਪਾਸੇ।
ਸਰਕਾਰਾਂ ਵਲੋਂ ਮਿਲੇ-ਫੋਕੇ ਦਿਲਾਸੇ।
***-ਗੁਰਦੇਵ ਸਿੰਘ ਢਪਾਲੀ***
***ਫੋਨ: 94176-49275***

---

ਪਹਿਲਗਾਮ ਵਿਚ ਚੱਲੀਆਂ ਗੋਲੀਆਂ,
ਤਾੜ ਤਾੜ ਅਤੇ ਬੇਸ਼ੁਮਾਰ।
ਆਖੇ ਜ਼ਾਲਮ! ਬਚੇ ਨਾ ਕੋਈ!
ਸਭ ਦਿਓ ਮੌਤ ਦੇ ਘਾਟ ਉਤਾਰ।
ਕਿਸੇ ਦਾ ਪੁੱਤ, ਭਾਈ ਕਿਸੇ ਦਾ,
ਕਿਸੇ ਦਾ ਗਿਆ ਅੱਧਾ ਪਰਵਾਰ।
ਘਰ ਘਰ ਵੈਣ ਕੀਰਣੇ ਪੈਂਦੇ,
ਖ਼ਬਰਾਂ ਵੀ, ਮੱਲ ਬੈਠੀਆਂ ਅਖਬਾਰ।
ਸੁੰਨੀਆਂ ਰੱਖਾਂ ਬਿਨਾਂ ਰਾਖੀਓਂ,
ਕਿੱਥੇ ਜਾ ਲੁਕ ਬੈਠੀ ਸਰਕਾਰ?
ਦੂਰ ਬੈਠਾ ਕੋਈ ਲਾਏ ਨਿਸ਼ਾਨੇ,
ਹੱਥਠੋਕਿਆਂ ਰਾਹੀਂ ਕਰਦਾ ਵਾਰ।
ਜਾਤ ਨਾ ਪਾਤ, ਧਰਮ ਨਾ ਕੋਈ;
ਪਾਗਲਪਨ ਉਹਦੇ ਸਿਰ 'ਤੇ ਸਵਾਰ।
ਦੋਵੇਂ ਪਾਸੇ ਰਾਸ ਇਹ ਆਵੇ,
ਅਣਗੌਲਿਆਂ ਕਰਨ ਲੋਕ-ਸਰੋਕਾਰ।
ਮਗਰਮੱਛ ਵਾਲੇ ਹੰਝੂ ਵਹਾਉਂਦੇ,
ਪਿੱਛੋਂ ਮਾਰਨ ਸੱਪ, ਵਰਮੀ ਨੂੰ ਮਾਰ।
ਇਹ ਕਾਰੇ ਹੁੰਦੇ, ਹੋਣਗੇ ਹੋਰ ਵੀ;
ਬੇਸ਼ਰਮ ਕਦੇ ਨਾ ਹੋਣ ਸ਼ਰਮਸਾਰ।
ਲੱਖ ਲਾਹਣਤ, ਤੁਹਮਤਾਂ ਸਹਿ ਜਾਂਦੇ;
ਮੋਟੀ ਚਮੜੀ, ਨਾ ਲੱਗਦਾ ਵਾਰ।
'ਨਾਕਾਮ' ਜੇਹੇ ਕਈ ਤੁਰ ਗਏ ਕਹਿੰਦੇ,
ਰੁਕੇ ਨਾ ਲਾਸ਼ਾਂ ਦਾ ਵਿਓਪਾਰ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਸੱਜ ਵਿਆਹੀਏ ਧੀਏ ਤੇਰੇ,
ਲਿਖੇ ਵਿਚ ਤਕਦੀਰਾਂ ਖੋਟ,
ਦੁੱਖ ਵੰਡਾਵੇ ਕੌਣ ਨੀਂ ਦੱਸ,
ਹਾਕਿਮ ਤੁਰੇ ਵਟਾਵਣ ਵੋਟ।
ਅਕ੍ਰਿਤਘਣ ਲੋਕੀਂ ਬਾਹ.ਲੇ,
ਹੈਵਾਨੀਅਤ ਨੱਚਦੀ ਪਾਸ,
ਬਿਨਾਂ ਕਸੂਰ ਤੋਂ ਹੀ ਭੰਡਦੇ,
ਰੱਖ ਨ ਬੇਹਤਰ ਦੀ ਆਸ।
***-ਸੇਵਾ ਸਿੰਘ 'ਨੂਰਪੁਰੀ'***

---

ਤੁਰ ਗਿਆ ਜਿਸ ਦਾ ਦਿਲ ਦਾ ਟੁਕੜਾ
ਰਹੇ ਨਾ ਜਿਉਂਦਿਆਂ 'ਚ ਨਾ ਮਰਿਆਂ 'ਚ
ਤੱਕ ਤੱਕ ਰਾਹ ਉੱਠ ਉੱਠ ਉਭੜਵਾਹੇ
ਮਨ ਦੀ ਪੀੜ ਤਾਂ ਉਹੀ ਭਾਂਪਦੇ।
ਅਤਿਵਾਦੀਆਂ ਭੋਰਾ ਵੀ ਤਰਸ ਨਾ ਆਇਆ
ਸ਼ਗਨਾਂ ਦਾ ਚੂੜਾ
ਚਾਅ ਵੀ ਨਹੀਂ ਸੀ ਲੱਥਿਆ।
ਬਿਨਾਂ ਆਈ ਤੋਂ ਮਰਨਾ
ਸੌਖਾ ਨਹੀਂ ਕਿਸੇ ਲਈ
ਕਾਇਰਤਾ ਹੈ ਲੁਕ ਕੇ ਵਾਰ ਕਰਨਾ।
***-ਦਰਸ਼ਨ ਪਾਲ ਦੋਸਾਂਝ***

# ਭਾਰਤ-ਪਾਕਿ ਦਰਮਿਆਨ 'ਯੁੱਧਬੰਦੀ' ਅਤੇ ਇਸ ਨਾਲ ਜੁੜੇ ਸਵਾਲ

**ਮੁੱਢਲੀਆਂ ਫ਼ੌਜੀ ਝੜਪਾਂ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਯੁੱਧਬੰਦੀ ਲਈ ਸਹਿਮਤ ਹੋ ਗਈਆਂ। ਕੀ ਇਹ ਯੁੱਧਬੰਦੀ ਆਪਸੀ ਟਕਰਾਅ ਨੂੰ ਦੂਰ ਕਰ ਸਕੇਗੀ? ਇਸ ਨਾਲ ਜੁੜੇ ਸਵਾਲਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ।-ਸੰਪਾਦਕ**

ਮੀਡੀਆ ਰਿਪੋਰਟਾਂ ਅਨੁਸਾਰ ਭਾਰਤ-ਪਾਕਿਸਤਾਨ ਦਰਮਿਆਨ 'ਯੁੱਧਬੰਦੀ' ਹੋ ਗਈ ਹੈ ਅਤੇ ਇਸ ਦਾ ਐਲਾਨ ਵੀ ਆਲਮੀ ਥਾਣੇਦਾਰ ਡੋਨਲਡ ਟਰੰਪ ਨੇ ਕੀਤਾ ਹੈ ਜਿਸਨੇ ਇਸ ਵਿਚ ਫ਼ੈਸਲਾਕੁਨ ਭੂਮਿਕਾ ਨਿਭਾਈ ਹੈ। 'ਯੁੱਧਬੰਦੀ' ਦੀ ਖ਼ਬਰ ਨਾਲ ਸਰਹੱਦ ਦੇ ਦੋਨੋਂ ਪਾਸੇ ਵਸਦੇ ਆਮ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ ਜਿਨ੍ਹਾਂ ਦੇ ਸਿਰਾਂ ਉੱਪਰ ਉਜਾੜੇ ਅਤੇ ਤਬਾਹੀ ਦਾ ਭਿਆਨਕ ਖ਼ਤਰਾ ਮੰਡਰਾਉਣਾ ਸ਼ੁਰੂ ਹੋ ਗਿਆ ਸੀ। ਇਕ ਹੋਰ ਯੁੱਧ ਛਿੜ ਜਾਣ ਦੇ ਡਰ ਨੇ ਆਮ ਲੋਕਾਂ ਦਾ ਅਮਨ-ਚੈਨ ਖੋਹ ਲਿਆ ਸੀ। ਡਰ ਤੇ ਸਹਿਮ ਦਾ ਮਾਹੌਲ ਬਣਾਉਣ ਵਿਚ ਦੋਹਾਂ ਮੁਲਕਾਂ ਦੇ ਉਨ੍ਹਾਂ ਮੀਡੀਆ ਹਿੱਸਿਆਂ ਨੇ ਵੱਡੀ ਭੂਮਿਕਾ ਨਿਭਾਈ ਜਿਨ੍ਹਾਂ ਦਾ ਇੱਕੋ-ਇੱਕ ਮਨੋਰਥ ਜ਼ਹਿਰੀਲੇ ਪ੍ਰਚਾਰ ਅਤੇ ਝੂਠੀਆਂ ਖ਼ਬਰਾਂ ਰਾਹੀਂ ਨਫ਼ਰਤ ਫੈਲਾਉਣਾ

ਬੂਟਾ ਸਿੰਘ ਮਹਿਮੂਦਪੁਰ






ਅਤੇ ਆਪਸੀ ਪਾੜਾ ਵਧਾਉਣਾ ਹੈ। ਭਗਵਾ ਹਕੂਮਤ ਨੇ ਫ਼ਿਰਕੂ ਜੰਗੀ ਜਨੂੰਨ ਭੜਕਾਉਣ ਵਾਲੇ ਮੀਡੀਆ ਅਤੇ ਸੋਸ਼ਲ ਮੀਡੀਆ ਨੂੰ ਪੂਰੀ ਖੁੱਲ੍ਹ ਦਿੱਤੀ ਜਦਕਿ ਆਲੋਚਕ ਆਵਾਜ਼ਾਂ ਨੂੰ ਦਬਾਉਣ ਲਈ ਝੂਠੇ ਕੇਸਾਂ ਅਤੇ ਗ੍ਰਿਫ਼ਤਾਰੀਆਂ ਤੱਕ ਹਰ ਦਹਿਸ਼ਤਪਾਊ ਹਰਬਾ ਵਰਤਿਆ। ਕੁਝ ਆਲੋਚਕ ਨਿਊਜ਼ ਪੋਰਟਲ ਅਤੇ ਸੋਸ਼ਲ ਮੀਡੀਆ ਅਕਾਊਂਟ ਬੰਦ ਵੀ ਕੀਤੇ ਗਏ।

ਯੁੱਧਬੰਦੀ ਤੋਂ 2 ਦਿਨ ਬਾਅਦ 12 ਮਈ ਨੂੰ ਮੋਦੀ ਨੇ ਲਾਈਵ ਸੰਬੋਧਨ ਕੀਤਾ, ਜਿਸ ਵਿਚ ਪਾਕਿਸਤਾਨ ਨੂੰ ਚੇਤਾਵਨੀ ਦਿੱਤੀ ਗਈ ਕਿ 'ਪ੍ਰਮਾਣੂ ਬਲੈਕਮੇਲਿੰਗ ਨਹੀਂ ਚਲੇਗੀ', 'ਭਾਰਤੀ ਫ਼ੌਜਾਂ ਅਜੇ ਵੀ ਮੁਸਤੈਦ ਹਨ' ਅਤੇ 'ਗੱਲਬਾਤ ਸਿਰਫ਼ 'ਦਹਿਸ਼ਤਵਾਦ ਅਤੇ ਮਕਬੂਜ਼ਾ ਕਸ਼ਮੀਰ ਨੂੰ ਲੈ ਕੇ ਹੋਵੇਗੀ'। ਦੋ ਗੁਆਂਢੀ ਮੁਲਕਾਂ ਦਰਮਿਆਨ ਫ਼ੌਜੀ ਝੜਪਾਂ ਰੋਕਣ ਲਈ 'ਯੁੱਧਬੰਦੀ' ਦਾ ਐਲਾਨ ਟਰੰਪ ਵੱਲੋਂ ਕੀਤੇ ਜਾਣ ਕਾਰਨ 'ਵਿਸ਼ਵ ਗੁਰੂ' ਸਰਕਾਰ ਨੂੰ ਕਾਫ਼ੀ ਨਮੋਸ਼ੀ ਝੱਲਣੀ ਪਈ। ਮੋਦੀ ਵੱਲੋਂ 'ਡੈਮੇਜ ਕੰਟਰੋਲ ਮੋਡ' 'ਚ ਮਾਰੀ ਉਪਰੋਕਤ ਬੜ੍ਹਕ ਆਪਣੀ ਸਾਖ ਮੁੜ ਬਹਾਲ ਕਰਨ ਦੀ ਕੋਸ਼ਿਸ਼ ਤੋਂ ਸਿਵਾਏ ਕੁਝ ਨਹੀਂ ਹੈ। ਇਸੇ ਦਿਨ ਫ਼ੌਜੀ ਮੁਹਿੰਮਾਂ ਦੇ ਡਾਇਰੈਕਟਰ ਜਨਰਲਾਂ ਵੱਲੋਂ ਦਿੱਤੇ ਸਾਂਝੇ ਬਿਆਨ ਦੀ ਸੁਰ ਮੋਦੀ ਦੀ ਸੁਰ ਤੋਂ ਵੱਖਰੀ ਹੈ ਜਿਸ ਵਿਚ ਕਿਹਾ ਗਿਆ ਕਿ ਦੁਵੱਲੀ ਮੀਟਿੰਗ ਵਿਚ ਇਸ ਵਚਨਬੱਧਤਾ ਨਾਲ ਜੁੜੇ ਮੁੱਦਿਆਂ ਨੂੰ ਲੈ ਕੇ ਚਰਚਾ ਕੀਤੀ ਗਈ ਕਿ ਦੋਵੇਂ ਧਿਰਾਂ ਇਕ ਵੀ ਗੋਲੀ ਨਹੀਂ ਚਲਾਉਣਗੀਆਂ ਅਤੇ ਇਕ ਦੂਜੇ ਵਿਰੁੱਧ ਕੋਈ ਹਮਲਾਵਰ ਅਤੇ ਦੁਸ਼ਮਣਾਨਾ ਕਾਰਵਾਈ ਨਹੀਂ ਕਰਨਗੀਆਂ। ਮੋਦੀ ਦੇ ਲਾਈਵ ਸੰਬੋਧਨ ਦੇ ਸਮੇਂ ਹੀ ਟਰੰਪ ਨੇ ਵ੍ਹਾਈਟ ਹਾਊਸ 'ਚੋਂ ਇਕ ਵਾਰ ਫਿਰ ਸਪੱਸ਼ਟ ਕਰ ਦਿੱਤਾ ਕਿ ਉਸਨੇ ਦੋਹਾਂ ਮੁਲਕਾਂ ਦੇ ਮੁਖੀਆਂ ਨੂੰ ਇਹ ਕਹਿ ਕੇ 'ਪ੍ਰਮਾਣੂ ਟਕਰਾਅ' ਰੁਕਵਾਇਆ ਹੈ ਕਿ ਜੇ ਉਹ ਇੰਝ ਕਰਨਗੇ ਤਾਂ ਅਸੀਂ ਉਨ੍ਹਾਂ ਨਾਲ 'ਬਹੁਤ ਸਾਰਾ ਵਪਾਰ ਕਰਾਂਗੇ, ਨਹੀਂ ਤਾਂ ਨਹੀਂ ਕਰਾਂਗੇ'! ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਸ਼ਾਂਤੀ ਯਤਨਾਂ ਵਿਚ ਮੱਦਦ ਕਰਨ ਲਈ ਟਰੰਪ, ਚੀਨ ਅਤੇ ਸਾਊਦੀ ਅਰਬ ਦਾ ਧੰਨਵਾਦ ਕੀਤਾ ਹੈ। ਇਸ ਲਈ, ਦਿੱਲੀ ਦਰਬਾਰ ਦੇ ਇਹ ਦਾਅਵੇ ਸੱਚ ਨਹੀਂ ਕਿ ਸਮਝੌਤਾ ਦੋਹਾਂ ਮੁਲਕਾਂ ਦੇ ਫ਼ੌਜੀ ਮੁਹਿੰਮ ਦੇ ਮੁਖੀਆਂ ਨੇ ਕੀਤਾ ਹੈ ਅਤੇ ਇਸ ਵਿਚ ਕੋਈ ਤੀਜੀ ਧਿਰ ਨਹੀਂ ਸੀ।

22 ਅਪ੍ਰੈਲ ਨੂੰ ਕਸ਼ਮੀਰ ਦੇ ਪਹਿਲਗਾਮ ਇਲਾਕੇ ਵਿਚ ਸੈਲਾਨੀਆਂ ਉੱਪਰ ਕਥਿਤ ਦਹਿਸ਼ਤਗਰਦ ਹਮਲੇ ਦੇ ਜਵਾਬ 'ਚ ਭਾਰਤੀ ਫ਼ੌਜ ਵੱਲੋਂ ਓਪਰੇਸ਼ਨ 'ਸਿੰਦੂਰ' ਤਹਿਤ 7 ਮਈ ਨੂੰ ਪਾਕਿਸਤਾਨੀ ਖੇਤਰ ਅੰਦਰ 9 ਥਾਵਾਂ ਨੂੰ ਨਿਸ਼ਾਨਾ ਬਣਾ ਕੇ ਹਮਲੇ ਕੀਤੇ ਗਏ। ਫਿਰ ਹਮਲਿਆਂ ਅਤੇ ਜਵਾਬੀ ਹਮਲਿਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਭਾਜਪਾ ਹਕੂਮਤ ਦਾ ਕਹਿਣਾ ਹੈ ਕਿ ਇਹ ਥਾਵਾਂ ਦਹਿਸ਼ਤਗਰਦ ਜਥੇਬੰਦੀਆਂ, ਲਸ਼ਕਰ-ਏ-ਤਾਇਬਾ ਅਤੇ ਜੈਸ਼-ਏ-ਮੁਹੰਮਦ ਦੇ ਸਿਖਲਾਈ ਕੈਂਪ ਸਨ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਦਾਅਵਾ ਕੀਤਾ ਹੈ ਕਿ ਹਮਲਿਆਂ ਵਿਚ ਘੱਟੋ-ਘੱਟ 100 'ਦਹਿਸ਼ਤਗਰਦ' ਮਾਰੇ ਗਏ ਹਨ। ਪਾਕਿਸਤਾਨ ਨੇ ਇਨ੍ਹਾਂ ਦਾਅਵਿਆਂ ਨੂੰ ਰੱਦ ਕੀਤਾ ਹੈ। ਇਸੇ ਤਰ੍ਹਾਂ, ਪਾਕਿਸਤਾਨ ਦੇ ਫ਼ੌਜੀ ਬੁਲਾਰੇ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਫ਼ੌਜ ਵੱਲੋਂ ਭਾਰਤੀ ਫ਼ੌਜ ਦੇ 26 ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਨ੍ਹਾਂ ਹਮਲਿਆਂ ਤੋਂ ਬਾਅਦ ਦੋਹਾਂ ਮੁਲਕਾਂ ਦੀਆਂ ਫ਼ੌਜਾਂ ਵੱਲੋਂ ਇਕ ਦੂਜੇ ਦੇ ਸਰਹੱਦੀ ਖੇਤਰ ਵਿਚ ਡਰੋਨ/ਮਿਜ਼ਾਇਲ ਹਮਲਿਆਂ ਅਤੇ ਇੱਥੋਂ ਤੱਕ ਕਿ ਜੰਗੀ ਜਹਾਜ਼ਾਂ ਨੂੰ ਨਿਸ਼ਾਨਾ ਬਣਾਏ ਜਾਣ ਦੀਆਂ ਖ਼ਬਰਾਂ ਵੀ ਆਉਂਦੀਆਂ ਰਹੀਆਂ ਹਨ। ਪਾਕਿਸਤਾਨੀ ਹਕੂਮਤ ਨੇ ਇੱਥੋਂ ਤੱਕ ਦਾਅਵਾ ਕੀਤਾ ਕਿ ਉਨ੍ਹਾਂ ਦੇ ਡਰੋਨ ਦਿੱਲੀ ਉੱਪਰ ਗੇੜੇ ਲਾ ਰਹੇ ਹਨ ਅਤੇ ਉਨ੍ਹਾਂ ਦੀ ਫ਼ੌਜ ਨੇ ਤਿੰਨ ਰਫ਼ਾਲ ਜਹਾਜ਼ਾਂ ਸਮੇਤ ਭਾਰਤ ਦੇ ਪੰਜ ਫ਼ੌਜੀ ਜਹਾਜ਼ ਫੁੰਡੇ ਹਨ। ਇਹ ਰਿਪੋਰਟਾਂ ਕਿੰਨੀਆਂ ਕੁ ਸੱਚੀਆਂ ਹਨ, ਜਾਂ ਇਹ ਸਿਰਫ਼ ਮਨੋਵਿਗਿਆਨਕ ਯੁੱਧ ਦਾ ਹਿੱਸਾ ਹਨ, ਕਿਸੇ ਆਜ਼ਾਦਾਨਾ ਪੁਸ਼ਟੀ ਦੀ ਅਣਹੋਂਦ 'ਚ ਇਸ ਬਾਰੇ ਕੁਝ ਵੀ ਕਹਿਣਾ ਮੁਸ਼ਕਲ ਹੈ। ਪਰ ਇਹ ਤੈਅ ਹੈ ਕਿ ਉੱਧਰ ਪਾਕਿਸਤਾਨ ਦੇ ਗੋਦੀ ਮੀਡੀਆ ਤੇ ਇਸਲਾਮਿਕ ਕੱਟੜਪੰਥੀ ਲਾਣੇ ਅਤੇ ਇੱਧਰ ਭਾਰਤ ਦੇ ਗੋਦੀ ਮੀਡੀਆ ਅਤੇ ਭਗਵਾ ਪ੍ਰਚਾਰ-ਤੰਤਰ ਨੇ ਝੂਠੀਆਂ ਖ਼ਬਰਾਂ ਅਤੇ ਅਫ਼ਵਾਹਾਂ ਰਾਹੀਂ ਫ਼ਿਰਕੂ ਜੰਗੀ ਜਨੂੰਨ ਭੜਕਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਜੰਗਬਾਜ਼ ਹਾਕਮਾਂ ਅਤੇ ਉਨ੍ਹਾਂ ਵੱਲੋਂ ਭੜਕਾਏ ਫ਼ਿਰਕੂ ਰਾਸ਼ਟਰਵਾਦ ਦੇ ਡੰਗੇ ਹਿੱਸਿਆਂ ਲਈ ਯੁੱਧ ਵੱਲ ਵਧ ਰਿਹਾ ਇਹ ਮਾਹੌਲ ਜਿੱਤ ਦੇ ਲਲਕਾਰੇ ਸਨ, ਜਦਕਿ ਸਰਹੱਦੀ ਖੇਤਰਾਂ ਪੰਜਾਬ ਅਤੇ ਜੰਮੂ-ਕਸ਼ਮੀਰ ਦੇ ਲੋਕ ਬਖ਼ੂਬੀ ਜਾਣਦੇ ਹਨ ਕਿ ਅਜਿਹੇ ਯੁੱਧ ਉਨ੍ਹਾਂ ਲਈ ਹਮੇਸ਼ਾ ਭਿਆਨਕ ਤਬਾਹੀ ਲੈ ਕੇ ਆਉਂਦੇ ਹਨ। ਪਹਿਲਾਂ ਹੀ ਲਗਾਤਾਰ ਸੰਤਾਪ ਝੱਲ ਰਹੇ ਜੰਮੂ-ਕਸ਼ਮੀਰ ਦੇ ਲੋਕਾਂ ਦੀਆਂ ਮੁਸ਼ਕਲਾਂ ਦੁਵੱਲਾ ਫ਼ੌਜੀ ਟਕਰਾਅ ਤੇਜ਼ ਹੋਣ ਨਾਲ ਹੋਰ ਵੀ ਵਧਣੀਆਂ ਸ਼ੁਰੂ ਹੋ ਗਈਆਂ ਸਨ। ਪਾਕਿਸਤਾਨੀ ਫ਼ੌਜ ਦੀਆਂ ਕਾਰਵਾਈਆਂ ਦੌਰਾਨ ਪੰਜਾਬ ਦੇ ਕਈ ਇਲਾਕਿਆਂ ਵਿਚ ਡਰੋਨ ਤੇ ਹੋਰ ਜੰਗੀ ਨਿਸ਼ਾਨੀਆਂ ਮਿਲਣ ਦੀਆਂ ਰਿਪੋਰਟਾਂ ਅਤੇ ਜੰਮੂ ਦੇ ਪੁਣਛ ਇਲਾਕੇ ਵਿਚ ਇਕ ਗੁਰਦੁਆਰੇ ਅਤੇ ਮਸਜਿਦ ਤੋਂ ਇਲਾਵਾ ਬਹੁਤ ਸਾਰੇ ਘਰਾਂ ਦੇ ਤਬਾਹ ਹੋ ਜਾਣ ਦੀਆਂ ਹੌਲਨਾਕ ਰਿਪੋਰਟਾਂ ਤੋਂ ਸਪੱਸ਼ਟ ਸੀ ਕਿ ਯੁੱਧ ਦੀ ਮਾਰ ਕਿਨ੍ਹਾਂ ਉੱਪਰ ਪੈਣੀ ਹੈ।

ਭਗਵਾ ਹੁਕਮਰਾਨਾਂ ਅਤੇ ਗੋਦੀ ਮੀਡੀਆ ਦੋਹਾਂ ਲਈ ਸਮੱਸਿਆ ਇਹ ਹੈ ਕਿ ਇਸ ਯੁੱਧਬੰਦੀ ਨੂੰ ਕਿਵੇਂ ਪੇਸ਼ ਕਰਨ, ਉੱਪਰੋਂ ਪਾਕਿਸਤਾਨੀ ਫ਼ੌਜ ਵੱਲੋਂ ਯੁੱਧਬੰਦੀ ਦੀ ਉਲੰਘਣਾ ਕਰਨ ਦੀਆਂ ਖ਼ਬਰਾਂ ਆ ਰਹੀਆਂ ਹਨ। ਇਕ ਹੋਰ ਮਹੱਤਵਪੂਰਨ ਖ਼ਬਰ ਇਹ ਵੀ ਹੈ ਕਿ ਇਸ ਦੌਰਾਨ ਆਈ.ਐਮ.ਐਫ. (ਕੌਮਾਂਤਰੀ ਮੁਦਰਾ ਕੋਸ਼) ਵੱਲੋਂ ਪਾਕਿਸਤਾਨ ਨੂੰ 2.3 ਅਰਬ ਡਾਲਰ ਦਾ ਕਰਜ਼ਾ ਦੇਣ ਨੂੰ ਮਨਜ਼ੂਰੀ ਦੇ ਦਿੱਤੀ ਗਈ ਜਦਕਿ ਭਾਰਤ ਸਰਕਾਰ ਦੇ ਨੁਮਾਇੰਦੇ ਹਾਲ-ਪਾਹਰਿਆ ਮਚਾਉਂਦੇ ਰਹਿ ਗਏ ਕਿ ਇਸ ਰਕਮ ਦੀ ਦੁਰਵਰਤੋਂ ਪਾਕਿਸਤਾਨ ਸਰਕਾਰ ਹਕੂਮਤੀ ਪੁਸ਼ਤ-ਪਨਾਹੀ ਵਾਲੇ ਦਹਿਸ਼ਤਵਾਦ ਦੀ ਮੱਦਦ ਕਰਨ ਲਈ ਕਰੇਗੀ। ਹੁਣ ਭਾਰਤੀ ਅਧਿਕਾਰੀ ਵੋਟਿੰਗ ਵਿਚ ਹਿੱਸਾ ਨਾ ਲੈਣ ਦਾ ਸਪੱਸ਼ਟੀਕਰਨ ਇਹ ਦੇ ਰਹੇ ਹਨ ਕਿ ਆਈ.ਐਮ.ਐਫ. ਦੇ ਨੇਮ ਰਸਮੀ 'ਨੋ' ਵੋਟ ਦੀ ਇਜਾਜ਼ਤ ਨਹੀਂ ਦਿੰਦੇ। ਮੋਦੀ ਦੀ ਜਿੱਤ ਦੇ ਡੰਕੇ ਵਜਾਉਣ 'ਚ ਜੁਟੇ ਫ਼ਿਰਕੂ ਜੰਗੀ ਜਨੂੰਨੀ ਹਿੱਸਿਆਂ ਨੂੰ 'ਯੁੱਧਬੰਦੀ' ਆਪਣੇ ਹਲਕ 'ਚੋਂ ਲੰਘਾਉਣੀ ਮੁਸ਼ਕਲ ਹੋ ਰਹੀ ਹੈ। 'ਡਿਗੀ ਖੋਤੇ ਤੋਂ, ਗੁੱਸਾ ਘੁਮਿਆਰ ਤੇ' ਦੀ ਕਹਾਵਤ ਅਨੁਸਾਰ 'ਯੁੱਧਬੰਦੀ' ਤੋਂ ਖ਼ਫ਼ਾ ਭਗਵਾ ਟਰੋਲ ਫ਼ੌਜ ਅਤੇ ਭੜਕੇ ਹੋਏ ਫ਼ਿਰਕੂ ਜੰਗਬਾਜ਼ ਅਨਸਰਾਂ ਨੇ ਸੋਸ਼ਲ ਮੀਡੀਆ ਉੱਪਰ ਮੋਦੀ ਸਰਕਾਰ ਦੇ ਬਦੇਸ਼ ਸਕੱਤਰ ਵਿਕਰਮ ਮਿਸਰੀ ਅਤੇ ਉਸਦੀ ਬੇਟੀ ਨੂੰ ਹੀ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਬਦੇਸ਼ ਸਕੱਤਰ ਨੂੰ ਹੀ ਦੁਸ਼ਮਣ ਮੰਨ ਲਿਆ ਜੋ ਕਿ ਮਹਿਜ਼ ਸਰਕਾਰ ਦਾ ਹੁਕਮ ਵਜਾਉਂਦਾ ਹੋਇਆ ਫ਼ੌਜੀ ਕਾਰਵਾਈ ਸੰਬੰਧੀ ਮੀਡੀਆ 'ਚ ਸਰਕਾਰੀ ਐਲਾਨ ਕਰ ਰਿਹਾ ਸੀ। ਇਸ ਤੋਂ ਪਹਿਲਾਂ ਪਹਿਲਗਾਮ ਹਮਲੇ ਵਿਚ ਮਾਰੇ ਗਏ ਨੌਜਵਾਨ ਨੇਵੀ ਲੈਫਟੀਨੈਂਟ ਵਿਨੈ ਨਰਵਾਲ ਦੀ ਪਤਨੀ ਹਿਮਾਂਸ਼ੀ ਨਰਵਾਲ ਨੂੰ ਟਰੋਲ ਕਰ ਕੇ ਬੁਰੀ ਤਰ੍ਹਾਂ ਜ਼ਲੀਲ ਕੀਤਾ ਗਿਆ ਕਿਉਂਕਿ ਉਸਨੇ ਭਾਈਚਾਰਕ ਸਦਭਾਵਨਾ ਲਈ ਆਵਾਜ਼ ਉਠਾਈ ਸੀ ਜੋ ਫ਼ਿਰਕੂ ਰਾਸ਼ਟਰਵਾਦ ਦੀਆਂ ਨਜ਼ਰਾਂ 'ਚ ਦੇਸ਼ਧ੍ਰੋਹ ਹੈ!

ਭਾਰਤ ਦੇ ਹਰ ਅਮਨਪਸੰਦ ਨਾਗਰਿਕ ਦੇ ਮਨ 'ਚ ਸਵਾਲ ਹਨ ਕਿ ਆਖ਼ਿਰਕਾਰ ਇਸ ਕੁਲ ਫ਼ੌਜੀ ਕਵਾਇਦ ਦਾ ਹਾਸਲ ਕੀ ਹੈ? ਦਹਿਸ਼ਤਵਾਦ ਦਾ ਲੱਕ ਤੋੜਨ ਦੇ ਦਾਅਵੇ ਤਾਂ ਪੁਲਵਾਮਾ ਕਾਂਡ ਅਤੇ ਧਾਰਾ 370 ਨੂੰ ਖ਼ਤਮ ਕਰਨ ਸਮੇਂ ਵੀ ਬਥੇਰੇ ਕੀਤੇ ਗਏ ਸਨ। ਕੀ ਇਸ ਹਮਲੇ ਨਾਲ ਪਾਕਿਸਤਾਨ ਵਿਚਲੇ ਕਥਿਤ ਦਹਿਸ਼ਤਗਰਦ ਅੱਡੇ ਤਬਾਹ ਕਰ ਦਿੱਤੇ ਗਏ ਹਨ ਭਾਵ ਭਵਿੱਖ ਵਿਚ ਪਹਿਲਗਾਮ ਤਰਜ਼ ਦੇ ਹਮਲੇ ਨਹੀਂ ਹੋਣਗੇ, ਜਿਨ੍ਹਾਂ ਬਾਰੇ ਮੋਦੀ ਵਜ਼ਾਰਤ ਦਾ ਦਾਅਵਾ ਹੈ ਕਿ ਇਹ ਪਾਕਿਸਤਾਨ ਤੋਂ ਸੰਚਾਲਤ ਦਹਿਸ਼ਤਗਰਦ ਗਰੁੱਪ ਵੱਲੋਂ ਕੀਤੇ ਗਏ ਸਨ?

ਜਿਵੇਂ ਚਿੱਠੀ ਸਿੰਘਪੁਰਾ ਹਮਲਾ ਤਤਕਾਲੀ ਅਮਰੀਕਨ ਰਾਸ਼ਟਰਪਤੀ ਬਿਲ ਕਲਿੰਟਨ ਦੀ ਫੇਰੀ ਸਮੇਂ ਹੋਇਆ ਸੀ ਅਤੇ ਪੂਰਬ-ਉੱਤਰੀ ਦਿੱਲੀ ਵਿਚ ਕਥਿਤ ਦੰਗੇ ਡੋਨਲਡ ਟਰੰਪ ਦੀ ਫੇਰੀ ਸਮੇਂ ਹੋਏ ਸਨ, ਉਸੇ ਤਰਜ਼ 'ਤੇ ਪਹਿਲਗਾਮ ਹਮਲਾ ਅਮਰੀਕਨ ਉਪ ਰਾਸ਼ਟਰਪਤੀ ਜੇ.ਡੀ. ਵੈਨਸ ਦੀ ਫੇਰੀ ਮੌਕੇ ਹੋਇਆ। ਇਹ ਸਵਾਲ ਅਜੇ ਵੀ ਨਿਰਉੱਤਰ ਹਨ ਕਿ ਇਨ੍ਹਾਂ ਫੇਰੀਆਂ ਮੌਕੇ ਹੀ ਹਮਲੇ ਕਿਉਂ ਹੁੰਦੇ ਹਨ।

ਐਨੇ ਵੱਡੇ ਕਤਲੇਆਮ ਦੇ ਬਾਵਜੂਦ ਮੋਦੀ ਨੇ ਤੁਰੰਤ ਜੰਮੂ-ਕਸ਼ਮੀਰ ਜਾ ਕੇ 'ਦਹਿਸ਼ਤਗਰਦ' ਹਮਲੇ ਦੇ ਪੀੜਤਾਂ ਨੂੰ ਮਿਲਣਾ ਵੀ ਜ਼ਰੂਰੀ ਨਹੀਂ ਸਮਝਿਆ, ਨਾ ਹੀ ਉਸਨੇ ਆਪਣੀ ਸਰਕਾਰ ਵੱਲੋਂ ਸੱਦੀਆਂ ਦੋ ਬਹੁ-ਪਾਰਟੀ ਮੀਟਿੰਗਾਂ ਵਿਚ ਜਾਣਾ ਜ਼ਰੂਰੀ ਸਮਝਿਆ। ਉਸਨੇ ਆਪਣੇ ਰਾਜਨੀਤਕ ਖ਼ਾਸੇ ਅਨੁਸਾਰ ਬਿਹਾਰ ਵਿਚ ਜਾ ਕੇ 'ਦਹਿਸ਼ਤਵਾਦ ਨੂੰ ਮਿੱਟੀ ਵਿਚ ਮਿਲਾਉਣ' ਦੀ ਭਾਸ਼ਣਬਾਜ਼ੀ ਕੀਤੀ ਅਤੇ ਫ਼ਿਰਕੂ ਪਾਲਾਬੰਦੀ ਦੀ ਸਿਆਸਤ ਕਰਨ 'ਚ ਜੁਟਿਆ ਰਿਹਾ। ਭਾਜਪਾ ਦੀ ਹਕੂਮਤ ਹੇਠ 'ਦਹਿਸ਼ਤਗਰਦ ਹਮਲੇ' ਅਤੇ 'ਦੰਗੇ' ਅਕਸਰ ਚੋਣਾਂ ਮੌਕੇ ਹੁੰਦੇ ਹਨ। ਕੀ 'ਦਹਿਸ਼ਤਗਰਦ' ਹਮਲੇ ਅਤੇ ਇਸ ਤੋਂ ਪਿੱਛੋਂ ਦੇ ਫ਼ਿਰਕੂ ਜੰਗਬਾਜ਼ ਘਟਨਾਕ੍ਰਮ ਦਾ ਸੰਬੰਧ ਬਿਹਾਰ ਵਿਧਾਨ-ਸਭਾ ਚੋਣਾਂ 2025 ਨਾਲ ਨਹੀਂ ਹੈ? ਇਹ ਸਪਸ਼ਟ ਹੈ ਕਿ ਇਸ ਘਟਨਾਕ੍ਰਮ, ਨਫ਼ਰਤੀ ਮੁਹਿੰਮ ਅਤੇ ਨਰਿੰਦਰ ਮੋਦੀ ਦੇ ਰਵੱਈਏ ਦਾ ਗੂੜ੍ਹਾ ਸੰਬੰਧ ਹੈ।

ਪਹਿਲਗਾਮ ਹਮਲੇ ਤੋਂ ਬਾਅਦ ਇਹ ਬਿਰਤਾਂਤ ਚਲਾਇਆ ਗਿਆ ਕਿ ਦਹਿਸ਼ਤਗਰਦਾਂ ਵੱਲੋਂ ਸੈਲਾਨੀਆਂ ਨੂੰ ਉਨ੍ਹਾਂ ਦਾ ਧਰਮ ਪੁੱਛ ਕੇ ਗੋਲੀਆਂ ਮਾਰੀਆਂ ਗਈਆਂ? ਇਸ ਨੂੰ ਬਹਾਨਾ ਬਣਾ ਕੇ ਪਾਕਿਸਤਾਨ ਦੇ ਨਾਲ ਮੁਸਲਮਾਨਾਂ ਅਤੇ ਕਸ਼ਮੀਰੀ ਲੋਕਾਂ ਵਿਰੁੱਧ ਪੂਰੀ ਤਰ੍ਹਾਂ ਗਿਣ-ਮਿੱਥ ਕੇ ਨਫ਼ਰਤ ਭੜਕਾਈ ਗਈ, ਇਸਦੇ ਬਾਵਜੂਦ ਕਿ ਕਸ਼ਮੀਰੀ ਲੋਕ ਅਤੇ ਮੁਸਲਮਾਨ ਭਾਈਚਾਰਾ ਸੜਕਾਂ 'ਤੇ ਆ ਕੇ ਦਹਿਸ਼ਤੀ ਹਮਲੇ ਦਾ ਵਿਰੋਧ ਕਰ ਰਹੇ ਸਨ। ਕਸ਼ਮੀਰੀਆਂ ਅਤੇ ਮੁਸਲਮਾਨਾਂ ਦੀ ਕੁੱਟਮਾਰ ਕਰਨ ਅਤੇ ਉਨ੍ਹਾਂ ਦੇ ਕਾਰੋਬਾਰਾਂ ਉੱਪਰ ਹਮਲੇ ਕਰਨ ਦੀਆਂ ਅਨੇਕਾਂ ਘਟਨਾਵਾਂ ਵਾਪਰੀਆਂ। ਹੈਦਰਾਬਾਦ ਵਿਚ ਭਾਜਪਾ ਦੇ 'ਪ੍ਰਦਰਸ਼ਨਕਾਰੀਆਂ' ਵੱਲੋਂ ਇਕ ਬੇਕਰੀ ਦੀ ਇਸ ਕਰਕੇ ਭੰਨਤੋੜ ਕੀਤੀ ਗਈ ਕਿਉਂਕਿ ਉਸਦਾ ਨਾਮ 'ਕਰਾਚੀ ਬੇਕਰੀ' ਹੈ।

ਸਵਾਲ ਤਾਂ ਇਹ ਵੀ ਹੈ ਕਿ ਜੇ ਮਿਸਟਰ ਮੋਦੀ ਅਚਾਨਕ ਪਾਕਿਸਤਾਨ ਵਿਚ ਨਵਾਜ਼ ਸ਼ਰੀਫ਼ ਨੂੰ ਜੱਫੀ ਪਾ ਸਕਦਾ ਹੈ ਅਤੇ ਉਸਦੇ ਪਰਿਵਾਰਕ ਸਮਾਗਮ ਵਿਚ ਸ਼ਾਮਲ ਹੋ ਸਕਦਾ ਹੈ, ਜੇ ਭਾਰਤ ਤੇ ਪਾਕਿਸਤਾਨ ਦੀਆਂ ਪ੍ਰਮੁੱਖ ਖ਼ੁਫ਼ੀਆ ਏਜੰਸੀਆਂ, ਰਾਅ ਅਤੇ ਆਈ.ਐਸ.ਐਸ.ਆਈ. ਦੇ ਸਾਬਕਾ ਮੁਖੀ, ਅਸਦ ਦੁਰਾਨੀ ਅਤੇ ਏ.ਐਸ. ਦੁੱਲਟ ਮਿਲ ਕੇ ਭਾਰਤ-ਪਾਕਿਸਤਾਨ ਸੰਬੰਧਾਂ ਦੀਆਂ ਪੇਚੀਦਗੀਆਂ ਬਾਰੇ ਕਿਤਾਬ ਲਿਖ ਸਕਦੇ ਹਨ ਤਾਂ ਦੋਹਾਂ ਮੁਲਕਾਂ ਦੇ ਹੁਕਮਰਾਨ ਦੁਵੱਲੇ ਮਸਲਿਆਂ ਦੇ ਹੱਲ ਲਈ ਗੱਲਬਾਤ ਸ਼ੁਰੂ ਕਿਉਂ ਨਹੀਂ ਕਰ ਸਕਦੇ? ਸਚਾਈ ਇਹ ਹੈ ਕਿ ਚਾਹੇ ਭਾਰਤ ਹੈ ਜਾਂ ਪਾਕਿਸਤਾਨ, ਦੋਹਾਂ ਵਿੱਚੋਂ ਕਿਸੇ ਵੀ ਰਾਜ ਦੀ ਨੀਤੀ ਮੁਲਕ ਦੇ ਲੋਕਾਂ ਦੇ ਹਿਤਾਂ ਨੂੰ ਮੁੱਖ ਰੱਖ ਕੇ ਸੋਚਣ ਅਤੇ ਫ਼ੈਸਲੇ ਲੈਣ ਦੀ ਨਹੀਂ ਹੈ। ਉਹ ਆਪਣੀਆਂ ਹਾਕਮ ਜਮਾਤੀ ਰਾਜਨੀਤਕ ਜ਼ਰੂਰਤਾਂ ਤੇ ਗਿਣਤੀਆਂ-ਮਿਣਤੀਆਂ ਅਨੁਸਾਰ ਸਮੇਂ-ਸਮੇਂ 'ਤੇ ਯੁੱਧ ਲਈ ਮਾਹੌਲ ਭੜਕਾਉਣ, ਯੁੱਧ ਛੇੜਨ ਅਤੇ ਯੁੱਧਬੰਦੀ ਕਰਨ ਦੇ ਫ਼ੈਸਲੇ ਲੈਂਦੇ ਹਨ। ਦੋਹਾਂ ਹਕੂਮਤਾਂ ਲਈ ਇਕ ਦੂਜੇ ਵਿਰੁੱਧ ਨਫ਼ਰਤ ਅਤੇ ਭੜਕਾਊ ਮਾਹੌਲ ਬਣਾਈ ਰੱਖਣਾ ਆਪੋ ਆਪਣੇ ਮੁਲਕ ਦੇ ਲੋਕਾਂ ਦੇ ਅਸਲ ਮੁੱਦਿਆਂ ਤੋਂ ਧਿਆਨ ਹਟਾਉਣ ਦਾ ਸੰਦ ਹੈ।

ਭਾਰਤ ਦਾ 'ਮੁੱਖਧਾਰਾ' ਮੀਡੀਆ ਹਮਲੇ ਦੀਆਂ ਖ਼ਬਰਾਂ ਇਸ ਤਰ੍ਹਾਂ ਦਿਖਾ ਰਿਹਾ ਸੀ ਕਿ ਪਾਕਿਸਤਾਨ ਤਾਂ ਬਸ ਕੁਝ ਦਿਨਾਂ 'ਚ ਫ਼ਤਹਿ ਹੋਇਆ ਸਮਝੋ, ਕਿ ਮੋਦੀ ਸਰਕਾਰ ਦੀ ਸਬਕ ਸਿਖਾਉਣ ਦੀ ਦ੍ਰਿੜਤਾ ਨੂੰ ਦੇਖ ਕੇ ਪਾਕਿਸਤਾਨ ਦੀ ਹਕੂਮਤ ਕੰਬਣੀ ਸ਼ੁਰੂ ਹੋ ਗਈ ਹੈ ਅਤੇ ਛੇਤੀ ਹੀ ਪਾਕਿਸਤਾਨੀ ਫ਼ੌਜ ਰਹਿਮ ਲਈ ਨੱਕ ਰਗੜਨਾ ਸ਼ੁਰੂ ਕਰ ਦੇਵੇਗੀ। ਇਸ ਦੌਰਾਨ ਟਰੰਪ ਨੇ ਦੋਹਾਂ ਹੁਕਮਰਾਨਾਂ ਨਾਲ ਸੰਪਰਕ ਕਰ ਕੇ ਯੁੱਧਬੰਦੀ ਲਈ ਜ਼ੋਰ ਪਾਇਆ। ਟਰੰਪ ਦਾ ਯੁੱਧਬੰਦੀ ਦਾ ਹੁਕਮ ਭਗਵਾ ਹਕੂਮਤ ਅਤੇ ਗੋਦੀ ਮੀਡੀਆ ਦੇ ਜਿੱਤ ਦੇ ਜਸ਼ਨਾਂ ਉੱਪਰ ਬੰਬ ਵਾਂਗ ਡਿਗਿਆ। ਫ਼ਿਰਕੂ ਜੰਗਬਾਜ਼ ਹਕੂਮਤ ਨੂੰ ਸਾਮਰਾਜੀ ਆਕਾ ਦਾ ਹੁਕਮ ਮੰਨਣਾ ਪਿਆ। ਇਸ ਨਾਲ ਭਗਵਾ ਹਕੂਮਤ ਦੀ ਇਸ ਰਾਜਨੀਤਕ ਤਮਾਸ਼ੇ ਦੇ ਜੇਤੂ ਅੰਤ ਦੀ ਯੋਜਨਾ ਧਰੀ-ਧਰਾਈ ਰਹਿ ਗਈ। ਕੁਝ ਵੀ ਹੋਵੇ ਇਹ ਚੰਗਾ ਹੀ ਹੋਇਆ ਕਿ ਆਪਸੀ ਗੋਲੀਬਾਰੀ ਅਤੇ ਸਰਹੱਦੋਂ ਪਾਰ ਡਰੋਨਾਂ/ਮਿਜ਼ਾਇਲਾਂ ਵਗੈਰਾ ਹਮਲਿਆਂ ਤੋਂ ਗੱਲ ਅੱਗੇ ਨਹੀਂ ਵਧੀ ਅਤੇ 'ਯੁੱਧਬੰਦੀ' ਹੋਣ ਨਾਲ ਫ਼ਿਲਹਾਲ ਤਬਾਹੀ ਦਾ ਖ਼ਤਰਾ ਟਲ ਗਿਆ। ਇਸਦਾ ਇਕ ਵੱਡਾ ਕਾਰਨ ਇਹ ਹੋ ਸਕਦਾ ਹੈ ਕਿ ਅਮਰੀਕਨ ਸਾਮਰਾਜੀ ਹਕੂਮਤ ਪਹਿਲਾਂ ਹੀ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿਚ ਚੱਲ ਰਹੇ ਯੁੱਧਾਂ ਵਿਚ ਉਲਝੀ ਹੋਈ ਹੈ ਅਤੇ ਇਸ ਸਮੇਂ ਉਸ ਨੂੰ ਭਾਰਤ-ਪਾਕਿਸਤਾਨ ਟਕਰਾਅ ਨੂੰ ਯੁੱਧ ਵਿਚ ਬਦਲਣਾ ਆਪਣੇ ਹਿਤ ਵਿਚ ਨਹੀਂ ਜਾਪਿਆ। ਉਸਨੇ ਦੋਹਾਂ ਨੂੰ ਘੂਰ ਕੇ 'ਯੁੱਧਬੰਦੀ' ਕਰਵਾ ਦਿੱਤੀ। ਟਰੰਪ ਨੇ ਸਪਸ਼ਟ ਕਿਹਾ ਹੈ ਕਿ ਉਹ ਦੋਹਾਂ ਗੁਆਂਢੀਆਂ ਨਾਲ ਵਪਾਰ ਵਧਾਉਣਾ ਚਾਹੁੰਦਾ ਹੈ। ਯਾਨੀ ਇਸ ਸਮੇਂ ਟਰੰਪ ਸਰਕਾਰ ਦੀ ਤਰਜੀਹ ਦੋਹਾਂ ਦੀ ਸੁਲ੍ਹਾ ਕਰਵਾ ਕੇ ਆਪਣਾ ਵਪਾਰ ਵਧਾਉਣਾ ਹੈ।

ਨਿਰਸੰਦੇਹ, ਭਾਰਤ ਮਜ਼ਬੂਤ ਫ਼ੌਜੀ ਤਾਕਤ ਹੈ, ਪਰ ਅਮਰੀਕਾ ਨਾਲ ਜੋਟੀ ਦੇ ਸਹਾਰੇ ਵੱਡੀਆਂ ਪਸਾਰਵਾਦੀ ਲਾਲਸਾਵਾਂ ਪਾਲੀ ਬੈਠੇ ਭਗਵਾ ਯੁੱਧਨੀਤੀ ਘਾੜਿਆਂ ਨੇ ਪਾਕਿਸਤਾਨ ਫ਼ੌਜ ਦੀ ਤਕਨੀਕੀ ਤਿਆਰੀ ਨੂੰ ਬਹੁਤ ਘਟਾ ਕੇ ਦੇਖਿਆ, ਖ਼ਾਸ ਕਰਕੇ 2019 'ਚ ਜੰਮੂ-ਕਸ਼ਮੀਰ ਨੂੰ ਤੋੜੇ ਜਾਣ ਤੋਂ ਬਾਅਦ ਚੀਨ ਵੱਲੋਂ ਪਾਕਿਸਤਾਨ ਨਾਲ ਯੁੱਧਨੀਤਕ ਸਾਂਝ ਵਧਾਏ ਜਾਣ ਅਤੇ ਇਸ ਤਹਿਤ ਚੀਨ ਵੱਲੋਂ ਪਾਕਿਸਤਾਨ ਨਾਲ ਆਪਣੀ ਆਧੁਨਿਕ ਫ਼ੌਜੀ ਤਕਨੀਕ ਸਾਂਝੀ ਕਰਕੇ ਉਸਦੀ ਫ਼ੌਜੀ ਸਮਰੱਥਾ ਵਧਾਏ ਜਾਣ ਦੇ ਪਹਿਲੂ ਨੂੰ। ਜਦਕਿ ਅਮਰੀਕਨ ਹਕੂਮਤ ਨੂੰ ਸਪਸ਼ਟ ਸੀ ਕਿ ਮੌਜੂਦਾ ਟਕਰਾਅ ਦੇ ਮੁਕੰਮਲ ਯੁੱਧ ਵੱਲ ਵਧਣ ਨਾਲ ਦੱਖਣੀ ਏਸ਼ੀਆ ਵਿਚ ਉਸਨੂੰ ਆਪਣੇ ਵਪਾਰਕ ਮਨਸੂਬਿਆਂ ਨੂੰ ਸਾਕਾਰ ਕਰਨ 'ਚ ਮੁਸ਼ਕਲ ਆਵੇਗੀ ਅਤੇ ਉਸਨੇ ਦਬਾਅ ਪਾ ਕੇ ਦੋਹਾਂ ਧਿਰਾਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ। ਪਹਿਲਗਾਮ ਹਮਲੇ ਸਮੇਂ ਵੈਨਸ ਨੇ ਬਿਆਨ ਦਿੱਤਾ ਸੀ ਕਿ ਦਹਿਸ਼ਤਵਾਦ ਵਿਰੁੱਧ ਯੁੱਧ ਵਿਚ ਅਮਰੀਕਾ ਭਾਰਤ ਦੇ ਨਾਲ ਹੈ। ਇੱਧਰ ਟਰੰਪ ਦਾ ਕਹਿਣਾ ਹੈ ਕਿ ਅਮਰੀਕਨ ਉਪ ਰਾਸ਼ਟਰਪਤੀ ਅਤੇ ਬਦੇਸ਼ ਮੰਤਰੀ ਨੇ ਖ਼ਤਰਨਾਕ ਪ੍ਰਮਾਣੂ ਟਕਰਾਅ ਰੋਕਣ ਲਈ ਬਹੁਤ ਮਿਹਨਤ ਕੀਤੀ ਹੈ। ਅਮਰੀਕਾ ਵੱਲੋਂ ਇਨ੍ਹੀਂ ਦਿਨੀਂ ਭਾਰਤ ਨੂੰ 1.31 ਕਰੋੜ ਡਾਲਰ ਦਾ ਫ਼ੌਜੀ ਸਾਜ਼ੋ-ਸਾਮਾਨ ਵੇਚਣ ਨੂੰ ਮਨਜ਼ੂਰੀ ਦਿੱਤੀ ਗਈ ਹੈ। ਟਰੰਪ ਨੇ ਫ਼ੌਜੀ ਸਾਮਾਨ ਵੀ ਵੇਚ ਲਿਆ ਅਤੇ ਯੁੱਧਬੰਦੀ ਕਰਵਾ ਕੇ 'ਵਿਸ਼ਵ-ਗੁਰੂ' ਨੂੰ ਨੀਂਵਾਂ ਵੀ ਦਿਖਾ ਦਿੱਤਾ। 'ਵਿਸ਼ਵ-ਗੁਰੂ' ਨੇ ਭਾਰਤ ਲਈ ਕੀ ਖੱਟਿਆ?

ਟਰੰਪ ਵੱਲੋਂ ਕਸ਼ਮੀਰ ਦਾ ਮਸਲਾ ਹੱਲ ਕਰਨ ਲਈ ਵਿਚੋਲਗੀ ਕਰਨ ਦੀ ਪੇਸ਼ਕਸ਼ ਵੀ ਕੀਤੀ ਗਈ ਹੈ। ਇਸ ਨੇ ਆਰਐੱਸਐੱਸ-ਭਾਜਪਾ ਲਈ ਕਸੂਤੀ ਹਾਲਤ ਪੈਦਾ ਕਰ ਦਿੱਤੀ ਹੈ ਕਿਉਂਕਿ ਉਹ ਤਾਂ ਹਮੇਸ਼ਾ ਇਹੀ ਕਹਿੰਦੇ ਰਹੇ ਹਨ ਕਿ ਕਸ਼ਮੀਰ ਭਾਰਤ ਦਾ 'ਅੰਦਰੂਨੀ ਮਾਮਲਾ' ਹੈ ਅਤੇ ਉਹ ਕਿਸੇ ਤੀਜੀ ਧਿਰ ਨੂੰ ਇਸ ਵਿਚ ਦਖ਼ਲ ਦੇਣ ਦੀ ਇਜਾਜ਼ਤ ਨਹੀਂ ਦਿੰਦੇ। ਹੁਣ ਦੇਖਣਾ ਇਹ ਹੈ ਕਿ ਭਗਵਾ ਹਕੂਮਤ ਟਰੰਪ ਸਰਕਾਰ ਦੇ 'ਨਿਰਪੱਖ ਜਗ੍ਹਾ 'ਤੇ ਗੱਲਬਾਤ' ਕਰਾਉਣ ਦੇ ਫਾਰਮੂਲੇ ਨਾਲ ਕਿਵੇਂ ਨਜਿੱਠਦੀ ਹੈ।

'ਯੁੱਧਬੰਦੀ' ਦਾ ਭਾਵ ਦੁਵੱਲੇ ਮਸਲੇ ਹੱਲ ਹੋਣਾ ਨਹੀਂ ਹੈ ਅਤੇ ਯੁੱਧਬੰਦੀ ਦੀ ਉਲੰਘਣਾ ਦੀਆਂ ਚਿੰਤਾਜਨਕ ਖ਼ਬਰਾਂ ਅਜੇ ਵੀ ਆ ਰਹੀਆਂ ਹਨ। ਦੋਹਾਂ ਮੁਲਕਾਂ ਦੇ ਲੋਕਾਂ ਨੂੰ ਇਸ ਤੋਂ ਚੁਕੰਨੇ ਰਹਿਣਾ ਚਾਹੀਦਾ ਹੈ। ਇਹ ਤਸੱਲੀ ਵਾਲੀ ਗੱਲ ਹੈ ਕਿ ਚਾਹੇ ਭਾਰਤ ਹੈ ਜਾਂ ਪਾਕਿਸਤਾਨ, ਦੋਹਾਂ ਮੁਲਕਾਂ ਵਿਚ ਐਸੇ ਜਾਗਰੂਕ ਹਿੱਸੇ ਹਨ, ਜੋ ਹੁਕਮਰਾਨਾਂ ਦੀ ਨਫ਼ਰਤ ਭੜਕਾਊ ਸਿਆਸਤ ਦਾ ਪ੍ਰਭਾਵ ਨਹੀਂ ਕਬੂਲਦੇ ਅਤੇ ਬਾਕੀ ਅਵਾਮ ਨੂੰ ਵੀ ਇਸ ਬਾਰੇ ਸੁਚੇਤ ਕਰਨ ਦੀ ਪੂਰੀ ਵਾਹ ਲਾਉਂਦੇ ਹਨ। ਮੌਜੂਦਾ ਦੁਵੱਲੇ ਹਮਲਿਆਂ ਦੌਰਾਨ ਇਸ ਹਿੱਸੇ ਨੇ ਜ਼ੋਰਦਾਰ ਆਵਾਜ਼ ਉਠਾਈ ਹੈ। ਇਸ ਆਵਾਜ਼ ਨੂੰ ਹੋਰ ਮਜ਼ਬੂਤ ਕਰ ਕੇ ਅਤੇ ਜੰਗਬਾਜ਼ ਤਾਕਤਾਂ ਦੇ ਲੋਕ ਵਿਰੋਧੀ ਮਨਸੂਬਿਆਂ ਵਿਰੁੱਧ ਵਿਆਪਕ ਲੋਕ-ਰਾਇ ਖੜ੍ਹੀ ਕਰ ਕੇ ਹੀ ਹੁਕਮਰਾਨਾਂ ਨੂੰ ਦੁਵੱਲੇ ਮਸਲਿਆਂ ਦੇ ਹੱਲ ਲਈ ਗੱਲਬਾਤ ਸ਼ੁਰੂ ਕਰਨ ਵਾਸਤੇ ਮਜਬੂਰ ਕੀਤਾ ਜਾ ਸਕਦਾ ਹੈ।

# ਤੁਲੀਐ ਪੂਰੇ ਤੋਲਿ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਕਾਰੋਬਾਰੀ ਦੁਨੀਆ ਤੋਲਣ ਤੋਂ ਬਿਨਾ ਚੱਲ ਨਹੀਂ ਸਕਦੀ। ਸੌਦਾ ਤੋਲ ਕੇ ਹੀ ਵੇਚਿਆ ਖਰੀਦਿਆ ਜਾਂਦਾ ਹੈ। ਜਦ ਦੁਕਾਨਦਾਰ ਸੌਦਾ ਤੋਲ ਰਿਹਾ ਹੁੰਦਾ ਹੈ ਤਾਂ ਗਾਹਕ ਦੀ ਨਿਗਾਹ ਤਕੜੀ ਦੀ ਡੰਡੀ 'ਤੇ ਟਿਕੀ ਹੁੰਦੀ ਹੈ, ਇਹ ਤਾੜਨ ਲਈ ਕਿ ਇਹ ਸਿੱਧੀ ਵੀ ਹੈ ਕਿ ਨਹੀਂ। ਦੁਕਾਨਦਾਰ ਦੀ ਚੋਰ ਅੱਖ ਗਾਹਕ ਦੀ ਅੱਖ 'ਤੇ ਹੁੰਦੀ ਹੈ, ਨਜ਼ਰ ਏਧਰ-ਉਧਰ ਫੇਰੇ ਕਿ ਉਹ ਠੂੰਗਾ ਮਾਰ ਲਵੇ। ਪਰ ਦੁਕਾਨਦਾਰ ਕੋਲ ਹੇਰ-ਫੇਰ ਕਰਨ ਦੇ ਹੋਰ ਬਹੁਤ ਢੰਗ ਹਨ ਜਿਵੇਂ ਡੰਡੀ ਨੂੰ ਹੀ ਇਕ ਪਾਸਿਓਂ ਵੱਡੀ ਛੋਟੀ ਰੱਖਣਾ ਜਾਂ ਵੱਟੇ ਹਲਕੇ ਬਣਾ ਲੈਣੇ। ਉਂਜ ਕਾਰੋਬਾਰੀ ਸਦਾਚਾਰ ਅਜਿਹੇ ਵਿਹਾਰ ਦੀ ਨਿਖੇਧੀ ਕਰਦਾ ਹੈ। ਗੁਰੂ ਨਾਨਕ ਦੇਵ ਫਰਮਾਉਂਦੇ ਹਨ,"ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ"। ਇਸ ਪ੍ਰਸੰਗ ਵਿਚ ਵਾਰਿਸ ਸ਼ਾਹ ਵਲੋਂ ਰਾਂਝੇ ਦੇ ਮੂੰਹੋਂ ਸਹਿਤੀ ਨੂੰ ਕਹਾਏ ਬੋਲ ਸੁਣੋ,

ਸਰੇ ਖੈਰ ਸੋ ਹੱਸ ਕੇ ਆਣ ਦੀਚੇ, ਲਏ ਦੁਆ ਤੇ ਮਿੱਠਤਾ ਬੋਲੀਏ ਨੀ।
ਲਏ ਅੱਖ ਚੜ੍ਹਾਇਕੇ ਦੁਧ ਪੈਸਾ, ਪਰ ਤੋਲ ਥੀਂ ਘਟ ਨਾ ਤੋਲੀਏ ਨੀ।
ਬੁਰਾ ਬੋਲ ਨਾ ਰੱਬ ਦੇ ਪੂਰਿਆਂ ਨੂੰ, ਨੀ ਬੇਸ਼ਰਮ ਕੁਪੱਤੀਏ ਲੂਲੀਏ ਨੀ।
ਮਸਤੀ ਨਾਲ ਫਕੀਰਾਂ ਨੂੰ ਦੇਂ ਗਾਲੀਂ, ਵਾਰਸ ਸ਼ਾਹ ਦੇ ਠੋਕ ਮਨੋਲੀਏ ਨੀ।

ਜ਼ਿੰਦਗੀ ਦੇ ਵਰਤੋਂ ਵਿਹਾਰ ਵੀ ਇਕ ਤਰ੍ਹਾਂ ਕਾਰੋਬਾਰ ਦੇ ਨਿਆਈਂ ਹੀ ਹਨ ਜਿਥੇ ਫੈਸਲਿਆਂ ਦਾ ਤਰਕ ਤੇ ਵਿਵੇਕ ਦੀ ਤੱਕੜੀ ਵਿਚ ਤੋਲਣਾ ਬੜਾ ਜ਼ਰੂਰੀ ਹੁੰਦਾ ਹੈ। ਐਵੇਂ ਨਹੀਂ ਕਿਹਾ ਜਾਂਦਾ, "ਪਹਿਲਾਂ ਤੋਲੋ, ਫਿਰ ਬੋਲੋ।" ਤੋਲਣਾ ਦਾ ਆਮ ਅਰਥ ਭਾਰ ਜੋਖਣਾ ਹੈ ਤੇ ਲਾਖਣਿਕ ਜੋਹਣ ਜਾਚਣ ਕਰਨਾ।

ਤੋਲ ਦਾ ਧਾਤੂ ਹੈ *ਤੁਲ ਜਿਸ ਵਿਚ ਉਠਾਉਣ, ਚੁੱਕਣ, ਭਾਰ ਜੋਖਣ ਦੇ ਭਾਵ ਹਨ। ਧਿਆਨ ਦਿਓ ਕਿ ਅਸਲ ਵਿਚ ਭਾਰ ਵੀ ਕਿਸੇ ਚੀਜ਼ ਨੂੰ ਉਪਰ ਚੁੱਕਣ ਨਾਲ ਹੀ ਜੋਖਿਆ ਜਾਂਦਾ ਹੈ। ਵਿਆਹ ਸਮੇਂ ਜਦ ਮਿਲਣੀ ਹੁੰਦੀ ਹੈ ਤਾਂ ਤਕੜਾ ਮਾਮਾ ਮਾੜੇ ਮਾਮੇ ਨੂੰ ਤੋਲ ਹੀ ਦਿੰਦਾ ਹੈ। ਕਿਸੇ ਚੀਜ਼ ਨੂੰ ਉਪਰ ਚੁੱਕਣ ਨਾਲ ਅਸੀਂ ਉਸ ਦੇ ਭਾਰ ਦਾ ਮਾਨਸਿਕ ਤੌਰ 'ਤੇ ਅੰਦਾਜ਼ਾ ਲਾ ਸਕਦੇ ਹਾਂ। "ਪਰ ਤੋਲਣੇ" ਮੁਹਾਵਰੇ ਵਿਚ ਵੀ ਆਪਣੀ ਸ਼ਕਤੀ ਦਾ ਅਨੁਮਾਨ ਲਾਉਣ ਦਾ ਭਾਵ ਹੈ ਜਿਵੇਂ ਪੰਛੀ ਉਡਣ ਤੋਂ ਪਹਿਲਾਂ ਆਪਣੇ ਪਰਾਂ ਨੂੰ ਫੜਫੜਾ ਕੇ ਦੇਖਦਾ ਹੈ। ਤੋਲਣ ਦੇ ਚੁੱਕਣ ਵਾਲੇ ਅਰਥਾਂ ਤੋਂ ਹੀ ਤੁਲ ਸ਼ਬਦ ਦਾ ਇਕ ਅਰਥ ਲੀਵਰ ਜਿਹਾ ਹੈ ਅਰਥਾਤ ਕਿਸੇ ਡੰਡੇ ਆਦਿ ਨੂੰ ਇਕ ਬਿੰਦੂ 'ਤੇ ਟਿਕਾ ਕੇ ਤੇ ਇਕ ਪਾਸੇ ਜ਼ੋਰ ਲਾ ਕੇ ਕਿਸੇ ਬਹੁਤ ਭਾਰੀ ਚੀਜ਼ ਨੂੰ ਸੌਖਿਆਂ ਹੀ ਉਪਰ ਚੁੱਕਣਾ। ਆਰਕੀਮਿਦਸ ਨੇ ਕਿਹਾ ਸੀ ਕਿ ਮੈਨੂੰ ਖੜੇ ਹੋਣ ਨੂੰ ਥਾਂ ਦਿਓ ਤਾਂ ਮੈਂ ਤੁਲ ਨਾਲ ਧਰਤੀ ਚੁੱਕ ਸਕਦਾ ਹਾਂ। ਗੁਰੂ ਨਾਨਕ ਦੇਵ ਦਾ ਕਥਨ ਹੈ,"ਧਰਿ ਤਾਰਾਜੀ ਅੰਬਰ ਤੋਲੀ ਪਿਛੈ ਟੰਕੁ ਚੜਾਈ"। ਗੁਰੂ ਅਮਰ ਦਾਸ ਫਰਮਾਉਂਦੇ ਹਨ,"ਬਿਨੁ ਤਕੜੀ ਤੋਲੈ ਸੰਸਾਰਾ"। 'ਤੁਲ ਦੇਣਾ' ਦਾ ਅਰਥ ਕਿਸੇ ਨੂੰ ਚੁੱਕਣਾ, ਭੜਕਾਉਣਾ ਹੁੰਦਾ ਹੈ। ਲੱਕੜਾਂ 'ਤੇ ਕਾਹੀ ਆਦਿਕ ਬੰਨ੍ਹ ਕੇ ਬਣਾਈ ਅਣਘੜਤ ਜਿਹੀ ਕਿਸ਼ਤੀ ਨੂੰ ਤੁਲ੍ਹਾ ਕਿਹਾ ਜਾਂਦਾ ਹੈ। ਇਹ ਸ਼ਬਦ ਵੀ ਭਾਰ ਉਠਾਉਣ ਦੇ ਭਾਵ ਤੋਂ ਹੀ ਵਿਕਸਿਤ ਹੋਇਆ ਹੈ। ਤੁਲ੍ਹਾ ਸਾਨੂੰ ਪਾਣੀ ਵਿਚ ਚੁੱਕੀ ਰੱਖਦਾ ਹੈ, "ਨਾ ਤਰ ਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਿ ਲੇਹਿ ਤਾਰਣ ਰਾਇਆ"-ਗੁਰੂ ਨਾਨਕ। ਸ਼ਾਹ ਹੁਸੈਨ ਨੇ ਇਸ ਸ਼ਬਦ ਦੀ ਵਰਤੋਂ ਕੀਤੀ ਹੈ,

ਨੈਮ ਭੀ ਡੂੰਘੀ ਤੁਲ੍ਹਾ ਪੁਰਾਣਾ, ਸ਼ੀਹਾਂ ਤਾਂ ਪੱਤਣ ਮੱਲੇ।
ਜੇ ਕੋਈ ਖ਼ਬਰ ਮਿੱਤਰਾਂ ਦੀ ਲਿਆਵੇ, ਮੈਂ ਹੱਥ ਦੇ ਦੇਨੀਆਂ ਛੱਲੇ।

ਕਿਸੇ ਵਸਤੂ ਦੇ ਭਾਰ ਬਾਰੇ ਸੁਨਿਸ਼ਚਤ ਹੋਣ ਲਈ ਅਸੀਂ ਇਸ ਨੂੰ ਤੱਕੜੀ ਆਦਿ ਵਿਚ ਤੋਲਦੇ ਹਾਂ, "ਧਰ ਤਰਾਜੂ ਤੋਲੀਐ ਨਿਵੇ ਸੋ ਗਉਰਾ ਹੋਇ"-ਗੁਰੂ ਨਾਨਕ। ਤੱਕੜੀ ਲਈ ਹੀ ਇੱਕ ਸ਼ਬਦ ਤੁਲਾ ਵੀ ਹੈ ਤੇ ਇੱਕ ਰਾਸ਼ੀ ਦਾ ਨਾਂ ਵੀ ਤੁਲਾ ਹੈ, ਇਸ



ਦਾ ਚਿੰਨ੍ਹ ਤੱਕੜੀ ਹੁੰਦਾ ਹੈ ਪਰ ਤੱਕੜੀ ਅਤੇ ਤਰਾਜੂ ਸ਼ਬਦ ਏਥੇ ਸਬੰਧਤ ਨਹੀਂ। ਇਨ੍ਹਾਂ ਸ਼ਬਦਾਂ ਨੂੰ ਕਿਸੇ ਵੇਲੇ ਤੋਲਿਆ ਜਾਵੇਗਾ। ਭਾਰ ਦੇ ਅਰਥਾਂ ਵਿਚ ਵੀ ਤੋਲ ਸ਼ਬਦ ਵਰਤਿਆ ਜਾਂਦਾ ਹੈ,"ਭਉ ਮੁਚੁ ਭਾਰਾ ਵਡਾ ਤੋਲੁ"-ਗੁਰੂ ਨਾਨਕ ਅਰਥਾਤ ਪਰਮਾਤਮਾ ਦਾ ਭੈਅ ਭਾਰ ਵਿਚ ਬਹੁਤ ਜ਼ਿਆਦਾ ਹੁੰਦਾ ਹੈ। ਕਵਿਤਾ ਛੰਦ-ਬਧ ਵਿਧਾ ਹੈ ਜਿਸ ਦੀਆਂ ਤੁਕਾਂ ਦਾ ਤਵਾਜ਼ਨ ਦੇਖਣਾ ਪੈਂਦਾ ਹੈ। ਹਰ ਛੰਦ ਦੀ ਕਵਿਤਾ ਦੀਆਂ ਤੁਕਾਂ ਦਾ ਆਪਣਾ ਤੋਲ ਹੁੰਦਾ ਹੈ ਜੋ ਮਾਤਰਾਵਾਂ ਦੀ ਗਿਣਤੀ ਨਾਲ ਕੀਤਾ ਜਾਂਦਾ ਹੈ। ਤੋਲ-ਤੁਕਾਂਤ ਉਕਤੀ ਆਮ ਹੀ ਚਲਦੀ ਹੈ। ਕਈ ਲੋਕ ਗੱਲ ਵੀ ਨਾਪ ਤੋਲ ਕੇ ਹੀ ਕਰਦੇ ਹਨ। ਪੰਜਾਬੀ ਤਾਂ ਗਾਲਾਂ ਵੀ ਤੋਲ ਕੇ ਕਢਦੇ ਹਨ, ਮਣ ਮਣ ਪੱਕੇ ਦੀਆਂ। ਤੋਲਣ ਵਿਚ ਬਹੁਤ ਭਾਰੀ ਚੀਜ਼ ਚੁੱਕਣ ਦਾ ਭਾਵ ਵੀ ਹੈ ਇਸ ਲਈ ਕੁਫਰ ਤੋਲਿਆ ਜਾਂਦਾ ਹੈ, ਮਤਲਬ ਬਹੁਤ ਭਾਰੀ ਝੂਠ ਬੋਲਿਆ ਜਾਂਦਾ ਹੈ। ਤੁਲ ਤੋਂ ਬਣੇ ਤੁਲਨਾ ਦਾ ਭਾਵ ਹੈ ਦੋ ਚੀਜ਼ਾਂ ਆਦਿ ਦੇ ਗੁਣਾਂ ਦਾ ਟਾਕਰਾ ਜਾਂ ਮੁਕਾਬਲਾ ਕਰਨਾ। ਤੱਕੜੀ 'ਤੇ ਤੋਲਦੇ ਸਮੇਂ ਵੱਟੇ ਅਤੇ ਚੀਜ਼-ਵਸਤ ਦੇ ਭਾਰ ਦੀ ਤੁਲਨਾ ਹੀ ਹੁੰਦੀ ਹੈ। ਅਸੀਂ ਓਨਾ ਚਿਰ ਤੁਲਣ ਵਾਲੀ ਵਸਤ ਦੀ ਹੋਰ ਮਾਤਰਾ ਪਾਉਂਦੇ ਜਾਂਦੇ ਹਾਂ ਜਿੰਨਾ ਚਿਰ ਤੱਕੜੀ ਦੀ ਡੰਡੀ ਸਿੱਧੀ ਨਾ ਹੋ ਜਾਵੇ। ਇਸ ਤਰ੍ਹਾਂ ਇਸ ਕਿਰਿਆ ਵਿਚ ਬਰਾਬਰੀ ਦੇ ਭਾਵ ਵੀ ਆ ਗਏ। ਜਿਵੇਂ "ਦੁੱਧ ਵੇਚਣ ਨੂੰ ਪੁੱਤ ਵੇਚਣ ਦੇ ਤੁਲ ਮੰਨਿਆ ਜਾਂਦਾ ਸੀ", "ਕੀੜੀ ਤੁਲਿ ਨਾ ਹੋਵਨੀ"-ਜਪੁ। ਤੁਲ ਦਾ ਇਕ ਅਰਥ ਤੱਕੜੀ ਵੀ ਹੈ,"ਆਪੇ ਤੁਲੁ ਪਰਵਾਣੁ"-ਰਾਮ ਦਾਸ। ਤੋਲਕ ਜਾਂ ਭਾਰ-ਤੋਲਕ ਨੂੰ ਅੱਜ ਕਲ੍ਹ ਵੇਟ ਲਿਫਟਰ, ਦੇ ਅਰਥਾਂ ਵਿਚ ਵਰਤਿਆ ਜਾ ਰਿਹਾ ਹੈ। ਤੋਲਾ ਜਾਂ ਤੁਲਾਵਾ ਦਾ ਅਰਥ ਤੋਲਣ ਵਾਲਾ ਹੈ, ਖਾਸ ਤੌਰ 'ਤੇ ਬੋਹਲ। ਨਾਪ ਤੋਲ ਦੀ ਇਕ ਛੋਟੀ ਇਕਾਈ ਤੋਲਾ ਜਾਂ ਇਸਦਾ ਰੁਪਾਂਤਰ ਤੋਲਾ ਹੈ। ਤੋਲਾ ਬਾਰਾਂ ਮਾਸ਼ੇ ਦਾ ਹੁੰਦਾ ਹੈ ਤੇ ਆਮ ਤੌਰ 'ਤੇ ਸੋਨਾ ਚਾਂਦੀ ਜਿਹੀਆਂ ਕੀਮਤੀ ਧਾਤਾਂ ਤੋਲਣ ਲਈ ਵਰਤਿਆ ਜਾਂਦਾ ਹੈ,"ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ"- ਗੁਰੂ ਨਾਨਕ। ਚੰਚਲ ਸੁਭਾਅ ਵਾਲੇ ਬੰਦੇ ਨੂੰ 'ਪਲ 'ਚ ਤੋਲਾ ਪਲ 'ਚ ਮਾਸਾ" ਬਿਆਨਿਆ ਜਾਂਦਾ ਹੈ। ਤੁਲ ਸ਼ਬਦ ਦੇ ਵਿਪਰੀਤ ਅਤੁਲ ਦਾ ਅਰਥ ਜੋ ਤੋਲਿਆ ਨਾ ਜਾ ਸਕੇ ਅਰਥਾਤ ਬੇਸ਼ੁਮਾਰ, ਬਹੁਤ ਅਧਿਕ। "ਸਾਹਿਬ ਅਤੁਲੁ ਨ ਤੋਲੀਐ ਕਥਨਿ ਨ ਪਾਇਆ ਜਾਇ"" ਜਦ ਕਿ ਅਤੋਲਾ ਦਾ ਅਰਥ ਜਿਸ ਦੇ ਤੁਲ ਜਾਂ ਬਰਾਬਰ ਕੋਈ ਨਹੀਂ,"ਸੰਗਿ ਸਹਾਈ ਛੋਡਿ ਨ ਓਹੁ ਅਗਹ ਅਤੋਲਾ"। ਤੁਲ ਤੋਂ ਹੀ ਸੰਤੁਲਨ ਜਾਂ ਸਮਤੋਲ ਸ਼ਬਦ ਬਣੇ ਜਿਨ੍ਹਾਂ ਦਾ ਅਰਥ ਹੁੰਦਾ ਹੈ ਵਿਭਿੰਨ ਟਕਰਾਉਂਦੀਆਂ ਸ਼ਕਤੀਆਂ ਦੇ ਅਧੀਨ ਵਿਚਰਦਿਆਂ ਵੀ ਟਿਕਾਅ ਵਿਚ ਰਹਿਣਾ, ਤਵਾਜ਼ਨ। ਤੋਲਾਦਾਨ ਜਾਂ ਤੁਲਾਦਾਨ ਉਸ ਵਿਅਕਤੀ ਨੂੰ ਕਿਹਾ ਜਾਂਦਾ ਹੈ ਜੋ ਆਪਣੇ ਭਾਰ ਦੇ ਬਰਾਬਰ ਦਾਨ ਦਿੰਦਾ ਹੈ। ਚੋਣਾਂ ਵਿਚ ਅਜਿਹੇ ਦਾਨੀ ਅਕਸਰ ਹੀ ਪ੍ਰਗਟ ਹੁੰਦੇ ਹਨ। ਕਿਸੇ ਜ਼ਮਾਨੇ ਵਿਚ ਇੱਕ ਤੁਲਾ ਪ੍ਰੀਖਿਆ ਹੁੰਦੀ ਸੀ। ਕਿਸੇ ਦੋਸ਼ੀ ਨੂੰ ਪਹਿਲਾਂ ਇੱਕ ਤੱਕੜੀ ਵਿਚ ਤੋਲਿਆ ਜਾਂਦਾ ਸੀ। ਫਿਰ ਤੱਕੜੀ ਤੋਂ ਲਾਹ ਕੇ ਕੁਝ ਅਨੁਸ਼ਠਾਨ ਕੀਤੇ ਜਾਂਦੇ ਸਨ ਤੇ ਫਿਰ ਤੋਲਿਆ ਜਾਂਦਾ ਸੀ। ਜੇ ਉਸ ਦਾ ਭਾਰ ਪਹਿਲਾਂ ਤੋਂ ਹਲਕਾ ਨਿਕਲਦਾ ਸੀ ਤਾਂ ਉਸ ਨੂੰ ਬੇਕਸੂਰ ਮੰਨਿਆ ਜਾਂਦਾ ਸੀ ਪਰ ਜੇ ਓਨਾ ਹੀ ਜਾਂ ਜ਼ਿਆਦਾ ਨਿਕਲ ਆਵੇ ਤਾਂ ਉਹ ਗੁਨਾਹਗਾਰ ਮੰਨਿਆ ਜਾਂਦਾ ਸੀ। ਸੋ ਇਹ ਹੈ ਪੁਰਾਣੇ ਜ਼ਮਾਨੇ ਦੀ ਇਨਸਾਫ ਦੀ ਤੁਲਾ। ਤ ਧੁਨੀ ਟ ਵਿਚ ਬਦਲ ਜਾਂਦੀ ਹੈ ਤਾਂ ਸਾਡੇ ਟੁੱਲ ਸ਼ਬਦ ਸਾਹਮਣੇ ਆਉਂਦਾ ਹੈ। ਗੁੱਲੀ ਡੰਡੇ ਦਾ ਟੁੱਲ ਅਸਲ ਵਿਚ ਗੁੱਲੀ ਨੂੰ ਡੰਡੇ ਨਾਲ ਚੁੱਕਣਾ ਹੀ ਹੈ। 'ਟੁੱਲ ਲਾਉਣਾ' ਮੁਹਾਵਰਾ ਵੀ ਹੈ ਜਿਸ ਦਾ ਅਰਥ ਹੈ ਤੁੱਕਾ ਲਾਉਣਾ।

ਇਨ੍ਹਾਂ ਸ਼ਬਦਾਂ ਦੇ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਵੀ ਸਜਾਤੀ ਸ਼ਬਦ ਮਿਲ ਜਾਂਦੇ ਹਨ। ਇਨ੍ਹਾਂ ਦਾ ਭਾਰੋਪੀ ਮੂਲ ਹੈ *tele ਤੇ ਅਰਥ ਹੈ ਭਾਰ ਉਠਾਉਣਾ, ਚੁੱਕਣਾ। ਇਸ ਤੋਂ ਲਾਤੀਨੀ ਸ਼ਬਦ ਬਣਿਆ tolerare ਜਿਸ ਦਾ ਸ਼ਾਬਦਿਕ ਅਰਥ ਹੁੰਦਾ ਹੈ, ਭਾਰ ਚੁੱਕਣਾ, ਉਠਾਉਣਾ, ਧਾਰਨ ਕਰਨਾ ਪਰ ਵਿਕਸਿਤ ਅਰਥ ਬਣਿਆ ਬਰਦਾਸ਼ਤ ਕਰਨਾ, ਸਹਾਰਨਾ, ਝੱਲਣਾ ਆਦਿ। ਅੰਗਰੇਜ਼ੀ tolerate, toleration ਜਾਂ tolerance ਇਸੇ ਤੋਂ ਬਣੇ ਹਨ। ਇਹ ਸਮਝਣ ਵਾਲੀ ਗੱਲ ਹੈ ਕਿ (ਭਾਰ) ਚੁੱਕਣਾ ਦਾ ਭਾਵ ਬਰਦਾਸ਼ਤ ਕਰਨਾ ਵਿਚ ਕਿਵੇਂ ਵਿਕਸਿਤ ਹੋਇਆ ਹੋਵੇਗਾ। ਮਾੜੀ ਜਿਹੀ ਹੀ ਘੁੰਡੀ ਹੈ। ਬਰਦਾਸ਼ਤ ਕਰਨਾ ਵੀ ਇਕ ਤਰ੍ਹਾਂ ਮਾਨਸਿਕ ਬੋਝ ਚੁੱਕਣ ਵਾਲੀ ਗੱਲ ਹੀ ਹੈ ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਜਦ ਅਸੀਂ ਕਿਸੇ ਭਾਰੀ ਚੀਜ਼ ਨੂੰ ਚੁੱਕਦੇ ਹਾਂ ਤਾਂ ਸਮਝੋ ਅਸੀਂ ਇਸ ਨੂੰ ਸਹਾਰਦੇ ਹੀ ਹਾਂ। ਸਹਾਰਾ ਸ਼ਬਦ ਹੀ ਲਵੋ। ਥੰਮੀ ਜੋ ਭਾਰ ਚੁੱਕਦੀ ਹੈ ਇਕ ਤਰ੍ਹਾਂ ਸਹਾਰਾ ਹੀ ਹੈ। ਸਹਾਰੇ ਵਿਚ ਥੰਮੀ ਦੇ ਭਾਵ ਵੀ ਹਨ। ਨੁਕਤੇ ਨੂੰ ਹੋਰ ਸਪਸ਼ਟ ਕਰਨ ਲਈ ਅਸੀਂ ਅਰਬੀ ਵਲੋਂ ਆਇਆ ਇਕ ਸ਼ਬਦ ਲੈਂਦੇ ਹਾਂ *ਤਹੱਮਲ ਜਿਸ ਦਾ ਅਰਥ ਹੁੰਦਾ ਹੈ ਧੀਰਜ, ਬਰਦਾਸ਼ਤ ਕਰਨ ਦੀ ਸ਼ਕਤੀ। ਅਰਬੀ ਵਿਚ ਇਸ ਸ਼ਬਦ ਦਾ ਅਰਥ ਭਾਰ ਚੁੱਕਣਾ ਵੀ ਹੁੰਦਾ ਹੈ ਤੇ ਬਰਦਾਸ਼ਤ ਕਰਨਾ ਵੀ। ਇਸ ਦਾ ਧਾਤੂ ਹੈ *ਹਮਲ ਜਿਸ ਦੇ ਮਾਅਨੇ ਹਨ ਭਾਰ ਚੁੱਕਣਾ। ਪੰਜਾਬੀ ਵਿਚ ਆਮ ਤੌਰ 'ਤੇ ਇਹ ਸ਼ਬਦ "ਹਮਲ ਗਿਰਨਾ" ਉਕਤੀ ਵਿਚ ਵਰਤਿਆ ਜਾਂਦਾ ਹੈ, ਮਤਲਬ ਹੈ ਗਰਭ ਡਿਗਣਾ। ਗਰਭ ਵੀ ਭਾਰ ਹੀ ਹੁੰਦਾ ਹੈ। ਹਾਮਲਾ ਅਰਬੀ ਵਿਚ ਗਰਭਵਤੀ ਨੂੰ ਆਖਦੇ ਹਨ ਤੇ ਅਰਬੀ ਹੱਮਾਲ ਦੇ ਮਾਅਨੇ ਹਨ ਭਾਰ ਢੋਣ ਵਾਲਾ, ਪਾਂਡੀ। ਸਮਾਨਅੰਤਰ ਵਿਕਾਸ ਦੀ ਇਕ ਹੋਰ ਉਦਾਹਰਣ ਪੇਸ਼ ਹੈ। ਅੰਗਰੇਜ਼ੀ ਸ਼ਬਦ bear ਦਾ ਅਰਥ ਭਾਰ ਚੁੱਕਣਾ ਵੀ ਹੁੰਦਾ ਹੈ ਤੇ ਬਰਦਾਸ਼ਤ ਕਰਨਾ ਵੀ।

tele ਮੂਲ ਤੋਂ ਬਣੇ ਅੰਗਰੇਜ਼ੀ ਦੇ ਸ਼ਬਦ extoll ਦਾ ਮੁਢਲਾ ਅਰਥ ਤਾਂ ਉਪਰ ਚੁੱਕਣਾ ਹੀ ਹੈ ਪਰ ਵਿਕਸਿਤ ਅਰਥ ਹੈ ਵਡਿਆਈ ਕਰਨਾ ਜਾਂ ਸਲਾਹੁਣਾ। ਵਡਿਆਈ ਕਰਨ ਵਿਚ ਕਿਸੇ ਨੂੰ ਉਚਾ ਚੁੱਕਣ ਦਾ ਹੀ ਆਸ਼ਾ ਹੈ। ਇਕ ਅੰਗਰੇਜ਼ੀ ਸ਼ਬਦ ਹੈ telamon ਜੋ ਆਦਮੀ ਦੀ ਸ਼ਕਲ ਦੇ ਥੰਮ੍ਹ ਨੂੰ ਆਖਦੇ ਹਨ। ਇਹ ਮਿਲਦੇ-ਜੁਲਦੇ ਗਰੀਕ ਸ਼ਬਦ ਤੋਂ ਬਣਿਆ ਹੈ ਜਿਸ ਦਾ ਮੁਢਲਾ ਭਾਵ ਵੀ ਸਹਾਰਾ ਦੇਣ ਵਾਲਾ ਹੁੰਦਾ ਹੈ। ਅਸਮਾਨ ਦੇ ਥੰਮ੍ਹਾਂ ਨੂੰ ਚੁੱਕਣ ਵਾਲੇ ਗਰੀਕ ਦੈਂਤ (ਟਾਈਟਨ) *ਐਟਲਸ ਵਿਚ ਵੀ ਏਹੀ ਮੂਲ ਬੋਲਦਾ ਹੈ। ਇਸ ਦਾ ਸ਼ਾਬਦਿਕ ਅਰਥ ਹੈ ਅਸਮਾਨ ਨੂੰ ਚੁੱਕਣ ਵਾਲਾ। ਅਸਲ ਵਿਚ ਇਹ ਸ਼ਬਦ telamon ਦਾ ਹੀ ਵਿਕਸਿਤ ਰੂਪ ਹੈ। ਅਸੀਂ ਐਟਲਸ ਨੂੰ ਨਕਸ਼ਿਆਂ ਦੀ ਕਿਤਾਬ ਵਜੋਂ ਜਾਣਦੇ ਹਾਂ ਪਰ ਇਸ ਅਰਥ ਵਿਚ ਇਹ ਸ਼ਬਦ ਇਸ ਲਈ ਪ੍ਰਚੱਲਤ ਹੋਇਆ ਕਿਉਂਕਿ ਸੋਲਵ੍ਹੀਂ ਸਦੀ ਵਿਚ ਪਹਿਲੀ ਵਾਰ ਦੁਨੀਆ ਦਾ ਐਟਲਸ ਛਪਵਾਉਣ ਵਾਲੇ ਨੇ ਇਹ ਸ਼ਬਦ ਵਰਤਿਆ ਸੀ। ਉਸ ਦੇ ਐਟਲਸ ਦੇ ਸਰਵਰਕ ਵਿਚ ਇਸ ਦਾਨਵ ਦਾ ਚਿੱਤਰ ਸੀ। ਮੌਰੀਟੇਨੀਆ (ਉਤਰ ਪੱਛਮੀ ਅਫਰੀਕਾ ਦਾ ਇਕ ਦੇਸ਼ ਜੋ ਐਟਲਾਂਟਿਕ ਸਾਗਰ ਦੇ ਨਾਲ ਲਗਦਾ ਹੈ) ਵਿਚ ਇਕ ਪਰਬਤ ਦਾ ਨਾਂ ਹੈ ਮਾਊਂਟ ਐਟਲਸ। ਇਸ ਦੇ ਪ੍ਰਸੰਗ ਵਿਚ ਐਟਲਾਂਟਿਕ ਸ਼ਬਦ ਪ੍ਰਚੱਲਤ ਹੋਇਆ ਜੋ ਬਾਅਦ ਵਿਚ ਸਮੁਚੇ ਐਟਲਾਂਟਿਕ ਸਾਗਰ ਲਈ ਵਰਤਿਆ ਜਾਣ ਲੱਗਾ। ਅੰਗਰੇਜ਼ੀ ਤੇ ਹੋਰ ਹਿੰਦ-ਆਰਿਆਈ ਭਾਸ਼ਾਵਾਂ ਦੇ ਬਹੁਤ ਸਾਰੇ ਜਾਣੇ-ਪਛਾਣੇ ਸ਼ਬਦ ਇਸ ਮੂਲ ਨਾਲ ਜਾ ਜੁੜਦੇ ਹਨ ਜਿਨ੍ਹਾਂ ਦੀ ਵਿਆਖਿਆ ਫਿਰ ਕਦੇ ਕੀਤੀ ਜਾਵੇਗੀ।

# ਬਲੈਕਆਊਟ ਦੇ ਦਿਨਾਂ ਦੀ ਇੱਕ ਯਾਦ

ਪ੍ਰੋ. ਨਵ ਸੰਗੀਤ ਸਿੰਘ
ਫੋਨ: 94176-92015

ਇਹ 1971 ਦੀ ਗੱਲ ਹੈ। ਪਾਕਿਸਤਾਨ ਨਾਲ ਲੜਾਈ ਲੱਗਣ ਵਾਲੀ ਸੀ। ਮੈਂ ਉਦੋਂ ਨੌਵੀਂ ਜਮਾਤ ਵਿਚ ਪੜ੍ਹਦਾ ਸਾਂ। ਅਸੀਂ ਉਦੋਂ ਗੋਨਿਆਣਾ ਮੰਡੀ (ਬਠਿੰਡਾ) ਵਿਖੇ ਪਾਰਬਤੀ ਦੇਵੀ ਦੇ ਚੁਬਾਰੇ ਵਿਚ ਰਹਿੰਦੇ ਸਾਂ, ਕਿਰਾਏ ਦੇ ਮਕਾਨ ਵਿਚ, ਜਿਸਦੇ ਤਿੰਨ ਕਮਰੇ ਸਨ। ਪਿਤਾ ਜੀ ਸਰਕਾਰੀ ਸਕੂਲ ਗੋਨਿਆਣਾ ਮੰਡੀ ਵਿਚ ਅਧਿਆਪਕ ਸਨ। ਮੈਂ ਵੀ ਉਸੇ ਸਕੂਲ ਵਿਚ ਪੜ੍ਹਦਾ ਸਾਂ। ਅਕਸਰ ਪਿਤਾ ਜੀ ਪੇਪਰਾਂ ਦੇ ਨੇੜੇ-ਤੇੜੇ ਸਾਡੇ ਬਿਸਤਰੇ ਹੇਠਾਂ ਫਰਸ਼ 'ਤੇ ਲਾ ਦਿੰਦੇ ਸਨ, ਕਿਉਂਕਿ ਮੰਜੇ 'ਤੇ ਬੈਠ ਕੇ ਪੜ੍ਹਨ ਨਾਲ ਨੀਂਦ ਆ ਜਾਂਦੀ ਸੀ। ਪਿਤਾ ਜੀ ਹੋਰ ਵਿਦਿਆਰਥੀਆਂ ਨੂੰ ਵੀ ਬਿਨਾਂ ਟਿਊਸ਼ਨ ਤੋਂ ਘਰ ਵਿਚ ਪੜ੍ਹਾਇਆ ਕਰਦੇ ਸਨ। ਅਕਸਰ ਦੋ-ਤਿੰਨ ਮੁੰਡੇ ਜ਼ਰੂਰ ਸਾਡੇ ਘਰ ਵਿਚ ਰਹਿ ਕੇ ਪੜ੍ਹਦੇ ਹੁੰਦੇ ਸਨ।

ਉਨ੍ਹੀਂ ਦਿਨੀਂ ਸਕੂਲਾਂ ਵਿਚ ਦੁਸ਼ਮਣ ਦੇਸ਼ ਦੇ ਹਮਲਿਆਂ ਤੋਂ ਸੁਰੱਖਿਅਤ ਰਹਿਣ/ਆਪਣੇ ਆਪ ਨੂੰ ਬਚਾਉਣ ਦੇ ਢੰਗ ਤਰੀਕੇ ਦੱਸੇ ਜਾਂਦੇ ਸਨ। ਸਾਡੇ ਸਕੂਲ ਦੇ ਪੀਟੀਆਈ ਬਲਦੇਵ ਸਿੰਘ ਦੇ ਆਦੇਸ਼ 'ਤੇ ਸਾਰੇ ਸਕੂਲ ਵਿਦਿਆਰਥੀਆਂ ਨੂੰ ਗਰਾਊਂਡ ਵਿਚ ਇਕੱਠਾ ਕੀਤਾ ਜਾਂਦਾ ਅਤੇ ਦੁਸ਼ਮਣ ਦੇ ਹਮਲੇ ਤੋਂ ਬਚਣ ਦੇ ਗੁਰ ਸਮਝਾਏ ਜਾਂਦੇ। ਇਹ ਟਰੇਨਿੰਗ ਸ਼ਾਇਦ ਸਕੂਲੀ ਵਿਦਿਆਰਥੀਆਂ ਨੂੰ ਹੀ ਦਿੱਤੀ ਜਾਂਦੀ ਸੀ। ਸਰਕਾਰੀ ਪੱਧਰ 'ਤੇ ਦੁਪਹਿਰੇ ਲਗਭਗ 12-ਸਾਢੇ ਬਾਰ੍ਹਾਂ ਵਜੇ ਉੱਚੀ ਅਵਾਜ਼ ਵਿਚ ਸਾਇਰਨ ਵੱਜਦਾ ਤੇ ਜਿਵੇਂ ਸਾਨੂੰ ਸਿਖਾਇਆ ਗਿਆ ਸੀ, ਅਸੀਂ ਸਾਰੇ ਵਿਦਿਆਰਥੀ ਸਕੂਲ 'ਚ ਬਣੇ ਖਾਲਾਂ ਵੱਲ ਦੌੜਦੇ। ਸਾਨੂੰ ਦੱਸਿਆ ਗਿਆ ਸੀ ਕਿ ਪੁੱਠੇ ਲੇਟਣਾ ਹੈ ਪਰ ਆਪਣੀਆਂ ਕੂਹਣੀਆਂ ਦੇ ਭਾਰ ਛਾਤੀ ਉੱਤੇ ਚੁੱਕ ਕੇ ਰੱਖਣੀ ਹੈ, ਜ਼ਮੀਨ 'ਤੇ ਨਹੀਂ ਲਾਉਣੀ। ਕੰਨਾਂ ਨੂੰ ਉਂਗਲਾਂ ਨਾਲ ਬੰਦ ਕਰ ਲੈਣਾ ਹੈ। ਛਾਤੀ ਉੱਤੇ ਚੁੱਕਣ ਦਾ ਮਤਲਬ ਸੀ ਕਿ ਧਮਾਕੇ ਦਾ ਦਿਲ ਦੀ ਧੜਕਣ 'ਤੇ ਪ੍ਰਭਾਵ ਨਾ ਪਵੇ ਅਤੇ ਕੰਨਾਂ ਵਿਚ ਉਂਗਲਾਂ ਪਾਉਣ ਦਾ ਮਤਲਬ ਸੀ ਕਿ ਧਮਾਕੇ ਦੀ ਕੰਨ ਪਾੜਵੀਂ ਅਵਾਜ਼ ਕੰਨਾਂ ਤੋਂ ਬੋਲਾ ਨਾ ਕਰ ਦੇਵੇ। ਜਿਨ੍ਹਾਂ ਵਿਦਿਆਰਥੀਆਂ ਨੂੰ ਖਾਲਾਂ ਵਿਚ ਥਾਂ ਨਾ ਮਿਲਦੀ, ਉਹ ਗਰਾਊਂਡ ਵਿਚ ਹੀ ਲੇਟ ਜਾਂਦੇ ਪਰ ਲੇਟਣ ਦੀ ਕਿਰਿਆ ਉਹੀ ਹੁੰਦੀ, ਜੋ ਸਾਨੂੰ ਦੱਸੀ ਗਈ ਸੀ। ਇਹ ਰਿਹਰਸਲ ਕਰੀਬ ਇੱਕ ਹਫ਼ਤਾ ਰੋਜ਼ ਹੁੰਦੀ ਰਹੀ। ਸਾਨੂੰ ਇਹ ਵੀ ਸਿਖਾਇਆ ਗਿਆ ਸੀ ਕਿ ਘਰੋਂ ਬਾਹਰ ਕਿਤੇ ਡਿੱਗੀਆਂ ਹੋਈਆਂ ਟੌਫ਼ੀਆਂ ਚੁੱਕ ਕੇ ਨਹੀਂ ਖਾਣੀਆਂ, ਨਾ ਹੀ ਡਿੱਗੇ ਹੋਏ ਗੁਬਾਰੇ ਚੁੱਕਣੇ ਹਨ - ਇਨ੍ਹਾਂ ਚੀਜ਼ਾਂ ਨੂੰ ਚੁੱਕਣ ਨਾਲ ਬੰਬ ਵਰਗਾ ਕੋਈ ਧਮਾਕਾ ਹੋਣ ਦਾ ਖਤਰਾ ਹੋ ਸਕਦਾ ਹੈ। ਸੰਭਵ ਹੈ ਕਿ ਦੁਸ਼ਮਣ ਦੇਸ਼ ਨੇ ਇਹੋ ਜਿਹੇ ਕਾਰੇ ਕੀਤੇ ਵੀ ਹੋਣ!

ਸ਼ਹਿਰ ਵਿਚ ਮੁਨਾਦੀ ਕੀਤੀ ਗਈ ਸੀ ਕਿ ਦਿਨ ਢਲਣ ਪਿੱਛੋਂ ਕੋਈ ਘਰ ਦੀ ਲਾਈਟ ਨਾ ਜਗਾਵੇ। ਇਸ ਲਈ ਰਾਤ ਦਾ ਖਾਣਾ ਦਿਨ ਢਲੇ ਹੀ ਖਾ ਲਿਆ ਜਾਂਦਾ ਜਾਂ ਫਿਰ ਕਮਰੇ ਵਿਚ ਵੜ ਕੇ ਲੈਂਪ/ ਲਾਲਟੈਣ ਦੇ ਚਾਨਣ ਵਿਚ ਛੇਤੀ-ਛੇਤੀ ਖਾਧਾ ਜਾਂਦਾ। ਰਾਤ ਨੂੰ ਅਕਸਰ ਬਿਜਲੀ ਵਿਭਾਗ ਵੱਲੋਂ ਲਾਈਟ ਬੰਦ ਕਰ ਦਿੱਤੀ ਜਾਂਦੀ ਤਾਂ ਜੋ ਕੋਈ ਭੁੱਲ-ਭੁਲੇਖੇ ਹੀ ਲਾਈਟ ਨਾ ਜਗਾ ਲਵੇ। ਪਰ ਕਈ ਵਾਰ ਜਾਣ-ਬੁਝ ਕੇ ਵਿਭਾਗ ਵੱਲੋਂ ਲਾਈਟ ਬੰਦ ਨਾ ਕੀਤੀ ਜਾਂਦੀ ਤਾਂ ਜੋ ਆਮ ਲੋਕਾਂ ਨੂੰ ਜਾਗਰੂਕ ਕੀਤਾ ਜਾ ਸਕੇ। ਹਾਂ, ਪਰ ਸਟ੍ਰੀਟ ਲਾਈਟ ਜ਼ਰੂਰ ਬੰਦ ਰਹਿੰਦੀ। ਗਲੀਆਂ ਬਜ਼ਾਰਾਂ ਵਿਚ ਪੁਲੀਸ ਦੀ ਗਸ਼ਤ ਤੇਜ਼ ਕਰ ਦਿੱਤੀ ਜਾਂਦੀ। ਜੇ ਕਿਸੇ ਦੇ ਘਰ ਲਾਈਟ ਜਗ ਰਹੀ ਹੁੰਦੀ ਤਾਂ ਉਹਦਾ ਦਰਵਾਜ਼ਾ ਖੜਕਾ ਕੇ ਬੰਦ ਕਰਨ ਨੂੰ ਕਿਹਾ ਜਾਂਦਾ।

ਅਸੀਂ ਵਿਚਕਾਰਲੇ ਕਮਰੇ ਵਿਚ ਲੈਂਪ ਜਗਾ ਕੇ ਪੜ੍ਹ ਰਹੇ ਸਾਂ, ਕਿਉਂਕਿ ਲਾਈਟ ਜਗਾਉਣ ਦੀ ਮਨਾਹੀ ਸੀ। ਦਰਵਾਜ਼ਿਆਂ ਦੀਆਂ ਸ਼ੀਤਾਂ 'ਤੇ ਵੀ ਕੱਪੜੇ/ਕਾਗਜ਼ ਲਾਏ ਹੋਏ ਸਨ ਤਾਂ ਜੋ ਮਾੜਾ ਮੋਟਾ ਚਾਨਣ ਵੀ ਬਾਹਰ ਨਾ ਜਾਵੇ। ਰਾਤੀਂ ਨੌਂ ਕੁ ਵਜੇ ਅਸੀਂ ਪੜ੍ਹਾਈ ਵਿਚ ਰੁੱਝੇ ਹੋਏ ਸਾਂ ਕਿ ਅਚਾਨਕ ਕਿਸੇ ਨੇ ਬਹੁਤ ਜ਼ੋਰ ਨਾਲ ਦਰਵਾਜ਼ਾ ਖੜਕਾਇਆ। ਅਸੀਂ ਸਾਰੇ ਡਰ ਗਏ। ਪਿਤਾ ਜੀ ਨੇ ਕੁਝ ਹੌਸਲਾ ਕਰਕੇ ਹੌਲੀ ਜਿਹੀ ਪੁੱਛਿਆ -"ਕੌਣ ਹੈ?" ਬਾਹਰ ਕੋਈ ਹੋਵੇ ਤਾਂ ਬੋਲੇ! ਅਸੀਂ ਲੈਂਪ ਦੀ ਬੱਤੀ ਹੋਰ ਨੀਵੀਂ ਕਰ ਦਿੱਤੀ, ਆਸੇ ਪਾਸੇ ਓਹਲਾ ਕਰ ਦਿੱਤਾ ਤਾਂ ਜੋ ਚਾਨਣ ਬਾਹਰ ਨਾ ਜਾ ਸਕੇ। ਕੌਣ ਹੋ ਸਕਦਾ ਹੈ? ਕੁਝ ਸਕਿੰਟਾਂ ਤੱਕ ਦਰਵਾਜ਼ਾ ਇੰਨੀ ਜ਼ੋਰ ਨਾਲ ਖੜਕਦਾ ਰਿਹਾ ਕਿ ਜਾਪਿਆ ਜਿਵੇਂ ਕੁੰਡਾ ਪੱਟਿਆ ਜਾਵੇਗਾ। ਸਾਡਾ ਬੱਚਿਆਂ ਦਾ ਉਤਲਾ ਸਾਹ ਉੱਤੇ, ਹੇਠਲਾ ਹੇਠਾਂ। ਜਦੋਂ ਦਰਵਾਜ਼ਾ ਖੜਕਣਾ ਬੰਦ ਹੋਇਆ ਤਾਂ ਕਿਤੇ ਜਾ ਕੇ ਸਾਨੂੰ ਚੈਨ ਆਇਆ। ਉਹ ਰਾਤ ਅਸੀਂ ਜਾਗੋ ਮੀਟੀ ਵਿਚ ਬਿਤਾਈ ਪਰ ਕਿਸੇ ਨੇ ਵੀ ਉਠ ਕੇ ਦਰਵਾਜ਼ਾ ਖੋਲ੍ਹ ਕੇ ਨਾ ਵੇਖਿਆ ਕਿ ਕਿਸ ਨੇ ਬੂਹਾ ਖੜਕਾਇਆ ਸੀ!

ਉਨ੍ਹੀਂ ਦਿਨੀਂ ਘਰਾਂ ਵਿਚ ਰੇਡੀਓ ਬਹੁਤ ਘੱਟ ਸਨ, ਟੀਵੀ ਦਾ ਤਾਂ ਨਾਂ ਹੀ ਨਹੀਂ ਸੁਣਿਆ ਸੀ ਕਿਸੇ ਨੇ। ਪਰ ਰਾਤ ਨੂੰ ਕਿਸੇ ਪਾਸਿਓਂ ਕੋਈ ਪਤਾ ਨਾ ਲੱਗਾ ਕਿ ਖੜਕਾ ਕਿਸ ਨੇ ਕੀਤਾ ਸੀ। ਅਗਲੇ ਦਿਨ ਆਸ-ਪਾਸ ਦੇ ਘਰਾਂ ਤੋਂ ਪਤਾ ਲੱਗਿਆ ਕਿ ਸਾਰੇ ਘਰਾਂ ਦੇ ਹੀ ਦਰਵਾਜ਼ੇ ਖੜਕੇ ਸਨ ਤੇ ਇਹ ਖੜਕਾ ਕਿਸੇ ਵਿਅਕਤੀ ਵੱਲੋਂ ਨਹੀਂ ਸੀ ਕੀਤਾ ਗਿਆ। ਸਗੋਂ ਨੇੜਲੇ ਸ਼ਹਿਰ ਬਠਿੰਡਾ, ਜੋ ਗੋਨਿਆਣਾ ਮੰਡੀ ਤੋਂ ਕਰੀਬ 15 ਕਿ.ਮੀ. ਦੀ ਦੂਰੀ 'ਤੇ ਸੀ, ਦੇ ਰੇਲਵੇ ਸਟੇਸ਼ਨ 'ਤੇ ਦੁਸ਼ਮਣ ਫ਼ੌਜ ਨੇ ਬੰਬ ਸੁੱਟਿਆ ਸੀ ਤੇ ਰੇਲਵੇ ਲਾਈਨ ਟੁੱਟ ਕੇ ਇੰਨੀ ਦੂਰ ਜਾ ਡਿੱਗੀ, ਜਿਸਦਾ ਖੜਕਾ ਦੇਰ ਤੱਕ ਸੁਣਦਾ ਰਿਹਾ। ਜਦੋਂ ਸਾਨੂੰ ਇਸ ਹਕੀਕਤ ਦਾ ਪਤਾ ਲੱਗਿਆ ਤਾਂ ਅਸੀਂ ਹੋਰ ਵੀ ਡਰ ਗਏ ਕਿ ਉਹ ਰੇਲਵੇ ਲਾਈਨ ਟੁੱਟ ਕੇ ਪਤਾ ਨਹੀਂ ਕੀਹਦੇ ਘਰ 'ਤੇ ਡਿੱਗੀ ਹੋਵੇਗੀ!

ਖੈਰ, ਅੱਜ ਜਦੋਂ ਫੇਰ ਉਹੋ ਜਿਹੇ ਹਾਲਾਤ ਬਣ ਰਹੇ ਹਨ ਤਾਂ ਮੈਨੂੰ ਉਹੀ 54 ਸਾਲ ਪਹਿਲਾਂ ਦਾ ਮੰਜ਼ਰ ਯਾਦ ਆ ਰਿਹਾ ਹੈ! ਸ਼ਾਲਾ, ਸਾਰੇ ਦੇਸ਼ਾਂ ਦੇ ਲੋਕ ਸੁਖੀ ਵੱਸਣ ਤੇ ਕਦੇ ਵੀ ਜੰਗ ਦੀ ਨੌਬਤ ਨਾ ਆਵੇ! ਬਕੌਲ ਸ਼ਾਇਰ :

ਜੰਗ 'ਚ ਕਿਸੇ ਦਾ ਭਲਾ ਨਾ ਹੁੰਦਾ,
ਜੰਗ ਤੋਂ ਹਰ ਕੋਈ ਬਚਣਾ ਚਾਹੁੰਦਾ।
ਜੰਗ ਤਾਂ ਜਾਨਾਂ ਲੈਂਦੀ ਹੈ।

ਜੰਗ ਦੇ ਬੱਦਲ ਜਦ ਮੰਡਰਾਵਣ,
ਹਰ ਇੱਕ ਦਿਲ ਨੂੰ ਡੋਬੂ ਪਾਵਣ।
ਜੰਗ ਤੋਂ ਦੁਨੀਆਂ ਤ੍ਰਹਿੰਦੀ ਹੈ।

ਜੰਗ ਦੇ ਦਿਨ ਨਾ ਕਦੇ ਵੀ ਚੰਗੇ,
ਬਸ਼ਰ ਕੋਈ ਵੀ ਜੰਗ ਨਾ ਮੰਗੇ।
ਕਵੀ-ਕਲਮ ਜੰਗ ਸਹਿੰਦੀ ਹੈ।

ਦੁਨੀਆਂ ਦੇ ਵਿਚ ਏਨਾ ਸਾੜਾ,
ਜੰਗ ਦਾ ਹੁੰਦਾ ਨਾਂ ਵੀ ਮਾੜਾ।
ਮਾਰ ਤਾਂ ਝੱਲਣੀ ਪੈਂਦੀ ਹੈ।

ਹੁੰਦੀ ਕਿਧਰੇ ਜਦ ਬੰਬਾਰੀ,
ਖ਼ਲਕਤ ਰੋਵੇ ਕਰਮਾਂ ਮਾਰੀ।
ਰੋਵੇ ਉਠਦੀ-ਬਹਿੰਦੀ ਹੈ।

ਸ਼ਾਲਾ, ਕਦੇ ਵੀ ਜੰਗ ਨਾ ਹੋਵੇ,
ਅੱਖ ਕਿਸੇ ਦੀ ਕਦੇ ਨਾ ਰੋਵੇ।
ਜੀਵਨ-ਗਤੀ ਨਾ ਰਹਿੰਦੀ ਹੈ।

# ਪੱਤਰਕਾਰੀ ਦਾ ਬਾਬਾ ਬੋਹੜ ਸੀ - ਸਵ. ਜਗਜੀਤ ਸਿੰਘ ਥਿੰਦ

ਹਰ ਵਿਅਕਤੀ ਦੀ ਆਪਣੀ ਵਿਲੱਖਣ ਸ਼ਖ਼ਸੀਅਤ ਅਤੇ ਪਛਾਣ ਹੁੰਦੀ ਹੈ। ਜਿਸ ਲਈ ਬਹੁਤ ਸਾਰੇ ਲੋਕ ਬਹੁਤ ਵਿਖਾਵਾ ਕਰਦੇ ਹਨ ਕਿ ਸਮਾਜਿਕ ਦਾਇਰੇ ਵਿਚ ਪਹਿਚਾਣੇ ਜਾਣ। ਪਰ ਕੁਝ ਉਹ ਲੋਕ ਵੀ ਹੁੰਦੇ ਹਨ ਜੋ ਸਮਾਜ ਵਿਚ ਵਿਚਰਦੇ ਹੋਏ ਅਜਿਹੇ ਕਾਰਜ ਕਰ ਜਾਂਦੇ ਹਨ ਕਿ ਉਨ੍ਹਾਂ ਨੂੰ ਆਪਣੀ ਪਛਾਣ ਬਣਾਉਣ ਦੀ ਲੋੜ ਨਹੀਂ ਪੈਂਦੀ, ਆਪਣੇ ਆਪ ਬਣ ਜਾਂਦੀ ਹੈ। ਅਜਿਹੀ ਹੀ ਵਿਲੱਖਣ ਸ਼ਖ਼ਸੀਅਤ ਦੇ ਮਾਲਕ ਸਨ ਪੱਤਰਕਾਰ ਸਵ. ਸ. ਜਗਜੀਤ ਸਿੰਘ ਥਿੰਦ। ਜਿਨ੍ਹਾਂ ਨੇ ਆਪਣੀ ਪੱਤਰਕਾਰੀ ਰਾਹੀਂ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੂੰ ਪਛਾਣ ਦਿੱਤੀ।

ਉਨ੍ਹਾਂ ਦਾ ਜਨਮ ਪਿੰਡ ਬਿੰਜਲ, ਨਜ਼ਦੀਕ ਜਗਰਾਉਂ,


**ਕੁਲਵੰਤ ਉੱਭੀ ਧਾਲੀਆਂ**
**ਫੋਨ: (559) 473-9264**

ਜ਼ਿਲ੍ਹਾ ਲੁਧਿਆਣਾ, ਪੰਜਾਬ ਵਿਚ 4 ਜਨਵਰੀ, 1930 ਨੂੰ ਹੋਇਆ। ਉਹ ਹਮੇਸ਼ਾ ਆਪਣੇ ਪਰਿਵਾਰ ਨਾਲ ਘਰ ਦੇ ਕੰਮਾਂ ਵਿਚ ਮਦਦ ਕਰਦੇ ਰਹਿੰਦੇ ਸਨ। ਉਨ੍ਹਾਂ ਦਸਵੀਂ ਜਮਾਤ ਤੱਕ ਦੀ ਪੜ੍ਹਾਈ ਖਾਲਸਾ ਹਾਈ ਸਕੂਲ, ਕਮਾਲਪੁਰਾ ਤੋਂ ਕੀਤੀ। ਇਸ ਉਪਰੰਤ ਐਫ.ਏ. ਅਤੇ ਗਿਆਨੀ ਦੀ ਪੜ੍ਹਾਈ ਪ੍ਰਾਈਵੇਟ ਪਾਸ ਕੀਤੀ। ਆਪਣੀ ਜ਼ਿੰਦਗੀ ਦੇ ਸੁਨਹਿਰੀ ਭਵਿੱਖ ਲਈ ਟੀਚਰ ਟਰੇਨਿੰਗ ਜਲੰਧਰ ਤੋਂ ਪ੍ਰਾਪਤ ਕੀਤੀ।

ਸਮਾਜਿਕ ਸੇਵਾਵਾਂ ਵਾਲੀ ਬਿਰਤੀ ਹੋਣ ਕਰਕੇ ਉਹ ਆਪਣੇ ਪਿੰਡ ਦੀ ਭਲਾਈ ਅਤੇ ਸਾਂਝੇ ਕਾਰਜਾਂ ਨੂੰ ਹਮੇਸ਼ਾ ਤਰਜੀਹ ਦਿੰਦੇ ਸਨ। ਇਸੇ ਕਾਰਨ ਉਹ 33 ਸਾਲ ਦੇ ਲਗਭਗ ਪਿੰਡ ਦੀ ਕੋਆਪਰੇਟਿਵ ਸੁਸਾਇਟੀ ਵਿਚ ਨੌਕਰੀ ਕਰਦੇ ਰਹੇ। ਉਹ ਆਪਣੇ ਪਿੰਡ ਦੇ 23 ਸਾਲ ਲਗਾਤਾਰ ਸਰਪੰਚ ਰਹੇ। ਉਨ੍ਹਾਂ ਪਿੰਡ ਦੇ ਭਲਾਈ ਕਾਰਜਾਂ ਵਿਚ ਸੇਵਾਵਾਂ ਪ੍ਰਦਾਨ ਕੀਤੀਆਂ। ਉਨ੍ਹਾਂ ਜਿੱਥੇ ਆਪਣੇ ਬੱਚਿਆਂ ਨੂੰ ਉੱਚ ਵਿੱਦਿਆ ਲਈ ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਭੇਜਿਆ, ਉੱਥੇ ਪਿੰਡ ਦੇ ਹੋਰ ਬਹੁਤ ਸਾਰੇ ਬੱਚਿਆਂ ਨੂੰ ਵੀ ਸਿੱਖਿਆ ਵੱਲ ਪ੍ਰੇਰਿਤ ਕੀਤਾ।

ਇਸ ਤੋਂ ਇਲਾਵਾ ਉਹ ਪੰਜਾਬ ਵਿਚ ਰਹਿੰਦਿਆਂ ਦੋ ਵਾਰੀ ਬਤੌਰ ਇਫਕੋ (ਇੰਡੀਅਨ ਫਾਰਮਰਜ਼ ਫਰਟੀਲਾਈਜ਼ਰ ਕੋਆਪਰੇਟਿਵ) ਦੇ ਡਾਇਰੈਕਟਰ, ਦੋ ਵਾਰ ਲੁਧਿਆਣਾ ਸਟੇਟ ਕੋਚ ਯੂਨੀਅਨ ਦੇ ਮੈਂਬਰ ਅਤੇ ਦੋ ਵਾਰ ਲੁਧਿਆਣਾ ਡਿਸਟ੍ਰਿਕਟ ਹੋਲਸੇਲ ਸੁਸਾਇਟੀ ਦੇ ਡਾਇਰੈਕਟਰ ਰਹੇ। ਉਹ ਤਿੰਨ ਵਾਰ ਬਲਾਕ ਸੰਮਤੀ (ਬਲਾਕ ਸੁਧਾਰ) ਦੇ ਮੈਂਬਰ ਬਣੇ ਅਤੇ ਫਾਇਨਾਂਸ ਕਮੇਟੀ ਦੇ ਚੇਅਰਮੈਨ ਵੀ ਬਣੇ। ਇਸ ਤੋਂ ਇਲਾਵਾ ਉਨ੍ਹਾਂ ਲੁਧਿਆਣਾ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ, ਰਾਏਕੋਟ ਮਾਰਕੀਟ ਸੁਸਾਇਟੀ ਦੇ ਵਾਈਸ ਚੇਅਰਮੈਨ ਵਜੋਂ ਵੀ ਸੇਵਾਵਾਂ ਨਿਭਾਈਆਂ।

ਉਨ੍ਹਾਂ ਅਮਰੀਕਾ ਦੀ ਧਰਤੀ 'ਤੇ ਪਹੁੰਚ ਕੇ ਵੀ ਸਮਾਜਿਕ ਕਾਰਜ ਜਾਰੀ ਰੱਖੇ। ਉਨ੍ਹਾਂ ਜ਼ਿੰਦਗੀ ਦੇ ਬਹੁਤ ਸਾਰੇ ਤਜਰਬਿਆਂ ਅਤੇ ਸਮਾਜਿਕ ਕਾਰਜਾਂ ਵਿਚ ਵਿਚਰਦਿਆਂ ਲੋਕਾਂ ਦੇ ਕੰਮਾਂ ਅਤੇ ਹਾਲਾਤਾਂ ਨੂੰ ਸਮਝਦਿਆਂ ਬਹੁਤ ਨੇੜਿਓਂ ਦੇਖਿਆ। ਇਸੇ ਤਜਰਬੇ ਅਤੇ ਉੱਚੀ ਸੋਚ ਵਿਚ ਪੱਤਰਕਾਰੀ ਦਾ ਜਨਮ ਹੋਇਆ।





ਜਗਜੀਤ ਸਿੰਘ ਥਿੰਦ ਪਹਿਲੀ ਵਾਰ 1991 ਵਿਚ ਆਪਣੀ ਧੀ ਪਰਮਿੰਦਰ ਕੌਰ ਬਦੇਸਾ ਅਤੇ ਜਵਾਈ ਸ. ਮਹਿੰਦਰ ਸਿੰਘ ਬਦੇਸਾ ਦੇ ਸੱਦੇ 'ਤੇ ਅਮਰੀਕਾ ਵਿਚ ਕੈਲੇਫੋਰਨੀਆ ਦੇ ਸ਼ਹਿਰ ਕਰਮਨ ਆਏ ਸਨ। ਉਹ ਪੰਜਾਬ ਵਿਚ ਆਪਣੇ ਕਾਰੋਬਾਰ ਅਤੇ ਸਮਾਜਿਕ ਰੁਝੇਵਿਆਂ ਕਰਕੇ ਇੱਥੇ ਬਹੁਤਾ ਸਮਾਂ ਨਾ ਰਹਿ ਸਕੇ। ਜਲਦ ਵਾਪਸ ਪੰਜਾਬ ਚਲੇ ਗਏ। ਜਿੱਥੇ ਆਪਣੇ ਅਧੂਰੇ ਕੰਮਾਂ ਨੂੰ ਪੂਰਾ ਕੀਤਾ ਅਤੇ ਬਾਅਦ ਵਿਚ ਸਾਰੇ ਪਰਿਵਾਰ ਦੀ ਪੱਕੀ ਪਟੀਸ਼ਨ ਨਿਕਲਣ ਉਪਰੰਤ ਸੰਨ 1997 ਨੂੰ ਪੱਕੇ ਤੌਰ 'ਤੇ ਇੱਥੇ ਆ ਗਏ। ਜਦਕਿ ਉਨ੍ਹਾਂ ਦਾ ਪੁੱਤਰ ਸੁਰਿੰਦਰ ਸਿੰਘ ਥਿੰਦ, ਨੂੰਹ, ਇੱਕ ਪੋਤਰਾ ਅਤੇ ਤਿੰਨ ਪੋਤੀਆਂ 1998 ਵਿਚ ਪੰਜਾਬ ਤੋਂ ਆਏ। ਸ. ਥਿੰਦ ਨੇ ਕਰਮਨ ਨੂੰ ਆਪਣਾ ਰੈਣ ਬਸੇਰਾ ਬਣਾ ਲਿਆ ਅਤੇ ਆਪਣੇ ਅੰਤਿਮ ਸੁਆਸਾਂ ਤੱਕ ਇੱਥੇ ਰਹਿ ਕੇ ਪੱਤਰਕਾਰੀ ਕੀਤੀ ਅਤੇ ਆਪਣੇ ਕੁਝ ਦੋਸਤਾਂ ਨਾਲ ਰਲ ਪੰਜਾਬੀ ਭਾਈਚਾਰੇ ਲਈ ਸਮਾਜ ਸੇਵਾ ਵਿਚ ਸਰਗਰਮ ਰਹਿੰਦੇ।

ਇਨ੍ਹਾਂ ਹੀ ਦਿਨਾਂ ਵਿਚ ਮੈਂ ਵੀ ਪੰਜਾਬ ਤੋਂ ਪੱਕੇ ਤੌਰ 'ਤੇ ਕਰਮਨ ਸ਼ਹਿਰ ਵਿਖੇ ਆ ਵਸਿਆ ਸੀ। ਇਸ ਤੋਂ ਪਹਿਲਾਂ ਮੈਂ ਪੱਤਰਕਾਰੀ ਕਰਦਾ ਰਿਹਾ ਸਾਂ ਅਤੇ ਅਖ਼ਬਾਰਾਂ ਆਦਿ ਲਈ ਆਰਟੀਕਲ ਲਿਖਣ ਤੋਂ ਇਲਾਵਾ ਇਨ੍ਹਾਂ ਦੇ ਨਜ਼ਦੀਕੀ ਪਿੰਡ ਕਮਾਲਪੁਰਾ ਦੇ ਸੀਨੀਅਰ ਸੈਕੰਡਰੀ ਸਕੂਲ ਵਿਚ ਬਤੌਰ ਲੈਕਚਰਾਰ ਰਿਹਾ ਹੋਣ ਕਰਕੇ ਸ. ਜਗਜੀਤ ਸਿੰਘ ਥਿੰਦ ਦੀ ਸਮਾਜ ਸੇਵਾ, ਸਮਾਜਿਕ ਅਤੇ ਰਾਜਨੀਤਕ ਗਤੀਵਿਧੀਆਂ ਨੂੰ ਜਾਣਦਾ ਸਾਂ। ਸਬੱਬ ਦੀ ਗੱਲ ਇਹ ਸੀ ਕਿ ਸ. ਜਗਜੀਤ ਸਿੰਘ ਥਿੰਦ ਕਮਾਲਪੁਰਾ ਵਾਲੇ ਸਕੂਲ ਤੋਂ ਪੜ੍ਹੇ ਹੋਏ ਸਨ ਅਤੇ ਇਸ ਸਕੂਲ ਦੇ ਵਿਕਾਸ ਵਿਚ ਵੀ ਉਨ੍ਹਾਂ ਦਾ ਯੋਗਦਾਨ ਸੀ। ਇਹ ਉਨ੍ਹਾਂ ਦੇ ਇਲਾਕੇ ਦਾ ਸਭ ਤੋਂ ਵੱਡਾ ਸਕੂਲ ਸੀ। ਪਰ ਮੇਰੀ ਜ਼ਿਆਦਾ ਸਾਂਝ ਕੈਲੇਫੋਰਨੀਆ ਦੇ ਸ਼ਹਿਰ ਕਰਮਨ ਆ ਕੇ ਹੀ ਵਧੀ। ਪੱਤਰਕਾਰੀ ਦਾ ਖੇਤਰ ਸਾਡਾ ਦੋਨਾਂ ਦਾ ਸਾਂਝਾ ਖੇਤਰ ਸੀ। ਪਰ ਇਸ ਖੇਤਰ ਵਿਚ ਤਜਰਬੇ ਅਤੇ ਉਮਰ ਦੇ ਅਧਾਰ 'ਤੇ ਸ. ਜਗਜੀਤ ਸਿੰਘ ਥਿੰਦ ਪੱਤਰਕਾਰੀ ਦੇ ਬਾਬਾ ਬੋਹੜ ਸਨ। ਸਾਡੇ ਪੱਤਰਕਾਰੀ ਦੇ ਖੇਤਰ ਦੇ ਸਾਰੇ ਸਾਥੀ ਉਨ੍ਹਾਂ ਨੂੰ ਬਹੁਤ ਸਤਿਕਾਰ ਦਿੰਦੇ ਸਨ। ਇਸੇ ਤਰ੍ਹਾਂ ਕਈ ਵਾਰ ਇਸ ਖੇਤਰ ਨੂੰ ਲੈ ਕੇ ਸਾਡੀ ਨੋਕ-ਝੋਕ ਵੀ ਚਲਦੀ ਰਹਿੰਦੀ ਸੀ, ਪਰ ਅਸੀਂ ਕਦੇ ਵੀ ਉਨ੍ਹਾਂ ਦੇ ਕਹੇ ਤੋਂ ਮੁਨਕਰ ਨਹੀਂ ਹੋਏ। ਉਨ੍ਹਾਂ ਨੇ ਇੱਥੇ ਚੰਗੇ ਨਾਮਵਰ ਅਖ਼ਬਾਰਾਂ ਲਈ ਪੱਤਰਕਾਰੀ ਕੀਤੀ ਅਤੇ ਵੱਖ-ਵੱਖ ਸੰਸਥਾਵਾਂ ਨਾਲ ਵੀ ਬਤੌਰ ਮੈਂਬਰ ਜੁੜੇ ਰਹੇ।

ਸ. ਥਿੰਦ ਦੇ ਘਰ ਮਹਾਨ ਸ਼ਖ਼ਸੀਅਤਾਂ ਦਾ ਆਉਣਾ-ਜਾਣਾ ਲੱਗਿਆ ਰਹਿੰਦਾ ਸੀ। ਇਸੇ ਦੌਰਾਨ ਉਨ੍ਹਾਂ ਦੇ ਹੱਥ ਭਾਰਤ ਦੀ ਅਜ਼ਾਦੀ ਦੇ ਬਹੁਤ ਸਾਰੇ ਦਸਤਾਵੇਜ਼ ਆਏ। ਜਿਸ ਦੀ ਪੂਰੀ ਖੋਜ ਕਰਨ ਉਪਰੰਤ ਉਨ੍ਹਾਂ ਨੇ ਡਾ. ਗੁਰੂਮੇਲ ਸਿੰਘ ਸਿੱਧੂ ਨੂੰ ਤਾਕੀਦ ਕੀਤੀ ਕਿ ਉਹ ਗਦਰ ਦੇ ਇਸ ਦੂਸਰੇ ਪੱਖ ਭਾਵ ਸ਼ਹੀਦੀਅਤ ਅਤੇ ਜਾਇਦਾਦ ਲਈ ਸੰਘਰਸ਼ ਬਾਰੇ ਪੁਸਤਕ ਜ਼ਰੂਰ ਲਿਖਣ। ਇਸੇ ਹੀ ਸੰਦਰਭ ਅਤੇ ਸ. ਜਗਜੀਤ ਸਿੰਘ ਦੇ ਸਹਿਯੋਗ ਸਦਕਾ ਡਾ. ਗੁਰੂਮੇਲ ਸਿੰਘ ਸਿੱਧੂ ਨੇ ਚੇਤਨਾ ਪ੍ਰਕਾਸ਼ਨ ਤੋਂ ਪੁਸਤਕ ਛਪਵਾਈ। ਇਸ ਪੁਸਤਕ ਨੂੰ ਸੰਪੂਰਨ ਕਰਨ ਵਿਚ ਭਾਰਤ ਦੀ ਅਜ਼ਾਦੀ ਨੂੰ ਸਮਰਪਿਤ ਬਹੁਤ ਸਾਰੀਆਂ ਸੰਸਥਾਵਾਂ ਨੇ ਸ਼ਲਾਘਾਯੋਗ ਸਹਿਯੋਗ ਦਿੱਤਾ। ਉਨ੍ਹਾਂ ਦੇ ਵਡਮੁੱਲੇ ਯੋਗਦਾਨ ਸਦਕਾ ਇਹ ਪੁਸਤਕ "ਗਦਰ ਦਾ ਦੂਜਾ ਪੱਖ" ਬਹੁਤ ਸਾਰੇ ਐਡੀਸ਼ਨਾਂ ਅਤੇ ਭਾਸ਼ਾਵਾਂ ਵਿਚ ਮਿਲ ਸਕਦੀ ਹੈ।

ਉਨ੍ਹਾਂ ਨੇ ਇੱਥੇ ਰਹਿੰਦਿਆਂ ਪੰਜਾਬੀ ਭਾਈਚਾਰੇ ਲਈ ਆਪਣੇ ਕੁਝ ਸਾਥੀਆਂ ਨਾਲ ਰਲ ਸਥਾਨਕ ਸਕੂਲਾਂ ਵਿਚ ਪੰਜਾਬੀ ਭਾਸ਼ਾ ਨੂੰ ਪੜ੍ਹਾਉਣ ਦਾ ਬੀੜਾ ਚੁੱਕਿਆ। ਜੋ ਬਹੁਤ ਸਾਰੇ ਕਾਨੂੰਨੀ ਦਾਇਰੇ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਏ ਪਾਸ ਕਰਵਾਇਆ। ਇਸ ਦੀ ਮਿਸਾਲ ਕਿ ਸੈਂਟਰਲ ਵੈਲੀ ਕੈਲੀਫੋਰਨੀਆ ਦਾ ਪਹਿਲਾ ਸਕੂਲ ਕਰਮਨ ਬਣਿਆ ਜਿੱਥੇ ਸਰਕਾਰੀ ਹਾਈ ਸਕੂਲ ਵਿਚ ਪੰਜਾਬੀ ਭਾਸ਼ਾ ਨੂੰ ਮਾਨਤਾ ਮਿਲੀ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬੀ ਅਧਿਆਪਕ ਦੀ ਨਿਯੁਕਤੀ ਕੀਤੀ ਗਈ। ਹੁਣ ਪੰਜਾਬੀ ਭਾਸ਼ਾ ਨੂੰ ਬਤੌਰ ਦੂਸਰੀ ਭਾਸ਼ਾ ਹੋਣ ਦਾ ਮਾਣ ਹਾਸਲ ਹੈ। ਇਸ ਬਾਅਦ ਹੁਣ ਅਮਰੀਕਾ ਦੇ ਵੱਖ-ਵੱਖ ਸਕੂਲਾਂ ਵਿਚ ਪੰਜਾਬੀ ਭਾਸ਼ਾ ਨੂੰ ਪੜ੍ਹਾਇਆ ਜਾਣ ਲੱਗਾ ਹੈ।

ਪੰਜਾਬੀ ਭਾਸ਼ਾ ਆਉਣ ਤੋਂ ਬਾਅਦ ਦੂਜਾ ਵੱਡਾ ਕਾਰਜ ਸੀ ਕਿ ਇੱਥੇ ਉਨ੍ਹਾਂ ਦਿਨਾਂ ਵਿਚ ਸਰਕਾਰੀ ਲਾਇਬ੍ਰੇਰੀ ਵਿਚ ਪੰਜਾਬੀ ਸਾਹਿਤ ਅਤੇ ਹੋਰ ਲਿਟਰੇਚਰ ਦੀ ਬਹੁਤ ਵੱਡੀ ਘਾਟ ਸੀ। ਇਸ ਨੂੰ ਪੂਰਾ ਕਰਨ ਲਈ ਆਪਣੇ ਸਹਿਯੋਗੀਆਂ ਦੀ ਮਦਦ ਨਾਲ ਯਤਨ ਅਰੰਭ ਕੀਤੇ ਅਤੇ ਅੰਤ ਸਫਲਤਾ ਮਿਲੀ, ਜਿਸ ਸਦਕਾ ਹੁਣ ਕਰਮਨ ਸ਼ਹਿਰ ਦੀ ਸਥਾਨਕ ਸਰਕਾਰੀ ਲਾਇਬ੍ਰੇਰੀ ਵਿਚ ਬਾਕੀ ਪੁਸਤਕਾਂ ਤੋਂ ਇਲਾਵਾ ਪੰਜਾਬੀ ਭਾਸ਼ਾ ਦਾ ਆਪਣਾ ਵਿਭਾਗ ਹੈ, ਜਿੱਥੇ ਬਹੁਤ ਸਾਰੀਆਂ ਸਾਹਿਤਕ, ਸੱਭਿਆਚਾਰਕ, ਧਾਰਮਿਕ ਪੁਸਤਕਾਂ, ਰਸਾਲੇ, ਅਖ਼ਬਾਰਾਂ, ਵੀਡੀਓ, ਸੀ.ਡੀ. ਅਤੇ ਹੋਰ ਸਮੱਗਰੀ ਉਪਲੱਬਧ ਹੈ।

ਇਸ ਤੋਂ ਇਲਾਵਾ ਆਪਣੀਆਂ ਸੇਵਾਵਾਂ ਨੂੰ ਬਰਕਰਾਰ ਰੱਖਦੇ ਹੋਏ ਜਿੱਥੇ ਸ. ਥਿੰਦ ਸਾਹਿਤਕ ਸੰਸਥਾਵਾਂ ਨੂੰ ਉਤਸ਼ਾਹਿਤ ਕਰਦੇ ਰਹੇ, ਉੱਥੇ ਭਾਰਤ ਦੀ ਗਦਰ ਲਹਿਰ ਨੂੰ ਸਮਰਪਿਤ ਸੰਸਥਾ "ਇੰਡੋ-ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ, ਕੈਲੀਫੋਰਨੀਆ" ਵਿਚ ਵੀ ਸਰਗਰਮ ਮੈਂਬਰ ਅਤੇ ਮੀਡੀਆ ਕਰਮੀ ਵਜੋਂ ਅਣਥੱਕ ਸੇਵਾਵਾਂ ਨਿਭਾਉਂਦੇ ਰਹੇ। ਕਰਮਨ ਵਿਚ ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਦੇ ਬਾਵਜੂਦ ਇੱਥੇ ਗੁਰਦੁਆਰਾ ਸਾਹਿਬ ਦੀ ਘਾਟ ਸੀ। ਸੋ ਸਥਾਨਕ ਭਾਈਚਾਰੇ ਨਾਲ ਰਲ ਕੇ ਉਹ ਇਸ ਨੇਕ ਕੰਮ ਵਿਚ ਵੀ ਸਰਗਰਮ ਰਹੇ। ਪੰਜਾਬ ਵਿਚ ਸਮਾਜਿਕ, ਭਾਈਚਾਰਕ ਅਤੇ ਰਾਜਨੀਤਕ ਸਾਂਝ ਬਣਾਉਣ ਉਪਰੰਤ ਕੈਲੇਫੋਰਨੀਆ ਦੇ ਸ਼ਹਿਰ ਕਰਮਨ ਵਿਚ ਰਹਿੰਦਿਆਂ ਪੱਤਰਕਾਰੀ ਦਾ ਬਾਬਾ ਬੋਹੜ ਸ. ਜਗਜੀਤ ਸਿੰਘ ਥਿੰਦ 2 ਅਕਤੂਬਰ 2021 ਨੂੰ ਆਪਣੇ ਪਰਿਵਾਰ ਦੀ ਹਰੀ-ਭਰੀ ਫੁਲਵਾੜੀ ਨੂੰ ਅਲਵਿਦਾ ਕਹਿ ਹਮੇਸ਼ਾ ਲਈ ਗੁਰੂ ਚਰਨਾਂ ਵਿਚ ਜਾ ਬਿਰਾਜਿਆ। ਪਰ ਉਨ੍ਹਾਂ ਨੂੰ ਸੁਭਾਅ ਅਤੇ ਪੱਤਰਕਾਰੀ ਦੇ ਸਫਰ ਕਰਕੇ ਪੰਜਾਬੀ ਭਾਈਚਾਰੇ ਵਿਚ ਹਮੇਸ਼ਾ ਯਾਦ ਕੀਤਾ ਜਾਵੇਗਾ।

## 'ਰੰਗ-ਪ੍ਰਸੰਗ-ਸੁਰਜੀਤ ਪਾਤਰ ਦੇ' ਵਿਚੋਂ ਕੁਝ ਰੰਗ

*(ਸਫਾ 17 ਦਾ ਬਾਕੀ)*

ਮਹਿਦੀ ਹਸਨ ਨੂੰ ਕਿਸੇ ਮਹਿਫ਼ਿਲ ਵਿਚ ਲੈ ਗਿਆ। ਅੱਗੇ ਜਾਂਦਿਆਂ ਨੂੰ ਗੁਲਾਮ ਅਲੀ ਗਾ ਰਿਹਾ ਸੀ। ਗੁਲਾਮ ਅਲੀ ਦਾ ਰੋਜ਼ ਬਹੁਤ ਐ, ਉਪਰ ਵੀ ਥੱਲੇ ਵੀ। ਬਾਅਦ ਵਿਚ ਜਦੋਂ ਮਹਿਦੀ ਹਸਨ ਨੂੰ ਕੁਝ ਸੁਣਾਉਣ ਲਈ ਕਿਹਾ ਤਾਂ ਉਹ ਕਹਿੰਦਾ, 'ਮੈਂ ਹੁਣ ਕੀ ਸੁਣਾਵਾਂ! ਸਾਰਾ ਹਾਰਮੋਨੀਅਮ ਤਾਂ ਗੁਲਾਮ ਅਲੀ ਨੇ ਮੁਕਾ ਦਿੱਤਾ।'

ਪਾਤਰ ਨੇ ਅੱਗੇ ਕਿਹਾ:

ਵਰਿਆਮ 'ਤੋਂ ਬਾਅਦ ਮੇਰੇ ਲਈ ਬੋਲਣਾ ਹਮੇਸ਼ਾ ਮੁਸ਼ਕਿਲ ਹੁੰਦਾ। ਬੋਲਣ 'ਤੋਂ ਪਹਿਲਾਂ ਹੀ ਮੈਂ ਵਰਿਆਮ ਬਾਰੇ ਸੋਚ ਰਿਹਾ ਸੀ ਕਿ ਵਰਿਆਮ ਨੇ ਜਿਵੇਂ ਸਾਡੇ ਸਮਿਆਂ ਦੇ ਪੰਜਾਬ ਨੂੰ, ਉਹਦੀ ਰੂਹ ਨੂੰ ਚਿਤਰਿਆ, ਉਹ ਸਾਡੇ ਕਿਸੇ ਕਵੀ, ਨਾਵਲਕਾਰ ਜਾਂ ਕਹਾਣੀਕਾਰ ਨੇ ਨਹੀਂ ਚਿਤਰਿਆ। ਖ਼ਾਸ ਕਰ ਪੰਜਾਬ ਸੰਕਟ ਦੇ ਦੌਰ ਬਾਰੇ ਜਿੰਨੀ ਨੀਝ ਨਾਲ, ਜਿੰਨੀ ਨਿਰਭੈਤਾ ਨਾਲ ਜਿੰਨੇ ਸੰਮਤੋਲ ਨਾਲ, ਜਿੰਨੀ ਜੁਰਅਤ ਨਾਲ ਲਿਖਿਆ, ਕਿਸੇ ਹੋਰ ਨੇ ਨਹੀਂ ਲਿਖਿਆ। ਮੈਂ ਕਿਹਾ ਸੀ ਕਿ ਤੇਰੀਆਂ ਕਹਾਣੀਆਂ 'ਤੋਂ ਅਸੀਂ ਸਾਰੀਆਂ ਕਵਿਤਾਵਾਂ ਕੁਰਬਾਨ ਕਰਦੇ ਆਂ। ਵਰਿਆਮ ਦਾ ਇਸ ਪੱਖੋਂ ਬਹੁਤ ਵੱਡਾ ਯੋਗਦਾਨ ਹੈ। ਗੁਰੂ ਨਾਨਕ ਪਾਤਸ਼ਾਹ ਬਾਰੇ ਕੰਮ, ਗਦਰ ਲਹਿਰ ਬਾਰੇ ਕੰਮ, ਇਹ ਜੋ ਪੰਜਾਬ ਦਾ ਸਰੋਕਾਰ ਹੈ, ਇਹ ਪੰਜਾਬ ਦਾ ਗਹਿਰਾ ਸਰੋਕਾਰ ਹੈ।'

ਗਾਲਿਬ ਨੇ ਕਿਹਾ ਸੀ, 'ਦਿਲੇ ਨਾਦਾਂ ਤੁਝੇ ਹੁਆ ਕਿਆ ਹੈ, ਆਖ਼ਰ ਇਸ ਦਰਦ ਕੀ ਦਵਾ ਕਿਆ ਹੈ!' ਇਹ ਆਪਣੇ ਆਪਣੇ ਤਰੀਕਿਆਂ ਨਾਲ ਪੰਜਾਬ ਦੇ ਦਰਦ ਦੀ ਦਵਾ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੈ।

ਸਾਡੇ ਕੋਲ ਸੁਖਵਿੰਦਰ ਅੰਮ੍ਰਿਤ ਬੈਠੀ ਹੈ। ਜਦੋਂ ਵਰਿਆਮ ਕਹਿ ਰਿਹਾ ਸੀ ਕਿ ਮੈਨੂੰ ਮੇਰੀਆਂ ਕਹਾਣੀਆਂ ਦੇ ਹਾਣ ਦਾ ਆਲੋਚਕ ਨਹੀਂ ਮਿਲਿਆ ਤਾਂ ਮੈਨੂੰ ਸੁਖਵਿੰਦਰ ਦਾ ਸ਼ਿਅਰ ਚੇਤੇ ਆ ਰਿਹਾ ਸੀ ਕਿ ਸਾਰੇ ਸੋਹਣਿਆਂ ਨੂੰ ਇਹ ਦੁੱਖ ਰਹਿੰਦਾ।

ਸੁਖਵਿੰਦਰ ਅੰਮ੍ਰਿਤ ਦਾ ਇੱਕ ਸ਼ਿਅਰ ਹੈ, 'ਕੋਈ ਪਾਣੀ ਮੇਰੀ ਤੇਹ ਦਾ ਹਾਣੀ ਨਾ ਸੀ, ਨੀ! ਮੈਂ ਪੱਤਣਾਂ 'ਤੇ ਫਿਰਦੀ ਫ਼ਨਾਹ ਹੋ ਗਈ।

ਨਾ ਵਰਿਆਮ ਨੇ ਫ਼ਨਾਹ ਹੋਣਾ ਤੇ ਨਾ ਸੁਖਵਿੰਦਰ ਹੀ ਫ਼ਨਾਹ ਹੋਈ ਹੈ।

ਉਂਜ ਮੈਂ ਸਮਝਦਾਂ ਕਿ ਸਾਰੇ ਸੋਹਣਿਆਂ ਨੂੰ ਏਨਾ ਕੁ ਗਰੂਰ ਤਾਂ ਹੋਣਾ ਚਾਹੀਦੈ।

ਮੀਰ ਤਕੀ ਮੀਰ ਸ਼ਾਇਰ ਹੋਇਆ, - 'ਸਾਰੇ ਆਲਮ ਪੇ ਮੈਂ ਹੂੰ ਛਾਯਾ ਹੂਆ, ਮੁਸਤਨਿਦ ਹੈ ਮੇਰਾ ਫ਼ਰਮਾਯਾ ਹੂਆ।' ਦੂਜੀ ਥਾਂ ਮੀਰ ਤਕੀ ਮੀਰ ਸਾਹਬ ਕਹਿੰਦੇ ਹਨ, 'ਮੁਝਕੋ ਸ਼ਾਇਰ ਨ ਕਹੋ ਮੀਰ ਕਿ ਸਾਹਿਬ ਮੈਨੇ ਦਰਦੋ ਗ਼ਮ ਕਿਤਨੇ ਕੀਏ ਜਮ੍ਹਾਂ, ਸੋਜ਼-ਏ-ਦੀਵਾਨ ਕੀਆ।'

ਮੈਂ ਕਾਹਦਾ ਸ਼ਾਇਰ ਹਾਂ। ਜੋ ਮੈਂ ਕਹਿ ਦਿੱਤਾ। ਸ਼ਾਇਰ ਤੇ ਕਹਾਣੀਕਾਰ ਜੇ ਝੂਲਾ ਝੂਲਦੇ ਨੇ ਪਰ ਜਦੋਂ ਉਨ੍ਹਾਂ ਨੂੰ ਠੀਕ ਪ੍ਰਤੀਕਰਮ ਨਹੀਂ ਮਿਲਦਾ ਤਾਂ ਉਹ ਸੋਚਦੇ ਨੇ ਕਿ ਮੈਂ ਕੀ ਕਿਹਾ ਤੇ ਕੀ ਨਹੀਂ ਕਿਹਾ!

ਲੇਖਕ ਵੀ ਕਦੀ ਤਾਰਿਆਂ ਵਾਂਗ ਅਸਮਾਨ 'ਤੇ ਹੁੰਦਾ ਤੇ ਕਦੀ ਰੇਤ ਵਾਂਗ ਜ਼ਮੀਨ 'ਤੇ ਵਿਛਿਆ ਹੋਇਆ ਹੁੰਦਾ।

—

- ਇੱਕ ਵਾਰ ਲੁਧਿਆਣੇ ਪੰਜਾਬੀ ਭਵਨ 'ਚ ਕਵੀ ਦਰਬਾਰ ਹੋ ਰਿਹਾ ਸੀ। ਪ੍ਰੋਫੈਸਰ ਮਹਿੰਦਰ ਸਿੰਘ ਚੀਮਾ ਬਹੁਤ ਫ਼ਿਕਰੇਬਾਜ਼ ਸੀ। ਕੋਈ ਦੋ ਦਰਜਨ ਕਵੀ ਵਾਰੀ-ਵਾਰੀ ਕਵਿਤਾ ਸੁਣਾ ਰਹੇ ਸੀ। ਚੀਮਾ ਕਹਿੰਦਾ, ਇਸ ਇਕੱਠ 'ਚ ਕਵੀ ਤਾਂ ਇੱਕੋ ਹੀ ਹੈ।

ਸਮਸ਼ੇਰ ਸੰਧੂ ਪੁੱਛਦਾ ਹੈ: ਇੱਕੋ-ਇੱਕ ਕੌਣ?
ਚੀਮਾ ਕਹਿੰਦਾ: ਸੁਰਜੀਤ ਪਾਤਰ
ਫਿਰ ਬਾਕੀ ਕੌਣ ਹਨ?
ਚੀਮਾ ਕਹਿੰਦਾ: ਬਾਕੀ ਸਭ ਤਰਸ ਦੇ ਪਾਤਰ।

—

ਸਭ ਤੋਂ ਪਹਿਲਾਂ 'ਅੰਮ੍ਰਿਤ' ਤਾਂ ਮਰਦਾਨੇ ਨੇ ਛਕਿਆ ਸੀ!

25-26 ਅਗਸਤ 2012 ਨੂੰ ਵਿਸ਼ਵ ਸਾਹਿਤ ਅਕਾਦਮੀ ਕੈਲੇਫ਼ੋਰਨੀਆਂ (ਅਮਰੀਕਾ) ਵੱਲੋਂ ਕਰਵਾਈ ਕਾਨਫ਼ਰੰਸ ਮੌਕੇ ਮੈਂ ਸਿੱਖੀ ਵਿਚ ਆ ਗਏ ਕਰਮਕਾਂਡੀ ਰੁਝਾਨ ਬਾਰੇ ਬੋਲਦਿਆਂ ਕਿਹਾ ਕਿ ਸਾਡੀ ਸਿੱਖੀ ਤਾਂ ਇਸ ਹੱਦ ਤੱਕ ਵਿਗੂਪਤ ਹੋ ਗਈ ਹੈ ਕਿ ਜੇ ਅੱਜ ਬਾਬਾ ਨਾਨਕ ਅਤੇ ਭਾਈ ਮਰਦਾਨਾ ਅੰਬਰਸਰ ਦੇ ਦਰਬਾਰ ਸਾਹਿਬ ਵਿਚ ਜਾ ਕੇ ਕੀਰਤਨ ਕਰਨ ਦੀ ਇੱਛਾ ਦਾ ਪ੍ਰਗਟਾਵਾ ਕਰਨ ਤਾਂ ਸ਼ਾਇਦ ਦਰਸ਼ਨੀ ਡਿਉੜੀ ਅੱਗੇ ਖਲੋਤਾ ਚੋਬਦਾਰ ਉਨ੍ਹਾਂ ਨੂੰ ਇਹ ਕਹਿ ਕੇ ਵਾਪਸ ਕਰ ਦੇਵੇ ਕਿ ਤੁਸੀਂ ਤਾਂ ਅੰਮ੍ਰਿਤ ਹੀ ਨਹੀਂ ਛਕਿਆ ਹੋਇਆ, ਇਸ ਲਈ ਤੁਹਾਨੂੰ ਏਥੇ ਕੀਰਤਨ ਕਰਨ ਦੀ ਆਗਿਆ ਨਹੀਂ ਮਿਲ ਸਕਣੀ!

ਮੇਰੇ ਬਾਅਦ ਬੋਲਦਿਆਂ ਸੁਰਜੀਤ ਪਾਤਰ ਨੇ ਇਸ ਪ੍ਰਸੰਗ ਵਿਚ ਇਹ ਸ਼ਬਦ ਆਖੇ:

ਜਦੋਂ ਵਰਿਆਮ ਕਹਿ ਰਿਹਾ ਸੀ ਕਿ ਜੇ ਅੱਜ ਗੁਰੂ ਨਾਨਕ ਤੇ ਮਰਦਾਨਾ ਦਰਬਾਰ ਸਾਹਿਬ ਕੀਰਤਨ ਕਰਨ ਜਾਣਾ ਚਾਹੁਣ ਤਾਂ ਅੰਮ੍ਰਿਤ ਨਾ ਛਕਣ ਕਰ ਕੇ ਉਨ੍ਹਾਂ ਨੂੰ ਦਰਬਾਰ ਸਾਹਿਬ ਵਿਚ ਜਾਣੋ ਵਰਜ ਦਿੱਤਾ ਜਾਊ, ਤਾਂ ਮੈਨੂੰ ਖ਼ਿਆਲ ਆਉਂਦਾ ਹੈ ਕਿ ਮਰਦਾਨੇ ਨੇ ਕਹਿਣਾ, 'ਮੇਰੇ ਤੋਂ ਵੱਧ ਅੰਮ੍ਰਿਤ ਕਿਸਨੇ ਪੀਤਾ ਹੈ! ਉਸ ਅੰਮ੍ਰਿਤ ਦੇ ਸਰ-ਚਸ਼ਮੇ ਵਿਚੋਂ ਪਹਿਲੀਆਂ ਬੂੰਦਾਂ ਤਾਂ ਮੈਂ ਹੀ ਪੀਤੀਆਂ ਨੇ!'

ਬਾਣੀ ਵਿਚ ਸ਼ਬਦ 'ਅੰਮ੍ਰਿਤ' ਪਤਾ ਨਹੀਂ ਕਿੰਨੀ ਵਾਰ ਆਇਆ ਹੈ, ਜੋ ਮਰਦਾਨੇ ਨੇ ਕਿੰਨੀ ਵਾਰ ਗਾਇਆ ਹੈ, ਕਿੰਨੀ ਵਾਰ ਪੀਤਾ ਹੈ। ਗੁਰੂ ਦਾ ਪਹਿਲਾ ਅੰਮ੍ਰਿਤਧਾਰੀ ਸਿੱਖ ਤਾਂ ਮਰਦਾਨਾ ਹੀ ਸੀ। ਇਹ ਪੰਜਾਬ ਗਾਉਂਦੇ ਪੈਗੰਬਰ ਦੀ ਧਰਤੀ ਹੈ। ਪੈਗੰਬਰ ਤਾਂ ਹੋਰ ਵੀ ਬਥੇਰੇ ਹੋਏ ਨੇ, ਪਰ ਗੁਰੂ ਨਾਨਕ ਦੇ ਨਾਲ ਨਾਲ ਸੰਗੀਤ ਵੀ ਸੀ, ਮਰਦਾਨਾ ਵੀ ਸੀ।

ਮੇਰਾ ਸ਼ਿਅਰ ਹੈ:
ਘਾਇਲ ਤਾਂ ਕਰਦਾ ਹਾਂ ਮੈਂ ਦਿਲ, ਕੇਵਲ ਰਬਾਬ ਨਾਲ
ਜੋ ਤੇਗ ਹੈ, ਇਹ ਰਬਾਬ ਦੀ ਰਾਖੀ ਲਈ ਹੈ।

-0-

'ਮੰਮਾ! ਆਪਾਂ ਪੰਜਾਬ ਕਦੋਂ ਜਾਵਾਂਗੇ।'

ਪੰਜਾਬੀ ਬੋਲੀ ਬਾਰੇ ਸਾਡੇ ਦੋਗਲੇਪਨ ਦੀ ਗੱਲ ਕਰਦਿਆਂ ਸੁਰਜੀਤ ਪਾਤਰ ਨੇ ਬੜੀ ਦਿਲਚਸਪ ਵਾਰਤਾ ਸਾਂਝੀ ਕੀਤੀ:

ਆਸਟ੍ਰੇਲੀਆ ਵਿਚ ਜਦੋਂ ਕਿਸੇ ਸਮਾਗਮ ਵਿਚ ਪੰਜਾਬੀ ਬੋਲੀ ਦੀ ਗੱਲ ਚੱਲ ਰਹੀ ਸੀ ਤਾਂ ਕਿਸੇ ਮਨਜੀਤ ਨਾਂ ਦੇ ਕਵੀ ਨੇ ਕਿਹਾ, 'ਪੰਜਾਬੀ ਹੁਣ ਪੰਜਾਂ ਦਰਿਆਵਾਂ ਦੀ ਬੋਲੀ ਨਹੀਂ ਰਹਿ ਗਈ, ਇਹ ਸੱਤਾਂ ਸਮੁੰਦਰਾਂ ਦੀ ਬੋਲੀ ਹੋ ਗਈ ਹੈ।

ਓਥੇ ਹੀ ਇੱਕ ਹੋਰ ਬੀਬੀ ਨੇ ਕਿਹਾ, 'ਮੈਂ ਆਪਣੀ ਬੇਟੀ ਨੂੰ ਪੰਜਾਬੀ ਬੋਲਣਾ ਸਿਖਾਉਂਦੀ ਰਹੀ ਹਾਂ। ਇੱਕ ਦਿਨ ਉਹ ਮੈਨੂੰ ਕਹਿੰਦੀ, 'ਮੰਮੀ! ਮੈਂ ਪੰਜਾਬੀ ਬੋਲ ਲੈਂਦੀ ਹਾਂ, ਪਰ ਬੋਲਦੀ ਤਾਂ ਸਿਰਫ਼ ਤੁਹਾਡੇ ਨਾਲ ਹੀ ਹਾਂ। ਹੋਰ ਕਿਸੇ ਨਾਲ ਵੀ ਨਹੀਂ ਬੋਲ ਸਕਦੀ।'

'ਮੈਂ ਉਹਨੂੰ ਕਿਹਾ, 'ਕੋਈ ਨਹੀਂ, ਬੇਟਾ! ਜਦ ਆਪਾਂ ਪੰਜਾਬ ਜਾਵਾਂਗੇ ਤਾਂ ਤੂੰ ਸਭ ਨਾਲ ਪੰਜਾਬੀ ਬੋਲ ਸਕੇਂਗੀ।'

ਅਸੀਂ ਪੰਜਾਬ ਆਪਣੇ ਸ਼ਹਿਰ ਲੁਧਿਆਣੇ ਗਏ। ਉਹ ਚਾਰ ਪੰਜ ਦਿਨ ਗਲੀ ਵਿਚ ਬੱਚਿਆਂ ਨਾਲ ਖੇਡਦੀ ਰਹੀ।

ਉਹ ਤਾਂ ਪੰਜਾਬੀ ਬੋਲੇ, ਪਰ ਦੂਜੇ ਬੱਚੇ ਹਿੰਦੀ ਬੋਲਣ।

ਇਕ ਦਿਨ ਮੈਨੂੰ ਕਹਿੰਦੀ, 'ਮੰਮਾ! ਆਪਾਂ ਪੰਜਾਬ ਕਦੋਂ ਜਾਵਾਂਗੇ।'

—

ਲਰਜ਼ਦੇ ਨੀਰਾਂ ਦੀ ਗਾਥਾ

ਬਠਿੰਡੇ ਦੇ ਕਿਸੇ ਕਾਲਜ ਵਿਚ ਸੁਰਜੀਤ ਪਾਤਰ ਦਾ ਰੂਬਰੂ ਸੀ। ਵੱਡੇ ਹਾਲ ਵਿਚ ਵਿਦਿਆਰਥੀਆਂ ਦਾ ਵੱਡਾ ਇਕੱਠ। ਪਾਤਰ ਨੇ ਆਪਣੇ ਜੀਵਨ ਸੰਘਰਸ਼, ਸਾਹਿਤ ਅਤੇ ਕਵਿਤਾ ਬਾਰੇ ਗੱਲਾਂ ਕੀਤੀਆਂ।

ਆਪਣੀਆਂ ਚੁਣਿੰਦਾ ਕਵਿਤਾਵਾਂ ਵੀ ਵਿਦਿਆਰਥੀਆਂ ਨਾਲ ਸਾਂਝੀਆਂ ਕੀਤੀਆਂ।ਪਾਸ਼ ਦੇ ਕਤਲ 'ਤੋਂ ਬਾਅਦ ਲਿਖੀ ਕਵਿਤਾ ਵੀ ਸਾਂਝੀ ਕੀਤੀ:-

ਇੱਕ ਲਰਜ਼ਦਾ ਨੀਰ ਸੀ, ਉਹ ਮਰ ਕੇ ਪੱਥਰ ਹੋ ਗਿਆ।
ਦੂਸਰਾ ਇਸ ਹਾਦਸੇ ਤੋਂ, ਡਰ ਕੇ ਪੱਥਰ ਹੋ ਗਿਆ।
ਤੀਸਰਾ ਇਸ ਹਾਦਸੇ ਨੂੰ ਕਰਨ ਲੱਗਾ ਸੀ ਬਿਆਨ
ਉਹ ਕਿਸੇ ਪੱਥਰ ਦੇ ਘੂਰਨ ਕਰਕੇ, ਪੱਥਰ ਹੋ ਗਿਆ।
ਇੱਕ ਸ਼ਾਇਰ ਬਚ ਰਿਹਾ, ਸੰਵੇਦਨਾ ਸੰਗ ਲਰਜ਼ਦਾ
'ਏਨੇ ਪੱਥਰ'! ਉਹ ਤਾਂ ਗਿਣਤੀ ਕਰਕੇ, ਪੱਥਰ ਹੋ ਗਿਆ।

ਸਮਾਗਮ ਖ਼ਤਮ ਹੋਇਆ ਤਾਂ ਪੰਜ ਵਿਦਿਆਰਥੀ ਇਕੱਠੇ ਹੋ ਕੇ ਪਾਤਰ ਕੋਲ ਆਏ ਤੇ ਕਹਿੰਦੇ, 'ਸਰ! ਅਸੀਂ ਤੁਹਾਡੇ 'ਲਰਜ਼ਦੇ ਨੀਰ' ਹਾਂ!'

ਇੱਕ ਵਾਰ ਕਨੇਡਾ ਕਿਸੇ ਸ਼ਾਦੀ 'ਤੇ ਮੈਂ ਆਪਣੇ ਦੋ ਦੋਸਤਾਂ ਨਾਲ ਇਕ ਟੇਬਲ 'ਤੇ ਬੈਠਾ ਸਾਂ। ਕੁਝ ਹੋਰ ਵੀ ਬੈਠੇ ਸਨ। ਬਲਿਊ ਸਟਾਰ ਆਪ੍ਰੇਸ਼ਨ 'ਤੋਂ ਕੁਝ ਬਾਅਦ ਦੇ ਦਿਨ ਸਨ। ਮੇਰੇ ਦੋਸਤ ਸ਼ਾਇਦ ਡਰਿੰਕਸ ਵਗੈਰਾ ਲੈਣ ਗਏ। ਮੈਨੂੰ ਮੇਜ਼ 'ਤੇ ਬੈਠਾ ਇੱਕ ਸੱਜਣ ਪੁੱਛਣ ਲੱਗਾ, 'ਸਰਦਾਰ ਸਾਹਿਬ! ਤੁਹਾਡਾ ਲਾਸਟ ਨੇਮ ਕੀ ਹੈ?' ਮੈਂ ਕਿਹਾ: ਪਾਤਰ। ਉਹ ਕਹਿਣ ਲੱਗਾ -ਕਦੀ ਸੁਣਿਆ ਨਹੀਂ। ਲਾਸਟ ਨੇਮ ਤਾਂ ਹੁੰਦੇ ਨੇ ਜਿਵੇਂ- ਬਰਾੜ, ਗਿੱਲ, ਸੰਧੂ, ਬੇਦੀ। ਮੈਂ ਕਿਹਾ -ਜੀ ਮੈਂ ਤੁਹਾਡਾ ਸੁਆਲ ਸਮਝ ਗਿਆਂ। ਮੈਂ ਤਰਖਾਣਾਂ ਦਾ ਪੁੱਤਰ ਆਂ। 'ਅੱਛਾ! ਫਿਰ ਤਾਂ ਤੁਸੀਂ ਗਿਆਨੀ ਜ਼ੈਲ ਸਿੰਘ ਕਿਆਂ 'ਚੋਂ ਹੋਏ! ਮੈਂ ਕਿਹਾ, -ਨਹੀਂ ਜੀ, ਮੈਂ ਭਾਈ ਲਾਲੋ ਕਿਆਂ 'ਚੋਂ ਆਂ।

—

'ਯੂਨੀਵਰਸਿਟੀ ਤੋਂ ਜਲਾਵਤਨ ਹੋ ਕੇ ਕੁੱਝ ਚਿਰ ਮੈਂ ਤੇ ਡਾ. ਨੂਰ ਪਟਿਆਲੇ ਇੱਕ ਘਰ ਵਿਚ ਕਮਰਾ ਲੈ ਕੇ ਰਹੇ। ਉਸ ਘਰ ਵਿਚ ਕਈ ਜੀਅ ਸਨ। ਇੱਕ ਚਾਲੀ ਕੁ ਸਾਲ ਦੀ ਸੁਆਣੀ ਵੀ ਸੀ, ਉਹ ਜਮਾਂਦਰੂ ਹੀ ਕੁੱਬੀ ਸੀ, ਉਹ ਉਸ ਘਰ ਦੀ ਧੀ ਸੀ, ਉਸ ਦਾ ਵਿਆਹ ਨਹੀਂ ਹੋਇਆ ਸੀ, ਉਸ ਦਾ ਨਾਮ ਤੇਜੋ ਸੀ। ਉਹ ਕਈ ਵਾਰ ਆ ਕੇ ਸਾਡੇ ਨਾਲ ਗੱਲਾਂ ਕਰਨ ਲੱਗ ਪੈਂਦੀ।

ਇਕ ਦਿਨ ਮੈਂ ਉਹਨੂੰ ਸਰਸਰੀ ਪੁੱਛਿਆ: ਤੇਜੋ ਤੇਰੀ ਉਮਰ ਕਿੰਨੀ ਐਂ? ਉਹ ਕੁੱਝ ਚਿਰ ਚੁੱਪ ਰਹੀ, ਫਿਰ ਕਹਿਣ ਲੱਗੀ: ਕਾਕਾ ਗੱਲ ਉਹ ਕਰੀਦੀ ਐ, ਜਿਹਦੇ ਨਾਲ ਦਿਲ ਨੂੰ ਠੰਢ ਪਵੇ।

ਪਾਤਰ ਨੇ ਵਾਰਤਾ ਸੁਣਾਈ ਤਾਂ ਪੰਡਾਲ ਵਿਚ ਹਾਸਾ ਛਣਕਿਆ, ਪਰ ਅਗਲੇ ਹੀ ਪਲ ਪਾਤਰ ਦੇ ਸ਼ਬਦਾਂ ਨੇ ਸਭ ਨੂੰ ਉਦਾਸ ਵੀ ਕਰ ਦਿੱਤਾ; 'ਮੈਨੂੰ ਉਸ ਦੇ ਜਵਾਬ 'ਤੋਂ ਅਹਿਸਾਸ ਹੋਇਆ ਕਿ ਮੇਰੇ ਸਵਾਲ ਨਾਲ ਉਹਦੇ ਉਦਾਸ ਦਿਲ ਨੂੰ ਕਿੰਨਾ ਦੁੱਖ ਪਹੁੰਚਿਆ ਹੋਵੇਗਾ। ਤੁਹਾਡਾ ਮਾਸੂਮ ਜਿਹਾ ਸਵਾਲ ਵੀ ਕਿਸੇ ਲਈ ਕਿੰਨਾ ਨਿਰਦਈ ਹੋ ਸਕਦਾ ਹੈ, ਤੁਹਾਨੂੰ ਨਹੀਂ ਪਤਾ ਹੁੰਦਾ। ਤੇਜੋ ਦਾ ਉਹ ਵਾਕ ਉਨ੍ਹਾਂ ਗਹਿਰੇ ਅਖਾਣਾਂ, ਸ਼ੇਅਰਾਂ ਸੰਵਾਦਾਂ ਵਿਚ ਸ਼ਾਮਲ ਹੋ ਗਿਆ ਜਿਹੜੇ ਮੈਨੂੰ ਸਦਾ ਯਾਦ ਰਹਿੰਦੇ ਹਨ।

# ਕੁਝ ਲੋਕ ਅਜਿਹੇ ਵੀ...

'ਲੈ! ਫਿਰ ਅੱਜ ਫਿਰ ਸਵੇਰੇ ਈ ਆ ਗਿਆ! ਏਹਨੂੰ ਕੋਈ ਹੋਰ ਕੰਮ ਨੀ। ਏਸ ਤੋਂ ਤਾਂ ਨਾਈਟ ਸਿਫ਼ਟ ਚੰਗੀ ਆ। ਕੋਈ ਸਿਰ 'ਤੇ ਤਾਂ ਨੀ ਖੜ੍ਹਾ ਰਹਿੰਦਾ...ਖੜ੍ਹਾ ਰਹੇ...ਮੈਂ ਤਾਂ ਆਪਣਾ ਕੰਮ ਕਰੀ ਜਾਣਾ!' ਮੈਂ ਮਨ ਹੀ ਮਨ ਕਿਹਾ।

ਜਨਵਰੀ 1997 ਦੀ ਗੱਲ ਹੈ। ਮੈਂ ਪੀਟਰਗਰੀ ਸ਼ਹਿਰ ਦੇ ਆਵਾਜਾਈ ਯੋਜਨਾ ਬੰਦੀ ਵਿਭਾਗ 'ਚੋਂ ਬਦਲ ਸ਼ਹਿਰ ਦੇ ਪੁਲੀਸ ਦੇ ਪ੍ਰਬੰਧਕੀ ਮਹਿਕਮੇ 'ਚ ਆਈ ਸੀ। ਮੇਰੇ ਤੋਂ ਕੁਝ ਦਿਨ ਪਹਿਲਾਂ ਇੰਸਪੈਕਟਰ ਪੀਟਰ ਜੌਹਨਸਟਨ ਹੋਮੋਸਾਈਡ ਯੂਨਿਟ 'ਚੋਂ ਬਦਲ ਕੇ ਪੁਲੀਸ ਪ੍ਰਬੰਧ 'ਚ ਆਇਆ ਸੀ। ਦਿਨ ਦੀ ਪੂਰੀ ਸਿਫ਼ਟ ਦਾ ਉਹ ਇੰਚਾਰਜ ਸੀ। ਅਸਲ 'ਚ ਉਹ ਡਿਊਟੀ ਇੰਸਪੈਕਟਰ ਸੀ। ਦਿਨ ਵੇਲੇ ਦੀਆਂ ਸਭ ਘਟਨਾਵਾਂ ਬਾਰੇ ਮੀਡੀਆ ਨੂੰ ਜਵਾਬਦੇਹ ਸੀ।

ਉਸ ਦੀ ਡਿਊਟੀ ਸਵੇਰੇ ਸੱਤ ਵਜੇ ਤੋਂ ਸ਼ਾਮ ਦੇ ਚਾਰ ਵਜੇ ਤਕ ਹੁੰਦੀ। ਕੋਈ ਵੀ ਉਸਦਾ ਪੂਰਾ ਨਾਮ ਨਹੀਂ ਸੀ ਲੈਂਦਾ, ਸਾਰੇ ਉਸ ਨੂੰ ਪੀਟਰ ਹੀ ਆਖਦੇ।



ਉਸਨੂੰ 'ਸਰ' ਜਾਂ ਮਿਸਟਰ ਜੌਹਨਸਟਨ ਅਖ਼ਵਾਉਣਾ ਚੰਗਾ ਨਹੀਂ ਸੀ ਲਗਦਾ। ਇਕ ਦਿਨ ਉਸਦੇ ਦਫ਼ਤਰ 'ਚ ਗੱਲ ਬਾਤ ਕਰਦਿਆਂ ਮੇਰੇ ਤੋਂ 'ਸਰ' ਕਹਿ ਹੋ ਗਿਆ ਤਾਂ ਉਸ ਨੇ ਝੱਟ ਟੋਕ ਦਿੱਤਾ। ਉਸ ਨੇ ਬਹੁਤ ਹੀ ਖ਼ੂਬਸੂਰਤ ਅੰਦਾਜ਼ 'ਚ

**ਸੁਰਿੰਦਰ ਗੀਤ**
**ਫੋਨ: 403 -605-3734**

ਕਿਹਾ, 'ਅਸੀਂ ਸਾਰੇ ਇਕ ਦੂਸਰੇ ਦੇ ਦੋਸਤ ਹਾਂ ਜੋ ਇਕੱਠੇ ਕੰਮ ਕਰਦੇ ਆਂ। ਮੇਰਾ ਨਾਮ ਪੀਟਰ ਜੌਹਨਸਟਨ ਹੈ। ਮੈਨੂੰ ਚੰਗਾ ਲਗਦਾ ਹੈ ਜਦੋਂ ਮੇਰੇ ਨਾਲ ਕੰਮ ਕਰਦੇ ਦੋਸਤ ਮੈਨੂੰ 'ਪੀਟਰ' ਆਖ ਕੇ ਬੁਲਾਉਂਦੈ ਆ!

ਉੱਚਾ-ਲੰਮਾ ਤੇ ਬਹੁਤ ਹੀ ਸੋਹਣੀ ਫੱਬਵੀਂ ਦਿੱਖ ਵਾਲਾ ਨੌਜਵਾਨ ਪੁਲੀਸ ਅਫ਼ਸਰ ਸਭ ਦਾ ਚਹੇਤਾ ਸੀ। ਉਸਦਾ ਉੱਚਾ-ਲੰਮਾ ਕੱਦ, ਅਤੇ ਮਿੱਠੀ ਬੋਲ ਚਾਲ ਹਰ ਇਕ ਦਾ ਮਨ ਮੋਹ ਲੈਂਦੀ। ਚੰਗਾ ਤਾਂ ਉਹ ਮੈਨੂੰ ਵੀ ਲਗਦਾ ਪਰ ਦਿਨ ਦੀ ਸਿਫ਼ਟ ਵੇਲੇ ਉਸਦਾ ਕਾਫ਼ੀ ਦਾ ਕੱਪ ਲੈ ਕੇ ਮੇਰੇ ਕੋਲ ਆ ਬੈਠਣਾ, ਬਹੁਤ ਬੁਰਾ ਲਗਦਾ। ਉਸ ਨੇ ਕਦੇ ਨੋਕ-ਝੋਕ ਨਹੀਂ ਸੀ ਕੀਤੀ...ਪਰ ਸੀ ਤਾਂ ਮੇਰਾ ਸੁਪਰਵੀਜ਼ਰ ਹੀ ਜਿਹੜਾ ਮੈਨੂੰ ਡਰਾਉਂਦਾ ਸੀ। ਮੈਨੂੰ ਲਗਦਾ ਜਿਵੇਂ ਉਸਦੀਆਂ ਤੇਜ਼ ਤਰਾਰ ਪੁਲਸੀਆ ਅੱਖਾਂ ਮੈਨੂੰ ਪਰਖ ਰਹੀਆਂ ਹੋਣ। ਤਰ੍ਹਾਂ-ਤਰ੍ਹਾਂ ਦੇ ਖ਼ਿਆਲਾਂ ਦੀ ਭੰਬੀਰੀ ਮੇਰੇ ਦਿਮਾਗ 'ਚ ਘੁੰਮਦੀ ਰਹਿੰਦੀ...ਇਹ ਏਥੇ ਬੈਠ ਕੇ ਮੇਰੇ 'ਤੇ ਨਿਗਾਹ ਰੱਖਦਾ ਹੈ...ਕੀ ਮੇਰਾ ਕੰਮ ਇਸਨੂੰ ਪਸੰਦ ਨਹੀਂ...ਇਹ ਵੀ ਹੋ ਸਕਦੈ ਕਿ ਇਸ ਦਫ਼ਤਰ 'ਚ ਮੈਂ ਇਕੱਲੀ ਪੰਜਾਬੀ ਔਰਤ ਹਾਂ...ਦਫਤਰ ਵਿਚ ਕੋਈ ਨਸਲੀ ਭੇਦ-ਭਾਵ ਹੋਵੇਗਾ...ਕਿਸੇ ਨੇ ਮੇਰੇ ਬਾਰੇ ਕੋਈ ਸ਼ਿਕਾਇਤ ਕੀਤੀ ਹੋਵੇਗੀ! ਅਗਲੀਆਂ-ਪਿਛਲੀਆਂ ਘਟਨਾਵਾਂ ਚੇਤੇ ਆ ਜਾਂਦੀਆਂ। ਮੈਂ ਇਸ ਤਰ੍ਹਾਂ ਦੇ ਸਵਾਲਾਂ ਵਿਚ ਉਲਝੀ ਹੋਈ ਆਪਣਾ ਕੰਮ ਬੜੇ ਧਿਆਨ ਨਾਲ ਕਰਦੀ ਰਹਿੰਦੀ। ਜੇਕਰ ਕਿਸੇ ਪੁਲੀਸ ਅਧਿਕਾਰੀ ਦਾ ਕਿਸੇ ਕੰਮ ਬਾਰੇ, ਕਿਸੇ ਵਿਅਕਤੀ ਬਾਰੇ ਕੋਈ ਸਵਾਲ ਹੁੰਦਾ ਤਾਂ ਮੈਂ ਬੜੀ ਫੁਰਤੀ ਨਾਲ ਸੁਲਝੇ ਪ੍ਰੋਫ਼ੈਸ਼ਨਲ ਢੰਗ ਨਾਲ ਜਵਾਬ ਦਿੰਦੀ। ਮੈਂ ਤੇਜ਼ੀ ਨਾਲ ਕੰਪਿਊਟਰ 'ਤੇ ਹੱਥ ਚਲਾਉਂਦੀ ਉਸਨੂੰ ਦਿਖਾਉਣ ਵਾਸਤੇ ਕਿ ਮੈਨੂੰ ਸਾਰੇ ਸਿਸਟਮ ਦੀ ਚੰਗੀ ਜਾਣਕਾਰੀ ਹੈ। ਜਿਸ ਦਿਨ ਉਹ ਨਾ ਆਉਂਦਾ, ਮੈਂ ਸੁੱਖ ਦਾ ਸਾਹ ਲੈਂਦੀ।

ਇਕ ਦਿਨ ਮੈਂ ਦਫ਼ਤਰ 'ਚ ਆਪਣੀਆਂ ਈ ਸੋਚਾਂ 'ਚ ਡੁੱਬੀ ਹੋਈ ਸਾਂ। ਉਦਾਸ ਤਾਂ ਨਹੀਂ ਸੀ ਪਰ ਖਾਮੋਸ਼ ਸਾਂ। 'ਵਾਏ ਆਰ ਯੂ ਸੋ ਕੁਆਇਟ?' ਮੇਰੇ ਨਾਲ ਕੰਮ ਕਰਦੀ ਗੋਰੀ ਕੁੜੀ, ਡੈਬੀ ਨੇ ਪੁੱਛਿਆ।

'ਆਈ ਐਮ ਫਾਈਨ, ਜਸਟ ਥੀਕਿੰਗ ਅਬਾਊਟ ਸਮਥਿੰਗ!'

ਡੈਬੀ ਖਿੜ-ਖਿੜਾ ਕੇ ਹੱਸ ਪਈ ਤੇ ਕਹਿਣ ਲੱਗੀ, 'ਆਈ ਨੋਅ! ਪੀਟਰ ਇਜ਼ ਨਾਟ ਇਨ ਟੂ-ਡੇਅ...ਦੈਟਸ ਵਾਏ ਯੂ ਆਰ ਕੁਆਇਟ!'

ਇਉਂ ਉਹ ਮੈਨੂੰ 'ਪੀਟਰ' ਦਾ ਨਾਮ ਲੈ ਲੈ ਛੇੜਦੀ ਰਹਿੰਦੀ। ਜਦੋਂ ਕਿਤੇ ਉਹ ਮੇਰੇ ਦਫ਼ਤਰ ਕੋਲੋਂ ਦੀ ਲੰਘਦੀ ਪੀਟਰ ਨੂੰ ਮੇਰੇ ਕੋਲ ਖੜ੍ਹਾ ਜਾਂ ਸਾਹਮਣੇ ਵਾਲੀ ਕੁਰਸੀ 'ਤੇ ਬੈਠਾ ਦੇਖਦੀ ਤਾਂ ਉਹ ਸ਼ਰਾਰਤੀ ਜਿਹੇ ਢੰਗ ਨਾਲ ਹੱਸਦੀ। ਇਕ ਵਾਰ ਤਾਂ ਉਸਨੇ ਪੀਟਰ ਨੂੰ ਆਖ ਹੀ ਦਿੱਤਾ, 'ਪੀਟਰ! ਆਈ ਥਿੰਕ ਯੂ ਲਾਇਕ ਟੂ ਟਾਕ ਟੂ ਸੈਂਡੀ ਵੈਰੀ ਮੱਚ!'

'ਓ ਯੈਸ...ਯੈਸ...! ਸ਼ੀ ਇਜ਼ ਵੈਰੀ ਲਵਲੀ ਪਰਸਨ!' ਉਸਨੇ ਹੱਸਦਿਆਂ ਹੱਸਦਿਆਂ ਜਵਾਬ ਦਿੱਤਾ। ਮੇਰੇ 'ਤੇ ਪੀਟਰ ਦੀ ਇਸ ਗੱਲ ਦਾ ਕੋਈ ਅਸਰ ਨਾ ਹੋਇਆ। ਮੈਨੂੰ ਇਸ ਗੱਲ ਦਾ ਚੰਗੀ ਤਰ੍ਹਾਂ ਪਤਾ ਸੀ ਕਿ ਗੋਰੇ ਲੋਕ ਛੇਤੀ ਛੇਤੀ ਕਿਸੇ ਨੂੰ ਮਾੜਾ ਨੀ ਕਹਿੰਦੇ...ਇਨ੍ਹਾਂ ਦਾ ਭੇਤ ਪਾਉਣਾ ਮੁਸ਼ਕਿਲ ਹੈ। ਵੈਰੀ ਗੁੱਡ...ਵੈਰੀ ਗੁੱਡ ਕਹਿੰਦੇ ਕਹਿੰਦੇ ਤੀਰ ਚਲਾ ਜਾਂਦੇ ਆ।

ਇਕ ਦਿਨ ਮੈਂ ਕਾਫੀ ਬਰੇਕ 'ਤੇ ਸਾਂ। ਕਾਫੀ ਸ਼ਾਪ ਵਿਚ ਕੰਧ ਦੇ ਨਾਲ ਲੱਗੇ ਮੇਜ਼ 'ਤੇ ਇਕੱਲੀ ਬੈਠੀ ਸਾਂ। ਅਚਾਨਕ ਪੀਟਰ ਆ ਟਪਕਿਆ। ਉਸ ਨੇ ਕਾਫੀ ਲਈ ਤੇ ਮੇਰੇ 'ਤੋਂ ਪੁੱਛ ਕੇ ਮੇਰੇ ਸਾਹਮਣੇ ਵਾਲੀ ਕੁਰਸੀ 'ਤੇ ਬੈਠ ਗਿਆ।

ਹਾਲ-ਚਾਲ ਪੁੱਛ ਕੇ ਉਸਨੇ ਸਿੱਖ ਧਰਮ ਦੀਆਂ ਗੱਲਾਂ ਛੇੜ ਲਈਆਂ। ਮੈਂ ਸਮਝ ਗਈ ਕਿ ਉਹ ਮੇਰੇ 'ਤੋਂ ਸਿੱਖ ਧਰਮ ਬਾਰੇ ਜਾਣਕਾਰੀ ਲੈਣਾ ਚਾਹੁੰਦਾ ਹੈ। ਮੈਂ ਆਪਣੇ ਗਿਆਨ ਅਨੁਸਾਰ ਉਸ ਦੇ ਹਰ ਸਵਾਲ ਦਾ ਜਵਾਬ ਦਿੱਤਾ। ਫਿਰ ਉਸਨੇ ਸਿੱਖ ਧਰਮ ਨਾਲ ਸਬੰਧਤ ਕੋਈ ਅੰਗਰੇਜ਼ੀ 'ਚ ਲਿਖੀ ਕਿਤਾਬ ਮੰਗੀ, ਜਿਸ ਨੂੰ ਪੜ੍ਹ ਕੇ ਉਹ ਸਿੱਖ ਧਰਮ ਬਾਰੇ ਪੂਰੀ ਜਾਣਕਾਰੀ ਲੈ ਸਕੇ। ਚੰਗੀ ਕਿਸਮਤ ਨਾਲ ਮੇਰੇ ਕੋਲ ਇਕ ਪਈ ਸੀ। ਮੇਰੇ ਬਾਪੂ ਜੀ ਏਥੇ ਮੇਰੇ ਕੋਲ ਛੱਡ ਗਏ ਸਨ। ਹੁਣ ਮੈਨੂੰ ਕੁਝ ਹੌਸਲਾ ਹੋ ਗਿਆ ਕਿ ਇਹ ਮੇਰੀ ਨਿਗਰਾਨੀ ਨਹੀਂ ਕਰਦਾ ਸਗੋਂ ਮੇਰੇ ਤੋਂ ਕੁਝ ਜਾਨਣ ਦੀ ਕੋਸ਼ਿਸ਼ ਕਰਦਾ ਆ। ਸਿੱਖ ਧਰਮ ਅਤੇ ਸਿੱਖਾਂ ਬਾਰੇ ਜਾਨਣਾ ਚਾਹੁੰਦਾ ਹੈ।

ਅਗਲੀ ਸਵੇਰੇ ਮੈਂ ਕੀਤੇ ਵਾਅਦੇ ਅਨੁਸਾਰ ਡਾ. ਗੋਪਾਲ ਸਿੰਘ ਦੀ ਲਿਖੀ 'ਸਿੱਖ ਹਿਸਟਰੀ' ਉਸਦੇ ਦੇ ਦਫਤਰ ਵਿਚ ਉਸਦੀ ਮੇਜ਼ 'ਤੇ ਰੱਖ ਆਈ। ਉਹ ਆਪ ਉਸ ਸਮੇਂ ਆਪਣੇ ਕਮਰੇ ਵਿਚ ਨਹੀਂ ਸੀ।

ਉਸ ਦਿਨ ਮੈਂ ਪੀਟਰ ਦੀ ਉਡੀਕ ਕਰ ਰਹੀ ਸਾਂ। ਮੈਨੂੰ ਭਰੋਸਾ ਸੀ ਕਿ ਉਹ ਮੇਰਾ ਧੰਨਵਾਦ ਕਰਨ ਆਵੇਗਾ ਤੇ ਏਸੇ ਤਰ੍ਹਾਂ ਹੀ ਹੋਇਆ। ਲੰਚ ਟਾਈਮ ਉਹ ਮੇਰੇ ਕੋਲ ਆਇਆ। ਉਸਦੇ ਹੱਥ ਵਿਚ ਓਹੋ ਹੀ ਮੋਟੀ ਭਾਰੀ ਕਿਤਾਬ ਫੜੀ ਹੋਈ ਸੀ। ਉਸਦੇ ਚਿਹਰੇ 'ਤੇ ਇਕ ਵੱਖਰੀ ਕਿਸਮ ਦੀ ਮੁਸਕਰਾਹਟ ਦੀ ਲਹਿਰ ਸੀ। ਉਸ ਪ੍ਰਤੀ ਅੱਜ ਮੇਰਾ ਰਵੱਈਆ ਵੀ ਬਹੁਤ ਬਦਲਿਆ ਹੋਇਆ ਸੀ। ਮੈਨੂੰ ਉਹ ਸੁਪਰਵਾਈਜ਼ਰ ਨਾਲੋਂ ਦੋਸਤ ਜ਼ਿਆਦਾ ਪ੍ਰਤੀਤ ਹੋ ਰਿਹਾ ਸੀ। ਉਸਨੇ ਕਿਤਾਬ ਲਈ ਮੇਰਾ ਧੰਨਵਾਦ ਕੀਤਾ ਤੇ ਪੜ੍ਹ ਕੇ ਵਾਪਿਸ ਕਰਨ ਦਾ ਵਾਅਦਾ ਕੀਤਾ। ਕਿਤਾਬ ਦੇ ਪੰਨੇ ਫਰੋਲਦਿਆਂ ਉਹ ਕੁਝ ਮੁਸਕਰਾਇਆ ਤੇ ਕਿਹਾ, 'ਕਿਤਾਬ ਬਹੁਤ ਵੱਡੀ ਹੈ, ਪੜ੍ਹਨ 'ਚ ਕਾਫੀ ਸਮਾਂ ਲਗੇਗਾ!'

'ਕੋਈ ਗੱਲ ਨਹੀਂ....ਜਿੰਨੀ ਦੇਰ ਮਰਜ਼ੀ ਰੱਖੋ।' ਮੈਂ ਕਿਹਾ।

ਇਸਤੋਂ ਬਾਦ ਪੀਟਰ ਦਾ ਮੇਰੇ ਕਮਰੇ 'ਚ ਆਉਣਾ ਘਟ ਗਿਆ। ਪਤਾ ਨਹੀਂ ਕਿਉਂ? ਸ਼ਾਇਦ ਉਸਨੂੰ ਪਤਾ ਲੱਗ ਗਿਆ ਹੈ ਕਿ ਅਸੀਂ ਬਹੁਤ ਮਿਹਨਤੀ ਲੋਕ ਆਂ। ਇਹ ਵੀ ਹੋ ਸਕਦਾ ਹੈ ਕਿ ਉਸਨੂੰ ਉਸਦੇ ਸਵਾਲਾਂ ਦੇ ਜਵਾਬ ਮਿਲ ਗਏ ਹੋਣ। ਮੈਂ ਮਨ ਹੀ ਮਨ ਸੋਚਿਆ।

ਤਿੰਨ ਹਫ਼ਤਿਆਂ ਬਾਅਦ ਉਹ ਪਹਿਲਾਂ ਦੀ ਤਰ੍ਹਾਂ ਆਪਣਾ ਕੌਫੀ ਨਾਲ ਭਰਿਆ ਕੱਪ ਲੈ ਮੇਰੇ ਕੋਲ ਆਇਆ। ਉਸਨੇ ਹੱਥ 'ਚ ਓਹੀ ਕਿਤਾਬ ਫੜੀ ਹੋਈ ਸੀ। ਉਸਨੇ ਬੜੇ ਸਤਿਕਾਰ ਨਾਲ ਕਿਤਾਬ ਮੇਰੇ ਹੱਥ 'ਚ ਫੜਾਉਂਦਿਆਂ ਧੰਨਵਾਦ ਕੀਤਾ। ਹਮੇਸ਼ਾ ਦੀ ਤਰ੍ਹਾਂ ਮੇਰੇ 'ਤੋਂ ਬੈਠਣ ਦੀ ਇਜਾਜ਼ਤ ਮੰਗੀ। ਹੁਣ ਮੈਂ ਅੰਦਰੋ ਦੁੱਖੀ ਹੋ ਕੇ ਨਹੀਂ ਸਗੋਂ ਚਾਅ ਨਾਲ ਬੈਠਣ ਲਈ ਕਿਹਾ।

ਉਸਨੇ ਕੌਫੀ ਦੀ ਘੁੱਟ ਭਰਦਿਆਂ ਮੇਰੇ ਚਿਹਰੇ 'ਤੇ ਨਿਗਾਹ ਟਿਕਾ ਕੇ ਪਹਿਲਾਂ ਨਾਲੋਂ ਬਿਲਕੁਲ ਵੱਖਰੇ ਅੰਦਾਜ਼ 'ਚ ਕਿਹਾ 'ਸਿੱਖਜ਼ ਆਰ ਵੰਡਰਫੁੱਲ ਪੀਪਲ...ਆਈ ਸਲੂਟ ਆਲ ਦਾ



ਸਿਖ਼ਜ਼ ਇਨ ਦਾ ਵਰਲਡ!'

ਮੇਰਾ ਚਿਹਰਾ ਖਿੜ ਗਿਆ...ਖੁਸ਼ੀ ਨਾਲ ਮੇਰੀਆਂ ਅੱਖਾਂ ਭਰ ਆਈਆਂ। ਮੈਂ ਅੰਦਰੋ-ਅੰਦਰੀ ਬਹੁਤ ਖੁਸ਼ ਸਾਂ। ਮੈਂ ਪੀਟਰ ਬਾਰੇ ਕੀ ਸੋਚ ਰਹੀ ਸਾਂ ਤੇ ਕੀ ਨਿਕਲਿਆ। ਨਾਲ ਹੀ ਉਸਨੇ ਮੇਰੇ ਨਾਲ ਇਕ ਪੰਜਾਬੀ ਸਿੱਖ ਬਜ਼ੁਰਗ ਦੀ ਕਹਾਣੀ ਸਾਂਝੀ ਕੀਤੀ ਕਿ ਕਿਵੇਂ ਉਸਨੇ ਉਸਨੂੰ ਸ਼ਹਿਰ ਦੇ ਗੁਰਦੁਆਰੇ 'ਚੋਂ ਫੜਿਆ ਸੀ। ਮਾਮੂਲੀ ਜਿਹੇ ਝਗੜੇ 'ਤੇ ਆਪਣੀ ਪਤਨੀ ਦਾ ਕਤਲ ਕਰਕੇ ਗੁਰਦੁਆਰੇ ਜਾ ਲੁਕਿਆ ਸੀ, ਉਹ 65 ਸਾਲ ਦਾ ਬੰਦਾ।

ਪੀਟਰ ਨੇ ਮੈਨੂੰ ਦੱਸਿਆ ਕਿ ਗੁਰਦਵਾਰੇ ਦੇ ਇਕ ਕਮਰੇ 'ਚ ਉਹ ਲੰਮਾ ਪਿਆ ਸੀ। ਜਿਉਂ ਹੀ ਮੈਂ ਕਮਰੇ ਦੇ ਦਰਵਾਜ਼ੇ ਕੋਲ ਗਿਆ, ਉਸਨੇ ਆਪਣੇ ਚਿਹਰੇ 'ਤੋਂ ਕੰਬਲ ਖਿਸਕਾਇਆ...ਤੇ ਸਕਿੰਟ 'ਚ ਹੀ ਚਿਹਰਾ ਢੱਕ ਲਿਆ...ਮੈਂ ਸਮਝ ਗਿਆ ਏਹੀ ਦੋਸ਼ੀ ਹੈ...!

'ਆਈ ਨੋਅ ਪੀਟਰ, ਯੂ ਆਰ ਵੈਰੀ ਸਮਾਰਟ...ਸਮਟਾਈਮਜ਼, ਆਈ ਫੀਲ ਯੂ ਹੈਵ ਆਈਜ਼ ਆਲ ਓਵਰ ਯੂਅਰ ਬਾਡੀ...।' ਮੈਂ ਮਖੌਲ 'ਚ ਕਿਹਾ।

'ਆਈ ਜਸਟ ਹੈਵ ਟੂਅ ਆਈਜ਼ ਲਾਈਕ ਆਲ ਅਦਰ ਪੀਪਲ...!.'ਪੀਟਰ ਨੇ ਹੱਸਦਿਆਂ ਹੱਸਦਿਆਂ ਜਵਾਬ ਦਿੱਤਾ।

ਹੁਣ ਮੈਂ ਪੀਟਰ ਨਾਲ ਵਿਚਾਰ-ਵਿਟਾਂਦਰਾ ਕਰਨ ਦੇ ਸਮਰੱਥ ਹੋ ਗਈ ਸਾਂ ਜਾਂ ਇਸ ਤਰ੍ਹਾਂ ਕਹਿ ਲਵੋ ਕਿ ਉਹ ਮੈਨੂੰ ਓਪਰਾ ਨਹੀਂ ਸੀ ਲਗਦਾ। ਮੈਂ ਬੜੇ ਸਹਿਜ ਨਾਲ ਗੱਲ ਕਰ ਸਕਦੀ ਸਾਂ।

ਸੋ...ਸੈਂਡੀ...ਵਟ ਡੂ ਯੂ ਥਿੰਕ...ਇਟ ਵਾਜ਼ ਏ ਫਸਟ ਡਿਗਰੀ ਮਰਡਰ ਔਰ ਸੈਕੰਡ ਡਿਗਰੀ ਮਰਡਰ...?'

ਮੈਂ ਕੁਝ ਸੋਚੀਂ ਪੈ ਗਈ। ਆਪਣਾ ਦਿਮਾਗ ਲੜਾਇਆ ਤੇ ਬੋਲੀ, 'ਇਹ ਇਰਾਦਾ ਕਤਲ ਨਹੀ ਸੀ...ਉਹ ਕਿਸੇ ਵੀ ਹਾਲਤ 'ਚ ਆਪਣੀ ਪਤਨੀ ਨੂੰ ਮਾਰਨਾ ਨਹੀਂ ਸੀ ਚਾਹੁੰਦਾ...ਦੋਨਾਂ ਦਾ ਮਾੜੀ ਮੋਟੀ ਗੱਲ 'ਤੋਂ ਤਕਰਾਰ ਹੋਇਆ...ਪਤਨੀ ਰੋਟੀ ਪਕਾ ਰਹੀ ਸੀ...ਉਸਨੇ ਉਸਦੇ ਹੱਥੋਂ ਵੇਲਣਾ ਫੜਿਆ ਤੇ ਸਿਰ 'ਤੇ ਵਾਰ ਕਰ ਦਿੱਤਾ...।'

'ਉਸਨੇ ਅਜਿਹਾ ਕੀਤਾ ਕਿਉਂ...?'

ਮੈਂ ਹੱਸ ਪਈ...'ਉਹ ਪੰਜਾਬੀ ਸੀ...ਮਰਦ ਪ੍ਰਧਾਨ ਸਮਾਜ ਦਾ ਅੰਗ ਸੀ...ਆਪਣੇ ਮਰਦ ਹੋਣ ਦਾ ਅਹਿਸਾਸ ਕਰਵਾਉਣ ਲਈ ਉਸ ਨੇ ਵੇਲਣਾ ਮਾਰਿਆ ਨਹੀਂ...ਉਸ ਕੋਲੋਂ ਵੱਜ ਗਿਆ...ਮੈਂ ਇਸ ਨੂੰ ਸੈਕੰਡ ਡਿਗਰੀ ਮਰਡਰ ਹੀ ਕਹਾਂਗੀ...!'

'ਹੂੰ...' ਉਸ ਨੇ ਸਿਰ ਹਿਲਾਇਆ ਤੇ ਚੁੱਪ ਹੋ ਗਿਆ।

ਮੈਂ ਚੁੱਪ-ਚਾਪ ਉਸਦਾ ਜਵਾਬ ਉਡੀਕ ਰਹੀ ਸਾਂ। ਉਸਨੂੰ ਚੁੱਪ ਦੇਖ ਕੇ ਮੈਂ ਦੋਬਾਰਾ ਕਿਹਾ, ਜਿਸ ਸਮਾਜ ਵਿਚ ਉਹ ਰਹਿ ਰਿਹਾ ਸੀ ਉਹ ਮਰਦ ਪ੍ਰਧਾਨ ਸਮਾਜ ਸੀ। ਉਸਦੀ ਮਰਦ-ਪੁਣੇ ਦੀ ਹੈਂਕੜ ਔਰਤ ਦੀ ਮੌਤ ਦਾ ਕਾਰਣ ਬਣੀ।

ਉਹ ਆਪਣੀ ਕੁਰਸੀ 'ਤੋਂ ਉੱਠਿਆ...ਲੰਮਾ ਸਾਹ ਲਿਆ ਤੇ ਫਿਰ ਬੈਠ ਗਿਆ। ਮੇਰੇ ਵੱਲ ਦੇਖਣ ਲੱਗ ਪਿਆ। 'ਸੈਂਡੀ...ਡੀਅਰ...ਯੂ ਆਰ ਵੈਰੀ ਇੰਟੈਲੀਜੈਂਟ...ਆਈ ਐਮ ਵੈਰੀ ਮੱਚ ਇਮਪਰੈਸਿਡ ਵਿਦ ਯੂਅਰ ਆਨਸਰ!' ਆਪਣੇ ਬਾਰੇ ਇਹ ਸ਼ਬਦ ਸੁਣ ਕੇ ਪਲ ਕੁ ਭਰ ਲਈ ਮੈਨੂੰ ਆਪਣੇ-ਆਪ 'ਤੇ ਮਾਣ ਮਹਿਸੂਸ ਹੋਇਆ।

ਪੀਟਰ ਨੇ ਦੱਸਿਆ ਕਿ ਅਸੀਂ ਵੀ ਉਸ'ਤੇ ਸੈਕੰਡ ਡਿਗਰੀ ਮਰਡਰ ਦੇ ਚਾਰਜ ਹੀ ਲਾਏ ਸਨ।

ਮੇਰਾ ਧਿਆਨ ਇਕ ਦਮ ਪੰਜਾਬ ਪੁਲੀਸ ਵੱਲ ਗਿਆ ਕਿ ਕਿਵੇਂ ਉਹ ਲੋਕਾਂ 'ਤੇ ਝੂਠੇ ਕੇਸ ਪਾਉਂਦੇ ਹਨ, ਛੋਟੀ ਗੱਲ ਨੂੰ ਵੱਡੀ ਬਣਾ ਦਿੰਦੇ ਆ। ਪੈਸੇ ਲੈ ਕੇ ਸਬੂਤ ਖੁਰਦ-ਬੁਰਦ ਕਰ ਦਿੰਦੇ ਆ। ਅਸਲੀ ਗੁਨਾਹਗਾਰ ਛੁੱਟ ਜਾਂਦਾ ਹੈ ਅਤੇ ਕੋਈ ਹੋਰ ਬੇਗੁਨਾਹ ਫਸਾ ਲਿਆ ਜਾਂਦੈ। ਮੈਂ ਪੰਜਾਬ ਪੁਲੀਸ ਬਾਰੇ ਉਸ ਨੂੰ ਕਾਫ਼ੀ ਜਾਣਕਾਰੀ ਦਿੱਤੀ। ਮੇਰੀਆਂ ਗੱਲਾਂ ਸੁਣ ਸੁਣ ਉਹ ਹੈਰਾਨ-ਪਰੇਸ਼ਾਨ ਹੋਈ ਜਾ ਰਿਹਾ ਸੀ। ਉਸ ਤੋਂ ਰਿਹਾ ਨਾ ਗਿਆ। ਆਖਣ ਲੱਗਾ, 'ਆਈ ਥਿੰਕ ਦੇ ਨੀਡ ਟਰੇਨਿੰਗ...ਆਈ ਛੁੱਡ ਬੀ ਦੀਅਰ ਟੂ ਟਰੇਨ ਦੈਮ।'

ਵੈਸਾਖੀ ਦਾ ਤਿਉਹਾਰ ਆ ਗਿਆ। ਵੈਸਾਖੀ ਵਾਲੇ ਦਿਨ ਗੁਰੂ ਘਰ 'ਚ ਸ਼ਾਮ ਨੂੰ ਕੀਰਤਨ ਦਰਬਾਰ ਸੱਜਣਾ ਸੀ। ਮੇਰਾ ਚਿੱਤ ਤਾਂ ਕਰਦਾ ਸੀ ਕਿ ਮੈਂ ਵੀ ਜਾਵਾਂ ਪਰ ਉਸ ਦਿਨ ਮੇਰੀ ਸ਼ਾਮ ਦੀ ਡਿਊਟੀ ਸੀ। ਦਫਤਰ ਦੇ ਅਸੂਲਾਂ ਅਨੁਸਾਰ ਬਹਾਨਾ ਬਣਾਉਣਾ ਮੁਸ਼ਕਿਲ ਸੀ। ਸੋ ਮੈਂ ਦਿਨੇ ਆਪਣੀ ਨੀਂਦ ਪੂਰੀ ਕਰਕੇ ਸ਼ਾਮ ਨੂੰ ਕੰਮ 'ਤੇ ਚਲੀ ਗਈ। ਆਪਣੀ ਸਕਿਊਰਟੀ ਵਾਲੀ ਚਾਬੀ ਨਾਲ ਦਰਵਾਜ਼ਾ ਖੋਲ੍ਹ ਕੇ ਦੋ ਕੁ ਕਦਮ ਅੱਗੇ ਗਈ ਸੀ ਕਿ ਪੀਟਰ ਮੇਰੀ ਨਜ਼ਰੀਂ ਪੈ ਗਿਆ। ਆਪਣੇ ਦਫਤਰ 'ਚੋਂ ਬਾਹਰ ਆ ਰਿਹਾ ਸੀ।

ਇਹ ਇਸ ਵੇਲੇ ਕੀ ਕਰਦਾ ਆ ਏਥੇ? ਮੈਂ ਸੋਚਿਆ।

'ਵਟ ਆਰ ਯੂ ਡੂਇੰਗ ਹਿਅਰ...ਦਿਅਰ ਇਜ਼ ਬਿਗ ਸੇਲੀਬਰੇਸ਼ਨ ਇਨ ਸਿੱਖ ਟੈਂਪਲ?' ਪੀਟਰ ਇੱਕੋ ਸਾਹ 'ਚ ਕਹਿ ਗਿਆ।

'ਟੂਡੇ ਇਜ ਮਾਈ ਸਿਫ਼ਟ ਐਂਡ ਆਈ ਐਮ ਅਲ਼ੋਨ ਇਨ ਦਾ ਆਫਿਸ!' ਮੈਂ ਜਵਾਬ ਦਿੱਤਾ।

ਮੇਰਾ ਜਵਾਬ ਸੁਣ ਕੇ ਉਸ ਨੇ ਬੜੇ ਫਖਰ ਨਾਲ ਕਿਹਾ, 'ਆਈ ਵੈਲ ਲੁੱਕ ਆਫਟਰ ਦਾ ਆਫਿਸ, ਯੂ ਗੋ ਟੂ ਸਿੱਖ ਟੈਂਪਲ ਐਂਡ ਇਨਜੁਆਏ!' ਪੰਜਾਬੀ ਵਿਚ ਇੰਜ ਕਹਿ ਲਵੋ।'

ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ...ਪਰ ਮੈਂ ਸੋਚ ਰਹੀ ਸੀ ਕਿ ਇਹ ਕਿਵੇਂ ਆਫ਼ਿਸ ਦੀ ਦੇਖ ਭਾਲ ਕਰੇਗਾ...ਇਹਨੇ ਵੀ ਘਰ ਜਾਣਾ ਹੋਊ!

ਮੈਨੂੰ ਓਥੇ ਹੀ ਖੜ੍ਹਾ ਦੇਖ ਕੇ ਉਸਨੇ ਪਿਆਰ ਭਰੇ ਗੁੱਸੇ 'ਚ ਦੋਬਾਰਾ ਕਿਹਾ, 'ਪਲੀਜ ਗੋ ਐਂਡ ਇਨਜੁਆਏ।'

ਮੈਂ ਘਰ ਆ ਗਈ। ਕਪੜੇ ਬਦਲੇ ਤੇ ਗੁਰੂ ਘਰ ਨੂੰ ਫੁਰਤੀ ਨਾਲ ਵਗ ਗਈ। ਮੈਂ ਅੱਜ ਤੱਕ ਸੋਚ ਰਹੀ ਹਾਂ ਕਿ ਇਸ ਧਰਤੀ 'ਤੇ ਅਜਿਹੇ ਇਨਸਾਨ ਵੀ ਹਨ ਜਿਹੜੇ ਦੂਸਰਿਆਂ ਦੀਆਂ ਭਾਵਨਾਵਾਂ ਤੇ ਧਰਮਾਂ ਦਾ ਸਤਿਕਾਰ ਕਰਦੇ ਹਨ, ਭਾਵੇਂ ਉਹ ਕਿਸੇ ਵੀ ਰੰਗ, ਨਸਲ, ਜਾਤ ਤੇ ਖਿੱਤੇ ਦੇ ਹੋਣ!

## ਕਾਵਿ-ਕਿਆਰੀ

### ਇੱਕ ਰੰਗ ਹੋਰ

ਕੀ ਲੈਣਾ ਤੂੰ ਦੁਨੀਆਂ ਤੋਂ ਚੰਦਰੇ ਗਮ ਲਾ ਲਾ ਕੇ,
ਬਿਹਤਰ ਹੈ ਆਪਣੀ ਖੁਦ, ਤੂੰ ਨਜਿੱਠੀ ਜਾਹ।

ਨਿੰਦਿਆ ਚੁਗਲੀ ਦੇ ਝਗੜੇ ਲੰਮੇ ਚੱਲਦੇ ਨੇ,
ਕੰਨ ਬੰਦ ਕਰ ਪਰ ਅੱਖਾਂ ਖੋਲ੍ਹ, ਤੂੰ ਡਿੱਠੀ ਜਾਹ।

ਕਰਨ ਸਿਆਸਤ ਡੇਰਿਆਂ ਵਾਲ਼ੇ ਰਲ਼ ਨੇਤਾ ਸੰਗ,
ਗੋਲ਼ੀ ਧਰਮ ਨਸ਼ੇ ਦੀ ਵੰਡਦੇ, ਪੀ ਤੂੰ ਮਿੱਠੀ ਚਾਹ।

ਚਾੜ੍ਹੇ ਰੰਗ ਪੱਕਾ ਜੋ ਐਸਾ ਮਨ ਦੀਆਂ ਪਰਤਾਂ 'ਤੇ,
ਚੱਲ ਸੰਭਲ ਕੇ ਰਾਸਤੇ ਆਪਣੇ, ਨ ਤੂੰ ਭਿੱਟੀ ਜਾਹ।

ਇਸ਼ਕ ਮੁਸ਼ਕ ਤਾਂ ਅੱਜ-ਕੱਲ੍ਹ ਚੁਫ਼ੇਰੇ ਪ੍ਰਧਾਨ ਹੋਏ,
ਰੱਖ ਅਪਣੀ ਪੱਤ ਬਚਾ ਕੇ, ਬਾਕੀ ਤੂੰ ਮਿੱਟੀ ਪਾਹ।

ਕਾਲ਼ੀ ਕਮਾਈ ਦੀ ਚਾਰੇ ਪਾਸੇ ਅੱਜ ਚਰਚਾ ਹੈ,
ਰੋਟੀ ਹੱਕ ਹਲਾਲ ਦੀ ਕਮਾ ਕੇ, ਤੂੰ ਚਿੱਟੀ ਖਾਹ।

ਡੰਗ ਫਿਰਕਾਪ੍ਰਸਤੀ ਮਾਰਦੀ ਬਣ ਕੇ ਹੈ ਸੱਪਣੀ,
ਕੱਢ ਜ਼ਹਿਰ ਸਿਰੀ 'ਚੋਂ ਸੁੱਟ ਕੇ, ਤੂੰ ਠਿੱਬੀ ਲਾਹ।

ਭੁੱਲ ਗਈ ਮਨੁੱਖਤਾ ਸਹਿਜ ਦੇ ਵਿਚ ਜਿਉਣਾ,
ਨੂਰਪੁਰੀ ਪਿਆਰ ਦੇ ਰਾਹ ਨਵੇਂ, ਤੂੰ ਵਿੱਢੀ ਜਾਹ।

***-ਸੇਵਾ ਸਿੰਘ ਨੂਰਪੁਰੀ***

---

### ਗ਼ਜ਼ਲ

ਜੇਕਰ ਤੂੰ ਨਾ ਮੇਰੀ ਹੁੰਦੀ।
ਮੇਰੀ ਜਿੰਦ ਹਨੇਰੀ ਹੁੰਦੀ।
ਜਿੰਨੀ ਮਰਜ਼ੀ ਦੇਹੀ ਸਾਂਭੋ,
ਆਖਰ ਖ਼ਾਕ ਦੀ ਢੇਰੀ ਹੁੰਦੀ।

ਜੋ ਜੀਵਨ ਨੂੰ ਖੁਸ਼-ਖੁਸ਼ ਜੀਵੇ,
ਉਸਦੀ ਉਮਰ ਲੰਮੇਰੀ ਹੁੰਦੀ।
ਧੀਆਂ-ਪੁੱਤਾਂ ਨੂੰ ਬਾਪੂ ਦੀ,
ਇੱਕੋ ਘੂਰ ਬਥੇਰੀ ਹੁੰਦੀ।

ਸਰ ਨਾ ਹੁੰਦੀ ਮੈਥੋਂ ਮੰਜ਼ਿਲ,
ਜੇ ਨਾ ਹੱਲਾਸ਼ੇਰੀ ਹੁੰਦੀ।
ਕੂੰਜ ਉਦੋਂ ਬੇ-ਵੱਸ ਹੋ ਜਾਵੇ,
ਜਦ ਕਾਵਾਂ ਨੇ ਘੇਰੀ ਹੁੰਦੀ।

ਕਾਹਨੂੰ ਮਰਦਾ ਆਸ਼ਕ ਜੇਕਰ,
ਅੱਖ ਮਹਿਬੂਬ ਨਾ ਫੇਰੀ ਹੁੰਦੀ।

ਓਨਾਂ ਚਿੱਟਾ ਦਿਨ ਚੜ੍ਹਦਾ ਏ,
ਜਿੰਨੀਂ ਰਾਤ ਘਨੇਰੀ ਹੁੰਦੀ।

***-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'***

---

### ਬਾਜ਼ੀ ਤੇ ਭਾਜੀ

ਫਿਰ ਦਿੱਲੀਏ ਪੰਜਾਬ ਹੀ ਲੱਭਾ,
ਤੈਨੂੰ ਆਤਸ਼ ਬਾਜ਼ੀ ਲਈ।
ਪੰਜਾਬੀ ਹੀ ਜਾਨਾਂ ਦੇਵਣਗੇ,
ਮੁੜ ਕੇ ਪੈਂਦੀ ਭਾਜੀ ਲਈ।
ਸੰਨ ਪੈਂਹਠ 'ਚ ਬਿਆਸਾ ਤਾਈਂ
ਤੂੰ ਤਾਂ ਪਿੱਛੇ ਹਟਦੀ ਸੀ,
ਸਿੰਘ ਸਰਦਾਰ ਨਾ ਰਾਜ਼ੀ ਹੋਏ ਤੇਰੀ ਜਾਅਲਸਾਜ਼ੀ ਲਈ।

ਛੂਤ-ਛਾਤ ਦੇ ਕਰਕੇ ਬਿੱਪਰ
ਤੇਰਾ ਰਿਹਾ ਗੁਲਾਮ ਦਿੱਲੀਏ,
ਚੇਤੇ ਰੱਖੀਂ ਢੋਈ ਨਹੀਂ ਹੈ ਇਹਦੇ ਵਰਗੇ ਪਾਜ਼ੀ ਲਈ।
ਤੈਨੂੰ ਤਾਂ ਵੋਟਾਂ ਤੇ ਨੋਟਾਂ ਦੀ ਹੀ ਹੋੜ ਰਹੀ ਦਿੱਲੀਏ
ਜੀਵਨ ਅਤੇ ਮੌਤ ਦਾ ਮੁੱਦਾ
ਬਣਿਆ ਹੋਇਆ ਗਾਜ਼ੀ ਲਈ।

ਬਿੱਪਰਵਾਦ ਨੂੰ ਡਰ ਓਸ ਦਾ
ਦਿਨ ਰਾਤੀਂ ਖਾਈ ਜਾਂਦਾ ਹੈ,
ਗਿਣਤੀ ਦੇ ਉਪਦੇਸ਼ ਦਾ ਮੁੱਦਾ ਬਣਿਆ ਹੈ
ਜੋ ਕਾਜ਼ੀ ਲਈ।
ਸਿਰ ਦੇਣ ਦੇ ਨਾਲੋਂ
ਸਿਰ ਵਰਤਣ ਦੀ ਹੁਣ ਕਰੇਗਾ ਪੰਥ,
ਸਿੰਘ ਜੋ ਬਾਲਣ ਬਣਦੇ ਰਹੇ ਨੇ,
ਤੇਰੀ ਹੀ ਸਿਰਤਾਜ਼ੀ ਲਈ।

ਦੇਸ਼ ਪੰਜਾਬ ਦਾ ਲੁੱਟ ਕੇ ਪਾਣੀ,
ਬੰਜਰ ਉਹਨੂੰ ਕਰਨਾ ਲੋਚੇਂ,
ਮਸ਼ਹੂਰ ਹੈ ਲਾਲਾ ਬਿਰਤੀ ਤੇਰੀ
ਦਿੱਲੀਏ ਬੇ ਲਿਹਾਜ਼ੀ ਲਈ।
ਜਿਸ ਪੰਜਾਬ ਦੇ ਰਾਹ ਵਿਚ ਦਿੱਲੀਏ
ਤਿੱਖੇ ਕਿੱਲ ਤੂੰ ਗੱਡੇ ਨੇ,
ਦਿਨ ਰਾਤ ਉਹ ਸੁਲਘ ਰਿਹਾ ਹੈ
ਤੇਰੀ ਤਿਕੜਮਬਾਜ਼ੀ ਲਈ।
ਜਾਪੇ ਕਿ ਹੁਣ ਕਹਿਰ ਸਮੇਂ ਦਾ
ਤੇਰੇ ਸਿਰ 'ਤੇ ਕੜਕਣ ਵਾਲਾ,
ਢੇਸੀ' ਦੀ ਕਿਰਪਾਨ ਕਲਮ ਹੈ,
ਸੌਂਹੇਂ ਸਿਰ ਦੀ ਬਾਜ਼ੀ ਲਈ।

***-ਕੁਲਵੰਤ ਸਿੰਘ ਢੇਸੀ***

# ‘ਲਾਹੌਰ ਨਾਲ ਗੱਲਾਂ’ ਹਨ ਰੂਹ ਦੀਆਂ ਬਾਤਾਂ

ਪਿਛਲੇ ਦਿਨੀਂ ਮਨੁੱਖਵਾਦੀ ਕਵਿਤਾ ਦੇ ਹਸਤਾਖ਼ਰ, ਹਸਾਸ, ਸੰਜੀਦਾ, ਚਿੰਤਨਸ਼ੀਲ ਅਤੇ ਅਦਬੀ ਸ਼ਖਸ ਰਵਿੰਦਰ ਸਹਿਰਾਅ ਦਾ ਰੰਗੀਨ ਤਸਵੀਰਾਂ ਨਾਲ ਸ਼ਿੰਗਾਰਿਆ ਸਫ਼ਰਨਾਮਾ ‘ਲਾਹੌਰ ਨਾਲ ਗੱਲਾਂ’ ਮਿਲਿਆ। ਇਹ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਸਫ਼ਰਨਾਮਾ ਉਸ ਦੀਆਂ 2022 ਤੇ 2024 ਵਿਚ ਪਾਕਿਸਤਾਨ ਦੀਆਂ ਯਾਤਰਾਵਾਂ ਦੌਰਾਨ ਗ੍ਰਹਿਣ ਕੀਤੇ ਪ੍ਰਭਾਵਾਂ ਦਾ ਰੂਹੀ ਚਿੱਤਰਣ ਹੈ। ‘ਲਾਹੌਰ ਨਾਲ ਗੱਲਾਂ’ ਦਰਅਸਲ ਆਪਣੇ ਮੂਲ ਨਾਲ ਗੁਫ਼ਤਗੂ ਹੈ। ਪੰਜਾਬੀ ਸਭਿਆਚਾਰ, ਸਾਹਿਤ ਅਤੇ ਵਿਰਸੇ ਨਾਲ ਮਿਲਣ ਦੇ ਸ਼ੁਭ ਪਲਾਂ ਦਾ ਚਿੱਤਰਨ ਹੈ। ਲਾਹੌਰ ਵਿਚ ਵੱਸਦੇ ਪੰਜਾਬੀ ਦੇ ਅਦੀਬਾਂ, ਸੰਵੇਦਨਸ਼ੀਲ ਵਿਅਕਤੀਆਂ ਅਤੇ ਮੋਹਵੰਤੇ ਪੰਜਾਬੀਆਂ ਨਾਲ ਕੀਤੀਆਂ ਮੋਹਵੰਤੀਆਂ ਗੱਲਾਂ ਅਤੇ ਮਿਲਣੀਆਂ ਦਾ ਸੰਗ੍ਰਹਿ ਹੈ।

ਇਨ੍ਹਾਂ ਗੱਲਾਂ ਵਿਚ ਲਾਹੌਰ ਨੂੰ ਦੇਖਣ, ਇਸਦੀ ਵਿਰਾਸਤ ਨੂੰ ਸਮਝਣ, ਗੌਰਵਮਈ ਇਤਿਹਾਸ ਦੀਆਂ ਪੈੜਾਂ ਨੂੰ ਨਿਹਾਰਨ ਅਤੇ ਧਾਰਮਿਕ ਤਵਾਰੀਖ਼ ਨੂੰ ਨਤਮਸਤਕ ਹੋਣ ਅਤੇ ਮਹਾਨ ਪੰਜਾਬੀਆਂ ਨੂੰ ਅਕੀਦਤ ਭੇਟ ਕਰਨ ਦਾ ਬਿਰਤਾਂਤ ਹੈ।

‘ਲਾਹੌਰ ਦੀਆਂ ਗੱਲਾਂ’ ਵਿਚ ਯਤਰਾ ਦੌਰਾਨ ਲਾਹੌਰ ਵਿਚ ਸਜਾਈਆਂ ਅਦਬੀ ਮਹਿਫ਼ਲਾਂ ਦਾ ਰੰਗ ਹੈ। ਕਵਿਤਾ ਅਤੇ ਇਸਦੇ ਸਰੋਕਾਰਾਂ ਦੀਆਂ ਬਾਤਾਂ ਹਨ। ਪੰਜਾਬੀਆਂ ਦਾ ਪੰਜਾਬੀ ਪ੍ਰਤੀ ਅਵੇਸਲਾਪਣ ਅਤੇ ਪੰਜਾਬੀ ਅਦਬ ਨੂੰ ਵਿਸ਼ਵ-ਵਿਆਪੀ ਪ੍ਰਸੰਗ ਵਿਚ ਸਮਝਣ ਦਾ ਸੰਕਲਪ ਵੀ ਹੈ।

ਇਸ ਪੁਸਤਕ ਨੂੰ ਪੜ੍ਹਦਿਆਂ ਪਾਠਕ ਲਾਹੌਰ ਦੀਆਂ ਗਲੀਆਂ, ਇਤਿਹਾਸਕ ਕਿਲ੍ਹਿਆਂ, ਲੋਕ ਨਾਇਕਾਂ ਦੇ ਪੂਜਣਯੋਗ ਸਥਾਨਾਂ, ਲੋਕ-ਧਾਰਾ ਦੇ ਨਾਇਕਾਂ/ਨਾਇਕਾਵਾਂ ਦੇ ਮਕਬਰਿਆਂ ਅਤੇ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਨੌਜਵਾਨ ਪੀੜ੍ਹੀ ਵਿਚ ਪੈਦਾ ਹੋ ਰਹੇ ਭਰਾਤਰੀ-ਭਾਵ, ਮਾਨਵੀ ਸਾਂਝ ਅਤੇ ਪੰਜਾਬੀ ਪ੍ਰਤੀ ਮੋਹ ਦੇ ਪ੍ਰਗਟਾਵੇ ਦੇ ਪਲਾਂ ਨੂੰ ਵੀ ਉਜਾਗਰ ਕਰਦੀ ਹੈ। ਪੰਜਾਬੀਆਂ ਦੀ ਪ੍ਰਾਹੁਣਚਾਰੀ ਦਾ ਆਨੰਦ ਮਾਣਦਿਆਂ, ਲਾਹੌਰ ਦੀਆਂ ਵਿਰਾਸਤੀ ਥਾਵਾਂ ਤੋਂ ਲੈ ਕੇ ਭੀੜੀਆਂ ਗਲੀਆਂ ਵਿਚੀਂ ਵਿਚਰਦਿਆਂ ਲਾਹੌਰ ਦੀ ਰੂਹ ਨੂੰ ਦੇਖਣ, ਸਮਝਣ, ਮਹਿਸੂਸਣ ਅਤੇ ਇਸ ‘ਚ ਉਤਰਨ ਦਾ ਜ਼ਿਕਰ ਵੀ ਹੈ। ਇਹ ਸਫ਼ਰਨਾਮਾ ਲਾਹੌਰ ਦੇਖਣ ਦੀ ਤਾਂਘ ਵਾਲਿਆਂ ਲਈ ਲਾਹੌਰ ਦਾ ਹਦਾਇਤਨਾਮਾ ਹੈ।

ਲਾਹੌਰ ਵਿਚ ਰਚਾਏ ਗਏ ਬਹੁਤ ਸਾਰੇ ਸਾਹਿਤਕ ਅਦਾਰਿਆਂ ਵਿਚ ਸਜੀਆਂ ਕਾਵਿਕ ਮਹਿਫ਼ਲਾਂ ਵਿਚ ਸ਼ਰੀਕ ਹੁੰਦਿਆਂ, ਰਵਿੰਦਰ ਸਹਿਰਾਅ ਹੁਰਾਂ ਨੇ ਆਪਣੀ ਕਵਿਤਾ ‘ਲਾਹੌਰ ਵਸੇਂਦੀਓ ਕੁੜੀਓ’ ਰਾਹੀਂ ਲੀਕ ਦੇ ਦੋਹੀਂ ਪਾਸੀਂ ਵੱਸਦੇ ਪੰਜਾਬੀਆਂ ਦਾ ਦਰਦ ਅਤੇ ਵੇਦਨਾ ਨੂੰ ਪ੍ਰਗਟਾਅ, ਪਿਆਰ ਦਾ ਹੋਕਾ ਵੀ ਦਿੱਤਾ ਹੈ। ਚਿੰਤਨਸ਼ੀਲ ਰਵਿੰਦਰ ਸਹਿਰਾਅ ਜੀ ਨੂੰ ਪਤਾ ਹੈ ਕਿ ਆਮ ਲੋਕ ਤਾਂ ਆਪਣਿਆਂ ਨੂੰ ਮਿਲਣ ਲਈ ਤਰਸੇ ਪਏ ਹਨ। ਸਿਰਫ਼ ਰਾਜਸੀ ਲੋਕ ਹੀ ਭਾਈਚਾਰਕ ਨਫ਼ਰਤ ਵਿਚੋਂ ਰਾਜਸੀ ਰੋਟੀਆਂ ਸੇਕਣ ਵਿਚ ਮਸਰੂਫ਼ ਹਨ।



ਸਹਿਜ ਤੋਰੇ ਤੁਰਦਾ ਪੁਸਤਕੀ ਬਿਰਤਾਂਤ ਪਾਠਕ ਨੂੰ ਲਾਹੌਰ ਦੇਖਣ ਲਈ ਉਤੇਜਿਤ ਵੀ ਕਰਦਾ ਹੈ ਅਤੇ ਪ੍ਰਮੁੱਖ ਅਦਬੀ ਸ਼ਖ਼ਸੀਅਤਾਂ ਦੇ ਸ਼ਖਸੀ ਦੀਦਾਰੇ ਵੀ ਕਰਵਾਉਂਦਾ ਹੈ। ਰਵਿੰਦਰ ਸਹਿਰਾਅ ਦਾ ਇਕ ਮਕਸਦ ਡਾ. ਮਨਜ਼ੂਰ ਏਜ਼ਾਜ਼ ਜੀ ਦੀ ਗੁਰਮੁਖੀ ਵਿਚ ਛਪੀ ਕਵਿਤਾ ਦੀ ਪੁਸਤਕ ਦਾ ਲਾਹੌਰ ਵਿਚ ਰੀਲੀਜ਼ ਕਰਨਾ ਵੀ ਸੀ। ਪੰਜਾਬੀ ਦੀਆਂ ਲਿਖਤਾਂ ਦਾ ਗੁਰਮੁਖੀ ਅਤੇ ਸ਼ਾਹਮੁਖੀ ਵਿਚ ਛਪਣਾ ਦਰਅਸਲ ਪੰਜਾਬੀਆਂ ਨੂੰ ਪੰਜਾਬੀਅਤ ਨਾਲ ਜੋੜਨ ਅਤੇ ਮਾਂ ਬੋਲੀ ਪੰਜਾਬੀ ਪ੍ਰਤੀ ਨਾਜ਼ ਕਰਨ ਦਾ ਨਜ਼ਰੀਆ ਵੀ ਹੈ।

ਰਵਿੰਦਰ ਸਹਿਰਾਅ ਨੂੰ ਮੁਬਾਰਕਾਂ ਕਿ ਉਨ੍ਹਾਂ ਨੇ ‘ਲਾਹੌਰ ਨਾਲ ਗੱਲਾਂ’ ਕਰਦਿਆਂ ਆਪਣੇ ਅੰਤਰੀਵ ਦੀਆਂ ਬਾਤਾਂ ਵੀ ਪਾਈਆਂ, ਆਪਣੀ ਕਾਵਿ-ਸਿਰਜਣਾ ਅਤੇ ਕਵਿਤਾ ਦੇ ਰੰਗ ਵੀ ਲਾਹੌਰ ‘ਚ ਵੱਸਦੇ ਪੰਜਾਬੀ ਪਿਆਰਿਆਂ ਨਾਲ ਸਾਂਝੇ ਕੀਤੇ। ਇਸ ਦੋ-ਤਰਫ਼ੀ ਕਾਵਿਕ ਦਾਨ-ਪ੍ਰਦਾਨ ਨਾਲ ਪੰਜਾਬੀਆਂ ਦੀ ਆਪਸੀ ਗਲਵੱਕੜੀ ਨੂੰ ਹੋਰ ਪੀਢੀ ਕੀਤਾ ਹੈ।

ਰਵਿੰਦਰ ਸਹਿਰਾਅ ਨੂੰ ਰੂਹਦਾਰੀ ਨਾਲ ਲਿਖੇ ਅਤੇ ਛਪਵਾਏ ਸਫ਼ਰਨਾਮੇ ਲਈ ਢੇਰ ਸਾਰੀਆਂ ਮੁਬਾਰਕਾਂ।















## ਪੁਰਾਣਾ ਸ਼ਹਿਦ

***ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ***

# ਵਾਗੀ

ਅਸੀਂ ਤਾਂ ਸਕੂਲੇ ਪੈ ਗਏ ਸੀ; ਸਾਡੇ ਕਈ ਹਾਣੀ ਸਕੂਲੇ ਨਹੀਂ ਸੀ ਜਾਂਦੇ। ਇਹਦੇ ਕਾਰਨਾਂ ਦੀ ਤਾਂ ਸਮਝ ਨਹੀਂ ਸੀ ਉਦੋਂ, ਪਰ ਅਸੀਂ ਏਨਾ ਜ਼ਰੂਰ ਸਮਝਦੇ ਸੀ ਕਿ ਉਨ੍ਹਾਂ ਦੀ ਜਾਨ ਬਾਹਲ਼ੀ ਸੌਖੀ ਸੀ। ਕਿਸੇ ਪੁੰਨ ਦਾ ਫਲ਼ ਮਿਲਿਆ ਸੀ ਉਨ੍ਹਾਂ ਨੂੰ। ਨਾ ਮਾਸਟਰਾਂ ਦਾ ਡਰ। ਨਾ ਸਕੂਲ ਦੇ ਕੰਮ ਦੀ ਚਿੰਤਾ। ਨਾ ਹੋਰ ਕੋਈ ਫਿਕਰ। ਇਹ ਸਵੇਰੇ ਪਸੂ ਲੈ ਜਾਂਦੇ ਤੇ ਸ਼ਾਮ ਨੂੰ ਘਰੇ ਲੈ ਆਉਂਦੇ। ਢੋਲੇ ਗਾਉਂਦੇ। ਬੋਲੀਆਂ ਪਾਉਂਦੇ। ਸਾਰਾ ਦਿਨ ਪਸੂ ਚਰਾਂਦੀਂ ਚਰਦੇ ਹੀ ਰੱਜ ਕੇ ਵਾਪਿਸ ਘਰ ਆ ਵੜਦੇ। ਕਈ ਮਾਲਕ ਤਾਂ ਸ਼ਾਮ ਨੂੰ ਆਵਦੇ ਪਸੂ ਘਰੀਂ ਲੈ ਜਾਂਦੇ, ਪਰ ਕਈ ਵਾਗੀਆਂ ਦੇ ਵਾੜਿਆਂ ਵਿਚ ਹੀ ਬੱਧੇ ਰਹਿੰਦੇ। ਛੇ-ਛੇ ਸੱਤ-ਸੱਤ ਮਹੀਨੇ।

ਵਾਗੀ ਤਾਂ ਲਾਗਲੇ ਪਿੰਡਾਂ ਦੇ ਵੀ ਸੀਗੇ। ਪਰ ਮਸ਼ਹੂਰ ਉੱਧੋਵਾਲ ਦੇ ਚਾਰ ਪੰਜ ਵਾਗੀ ਈ ਸੀ। ਇਹ ਸਤਲੁਜ ਤੋਂ ਢਾਈ ਕੁ ਮੀਲ ਪਹਾੜ ਵੱਲ ਨੂੰ ਪੈਂਦਾ ਹੈ। ਲਾਗੇ-ਬੰਨੇ ਦੇ ਪਿੰਡਾਂ 'ਚੋਂ ਵੱਡਾ ਹੈ।

**ਸੁਖਦੇਵ ਸਿੱਧੂ**

ਮਹਿਤਪੁਰ ਦੇ ਨੇੜੇ। ਨਕੋਦਰ ਤਸੀਲ 'ਚ। ਦੁਆਬੇ ਦੇ ਆਖ਼ਿਰੀ ਪਿੰਡ 'ਚੋਂ ਹੈ। ਸਤਲੁਜੋਂ ਪਾਰਲੇ ਪਾਸੇ ਮਾਲਵਾ ਦੇਸ ਚੱਲ ਪੈਂਦਾ ਹੈ। ਮਹਿੰਗਾ ਤੇ ਲੂੰਲੀ ਵੱਡੇ ਪਸੂ ਚਾਰਦੇ- ਗਾਵਾਂ, ਮੱਝਾਂ, ਵੱਛੇ-ਵੱਛੀਆਂ, ਕੱਟੇ-ਕੱਟੀਆਂ। ਧਰਮ ਸਿਓਂ, ਸੇਮਾਂ, ਜਗੀਰ, ਅਮਲੀ ਤੇ ਵੈਲੀ ਬੱਕਰੀਆਂ ਚਾਰਦੇ। ਮਹਿੰਗੇ ਹੋਣੀ ਤਿੰਨੇ ਭਾਈ ਛੜੇ ਸੀ। ਹਮਾਤੜ ਸੀ, ਵਿਚਾਰਿਆਂ ਦੇ ਸਿਆੜ ਥੋੜ੍ਹੇ ਸੀ। ਤਿੰਨਾਂ 'ਚੋਂ ਕਿਸੇ ਦਾ ਵੀ ਘਰ ਨਾ ਵਸਿਆ। ਪੂਰਨ ਵਾਹੀ ਕਰਦਾ। ਪਖੀਰੀਆ ਸਰਦੇ ਜੱਟਾਂ ਨਾਲ ਰਲ਼ਿਆ ਰਹਿੰਦਾ ਤੇ ਵੱਡਾ ਮਹਿੰਗਾ ਪਸੂ ਚਾਰਦਾ। ਜਦੋਂ ਕਦੇ ਪੂਰਨ ਨੇ ਕੋਲ ਦੀ ਲੰਘਣਾ, ਨਿਆਣਿਆਂ-ਸਿਆਣਿਆਂ ਛੇੜ ਕੇ ਕਹਿਣਾ: ਓਏ ਪੂਰਨਾ...ਅੱਖੀਆਂ 'ਚ ਰਉਂ ਵੱਸਦਾ ਤੂੰ ਜਾਈਂ ਦੂਰ ਨਾ। ਉਹਨੇ ਖਿਝ ਕੇ ਗਾਲ੍ਹਾਂ ਦੀ ਵਾਛੜ ਸ਼ੁਰੂ ਕਰ ਦੇਣੀ। ਨਿਆਣਿਆਂ ਦੇ ਮਗਰ ਸੂਟ ਵੱਟ ਕੇ ਭੱਜਣਾ। ਨਿਆਣਿਆਂ ਇਹਨੂੰ ਡਾਹ ਕਿੱਥੇ ਦੇਣੀ ਹੁੰਦੀ ਸੀ।

ਲੂੰਲੀ ਕੰਮੀਆਂ ਦਾ ਮੁੰਡਾ ਸੀ। ਸਾਡਾ ਹਾਣ-ਪ੍ਰਵਾਣ। ਸਾਨੂੰ ਇਹਦੇ 'ਤੇ ਰਸ਼ਕ ਹੋਣਾ। ਅਸੀਂ ਮਨੋ-ਮਨੀਂ ਕਹਿਣਾ: ਇਹਨੇ ਕੋਈ ਪੁੰਨ ਕੀਤਾ ਹੋਇਆ ਤੇ ਅਸੀਂ ਕੋਈ ਘੋਰ ਪਾਪ। ਤਾਹੀਓਂ ਇਹ ਵਾਗੀ ਬਣ ਗਿਆ; ਮੌਜਾਂ ਕਰਦਾ। ਤੇ ਅਸੀਂ ਜੇਲ੍ਹ ਚ ਤਾੜੇ ਗਏ ਆਂ। ਮਾਸਟਰਾਂ ਦੀਆਂ ਝਿੜਕਾਂ ਤੇ ਡੰਡੇ ਖਾਣ ਨੂੰ। ਮਹਿੰਗਾ ਤੇ ਲੂੰਲੀ ਇਕ ਦੂਜੇ ਦੇ ਪਸੂ ਦੇਖ ਵੀ ਲੈਂਦੇ ਸੀ। ਇਨ੍ਹਾਂ ਇਕ ਦੂਜੇ ਨੂੰ ਕਹਿਣਾ: ਆਹ, ਜਰਾ ਕੁ ਮੇਰੇ ਪਹੂਆਂ ਵੱਲ ਨਿਗ੍ਹਾ ਰੱਖੀਂ। ਮੈਂ ਫਲਾਨਾ ਕੰਮ ਕਰ ਆਵਾਂ। ਪਸੂ ਵੀ ਇਨ੍ਹਾਂ ਦੋਹਾਂ ਨੂੰ ਸਿਆਣਦੇ ਸੀ।

ਲੂੰਲੀ ਕੋਲ ਕਈ ਤਰ੍ਹਾਂ ਦੇ ਪਸੂ ਹੁੰਦੇ ਸੀ। ਫੰਡਰਾਂ, ਤੋਕੜਾਂ ਤੇ ਦੁੱਧੋਂ ਭੱਜੀਆਂ ਮੱਝਾਂ-ਗਾਵਾਂ। ਚੌਰੀਆਂ, ਬੱਲ੍ਹੀਆਂ, ਕੁੰਡੀਆਂ, ਮੀਣੀਆਂ ਤੇ ਚੱਪੀਆਂ। ਸਾਵੀਆਂ, ਚਤਰੀਆਂ, ਮੱਥੇ ਫ਼ੁੱਲੀ ਵਾਲੀਆਂ, ਸੀਲ ਤੇ ਮਾਰਨ ਖੰਡੀਆਂ। ਲੈਰੀਆਂ ਕੱਟੀਆਂ-ਵੱਛੀਆਂ ਤੇ ਜਾਂ ਛੋਟੇ ਕੱਟੇ-ਵੱਛੇ। ਅੜਬ ਪਸੂਆਂ ਦੇ ਇਹ ਡੈਹਾ ਪਾ ਦਿੰਦਾ ਸੀ। ਕਹਿੰਦਾ: ਜਾਹ, ਹੁਣ ਭੱਜ ਤਾਂ ਕਿੱਧਰ ਨੂੰ ਭੱਜਣਾ। ਕੱਟੇ-ਵੱਛੇ ਜਦੋਂ ਜੋੜਨ ਜੋਗੇ ਹੋ ਜਾਂਦੇ, ਜਾਂ ਅਗਲੇ ਵੇਚ ਦਿੰਦੇ ਸੀ ਜਾਂ ਹਲ਼ੀਂ ਕੱਢ ਲੈਂਦੇ। ਕੱਟੀਆਂ-ਵੱਛੀਆਂ ਜਦੋਂ ਨਵੇਂ ਦੁੱਧ ਹੋ ਜਾਂਦੀਆਂ, ਤਾਂ ਲਵੇਰੇ ਦੇ ਲਾਲਚ ਮਾਲਕ ਵੱਧ ਸੇਵਾ ਕਰਨ ਨੂੰ ਘਰ ਲੈ ਜਾਂਦੇ। ਰੋਜ਼ ਦਿਹਾੜੀ ਸੱਤੇ ਦਿਨ ਇਹੋ ਕੰਮ।

ਲੂੰਲੀ ਨੂੰ ਇਕ ਪਸੂ ਦੀ ਮਿਹਨਤ ਰੁਪੱਈਆ, ਹੱਦ ਦੋ ਰੁਪੱਈਏ ਮਹੀਨਾ ਮਿਲ਼ਦੀ ਸੀ; ਜਾਂ ਸਾਲ ਬਾਅਦ ਦਾਣੇ। ਝੋਟੀਆਂ ਦਾ ਤਾਂ ਮਾਲਕਾਂ ਨੂੰ ਪਤਾ ਲੱਗ ਜਾਂਦਾ ਸੀ। ਖੇਵੇ ਆਈਆਂ ਝੋਟੀਆਂ ਨੇ ਘੂੰਰ ਪਾਉਣਾ। ਸਾਰਾ ਸਾਰਾ ਦਿਨ ਅੜਿੰਗੀ ਜਾਣਾ। ਖੇਵੇ ਆਈਆਂ ਮੱਝਾਂ ਝੋਟੀਆਂ ਮਾਲੀ ਕੋਲ ਲਿਜਾਣੀਆਂ ਪੈਂਦੀਆਂ ਸੀ। ਠਾਕਰ ਜ਼ਨਾਨੇ ਨੇ ਏਸੇ ਕੰਮ ਲਈ ਮਾਲੀ ਰੱਖਿਆ ਹੋਇਆ ਹੁੰਦਾ ਸੀ- ਵੰਡ ਵੜੇਵਿਆਂ ਨਾਲ ਪਾਲਿਆ ਝੋਟਾ। ਪਰ ਗਾਈਆਂ ਮੁਫ਼ਤੋ-ਮੁਫ਼ਤੀ ਆਵਾਰਾ 'ਸਰਕਾਰੀ' ਸਾਨ੍ਹਾਂ ਤੋਂ ਨਵੇਂ ਦੁੱਧ ਹੋ ਜਾਂਦੀਆਂ ਸੀ। ਕਈ ਵਾਰ ਤਾਂ ਪਤਾ ਵੀ ਨਹੀਂ ਸੀ ਲੱਗਦਾ ਪਰ ਕਈ ਵਾਰ ਵੱਧ ਮਿਹਨਤ ਲੈਣ ਲਈ ਲੂੰਲੀ ਮਾਲਕਾਂ ਨੂੰ ਦੱਸਦਾ ਵੀ ਨਹੀਂ ਸੀ ਕਿ ਤੁਹਾਡੀ ਵੈਹੜ ਜਾਂ ਗਾਂ ਲੱਗ ਗਈ ਹੈ। ਏਦਾਂ ਕਰਕੇ ਇਹ ਦੋ ਚਾਰ ਮਹੀਨੇ ਦੀ ਮਿਹਨਤ ਵੱਧ ਲੈ ਲੈਂਦਾ ਸੀ। ਜਦੋਂ ਬਿਲਕੁਲ ਜ਼ਾਹਿਰਾ ਦਿਸਦੀ ਹੋ ਜਾਣੀ ਤਾਂ ਕਹਿ ਦੇਣਾ: ਲਗਦਾ ਕਿ ਤੁਹਾਡੀ ਵੱਛੀ ਵੀ ਨਵੇਂ ਦੁੱਧ ਹੋ ਗਈ ਆ। ਬਹਾਨਾ ਇਹ ਲਾ ਦੇਣਾ ਕਿ ਮੇਰੇ ਉਰ੍ਹੇ-ਪਰ੍ਹੇ ਹੋਏ ਤੋਂ ਲੱਗ ਗਈ ਹੋਣੀ ਆਂ। ਉੱਤੋਂ ਕਹਿ ਦੇਣਾ, ਜਦ ਮੈਂ ਲੱਗਦੀ ਨਹੀਂ ਦੇਖੀ, ਮੈਂ ਸ਼ਾਹਦੀ ਕਿੱਦਾਂ ਦੇ ਦਿੰਦਾ।

ਕਈਆਂ ਤੋਕੜਾਂ ਨੂੰ ਇਹ ਚੋਅ ਵੀ ਲੈਂਦਾ ਸੀ। ਜੇ ਕੋਈ ਬਹੁਤਾ ਵੇਰ੍ਹਦੀ, ਤਾਂ ਇਹਨੇ ਸਾਰਾ ਦਿਨ ਭਜਾਈ ਫਿਰਨੀ। ਟਿੱਕ ਕੇ ਚਰਨ ਨਾ ਦੇਣੀ। ਨਾ ਹੀ ਪਾਣੀ ਪੀਣ ਦੇਣਾ। ਬੱਸ ਡਾਂਗ ਤੇ ਡਾਂਗ ਵਰ੍ਹਾਈ ਜਾਣੀ। ਨਾਲੇ ਕਹਿਣਾ: 'ਚੱਲ ਫੇ ਦੇਖ ਲਾਅ ਅੱਜ ਲੂੰਲੀ ਦੇ ਹੱਥ। ਛੱਡੂਗਾਂ ਮੈਂ ਤੈਨੂੰ ਚੋਅ ਕੇ ਹੀ। ਜਾਂ ਤਾਂ ਸਿੱਧੀ ਤਰ੍ਹਾਂ ਮੰਨ ਜਾਹ, ਜਾਂ ਫੇ ਦੇਖੀ ਚੱਲ ਮੇਰੇ ਜਲਵੇ।' ਗਾਂ-ਮੈਂਹ ਨੇ ਹੰਭ ਕੇ ਖੜੋ ਜਾਣਾ। ਜਾਣੀ ਹੱਥ ਖੜ੍ਹੇ ਕਰ ਦੇਣੇ। ਲੂੰਲੀ ਨੇ ਪਸਮਾ ਲੈਣੀ। ਕਈ ਵਾਰ ਭੱਜੀ ਜਾਂਦੀ ਗਾਂ ਮੈਂਹ ਦੀ ਪੂਛ ਫੜ ਕੇ ਇਹਨੇ ਉਹਤੋਂ ਰਤਾ ਕੁ ਗਾਂਹ ਲੰਘ ਕੇ ਬਰਾਬਰ ਜਿਹਾ ਹੋ ਜਾਣਾ। ਤੇ ਫਿਰ ਇਕਦਮ ਐਸਾ ਹੁੱਝਕਾ ਮਾਰਨਾ ਕਿ ਪਸੂ ਨੇ ਪੈਰਾਂ 'ਤੋਂ ਨਿਕਲ ਜਾਣਾ ਤੇ ਚਿੱਤ ਹੋ ਜਾਣਾ। ਫਿਰ ਇਹਨੇ ਡਾਂਗ ਵਰ੍ਹਾਉਣੀ। ਏਸੇ ਦੁੱਧ ਦੀ ਝੱਲ 'ਚ ਹੀ ਚਾਹ ਬਣਾ ਕੇ ਪੀ ਲੈਣੀ ਜਾਂ ਕੱਚਾ ਦੁੱਧ ਹੀ ਪੀ ਲੈਣਾ। ਕਈ ਵਾਰੀ ਦੁੱਧ ਕਿਸੇ ਸਿਵੇ ਤੇ ਚੜ੍ਹਾ ਦੇਣਾ। ਕਦੇ ਕਦੇ ਕਿਸੇ ਸਿਵੇ ਤੇ ਪਏ ਦੀਵੇ 'ਤੋਂ ਤੇਲ ਸਿਰ ਨੂੰ ਲਾ ਲੈਣਾ। ਇਹ ਅਜੀਬ-ਅਜੀਬ ਹਰਕਤਾਂ ਕਰਦਾ ਸੀ।

ਪਿੰਡ ਤੋਂ ਲੈ ਕੇ ਦੱਖਣ ਵਲ ਨੂੰ ਚਹੁੰ-ਪੰਜਾਂ ਮੀਲਾਂ 'ਚ ਵਿਰਲੇ-ਵਿਰਲੇ ਛੋਟੇ ਛੋਟੇ ਪਿੰਡ ਵਸੇ ਹੋਏ ਸੀ। ਝੱਲ 'ਚ ਲੁਕੇ ਹੋਏ। ਕਈਆਂ ਪਿੰਡਾਂ ਦੇ ਬਾਹਰਲੇ ਘਰ ਝੱਲ ਨਾਲ ਹੀ ਰਲ ਜਾਂਦੇ ਸੀ। ਵਾਹੀ ਵਾਲੀ ਜ਼ਮੀਨ ਘੱਟ ਸੀ। ਦੁਆਬੇ 'ਚ ਤਾਂ ਜ਼ਮੀਨ ਦੀ ਪਹਿਲਾਂ ਹੀ ਬਥੇਰੀ ਘਾਟ ਸੀ। ਏਸੇ ਕਰਕੇ ਏਥੋਂ ਲੋਕ ਵਲੈਤਾਂ ਨੂੰ ਸੱਭ ਤੋਂ ਪਹਿਲਾਂ ਨਿਕਲ਼ ਤੁਰੇ ਸੀ।

ਘਰਾਂ ਤੋਂ ਕੁਝ ਕਰਮਾਂ ਦੀ ਵਿੱਥ ਤੇ ਹੀ ਜੰਗਲ ਸ਼ੁਰੂ ਹੋ ਜਾਂਦਾ ਸੀ। ਜਿਹਨੂੰ ਸਾਡੇ ਵੱਲ ਝੱਲ ਕਿਹਾ ਕਰਦੇ ਸੀ। ਵਾਗੀ ਮਾਲ ਛੱਡ ਕੇ ਲੈ ਜਾਂਦੇ। ਸਾਰਾ ਦਿਨ ਪਸੂ ਚਰਾਂਦੀਂ ਚਰਦੇ। ਸ਼ਾਮਾਂ ਨੂੰ ਘਰ ਮੁੜ ਆਉਂਦੇ। ਝੱਲ ਨੂੰ ਜਾਂਦਿਆਂ ਰਾਹ 'ਚ ਪਹਿਲਾਂ ਜੱਟਾਂ ਦੇ ਸਿਵੇ ਆਉਂਦੇ। ਸਿਵਿਆਂ 'ਤੋਂ ਪਹਿਲਾਂ ਧਮਾਰ ਦੇ ਠੀਕਰੇ ਪਏ ਹੋਣੇ। ਅਸੀਂ ਡਰ ਵੀ ਜਾਣਾ। ਸਿਵਿਆਂ 'ਚ ਕਈ ਵਾਰ ਰਾਤ ਨੂੰ ਲੋਅ ਹੋ ਜਾਣੀ। ਕਈਆਂ ਨੇ ਨਿਆਣਿਆਂ ਨੂੰ ਡਰਾਉਣਾ: ਔਹ ਦੇਖੋ, ਸਿਵਿਆਂ 'ਚ ਚੜੇਲਾਂ ਨੱਚਦੀਆਂ। ਬਾਲਾਂ ਨੇ ਓਧਰ ਨੂੰ ਮੂੰਹ ਨਾ ਕਰਨਾ। ਲੂੰਲੀ ਨੂੰ ਸਿਵਿਆਂ 'ਤੋਂ ਡਰ ਨਹੀਂ ਸੀ ਲਗਦਾ। ਏਸ ਕਰਕੇ ਵੀ ਇਹ ਮੈਨੂੰ ਚੰਗਾ ਲੱਗਦਾ ਸੀ। ਸਾਨੂੰ ਲੱਗਣਾ ਚੁੜੇਲਾਂ ਤਾਂ ਇਹਤੋਂ ਡਰਦੀਆਂ। ਇਹ ਗੱਲਾਂ ਵੀ ਏਦਾਂ ਹੀ ਕਰਦਾ ਹੁੰਦਾ ਸੀ। ਮੈਂ ਇਹਨੂੰ ਬਹਾਦਰ ਮੁੰਡਾ ਸਮਝਦਾ ਸੀ। ਬਈ ਸਾਡਾ ਹਾਣੀ-ਤਾਣੀ ਚੁੜੇਲਾਂ ਤੋਂ ਨਾ ਡਰਦਾ ਸੀ ਨਾ ਇਹ ਇਹਨੂੰ ਕੁਝ ਕਹਿੰਦੀਆਂ ਸੀ। ਇਹ ਚੁੜੇਲਾਂ ਦੀਆਂ ਗੱਲਾਂ ਵੀ ਵਧਾ-ਚੜ੍ਹਾ ਕੇ ਕਰਦਾ ਸੀ। ਮਜਮੇ ਲਾ ਲੈਂਦਾ ਸੀ। ਅਸਲ 'ਚ ਇਹਦਾ ਬਾਪ ਬੜਾ ਕੱਬਾ ਸੀ। ਨਾ ਉਹਦੀ ਕਿਸੇ ਨਾਲ ਬਣਦੀ ਸੀ। ਨਾ ਕਿਸੇ ਨਾਲ ਮੇਲ਼-ਜੋਲ਼ ਸੀ। ਆਵਦੇ ਸਕੇ-ਸੋਦਰਿਆਂ ਨਾਲ ਵੀ ਨਹੀਂ। ਲੂੰਲੀ ਨੂੰ ਵੀ ਅਵਾ-ਤਵਾ ਬੋਲਦਾ ਰਹਿੰਦਾ ਸੀ। ਏਸੇ ਹਾਲ ਲੂੰਲੀ ਬਾਲ ਉਮਰੇ ਹੀ ਵਿਤੋਂ ਵੱਧ



ਕੁਰੱਖਤ ਹੋ ਗਿਆ ਸੀ। ਜਾਣੀਂ ਉਮਰੋਂ ਪਹਿਲਾਂ ਹੀ ਇਹ ਅਪਣੇ-ਆਪ ਨੂੰ ਸਾਂਭਣ ਜੋਗਾ ਹੋ ਗਿਆ ਸੀ।

ਸੌਣ-ਭਾਦੋਂ ਦੇ ਦਿਨੀਂ ਮੀਂਹ ਪੈਣੇ ਤੇ ਝੱਲ 'ਚ ਚਹਿਲ-ਪਹਿਲ ਹੋ ਜਾਣੀ। ਰੇਤ ਦੇ ਟਿੱਬੇ ਵੀ ਹਰਿਆਲੀ ਨਾਲ ਚਹਿਕਣ ਲੱਗ ਪੈਣੇ। ਸਲਵਾੜ ਕਾਹੀ ਦੇ ਬੂਝੇ ਮੱਲ ਜਾਣੇ। ਸੰਘਣੇ ਵੀ ਹੋ ਜਾਣੇ। ਭੱਖੜਾ ਵੀ ਹਰਾ-ਭਰਾ ਹੋ ਜਾਣਾ। ਅੱਕ ਫੰਭੜੇ ਹੋਣੇ। ਖੱਬਲ਼ ਘਾਹ ਜਾਂ ਦੁੱਬ ਹੋ ਜਾਣੀ। ਤੇ ਚਿੱਟੀਆਂ ਖੁੰਬਾਂ ਉੱਗ ਆਉਣੀਆਂ। ਹਰੇ ਤੁੰਮਿਆਂ ਦੀਆਂ ਵੇਲਾਂ ਵਧ ਜਾਣੀਆਂ। ਗੇਦਾਂ ਵਾਂਗੂੰ ਰਿੜ੍ਹਦੇ ਫਿਰਨੇ। ਵਿਚ ਵਿਚ ਪਸੂਆਂ ਨੇ ਖਾਅ ਵੀ ਲੈਣੇ। ਜਦੋਂ ਤੁੰਮੇ ਪੱਕ ਜਾਣੇ ਤਾਂ ਵਾਗੀਆਂ ਨੇ ਪੰਡਾਂ ਦੀਆਂ ਪੰਡਾਂ ਘਰ ਲੈ ਆਉਣੀਆਂ। ਫਿਰ ਸਾਰਾ ਸਾਲ ਪਸੂਆਂ ਨੂੰ ਲੂਣ ਚ ਰਲ਼ਾ-ਰਲ਼ਾ ਕੇ ਦਿੰਦੇ ਰਹਿਣਾ। ਜਾਂ ਰਿੰਨ੍ਹ ਕੇ ਦੇ ਦਿੰਦੇ। ਕਹਿੰਦੇ ਸੀ: ਇਨ੍ਹਾਂ ਨਾਲ ਪਸੂਆਂ ਨੂੰ ਬਾਇਆ ਨਹੀਂ ਹੁੰਦੀ। ਹਾਜਮਾਂ ਠੀਕ ਰਹਿੰਦਾ। ਰਤਾ ਕੁ ਨੇਰ੍ਹਾ ਹੋਣਾ, ਤਾਂ ਬੀਂਡੇ ਬੋਲਣੇ ਸ਼ੁਰੂ ਹੋ ਜਾਣੇ। ਟਟ੍ਹੈਣੇ ਚਮਕਣੇ। ਟਿੱਡੇ ਗੜਕਣੇ। ਰਾਤ ਨੂੰ ਡੁੰਮ 'ਚ ਡੱਡੂਆਂ ਦਾ ਰਾਗ ਵੱਜਣਾ: ਗੜੈਂਅ-ਗੜੈਂਅ, ਤੂੰ ਤੇ ਮੈਂ। ਗੜੈਂਅ-ਗੜੈਂਅ, ਤੂੰ ਤੇ ਮੈਂ। ਡੱਡੂ ਏਨੇ ਹੋ ਜਾਣੇ ਕਿ ਡੱਡੂ ਤੇ ਡੱਡੂ ਚੜ੍ਹਿਆ ਹੋਣਾ।

ਸਿਵਿਆਂ ਲਾਗੇ ਹੀ ਵੱਤੇ ਜਿਹਾ ਛੱਪੜ ਹੁੰਦਾ ਸੀ। ਪਸੂਆਂ ਦੇ ਪਾਣੀ ਪੀਣ ਨੂੰ। ਇਹਨੂੰ ਡੁੰਮ ਕਹਿੰਦੇ ਸੀ। ਇਹ ਬਰਸਾਤਾਂ ਦੇ ਦਿਨੀਂ ਭਰ ਜਾਂਦਾ। ਮੱਝਾਂ ਵਿਚਾਲ਼ੇ ਜਾ ਕੇ ਬਹਿ ਜਾਂਦੀਆ। ਲਿਟਦੀਆਂ। ਲੋਟਣੀਆਂ ਖਾਂਦੀਆਂ। ਨਿਕਲਣ ਦਾ ਨਾਂ ਨਾ ਲੈਂਦੀਆਂ। ਕਦੇ-ਕਦੇ ਵਾਗੀ ਨਿਤਾਰ ਕੇ ਇੱਥੋਂ ਹੀ ਪਾਣੀ ਪੀ ਲੈਂਦੇ। ਲੋੜ ਦਾ ਕੋਈ ਮੁੱਲ ਨਹੀਂ ਹੁੰਦਾ। ਉਦੋਂ ਪਾਣੀ ਵੀ ਏਨਾਂ ਨੇੜੇ ਹੁੰਦਾ ਸੀ ਕਿ ਬਰਸਾਤਾਂ ਨੂੰ ਰੇਤਲੀ ਥਾਂ ਨੂੰ ਹੱਥ ਕੁ ਪੱਟਿਆਂ ਸਾਫ਼ ਪਾਣੀ ਨਿਕਲ਼ ਆਉਂਦਾ ਸੀ।

ਲੋਕੀ ਸਲਵਾੜ ਦੇ ਬੂਝਿਆਂ 'ਚੋਂ ਬਰੋਟੇ-ਨਾਕੂ ਕੱਢਦੇ। ਸੁਕਾਅ ਕੇ ਇਨ੍ਹਾਂ ਚੋਂ ਮੁੰਝ ਕੱਢਦੇ; ਇਹਦਾ ਵਾਣ ਵੱਟਦੇ, ਮੰਜੇ-ਪੀੜੀਆਂ ਬੁਣਨ ਲਈ। ਸਲਵਾੜ ਬੜੇ ਕੰਮੀਂ ਆਉਂਦਾ। ਬੇੜ ਵੱਟਣ ਦੇ ਕੰਮ ਵੀ ਆ ਜਾਂਦਾ ਸੀ। ਬਾਲਣ ਲਈ ਵੀ। ਵੱਡੇ ਸ਼ਹਿਰਾਂ 'ਚੋਂ ਵੀ ਵਪਾਰੀ ਮੁੰਝ ਮੁੱਲ ਲੈਣ ਆਉਂਦੇ ਸੀ।

ਪਸੂ ਤਾਂ ਆਪੇ ਚਰਦੇ ਰਹਿੰਦੇ। ਵਾਗੀਆਂ ਨੇ ਮਾੜੀ ਮੋਟੀ ਨਿਗਾਹ ਹੀ ਰੱਖਣੀ ਹੁੰਦੀ ਸੀ। ਐਧਰੋਂ ਓਧਰ ਤੇ ਓਧਰੋਂ ਐਧਰ ਲੈ ਆਉਣਾ। ਲੈਰੀਆਂ ਖੁੰਬਾਂ ਵਾਗੀਆਂ ਨੇ ਕੱਚੀਆਂ ਹੀ ਖਾ ਲੈਣੀਆਂ। ਜੇ ਜ਼ਿਆਦਾ ਹੋ ਜਾਣੀਆਂ ਤਾਂ ਦੁੱਬ ਦੇ ਤੀਲੇ ਚ ਪਰੋ ਲੈਣੀਆਂ ਤੇ ਘਰੇ ਲੈ ਆਉਣੀਆਂ। ਸਬਜ਼ੀ-ਭਾਜੀ ਬਣਾ ਲੈ ਲੈਣੀ। ਮੀਂਹ ਦੇ ਪਾਣੀ ਨਾਲ ਡੁੰਮ ਭਰ ਜਾਣਾ। ਇਨ੍ਹਾਂ ਨੇ ਵਿਚੇ ਚੁੱਭੀਆਂ ਮਾਰਨੀਆਂ; ਤਾਰੀਆਂ ਲਾਉਣੀਆਂ। ਚੜਗਿੱਲ੍ਹੀਆਂ ਪਾਉਣੀਆਂ। ਕਈ ਵਾਰ ਇਨ੍ਹਾਂ ਨੇ ਡੁੰਮ 'ਚੋਂ ਕੱਛੂ ਜਾਂ ਪਰੇਤਾਂ ਫੜ ਕੇ ਰਿੰਨ੍ਹ ਬਣਾ ਲੈਣੀਆਂ। ਜਦੋਂ ਸੋਕਾ ਪੈ ਜਾਣਾ, ਤਾਂ ਚਰਾਂਦਾਂ ਦਾ ਘੇਰਾ ਵੱਧ ਜਾਣਾ। ਇਨ੍ਹਾਂ ਕਿਤੇ ਦੀ ਕਿਤੇ ਨਿਕਲ਼ ਜਾਣਾ। ਡੰਗਰਾਂ ਢਿੱਡ ਭਰਕੇ ਵਾਪਸ ਆ ਜਾਣਾ।

ਲਾਗੇ ਬੰਨੇ ਪਿੰਡਾਂ ਦੇ ਲੋਕ ਵੀ ਸ਼ਿਕਾਰ ਖੇਡਣ ਆਇਆ ਕਰਦੇ ਸੀ। ਮੁਕਾਬਲਾ ਵੀ ਹੋ ਜਾਣਾ। ਕਈਆਂ ਨਾਲ ਕੁੱਤੇ ਹੋਣੇ। ਕੋਲ ਡਾਗਾਂ ਹੋਣੀਆਂ ਜਾਂ ਸੋਟੀਆਂ, ਟਕੂਏ, ਬਰਛੇ, ਦਾਤ, ਕ੍ਰਿਪਾਨਾਂ, ਵਗੈਰਾ। ਇਹ ਮੋਰ, ਹਿਰਣ, ਸੂਰ, ਗਿੱਦੜ, ਗੋਂਦਾਂ, ਸਹੇ, ਤਿੱਤਰ, ਬਟੇਰੇ ਆਦਿ ਦਾ ਸ਼ਿਕਾਰ ਕਰਦੇ। ਜੇ ਹਿਰਣ, ਸੂਰ ਜਾਂ ਗੋਂਦ ਦਾ ਸ਼ਿਕਾਰ ਕਰਦੇ; ਤਾਂ ਮਾਣ ਨਾਲ ਦਸਦੇ, ਨਹੀਂ ਤਾਂ ਪੜਦੇ ਨਾਲ ਹੀ ਛਕ-ਛਕਾ ਜਾਂਦੇ। ਦੱਬ ਘੁੱਟ ਕੇ।

ਲੂੰਲੀ ਗੱਲਾਂ ਬੜੀਆਂ ਬਣਾ ਲੈਂਦਾ ਸੀ। ਪਸੂਆਂ ਨੂੰ ਗਾਲ੍ਹਾਂ ਕੱਢਣ ਦਾ ਇਹਦਾ ਭੰਡਾਰ ਬੜਾ ਵੱਡਾ ਸੀ। ਕਈ ਵਾਰ ਗਾਲ੍ਹ ਕੱਢਣ ਤੋਂ ਪਹਿਲਾਂ ਇਹ ਗਾਲ੍ਹ ਦੀਆਂ ਕਲਾਬਾਜ਼ੀਆਂ ਲਵਾਉਂਦਾ; ਬੁੱਚੀਆਂ ਪਵਾ ਲੈਂਦਾ। ਫਿਰ ਚੋਂਦੀਆਂ-ਚੋਂਦੀਆਂ ਰੰਗਦਾਰ ਗਾਲ੍ਹਾਂ ਦਾ ਮੀਂਹ ਵਰ੍ਹਾਉਂਦਾ। ਕਦੇ-ਕਦੇ ਅਣਹੋਣੀਆਂ ਨੂੰ ਹੋਣੀਆਂ ਬਣਾ ਕੇ ਪੇਸ਼ ਕਰਦਾ। ਕਈ ਵਾਰ ਅਸੀਂ ਇਹਦੀਆਂ ਦੱਸੀਆਂ ਮੰਨ ਵੀ ਜਾਂਦੇ। ਕੁੜੀਆਂ ਨਾਲ ਵੀ ਆਵਦੇ ਕਿੱਸੇ ਜੋੜ ਲੈਂਦਾ- ਭਾਵੇਂ ਗੱਲ ਬਣਦੀ ਨਹੀਂ ਸੀ ਦਿਸਦੀ। ਆਵਦੀਆਂ ਅਵੈੜ ਆਦਤਾਂ ਵੀ ਦੱਸਦਾ। ਇਹ ਸਾਰੀਆਂ ਮਨਘੜਤ ਗੱਲਾਂ ਸੀ। ਇਹਨੂੰ ਸੁੱਝਦੀਆਂ ਕਿੱਥੋਂ ਸੀ, ਇਹ ਜਾਣੇ ਜਾਂ ਇਹਦਾ ਰੱਬ ਜਾਣੇ।

ਲੂੰਲੀ ਵੀ ਸ਼ਿਕਾਰ ਖੇਲ੍ਹ ਲੈਂਦਾ ਸੀ। ਪਰ ਇਹਦੇ ਕੋਲ ਨਾ ਕੋਈ ਕੁੱਤਾ ਸੀ, ਨਾ ਹਥਿਆਰ। ਡੰਗਰਾਂ ਵਾਲੀ ਸੋਟੀ ਹੀ ਹੁੰਦੀ ਸੀ। ਇਹਨੂੰ ਝੱਲ ਦਾ ਗਿਆਨ ਹੀ ਬਥੇਰਾ ਸੀ। ਇਹ ਸਹਿ ਕੇ ਦੱਬਵੇਂ ਪੈਰੀਂ ਵਾਰ ਕਰਨ 'ਚ ਮਾਹਿਰ ਸੀ। ਪੈਰਾਂ ਦਾ ਖੜਾਕ ਨਾ ਹੋਣ ਦਿੰਦਾ। ਮੇਰੇ ਦੇਖਦੇ-ਦੇਖਦੇ ਇਹਨੇ ਕਿਸੇ ਬੂਝੇ ਚ ਮਲਕੜੇ ਜਿਹੇ ਹੱਥ ਪਾਉਣਾ ਤੇ ਪੂਛੋਂ ਸੈਹਾ ਫੜ ਲੈਣਾ। ਜਾਦੂਗਰ ਦੇ ਝੁਰਲੂ ਫੇਰਨ ਵਾਂਙੂੰ। ਸੈਹੇ ਨੇ ਛੁੱਟਣ ਨੂੰ ਤੜਫਣਾ। ਇਹਨੇ ਉੱਪਰ ਨੂੰ ਘੁੰਮਾ ਕੇ ਸੈਹਾ ਧਰਤੀ 'ਤੇ ਪਟਾਕ ਦੇਣੀ ਮਾਰਨਾ। ਦੇਖਦਿਆਂ-ਦੇਖਦਿਆਂ ਸੈਹਾ ਮਰ ਜਾਣਾ। ਸ਼ਿਕਾਰ ਜਿੱਤਿਆ ਜਾਣਾ। ਕਦੇ ਇਹਨੇ ਦੂਰੋਂ ਸਹਿਮਿਆਂ ਤਿੱਤਰ ਜਾਂ ਬਟੇਰਾ ਦੇਖ ਲੈਣਾ ਤੇ ਆਵਦੀ ਵਿੰਗ-ਤੜਿੰਗੀ ਸੋਟੀ ਐਸੀ ਸਿਸਤ ਲਾ ਕੇ ਮਾਰਨੀ ਕਿ ਦੋ-ਦੋ ਤਿੱਤਰ-ਬਟੇਰੇ ਵੀ ਸੁੱਟ ਲੈਣੇ। ਇਹ ਗੱਲਾਂ ਸਾਨੂੰ ਕਰਾਮਾਤੀ ਵੀ ਲੱਗਦੀਆਂ ਸੀ। ਅਸੀਂ ਇਹਦੀ ਜੁਗਤ ਤੋਂ ਬਲਿਹਾਰੇ ਜਾਂਦੇ। ਜਿਵੇਂ ਇਹਦੇ ਹੱਥ 'ਚ ਕੋਈ ਜਾਦੂ ਸੀ। ਲੋਲ੍ਹੀ ਨੇ ਤਿੱਤਰ ਬਟੇਰ ਓਥੇ ਹੀ ਛਿੱਲ ਲੇਣੈ ਤੇ ਘਰ ਆ ਕੇ ਭੁੰਨ ਲੈਣੇ। ਜੇ ਸ਼ਿਕਾਰ ਸਵੇਰੇ-ਸਵੇਰੇ ਹੀ ਅੜਿੱਕੇ ਆ ਜਾਣਾ, ਤਾਂ ਝੱਲ 'ਚ ਹੀ ਭੁੰਨ ਕੇ ਛਕ ਜਾਣਾ।

ਅਸੀਂ ਵੀ ਗਰਮੀਆਂ ਦੀਆਂ ਛੁੱਟੀਆਂ ਨੂੰ ਵਾਗੀ ਬਣ ਜਾਣਾ- ਆਰਜ਼ੀ। ਆਨ੍ਹਰੇਰੀ। ਘਰਦਿਆਂ ਰੋਕਣਾ। ਕਹਿਣਾ: ਪੜ੍ਹਾਈ ਕਰਿਆ ਕਰੋ, ਤੁਹਾਡੇ ਕੰਮ ਆਊਗੀ। ਬੱਸ ਏਧਰ ਹੀ ਧਿਆਨ ਦਿਓ। ਪਰ ਅਸੀ ਕਿੱਥੇ ਟਲ਼ਣਾ। ਮੈਂ ਪਸੂਆਂ ਨੂੰ ਪਾਣੀ ਪਿਆਉਣ ਬਹਾਨੇ ਖੋਲ੍ਹਣਾ ਤੇ ਆਪੇ ਸੋਟੀਆਂ ਮਾਰ ਭਜਾ ਕੇ ਵੱਗ 'ਚ ਰਲ਼ਾ ਲੈਣੀਆਂ। ਵੱਗ 'ਚ ਰਲ਼ੇ ਪਸੂ ਕੱਢਣੇ ਔਖੇ ਵੀ ਹੁੰਦੇ ਸੀ ਤੇ ਅਸੀਂ ਕੱਢ ਕੇ ਖੁਸ਼ ਵੀ ਨਹੀਂ ਸੀ ਹੁੰਦੇ। ਬਹਾਨਾ ਇਹ ਬਣਾਉਣਾ ਕਿ ਪਸੂ ਆਪੇ ਭੱਜ ਕੇ ਵੱਗ 'ਚ ਰਲ਼ ਗਏ ਸੀ। ਫਿਰ ਸ਼ਾਮ ਨੂੰ ਹੀ ਮੁੜਣਾ। ਮੇਰੀ ਦਾਦੀ ਨੇ ਲੱਭਦੇ ਫਿਰਨਾ। ਲੂੰਲੀ ਦੀਆਂ ਸਿਵਿਆਂ-ਚੁੜੇਲਾਂ ਦੀਆਂ ਗੱਲਾਂ ਸੁਣ-ਸੁਣ ਮੈਂ ਡਰ ਜਾਣਾ। ਰਾਤ ਨੂੰ ਉੱਭੜ-ਉੱਭੜ ਉੱਠਣਾ। ਮਾਂ ਤੇ ਦਾਦੀ ਨੇ ਫ਼ਿਕਰ ਕਰਨਾ। ਮੁੜ ਕੇ ਝੱਲ ਨੂੰ ਨਾ ਜਾਣ ਦੀ ਹਦਾਇਤ ਕਰਨੀ। ਸਵੇਰੇ ਗੁਰਦੁਆਰੇ ਮੱਥਾ ਜਾ ਟਿਕਾਉਣਾ। ਸੰਤਾਂ ਨੇ ਸਿਰ ਤੇ ਚੌਰ ਫੇਰਨਾ; ਪਿੰਡੇ 'ਤੇ ਵੀ। ਮੈਂ ਮੁੜ ਝੱਲ 'ਚ ਨਾ ਜਾਣ ਦੀ ਸਹੁੰ ਖਾਣੀ। ਪਰ ਮੈਥੋਂ ਰਿਹਾ ਫਿਰ ਨਾ ਜਾਣਾ।

ਹੁਣ ਨਾ ਹਿਰਣ ਨੇ, ਨਾ ਮੋਰ। ਸੂਰਾਂ, ਗੋਂਦਾਂ ਤੇ ਗਿੱਦੜਾਂ ਦੀ ਤਾਂ ਗੱਲ ਹੀ ਛੱਡੋ। ਨਾ ਵੱਗ ਨੇ, ਨਾ ਵਾਗੀ। ਸਾਰਾ ਝੱਲ ਵਾਹੀ ਵਾਲੀ ਜ਼ਮੀਨ ਹੋ ਗਿਆ ਹੈ। ਮੋਟਰਾਂ ਲੱਗੀਆਂ ਹੋਈਆਂ। ਲੋਕਾਂ ਖੂਹਾਂ 'ਤੇ ਵਸੋਂ ਕੀਤੀ ਹੋਈ ਹੈ। ਮਹੱਲ ਪਾਏ ਹੋਏ ਨੇ। ਝੱਲ ਦਾ ਨਾਂ-ਨਿਸ਼ਾਨ ਨਹੀਂ।

# ਬਜ ਬਜ ਘਾਟ ਦੇ ਦੁਖਾਂਤ ਨੂੰ ਪੇਸ਼ ਕਰਦੀ ਫ਼ਿਲਮ 'ਗੁਰੂ ਨਾਨਕ ਜਹਾਜ਼'

ਭਾਰਤ ਦੇ ਨਾਲ ਨਾਲ ਹੋਰ ਵੀ ਕਈ ਦੇਸ਼ ਅੰਗਰੇਜ਼ ਹਕੂਮਤ ਦੀ ਗ਼ੁਲਾਮੀ ਦੇ ਸ਼ਿਕਾਰ ਰਹੇ ਹਨ, ਜਿਨ੍ਹਾਂ ਵਿਚ ਕੈਨੇਡਾ ਵੀ ਸ਼ਾਮਿਲ ਹੈ। ਜਿਵੇਂ ਹੁਣ ਪੰਜਾਬ ਦੇ ਨੌਜਵਾਨ ਕੈਨੇਡਾ ਜਾਣ ਲਈ ਵਹੀਰਾਂ ਘੱਤ ਰਹੇ ਹਨ, ਅੱਜ ਤੋਂ ਸੌ ਸਾਲ

**ਰਜਵਿੰਦਰ ਪਾਲ ਸ਼ਰਮਾ**
**ਫੋਨ: 70873-67969**

ਪਹਿਲਾਂ ਇਹ ਸੰਭਵ ਨਹੀਂ ਸੀ ਕਿਉਂਕਿ ਅੰਗਰੇਜ਼ ਹਕੂਮਤ ਭਾਰਤ ਦੇ ਲੋਕਾਂ ਨੂੰ ਕੈਨੇਡਾ ਦੇ ਲੋਕਾਂ ਵਾਂਗ ਨਸਲ ਅਤੇ ਰੰਗ ਦੇ ਭੇਦ-ਭਾਵ ਕਰਕੇ ਮਾਣ-ਸਨਮਾਨ ਅਤੇ ਬਰਾਬਰ ਹੱਕ ਦੇਣ ਵਿਚ ਤੌਹੀਨ ਮਹਿਸੂਸ ਕਰਦੇ ਸੀ। ਸਭ ਤੋਂ ਪਹਿਲਾਂ 14 ਮਈ 1914 ਨੂੰ ਜਪਾਨ ਵਿਚ ਬਣਿਆ ਕਾਮਾਗਾਟਾਮਾਰੂ ਜਹਾਜ਼ ਗਿਆਨੀ ਗੁਰਦਿੱਤ ਸਿੰਘ ਦੁਆਰਾ ਲੀਜ਼ ਤੇ ਲੈ ਕੇ 376 ਭਾਰਤੀ ਯਾਤਰੀਆਂ ਨੂੰ ਲੈ ਕੇ ਵੈਨਕੂਵਰ ਪਹੁੰਚਿਆ ਜੋ ਅੰਗਰੇਜ਼ ਹਕੂਮਤ ਨੂੰ ਰਾਸ ਨਾ ਆਇਆ। ਅੰਗਰੇਜ਼ ਹਕੂਮਤ ਨੇ ਆਪਣੀ ਕੂਟਨੀਤੀ ਰਾਹੀਂ ਕੁੱਝ ਵਿਅਕਤੀਆਂ ਨੂੰ ਇਜਾਜ਼ਤ ਦੇ ਕੇ ਬਾਕੀਆਂ ਨੂੰ ਵਾਪਿਸ ਭਾਰਤ ਭੇਜ ਦਿੱਤਾ, ਜਿਸਦਾ ਕੈਨੇਡਾ ਦੇ ਨਾਲ ਨਾਲ ਪੂਰੇ ਦੇਸ਼ ਵਿਚ ਵਿਰੋਧ ਹੋਇਆ। ਵੈਨਕੂਵਰ ਤੋਂ ਚੱਲਿਆ ਕਾਮਾਗਾਟਾਮਾਰੂ ਜਹਾਜ਼ ਜਦੋਂ ਕਲਕੱਤਾ ਦੇ ਬਜ ਬਜ ਘਾਟ 'ਤੇ ਪਹੁੰਚਿਆ ਤਾਂ ਉਥੇ ਅੰਗਰੇਜ਼ ਹਕੂਮਤ ਨੇ ਨਿਰਦੋਸ਼ ਯਾਤਰੀਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ, ਜਿਸ ਨੂੰ ਇਤਿਹਾਸ ਵਿਚ ਕਾਮਾਗਾਟਾਮਾਰੂ ਜਾਂ ਬਜ ਬਜ ਘਾਟ ਦੇ ਦੁਖਾਂਤ ਵਜੋਂ ਯਾਦ ਕੀਤਾ ਜਾਂਦਾ ਹੈ। ਇਸੇ ਕਾਮਾਗਾਟਾਮਾਰੂ ਜਹਾਜ਼ ਜਿਸ ਨੂੰ 'ਗੁਰੂ ਨਾਨਕ ਜਹਾਜ਼' ਦਾ ਨਾਂ ਦਿੱਤਾ ਗਿਆ, ਦੇ ਦੁਖਾਂਤ ਨੂੰ ਪੇਸ਼ ਕਰਦੀ ਹੈ। ਇਸ ਫ਼ਿਲਮ ਨੂੰ ਲਿਖਿਆ ਹਰਨਵ ਬੀਰ ਸਿੰਘ ਅਤੇ ਸ਼ਰਨ ਆਰਟ, ਡਾਇਰੈਕਟ ਸ਼ਰਨ ਆਰਟ ਅਤੇ ਮਨਪ੍ਰੀਤ ਜੌਹਲ ਦੁਆਰਾ ਪ੍ਰੋਡਿਊਸ ਕਰਕੇ ਵਿਹਲੀ ਜਨਤਾ ਦੇ ਲੇਬਲ ਹੇਠ ਪੇਸ਼ ਕੀਤਾ ਗਿਆ ਹੈ।




ਫ਼ਿਲਮ ਵਿਚ ਮੁੱਖ ਅਦਾਕਾਰ ਪੰਜਾਬੀ ਗਾਇਕ ਅਤੇ ਅਦਾਕਾਰ ਤਰਸੇਮ ਜੱਸੜ, ਗੁਰਪ੍ਰੀਤ ਘੁੱਗੀ, ਮਾਰਕ ਬਿਨਿੰਗਟਨ, ਬਲਵਿੰਦਰ ਬੁਲਟ ਅਤੇ ਹਰਸ਼ਰਨ ਸਿੰਘ ਸ਼ਾਮਿਲ ਹਨ। ਫ਼ਿਲਮ ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਦੇ ਵਾਕ ਉੱਤੇ ਖਰੀ ਉਤਰਦੀ ਹੈ। ਫ਼ਿਲਮ ਦੇਖ ਕੇ ਪੰਜਾਬ ਦੇ ਸੂਰਬੀਰ ਯੋਧਿਆਂ ਦੀਆਂ ਕੁਰਬਾਨੀਆਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ, ਜਿਸ ਨੂੰ ਸਮੇਂ ਦੀਆਂ ਸਰਕਾਰਾਂ ਨੇ ਬਹੁਤ ਮਾਣ ਸਨਮਾਨ ਨਹੀਂ ਦਿੱਤਾ। ਇਹੀ ਕਾਰਨ ਹੈ ਕਿ ਬਹੁਤੇ ਪੰਜਾਬੀ ਕਾਮਾਗਾਟਾਮਾਰੂ ਜਹਾਜ਼ ਦੇ ਨਾਂ 'ਤੋਂ ਵੀ ਅਣਜਾਣ ਹਨ। ਫ਼ਿਲਮ ਜਿਥੇ ਇਤਿਹਾਸ ਦੇ ਪੰਨਿਆਂ 'ਤੇ ਜੰਮੀ ਧੂੜ ਉਠਾ ਕੇ ਗਿਆਨ ਵਿਚ ਵਾਧਾ ਕਰਨ ਵਾਲੀ ਹੈ, ਉਥੇ ਪੰਜਾਬੀ ਫ਼ਿਲਮ ਇੰਡਸਟਰੀ ਲਈ ਇਤਿਹਾਸਕ ਫ਼ਿਲਮਾਂ ਬਣਾਉਣ ਦੀ ਕੜੀ ਵਿਚ ਇੱਕ ਹੋਰ ਕੜੀ ਆ ਜੁੜਦੀ ਹੈ। ਇੱਕ ਮਈ ਨੂੰ ਓਮ ਜੀ ਵਰਲਡ ਦੁਆਰਾ ਵਰਲਡਵਾਈਡ ਡਿਸਟਰੀਬਿਊਸ਼ਨ ਹੋਣ ਵਾਲੀ ਗੁਰੂ ਨਾਨਕ ਜਹਾਜ਼ ਫ਼ਿਲਮ ਦਾ ਸੁਆਗਤ ਕਰਦੇ ਹਾਂ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਚਾਹੁਣ ਵਾਲਿਆਂ ਦੇ ਨਾਲ ਨਾਲ ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਵੀ ਫ਼ਿਲਮ ਵਰਦਾਨ ਸਿੱਧ ਹੋਵੇਗੀ।

# ਪੋਲ ਵਾਲਟ ਦਾ ਰੌਕਿਟ ਆਰਮੰਡ ਡੁਪਲਾਂਟਿਸ

## ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661


ਆਰਮੰਡ ਡੁਪਲਾਂਟਿਸ ਪੋਲ ਵਾਲਟ ਦਾ ਮੌਜੂਦਾ ਓਲੰਪਿਕ ਚੈਂਪੀਅਨ ਤੇ ਵਿਸ਼ਵ ਚੈਂਪੀਅਨ ਹੈ। ਓਲੰਪਿਕ ਖੇਡਾਂ ਤੇ ਵਰਲਡ ਚੈਂਪੀਅਨਸ਼ਿਪਸ ਦੇ ਵਿਸ਼ਵ ਰਿਕਾਰਡ ਵੀ ਉਹਦੇ ਨਾਂ ਹਨ। ਉਸ ਨੂੰ 2025 ਦਾ ਬਿਹਤਰੀਨ ਖਿਡਾਰੀ ਤੇ ਲੌਰੀਅਸ ਅਥਲੀਟ ਮੰਨਿਆ ਗਿਐ। ਉਸ ਤੋਂ ਪਹਿਲਾਂ ਪੋਲ ਵਾਲਟ ਦੀ ਝੰਡੀ ਸਰਗੀ ਬੁਬਕਾ ਦੇ ਹੱਥ ਸੀ। ਵੀਹਵੀਂ ਸਦੀ 'ਚ ਉਹਦੀ ਗੁੱਡੀ ਅਸਮਾਨੀਂ ਚੜ੍ਹੀ ਰਹੀ। ਉਸ ਨੂੰ 'ਫਲਾਈਂਗ ਬਰਡ' ਕਿਹਾ ਜਾਂਦਾ ਰਿਹਾ। ਉਹ ਦੁਨੀਆ ਦਾ ਪਹਿਲਾ ਪੋਲ ਵਾਲਟਰ ਹੋਇਆ ਜਿਸ ਨੇ 6 ਮੀਟਰ ਤੋਂ ਉੱਚਾ ਟੱਪਣ ਦੀ ਹੱਦ ਪਹਿਲੀ ਵਾਰ ਤੋੜੀ। ਉਸਨੇ ਪੋਲ ਵਾਲਟ ਦੇ ਵਿਸ਼ਵ ਰਿਕਾਰਡ 17 ਵਾਰ ਨਵਿਆਏ ਤੇ ਆਪਣੇ ਖੇਡ ਕੈਰੀਅਰ ਦੌਰਾਨ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਵਿਚੋਂ 6 ਗੋਲਡ ਮੈਡਲ ਜਿੱਤੇ ਸਨ ਜੋ ਆਪਣੇ ਆਪ 'ਚ ਅਨੋਖਾ ਰਿਕਾਰਡ ਹੈ। ਉਹਦਾ ਜਨਮ 4 ਦਸੰਬਰ 1963 ਨੂੰ ਸੋਵੀਅਤ ਰੂਸ ਵਿਚ ਹੋਇਆ ਸੀ। ਉਸ ਦਾ 31 ਜੁਲਾਈ 1991 ਨੂੰ ਰੱਖਿਆ 6.14 ਮੀਟਰ ਦਾ ਵਿਸ਼ਵ ਰਿਕਾਰਡ 2015 ਤਕ ਕਾਇਮ ਰਿਹਾ। ਆਖ਼ਰ ਉਹ ਰਿਕਾਰਡ ਸਵੀਡਨ ਦੇ ਆਰਮੰਡ ਡੁਪਲਾਂਟਿਸ ਉਰਫ਼ 'ਮੋਂਡੋ' ਨੇ 24 ਸਾਲਾਂ ਬਾਅਦ 6.15 ਮੀਟਰ ਉੱਚੀ ਛਾਲ ਲਾ ਕੇ ਤੋੜਿਆ।

ਸਵੀਡਿਸ਼-ਅਮਰੀਕਨ ਅਥਲੀਟ, ਆਰਮਡ ਗੁਸਤਾਵ ਡੁਪਲਾਂਟਿਸ ਦਾ ਜਨਮ 10 ਨਵੰਬਰ 1999 ਨੂੰ ਅਮਰੀਕਾ ਵਿਚ ਹੋਇਆ ਸੀ ਪਰ ਉਹ ਸਵੀਡਨ ਦੀ ਪ੍ਰਤੀਨਿਧਤਾ ਕਰਦਾ ਹੈ। ਹੁਣ ਉਸ ਨੂੰ ਸਰਬ ਸਮਿਆਂ ਦਾ ਸਭ ਤੋਂ ਮਹਾਨ ਪੋਲ ਵਾਲਟਰ ਕਿਹਾ ਜਾ ਰਿਹੈ। ਉਸ ਨੇ 6.27 ਮੀਟਰ ਯਾਨੀ 20 ਫੁੱਟ 7 ਇੰਚ ਉੱਚੀ ਛਾਲ ਲਾਉਣ ਦਾ ਵਿਸ਼ਵ ਰਿਕਾਰਡ ਰੱਖਿਆ ਤੇ ਗਲੋਬ ਦੇ 7 ਸੀਨੀਅਰ ਟਾਈਟਲ ਜਿੱਤੇ ਹਨ। ਓਲੰਪਿਕ ਖੇਡਾਂ ਦੇ 2 ਗੋਲਡ ਮੈਡਲ, ਆਊਟਡੋਰ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਦੇ ਵੀ 2 ਗੋਲਡ ਮੈਡਲ ਤੇ ਤਿੰਨ ਵਾਰ ਇਨਡੋਰ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਜਿੱਤੀਆਂ ਹਨ। ਯੂਰਪੀਨ ਤੇ ਹੋਰ ਚੈਂਪੀਅਨਸ਼ਿਪਾਂ ਜਿੱਤਣੀਆਂ ਤਾਂ ਮਾਮੂਲੀ ਗੱਲ ਸਨ। ਅਜੇ ਉਹ ਭਰ ਜੁਆਨ ਹੈ। ਕੀ ਪਤਾ ਪੋਲ ਵਾਲਟ ਦੀ ਬਾਰ ਹੋਰ ਕਿੰਨੀ ਉੱਚੀ ਕਰਾ ਜਾਵੇ?

'ਮੋਂਡੋ' ਡੁਪਲਾਂਟਿਸ ਲਈ 5 ਅਗਸਤ 2024 ਦਾ ਦਿਨ ਸਭ ਤੋਂ ਵੱਧ ਕਰਮਾਂ ਵਾਲਾ ਸਿੱਧ ਹੋਇਆ। ਉਦਣ ਪੈਰਿਸ ਦੀਆਂ ਓਲੰਪਿਕ ਖੇਡਾਂ ਵਿਚ ਪੋਲ ਵਾਲਟ ਦਾ ਫਾਈਨਲ ਮੁਕਾਬਲਾ ਹੋਣਾ ਸੀ। 2020 ਦੀਆਂ ਓਲੰਪਿਕ ਖੇਡਾਂ ਜੋ ਕੋਵਿਡ ਕਾਰਨ 2021 'ਚ ਟੋਕੀਓ ਵਿਖੇ ਹੋਈਆਂ, ਉਨ੍ਹਾਂ 'ਚੋਂ ਡੁਪਲਾਂਟਿਸ ਪੋਲ ਵਾਲਟ ਦਾ ਗੋਲਡ ਮੈਡਲ ਜਿੱਤ ਚੁੱਕਾ ਸੀ। ਜੇਕਰ ਉਹ ਪੈਰਿਸ ਤੋਂ ਵੀ ਗੋਲਡ ਮੈਡਲ ਜਿੱਤਦਾ ਤਾਂ ਅਨੋਖੀ ਗੱਲ ਹੋਣੀ ਸੀ ਕਿਉਂਕਿ 1896 ਤੋਂ ਸਿਵਾਏ ਇਕ ਪੋਲ ਵਾਲਟਰ ਦੇ ਕੋਈ ਹੋਰ ਪੋਲ ਵਾਲਟਰ ਦੂਜੀ ਵਾਰ ਓਲੰਪਿਕ ਖੇਡਾਂ ਦਾ ਗੋਲਡ ਮੈਡਲ ਨਹੀਂ ਸੀ ਜਿੱਤ ਸਕਿਆ। ਇਥੋਂ ਤਕ ਕਿ ਯੂਕਰੇਨ ਦਾ 'ਫਲਾਈਂਗ ਬਰਡ' ਸਰਗੀ ਬੁਬਕਾ ਵੀ ਨਹੀਂ ਜਿੱਤਿਆ।

ਪੈਰਿਸ ਦੇ ਫਾਈਨਲ ਮੁਕਾਬਲੇ ਸਮੇਂ ਸਥਿਤੀ ਇਹ ਬਣੀ ਕਿ 5.95 ਮੀਟਰ ਦੀ ਉਚਾਈ ਕਿਸੇ ਪੋਲ ਵਾਲਟਰ ਤੋਂ ਪਾਰ ਨਾ ਹੋਈ। ਰਹਿ ਗਿਆ 'ਕੱਲਾ ਡੁਪਲਾਂਟਿਸ ਜੋ ਪਹਿਲੇ ਹੱਲੇ ਹੀ 6 ਮੀਟਰ ਦੀ ਉਚਾਈ ਪਾਰ ਗਿਆ। ਇੰਜ ਗੋਲਡ ਮੈਡਲ ਤਾਂ ਉਸ ਦਾ ਬਣ ਗਿਆ ਪਰ ਓਲੰਪਿਕ ਖੇਡਾਂ ਦਾ ਰਿਕਾਰਡ ਨਾ ਟੁੱਟਿਆ ਜੋ 2016 ਦੀਆਂ ਓਲੰਪਿਕ ਖੇਡਾਂ ਦੇ ਪੋਲ ਵਾਲਟ ਜੇਤੂ ਠਿਆਗੋ ਬਰਾਜ਼ ਦੇ ਨਾਂ ਸੀ। ਉਹਦਾ ਰਿਕਾਰਡ ਤੋੜਨ ਲਈ ਉਸ ਨੇ ਬਾਰ 6.10 ਮੀਟਰ ਉੱਚੀ ਕਰਵਾਈ ਤੇ ਸਫਲ ਛਾਲ ਲਾ ਕੇ ਗੋਲਡ ਮੈਡਲ ਨਾਲ ਓਲੰਪਿਕ ਖੇਡਾਂ ਦਾ ਨਵਾਂ ਰਿਕਾਰਡ ਵੀ ਆਪਣੇ ਨਾਂ ਕਰ ਲਿਆ। ਫਿਰ ਉਸ ਨੇ ਬਾਰ 5 ਜਾਂ 10 ਸੈਂਟੀਮੀਟਰ ਉੱਚੀ ਕਰਵਾਉਣ ਦੀ ਥਾਂ 'ਕੱਠੀ 15 ਸੈਂਟੀਮੀਟਰ ਉੱਚੀ ਕਰਵਾ ਕੇ 6.24 ਮੀਟਰ ਦਾ ਆਪਣਾ ਹੀ ਰੱਖਿਆ ਵਿਸ਼ਵ ਰਿਕਾਰਡ ਨਵਿਆਉਣ ਦਾ ਫੈਸਲਾ ਕੀਤਾ।

ਉਹਦੇ ਕਹਿਣ 'ਤੇ ਬਾਰ 6.25 ਮੀਟਰ ਉੱਚੀ ਕਰ ਦਿੱਤੀ ਗਈ। ਅਨਾਊਂਸਮੈਂਟ ਹੋਈ ਤਾਂ ਸਟੇਡੀਅਮ 'ਚ ਮੌਜੂਦ ਸਾਰੇ ਦਰਸ਼ਕਾਂ ਦੀਆਂ ਨਜ਼ਰਾਂ ਪੋਲ ਵਾਲਟ ਦੇ ਸਟੈਂਡ ਵੱਲ ਮੁੜ ਗਈਆਂ। ਗੋਰੇ ਨਿਛੋਹ ਰੰਗ, ਭੂਰੇ ਵਾਲ ਤੇ ਬਿੱਲੀਆਂ ਅੱਖਾਂ ਵਾਲੇ ਛੇ ਫੁੱਟੇ ਸਵੀਡਨੀਏ ਨੇ ਫਾਈਬਰ ਗਲਾਸ ਦਾ ਪੋਲ ਹੱਥਾਂ 'ਚ ਫੜ ਕੇ ਜੋਹਿਆ ਤੇ ਤੇਜ਼ ਦੌੜਨਾ ਸ਼ੁਰੂ ਕੀਤਾ। ਦੌੜ ਕੇ ਛਾਲ ਲਾਈ ਤਾਂ ਬਾਰ ਉਹਦੇ ਨਾਲ ਹੀ ਹੇਠਾਂ ਜਾ ਡਿੱਗੀ। ਸਾਹਮਣੇ ਬੈਠੀ ਉਹਦੀ ਗਰਲ ਫ੍ਰੈਂਡ ਨੇ ਲੰਮਾ ਹਉਕਾ ਭਰਿਆ। ਫਿਰ ਉਸ ਨੇ ਦੁਬਾਰਾ ਛਾਲ ਲਾਈ ਜੋ ਸਫਲ ਨਾ ਹੋ ਸਕੀ। ਸਭ ਨੂੰ ਨਿਰਾਸ਼ਾ ਹੋਈ। ਤੀਜੀ ਛਾਲ ਉਹਦਾ ਆਖ਼ਰੀ ਮੌਕਾ ਸੀ। ਉਸ ਨੇ ਪ੍ਰਸ਼ੰਸਕਾਂ 'ਚ ਬੈਠੀ ਆਪਣੀ ਪ੍ਰੇਮਕਾ ਵੱਲ ਫਿਰ ਵੇਖਿਆ ਜਿਸ ਨੇ ਹੌਸਲਾ ਵਧਾਊ ਚੁੰਮਣ ਹਵਾ 'ਚ ਸੁੱਟਿਆ ਜੋ ਪ੍ਰੇਮੀ ਨੇ ਬੋਚਣ ਦਾ ਸੰਕੇਤ ਦਿੱਤਾ। ਮੋਂਡੋ ਮੁੜ ਰਨ ਵੇਅ ਵੱਲ ਵਧਿਆ। ਆਰ ਜਾਂ ਪਾਰ ਚਿਤਵ ਕੇ ਰਨ ਵੇਅ 'ਤੇ ਸਿਰ ਮੈਦਾਨ ਦੌੜਿਆ।




ਬਕਸੇ ਵਿਚ ਪੋਲ ਠੀਕ ਲੱਗਾ, ਫਾਈਬਰ ਗਲਾਸ ਪੋਲ ਦਾ ਪੂਰਾ ਹੁਲਾਰਾ ਮਿਲਿਆ, ਬਾਰ ਕਰਾਸ ਕਰਦਿਆਂ ਮੋਂਡੋ ਨੇ ਐਸੀ ਟਪੂਸੀ ਮਾਰੀ ਕਿ ਬਾਰੇ ਥਾਏਂ ਖੜ੍ਹੀ ਰਹੀ। ਸਫਲ ਛਾਲ ਦੀ ਝੰਡੀ ਵੇਖੇ ਬਿਨਾਂ ਉਹ ਪਿੱਚ ਤੋਂ ਸਟੈਂਡਾਂ ਵੱਲ ਦੌੜਿਆ ਤੇ ਆਪਣੀ ਪ੍ਰੇਮਕਾ ਦੇ ਚੁੰਮਣਾਂ ਵਿਚ ਲਿਪਤ ਹੋ ਗਿਆ। ਕੈਮਰਿਆਂ ਨੇ ਉਹ ਦ੍ਰਿਸ਼ ਸਦਾ ਲਈ ਸੰਭਾਲ ਲਿਆ। ਓਲੰਪਿਕ ਖੇਡਾਂ ਦੇ ਰਿਕਾਰਡ ਨਾਲ ਨਵਾਂ ਵਿਸ਼ਵ ਰਿਕਾਰਡ ਵੀ ਰੱਖਿਆ ਗਿਆ: 6.25 ਮੀਟਰ! ਮੋਂਡੋ ਨੇ ਟ੍ਰੈਕ 'ਤੇ ਜੇਤੂ ਗੇੜੀ ਦਿੱਤੀ ਤਾਂ ਤਾੜੀਆਂ ਦਾ ਸ਼ੋਰ ਲਗਾਤਾਰ ਗੂੰਜਦਾ ਰਿਹਾ।

ਮੋਂਡੋ ਦੀ ਇਸ ਜਿੱਤ ਤੋਂ ਪਹਿਲਾਂ ਓਲੰਪਿਕ ਖੇਡਾਂ ਦੇ ਇਤਿਹਾਸ ਵਿਚ ਕੇਵਲ ਬੌਬ ਰਿਚਰਡ ਹੀ ਸੀ ਜਿਸ ਨੇ 1952 ਵਿਚ ਹੈਲਸਿੰਕੀ ਤੇ 1956 ਵਿਚ ਮੈਲਬਰਨ ਦੀਆਂ ਓਲੰਪਿਕ ਖੇਡਾਂ 'ਚੋਂ ਪੋਲ ਵਾਲਟ ਦੇ ਦੋ ਗੋਲਡ ਮੈਡਲ ਜਿੱਤੇ ਸਨ। 68 ਸਾਲਾਂ ਬਾਅਦ ਮੋਂਡੋ ਡੁਪਲਾਂਟਿਸ ਦੀ ਜਿੱਤ ਨਾਲ ਸਾਰੀ ਦੁਨੀਆ ਵਿਚ ਉਹਦੀ ਜੈ ਜੈ ਕਾਰ ਹੋ ਗਈ। ਉਹ ਐਸਾ ਪੋਲ ਵਾਲਟਰ ਹੈ ਜਿਸ ਨੇ ਯੂਥ, ਜੂਨੀਅਰ ਤੇ ਸੀਨੀਅਰ ਵਿਸ਼ਵ ਚੈਂਪੀਅਨਸ਼ਿਪਾਂ ਦੇ ਤਿੰਨੇ ਵਿਸ਼ਵ ਰਿਕਾਰਡ ਆਪਣੇ ਨਾਂ ਕੀਤੇ।

*

ਆਰਮੰਡ ਡੁਪਲਾਂਟਿਸ ਪੋਲ ਵਾਲਟਰ ਪਿਓ ਦਾ ਪੁੱਤਰ ਹੈ ਜੋ ਚਾਰ ਸਾਲਾਂ ਦੀ ਉਮਰ ਤੋਂ ਹੀ ਪੋਲ ਵਾਲਟ ਨਾਲ ਪੰਗੇ ਲੈਣ ਲੱਗ ਪਿਆ ਸੀ। ਇਹ ਸਮਝ ਲਓ ਕਿ ਉਹ ਤੁਰਨ ਹੀ ਨਿੱਕੇ ਜਿਹੇ ਪੋਲ ਨਾਲ ਲੱਗਾ ਸੀ। ਉਸ ਨੇ 15 ਸਾਲ ਦੀ ਉਮਰ ਤੋਂ ਵੱਖ-ਵੱਖ ਉਮਰ ਵਰਗਾਂ ਦੇ ਨਵੇਂ ਵਿਸ਼ਵ ਰਿਕਾਰਡ ਰੱਖਣੇ ਸ਼ੁਰੂ ਕਰ ਲਏ ਤੇ ਆਪਣੇ ਕੋਚ ਬਾਪ ਦੇ ਸੁਪਨੇ ਸਾਕਾਰ ਕਰਨ ਲੱਗ ਪਿਆ ਸੀ। ਮੋਂਡੋਨੇ 2015 ਵਿਚ ਹੀ 5.30 ਮੀਟਰ ਦੀ ਉਚਾਈ ਪਾਰ ਕਰ ਲਈ। 2016 ਵਿਚ 5.51 ਮੀਟਰ, 2017 'ਚ 5.90, 2018 'ਚ 6.05, 2020 'ਚ 6.15, 2022 ਵਿਚ 6.21, 2023 'ਚ 6.23, 2024 'ਚ 6.25 ਅਤੇ 2025 ਵਿਚ 6.27 ਮੀਟਰ ਦਾ ਨਵਾਂ ਵਿਸ਼ਵ ਰਿਕਾਰਡ ਰੱਖਿਆ। ਉਹ ਵਿਸ਼ਵ ਦਾ ਪਹਿਲਾ ਪੋਲ ਵਾਲਟਰ ਹੈ ਜਿਸ ਨੇ 6.20 ਮੀਟਰ ਦੀ ਹੱਦ ਪਹਿਲੀ ਵਾਰ ਤੋੜੀ। ਉਹ ਹੁਣ 26ਵੇਂ ਸਾਲ ਵਿਚ ਹੈ ਤੇ ਉਹਦਾ ਨਿਸ਼ਾਨਾ 6.30 ਮੀਟਰ ਦੀ ਹੱਦ ਪਾਰ ਕਰਨਾ ਹੈ।

ਪੋਲ ਵਾਲਟ ਅਥਲੈਟਿਕਸ ਦਾ ਸਭ ਤੋਂ ਖ਼ਤਰਨਾਕ ਈਵੈਂਟ ਮੰਨਿਆ ਜਾਂਦਾ ਹੈ। ਵੀਹ-ਵੀਹ ਫੁੱਟ ਉੱਚੀਆਂ ਛਾਲਾਂ ਲਾਉਂਦਿਆਂ ਅਕਸਰ ਮਾਰੂ ਸੱਟਾਂ ਲੱਗਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਪੋਲ ਵਾਲਟ ਦਾ ਜਨਮ ਸੋਟੀ ਜਾਂ ਵੰਝ ਦੇ ਸਹਾਰੇ ਕੰਧਾਂ, ਖਾਈਆਂ ਤੇ ਹੋਰ ਰੁਕਾਵਟਾਂ ਟੱਪਣ ਤੋਂ ਸ਼ੁਰੂ ਹੋਇਆ ਸੀ। ਪਹਿਲਾਂ ਪਹਿਲ ਜਿਹੜੀ ਰੋਕ ਉਂਜ ਨਹੀਂ ਸੀ ਟੱਪੀ ਜਾਂਦੀ, ਡਾਂਗ ਜਾਂ ਵੰਝ ਦੇ ਸਹਾਰੇ ਨਾਲ ਟੱਪਣੀ ਸ਼ੁਰੂ ਹੋਈ। ਸਮੇਂ ਨਾਲ ਵਿਕਸਤ ਹੁੰਦੀ ਇਹ ਤਕਨੀਕ ਖੇਡ ਕਰਤਬ ਬਣ ਗਈ ਜੋ ਓਲੰਪਿਕ ਖੇਡਾਂ ਤਕ ਜਾ ਪੁੱਜੀ। ਪਹਿਲੀਆਂ ਓਲੰਪਿਕ ਖੇਡਾਂ 'ਚ ਅਮਰੀਕਾ ਦਾ ਵਿਲੀਅਮ ਹੋਅਟ ਸਿਰਫ 3.30 ਮੀਟਰ ਉੱਚਾ ਟੱਪ ਕੇ ਓਲੰਪਿਕ ਚੈਂਪੀਅਨ ਬਣ ਗਿਆ ਸੀ ਜਦ ਕਿ ਪੈਰਿਸ ਵਿਖੇ 2024 ਦੀਆਂ ਓਲੰਪਿਕ ਖੇਡਾਂ 'ਚ ਸਵੀਡਨ ਦਾ ਡੁਪਲਾਂਟਿਸ 6.25 ਮੀਟਰ ਉੱਚਾ ਟੱਪ ਕੇ ਗੋਲਡ ਮੈਡਲ ਜਿੱਤ ਸਕਿਆ।

ਮੋਂਡੋ ਡੁਪਲਾਂਟਿਸ ਦਾ ਜਨਮ ਖਿਡਾਰੀਆਂ ਦੇ ਪਰਿਵਾਰ 'ਚ ਅਮਰੀਕਾ ਦੀ ਸਟੇਟ ਲੁਸਿਆਨਾ ਦੇ ਸ਼ਹਿਰ ਲਾਫਾਏਟ ਵਿਚ ਹੋਇਆ। ਉਹਦਾ ਪਿਉ ਗ੍ਰੈੱਗ ਡੁਪਲਾਂਟਿਸ ਅਮਰੀਕਨ ਹੈ ਤੇ ਮਾਂ ਹਲੇਨਾ ਡੁਪਲਾਂਟਿਸ ਸਵੀਡਸ਼ ਮੂਲ ਦੀ ਹੈ। ਗ੍ਰੈੱਗ ਡੁਪਲਾਂਟਿਸ ਖ਼ੁਦ ਅੰਤਰਰਾਸ਼ਟਰੀ ਪੱਧਰ ਦਾ ਪੋਲ ਵਾਲਟਰ ਰਿਹਾ। ਉਸ ਨੇ 5.80 ਮੀਟਰ ਯਾਨੀ 19 ਫੁੱਟ ਅੱਧਾ ਇੰਚ ਉੱਚੀ ਛਾਲ ਲਾਈ ਹੋਈ ਹੈ। ਮੋਂਡੋ ਦੀ ਮਾਂ ਹੈਪਟੈਥਲੀਟ ਤੇ ਵਾਲੀਬਾਲ ਦੀ ਵਧੀਆ ਖਿਡਾਰਨ ਰਹੀ ਹੈ। ਮੋਂਡੋ ਅਮਰੀਕਾ 'ਚ ਜੰਮਿਆ ਹੋਣ ਕਰਕੇ ਅੰਗਰੇਜ਼ੀ ਉਸ ਦੀ ਪਹਿਲੀ ਭਾਸ਼ਾ ਹੈ ਤੇ ਸਵੀਡਿਸ਼ ਦੂਜੀ ਭਾਸ਼ਾ। ਉਹ ਛੁੱਟੀਆਂ ਵਿਚ ਆਪਣੀ ਮਾਂ ਨਾਲ ਤੇ ਫਿਰ ਇਕੱਲਾ ਸਵੀਡਨ ਆਪਣੇ ਨਾਨਕੀਂ ਚਲਾ ਜਾਂਦਾ ਜਿਥੇ ਉਹਦੇ ਨਾਨੇ ਨਾਨੀ ਦਾ ਪਰਿਵਾਰ ਸੀ। ਇੰਜ ਉਹ ਅਮਰੀਕਾ ਦਾ ਵੀ ਸਿਟੀਜ਼ਨ ਹੈ ਤੇ ਸਵੀਡਨ ਦਾ ਵੀ।

ਜਦੋਂ ਉਹ ਪੋਲ ਵਾਲਟ ਦੇ ਅੰਤਰਰਾਸ਼ਟਰੀ ਮੁਕਾਬਲਿਆਂ 'ਚ ਭਾਗ ਲੈਣ ਲੱਗਾ ਤਾਂ ਉਸ ਨੂੰ ਨਾਨਕਿਆਂ ਦੇ ਦੇਸ਼ ਸਵੀਡਨ ਤੇ ਦਾਦਕਿਆਂ ਦੇ ਦੇਸ਼ ਅਮਰੀਕਾ 'ਚੋਂ ਇਕ ਚੁਣਨਾ ਪੈਣਾ ਸੀ। ਸਵੀਡਨ ਨੇ ਉਸ ਦੇ ਪਿਉ ਗ੍ਰੈੱਗ ਡੁਪਲਾਂਟਿਸ ਨੂੰ ਪੋਲ ਵਾਲਟ ਦਾ ਕੋਚ ਰੱਖ ਲਿਆ ਸੀ। ਪਿਉ ਦੇ ਕਹਿਣ 'ਤੇ ਮੋਂਡੋ ਵੀ ਸਵੀਡਨ ਵੱਲੋਂ ਖੇਡ ਮੁਕਾਬਲਿਆਂ 'ਚ ਭਾਗ ਲੈਣ ਲੱਗਾ। ਇਸ ਦਾ ਦੂਜਾ ਕਾਰਨ ਸੀ ਕਿ ਅਮਰੀਕਾ ਦੇ ਖਿਡਾਰੀ ਖੇਡਾਂ ਮੌਕੇ ਟ੍ਰਾਇਲ ਲੈ ਕੇ ਚੁਣੇ ਜਾਂਦੇ ਹਨ ਜਦ ਕਿ ਸਵੀਡਨ ਦੇ ਖਿਡਾਰੀ ਅਹਿਮ ਮੁਕਾਬਲਿਆਂ ਦੇ ਆਧਾਰ 'ਤੇ ਚੁਣੇ ਜਾਂਦੇ ਹਨ। ਸਵੀਡਨ ਵਾਲਾ ਢੰਗ ਮੋਂਡੋ ਨੂੰ ਵਧੇਰੇ ਚੰਗਾ ਲੱਗਾ। ਉਂਜ ਵੀ ਨਾਨਕਿਆਂ ਦਾ ਪੱਖ ਭਾਰੂ ਸੀ ਤੇ ਮੋਂਡੋ ਨੂੰ ਅੰਗਰੇਜ਼ੀ ਭਾਸ਼ਾ ਦੇ ਨਾਲ ਸਵੀਡਿਸ਼ ਭਾਸ਼ਾ ਵੀ ਚੰਗੀ ਆਉਂਦੀ ਸੀ। ਮੋਂਡੋ ਦੇ ਦੋਵੇਂ ਵੱਡੇ ਭਰਾ ਐਂਡਰੀਜ਼ ਅਤੇ ਐਨਟੋਨੀ ਤੇ ਛੋਟੀ ਭੈਣ ਜੋਹਾਨਾ ਸਭ ਸਵੀਡਨ ਵੱਲੋਂ ਖੇਡਦੇ ਸਨ ਭਾਵੇਂ ਕਿ ਉਨ੍ਹਾਂ ਦੀ ਪੜ੍ਹਾਈ ਅਮਰੀਕਨ ਸਕੂਲਾਂ ਵਿਚ ਹੁੰਦੀ ਸੀ। ਫਿਰ ਉਹ ਲੁਸਿਆਨਾ ਸਟੇਟ ਯੂਨੀਵਰਸਿਟੀ ਦੇ ਵਿਦਿਆਰਥੀ ਬਣਦੇ। ਮੋਂਡੋ ਨੇ 2018 ਵਿਚ ਲਾਫਾਏਟ ਹਾਈ ਸਕੂਲ ਤੋਂ ਗ੍ਰੈਜੂਏਸ਼ਨ ਕਰ ਕੇ ਲੁਸੀਆਨਾ ਸਟੇਟ ਯੂਨੀਵਰਸਿਟੀ ਵਿਚ ਦਾਖ਼ਲਾ ਲਿਆ ਸੀ ਪਰ ਇਕ ਸਾਲ ਬਾਅਦ ਪੜ੍ਹਾਈ ਵਿਚੇ ਛੱਡ ਕੇ ਪ੍ਰੋਫੈਸ਼ਨਲ ਪੋਲ ਵਾਲਟਰ ਬਣ ਗਿਆ।

ਉਹਦੀ ਪਹਿਲੀ ਵੱਡੀ ਜਿੱਤ 2015 ਦੀ ਵਰਲਡ ਯੂਥ ਚੈਂਪੀਅਨਸ਼ਿਪ 'ਚ ਹੋਈ। 2016 ਵਿਚ ਉਸ ਨੇ ਅੰਡਰ-20 ਵਰਲਡ ਚੈਂਪੀਅਨਸ਼ਿਪ 'ਚੋਂ ਕਾਂਸੀ ਦਾ ਤਗਮਾ ਜਿੱਤਿਆ। 2017 ਵਿਚ ਉਸ ਨੇ ਅੰਡਰ-20 ਦਾ ਯੂਰਪੀ ਟਾਈਟਲ ਜਿੱਤਿਆ ਤੇ 2018 ਵਿਚ ਵਰਲਡ ਅੰਡਰ-20 ਦਾ ਚੈਂਪੀਅਨ ਟਾਈਟਲ। ਜਿਵੇਂ ਤੇਜ਼-ਤਰਾਰ ਦੌੜਾਕ ਉਸੈਨ ਬੋਲਟ ਨੇ ਯੂਥ, ਜੂਨੀਅਰ ਤੇ ਸੀਨੀਅਰ ਵਿਸ਼ਵ ਚੈਂਪੀਅਨਸ਼ਿਪਾਂ ਦੇ ਟਾਈਟਲ ਜਿੱਤੇ ਉਵੇਂ ਮੋਂਡੋ ਨੇ ਵੀ ਤਿੰਨੇ ਟਾਈਟਲ ਜਿੱਤੇ। 2020 ਵਿਚ ਉਸ ਨੂੰ ਵਰਲਡ ਅਥਲੀਟ ਆਫ਼ ਦਾ ਯੀਅਰ ਐਲਾਨਿਆ ਗਿਆ। 2021 ਤੋਂ 2024 ਤਕ ਉਹ ਡਾਇਮੰਡ ਲੀਗਾਂ ਦਾ ਵੀ ਚੈਂਪਅਨ ਬਣਦਾ ਰਿਹਾ।

ਪੋਲ ਵਾਲਟ ਦੇ ਇਤਿਹਾਸ ਵਿਚ 6 ਮੀਟਰ ਦੀ ਉਚਾਈ ਉਸ ਨੇ ਸਭ ਤੋਂ ਵੱਧ ਵਾਰ ਟੱਪੀ ਹੈ। ਸਰਗੀ ਬੁਬਕਾ ਨੇ 6 ਮੀਟਰ ਦੀ ਉਚਾਈ 46 ਵਾਰ ਟੱਪੀ ਜੋ ਮੋਂਡੋ ਡੁਪਲਾਂਟਿਸ 102 ਵਾਰ ਟੱਪ ਚੁੱਕੈ। ਉਹ 6.16 ਮੀਟਰ ਦੇ ਵਿਸ਼ਵ ਰਿਕਾਰਡ ਨੂੰ 6.27 ਮੀਟਰ ਤਕ ਲੈ ਗਿਆ ਹੈ। ਉਹ ਕੇਵਲ 7 ਸਾਲਾਂ ਦਾ ਸੀ ਜਦੋਂ 3.86 ਮੀਟਰ ਭਾਵ 12 ਫੁੱਟ 8 ਇੰਚ ਉੱਚੀ ਛਲਾਂਗ ਲਾ ਗਿਆ ਸੀ। ਡੁਪਲਾਂਟਿਸ ਦਾ ਨਿੱਕਾ ਨਾਂ 'ਮੋਂਡੋ' ਉਹਦੇ ਬਾਪ ਦੇ ਇਤਾਲਵੀ ਦੋਸਤ ਨੇ ਰੱਖਿਆ ਸੀ ਜੋ ਇਟਲੀ ਤੋਂ ਸੀ। ਇਤਾਲਵੀ ਵਿਚ ਇਸ ਦਾ ਅਰਥ ਹੈ 'ਦੁਨੀਆ'। ਉਹ ਸੱਚਮੁੱਚ ਦੁਨੀਆ ਦਾ ਚੈਂਪੀਅਨ ਬਣਿਆ। 2020, 2022 ਤੇ 2023 ਦਾ ਉਹ ਵਰਲਡ ਅਥਲੀਟ ਆਫ਼ ਦਾ ਯੀਅਰ ਅਵਾਰਡ ਹਾਸਲ ਕਰਦਾ ਰਿਹਾ। 2024 ਦਾ ਸਾਲ ਉਹਦੇ ਲਈ ਸਭ ਤੋਂ ਵੱਡੀਆਂ ਜਿੱਤਾਂ ਵਾਲਾ ਰਿਹਾ। ਉਸ ਨੇ ਓਲੰਪਿਕ ਖੇਡਾਂ ਦਾ ਦੂਜਾ ਟਾਈਟਲ, ਦੂਜਾ ਵਰਲਡ ਇਨਡੋਰ ਟਾਈਟਲ, ਤੀਜਾ ਯੂਰਪੀਨ ਟਾਈਟਲ ਤੇ ਕਈ ਹੋਰ ਮਹੱਤਵ ਪੂਰਨ ਟਾਈਟਲ ਜਿੱਤੇ।

2024 ਦੀ ਡਾਇਮੰਡ ਲੀਗ ਵਿਚ ਭਾਗ ਲੈਂਦਿਆਂ ਮੋਂਡੋ ਨੇ 6.26 ਮੀਟਰ ਉੱਚਾ ਟੱਪ ਕੇ ਆਪਣਾ ਹੀ ਵਿਸ਼ਵ ਰਿਕਾਰਡ ਦਸਵੀਂ ਵਾਰ ਨਵਿਆਇਆ। ਉਸ ਸਾਲ ਉਸ ਨੂੰ ਵਿਸ਼ਵ ਦਾ ਅਨਮੋਲ ਅਥਲੀਟ ਹੋਣ ਦਾ ਅਵਾਰਡ ਮਿਲਿਆ। ਜਿਊਰਿਖ ਡਾਇਮੰਡ ਲੀਗ ਦੇ ਮੁਕਾਬਲਿਆਂ ਤੋਂ ਪਹਿਲਾਂ 4 ਸਤੰਬਰ 2024 ਨੂੰ ਮੋਂਡੋ ਦੀ 400 ਮੀਟਰ ਹਰਡਲਜ਼ ਦੇ ਵਿਸ਼ਵ ਰਿਕਾਰਡੀ ਕਰਸਟਨ ਵਾਰਹੋਲਮ ਨਾਲ 100 ਮੀਟਰ ਦੀ ਦੌੜ ਲਗਵਾਈ ਗਈ। ਉਹ ਦੌੜ ਮੋਂਡੋ ਨੇ 10.37 ਸੈਕਿੰਡ 'ਚ ਲਾਈ ਜਦ ਕਿ ਵਾਰਹੋਲਮ 10.47 ਸੈਕਿੰਡ ਨਾਲ ਦੋਮ ਰਿਹਾ। 2025 ਵਿਚ ਉਸ ਨੇ 11ਵਾਂ ਵਰਲਡ ਰਿਕਾਰਡ ਰੱਖਿਆ ਤਾਂ ਉਸ ਨੂੰ ਸੈਂਚਰੀ ਦੇਲੌਰੀਅਸ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

28 ਫਰਵਰੀ 2025 ਦਾ ਦਿਨ ਪੋਲ ਵਾਲਟ ਦੇ ਇਤਿਹਾਸ ਦਾ ਯਾਦਗਾਰੀ ਦਿਵਸ ਹੋ ਨਿੱਬੜਿਆ। ਫਰਾਂਸ ਦੀ ਧਰਤੀ 'ਤੇ ਹੋਈ ਆਲ ਸਟਾਰ ਮੀਟ ਵਿਚ ਮੋਂਡੋ ਨੇ 6.27 ਮੀਟਰ ਉੱਚੀ ਛਾਲ ਲਾ ਕੇ 11ਵੀਂ ਵਾਰ ਵਿਸ਼ਵ ਰਿਕਾਰਡ ਨਵਿਆਇਆ। ਉੱਦਣ ਖ਼ੁਸ਼ੀ ਵਿਚ ਉਹਦਾ ਗੀਤ 'ਬੌਪ' ਰਿਲੀਜ਼ ਕੀਤਾ ਗਿਆ। ਕਈਆਂ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਮੋਂਡੋ ਗੀਤਕਾਰ ਵੀ ਹੈ। ਪੌਮਾ ਕੰਪਨੀ ਦੇ ਸੀਈਓ ਆਰਨੇ ਫਰੂੰਡੈਂਟ ਨਾਲ ਗੱਲ ਬਾਤ ਕਰਦਿਆਂ ਮੋਂਡੋ ਨੇ ਇਥੋਂ ਤਕ ਕਹਿ ਦਿੱਤਾ ਕਿ 6.30 ਮੀਟਰ ਟੱਪਣਾ ਤਾਂ ਮੇਰੀ ਪਹੁੰਚ ਵਿਚ ਹੀ ਹੈ, ਹੋ ਸਕਦੈ ਮੈਂ ਵਿਸ਼ਵ ਰਿਕਾਰਡ 6.40 ਮੀਟਰ ਤੱਕ ਲੈ ਜਾਵਾਂ!

ਜੁਲਾਈ 2020 ਵਿਚ ਮੋਂਡੋ ਨੂੰ ਖਿਡਾਰੀਆਂ ਲਈ ਸਭ ਤੋਂ ਵੱਡਾ ਸਨਮਾਨ ਵਿਕਟੋਰੀਆ ਅਵਾਰਡ ਮਿਲਿਆ। 2025 ਤਕ ਸਪੋਰਟਸ ਦਾ ਸ਼ਾਇਦ ਹੀ ਕੋਈ ਅਵਾਰਡ ਹੋਵੇ ਜੋ ਉਸ ਨੂੰ ਨਾ ਮਿਲਿਆ ਹੋਵੇ। ਸਣੇ ਵਰਲਡ ਅਥਲੈਟਿਕਸ ਅਵਾਰਡ ਦੇ ਤੇ ਬੀਬੀਸੀ ਸਪੋਰਟਸ ਪਰਸਨੈਲਟੀ ਵਰਲਡ ਸਪੋਰਟ ਸਟਾਰ ਦੇ। ਮੋਂਡੋ ਜਿਹੇ ਸਪੋਰਟਸ ਸਟਾਰ ਨਿੱਤ-ਨਿੱਤ ਨਹੀਂ ਜੰਮਦੇ। ਯੂਸਫ ਵਰਗਾ ਸੋਹਣਾ ਸੁਨੱਖਾ ਮੋਂਡੋ ਅੱਜ-ਕੱਲ੍ਹ ਜੁਲੈਖ਼ਾਂ ਵਰਗੀ ਸੋਹਣੀ ਸੁਨੱਖੀ ਸਵੀਡਿਸ਼ ਮਾਡਲ ਡੀਜ਼ਾਇਰ ਇੰਗਲੈਂਡਰ ਨਾਲ ਡੇਟਿੰਗ ਕਰ ਰਿਹੈ। ਉਹ ਉਸ ਨੂੰ 2020 ਵਿਚ ਮਿਡਸਮਰ ਦੀ ਪਾਰਟੀ ਵਿਚ ਮਿਲੀ ਸੀ। 11 ਅਕਤੂਬਰ 2024 ਨੂੰ ਉਨ੍ਹਾਂ ਦੀ ਮੰਗਣੀ ਹੋਈ ਹੈ ਤੇ ਜਿੱਦਣ ਵਿਆਹ ਹੋਇਆ ਉਹਦੇ ਬੈਂਡ ਵਾਜੇ ਕੁਲ ਦੁਨੀਆ ਨੂੰ ਸੁਣ ਜਾਣੇ ਹਨ। ਸੁਭਾਗ ਜੋੜੀ ਲਈ ਸਾਡੇ ਵੱਲੋਂ ਅਗਾਊਂ ਸ਼ੁਭ ਇੱਛਾਵਾਂ!

## ਯਾਦ ਰੱਖਣ ਯੋਗ ਗੱਲਾਂ

* ਦੁਨਿਆਵੀ ਗੱਲਾਂ 'ਤੇ ਹੱਸਣ ਨਾਲੋਂ ਪ੍ਰਮਾਤਮਾ ਦੀ ਯਾਦ ਵਿਚ ਰੋ ਲੈਣ ਦਾ ਜ਼ਿਆਦਾ ਆਨੰਦ ਹੁੰਦਾ ਹੈ।
* ਲੋਹਾ ਲੋਹੇ ਨੂੰ ਕੱਟਦਾ ਹੈ, ਇਹ ਗੱਲ ਤਾਂ ਸਹੀ ਹੈ ਪਰ ਚਿੱਕੜ ਨਾਲ ਚਿੱਕੜ ਸਾਫ ਨਹੀਂ ਹੁੰਦਾ, ਨਾ ਹੀ ਨਫ਼ਰਤ ਨਾਲ ਨਫ਼ਰਤ ਖ਼ਤਮ ਹੁੰਦੀ ਹੈ।
* ਦੁਨੀਆਂ ਉਹ ਕਿਤਾਬ ਹੈ ਜਿਸ ਨੂੰ ਪੜ੍ਹਨਾ ਮੁਸ਼ਕਿਲ ਹੈ ਪਰ ਸਮਾਂ ਉਹ ਅਧਿਆਪਕ ਹੈ ਜੋ ਕਿਤਾਬ ਪੜ੍ਹੇ ਬਿਨਾਂ ਵੀ ਬਹੁਤ ਕੁਝ ਸਿਖਾ ਜਾਂਦਾ ਹੈ।
* ਅੰਬਾਂ ਦੇ ਬੂਟਿਆਂ ਨੂੰ ਅੰਬ, ਨਿੰਬੂਆਂ ਨੂੰ ਨਿੰਬੂ, ਸੇਬਾਂ ਨੂੰ ਸੇਬ ਲਗਦੇ ਹਨ ਪਰ ਕਈ ਵਾਰ ਬੰਦੇ ਨੂੰ ਮਿਰਚਾਂ ਕਿਵੇਂ ਲੱਗ ਜਾਂਦੀਆਂ ਹਨ।
* ਚੁੱਪ ਦੋ ਕਿਸਮ ਦੀ ਹੁੰਦੀ ਹੈ ਪਹਿਲੀ ਚੁੱਪ ਉਹ ਜਦੋਂ ਇਨਸਾਨ ਥੱਕ ਹਾਰ ਕੇ ਬਹਿ ਜਾਵੇ ਅਤੇ ਦੂਜੀ ਚੁੱਪ ਉਹ ਜਦੋਂ ਇਨਸਾਨ ਨੂੰ ਸਭ ਸਮਝ ਆ ਜਾਵੇ, ਸਬਰ ਸੰਤੋਖ ਆ ਜਾਵੇ।
* ਜਦੋਂ ਕੋਈ ਤੁਹਾਨੂੰ ਧੋਖਾ ਦੇਂਦਾ ਹੈ ਤਾਂ ਹਾਲਾਤ ਇਉਂ ਬਣ ਜਾਂਦੇ ਹਨ ਜਿਵੇਂ ਉਸ ਨੇ ਤੁਹਾਡੀਆਂ ਬਾਹਵਾਂ ਵੱਢ ਦਿੱਤੀਆਂ ਹੋਣ, ਤੁਸੀਂ ਉਸ ਨੂੰ ਦਿਲੋਂ ਮੁਆਫ਼ ਤਾਂ ਕਰ ਸਕਦੇ ਹੋ ਪਰ ਜੱਫੀ ਨਹੀਂ ਪਾ ਸਕਦੇ। (ਟਾਲਸਟਾਏ)



ਹਰਦੀਪ ਸਿੰਘ ਸੋਢੀ
ਫੋਨ: 480-794-0325

## ਰਾਸ਼ਟਰੀ ਹਿੱਤ

ਆਖਣ ਲੱਗਾ ਲਹਿੰਦੇ ਪਾਸੇ ਵਾਲਿਆਂ ਨੂੰ ਗਾਹਲਾਂ ਕੱਢ...ਉਨ੍ਹਾਂ ਸਾਡੇ ਬੰਦੇ ਮਰਵਾਏ...!

ਮੈਂ ਆਖਿਆ ਇਹੋ ਗੱਲ ਤੂੰ ਸੰਨ ਦੋ ਹਜਾਰ ਵੇਲੇ ਵੀ ਆਖੀ ਸੀ ਜਦੋਂ ਚਿੱਟੀਸਿੰਘ ਪੁਰੇ ਛੱਤੀ ਦਸਤਾਰਾਂ ਵਾਲੇ ਮਾਰ ਮੁਕਾਏ ਸਨ...ਮਗਰੋਂ ਗੱਲ ਈ ਹੋਰ ਨਿੱਕਲੀ...ਮਾਰਨ ਵਾਲੇ ਤੇ ਜਮਨਾ ਪਾਰੋਂ ਘੱਲੇ ਸਨ...ਮਗਰੋਂ ਝੂਠ 'ਤੇ ਪਰਦਾ ਪਾਉਣ ਖਾਤਿਰ ਕਸ਼ਮੀਰੀ ਮਾਵਾਂ ਦੇ ਛੇ ਪੁੱਤ ਝੂਠੇ ਵਿਚ ਮਾਰ ਪਥਰੀਬਲ ਦੱਬ ਦਿੱਤੇ!

ਕਹਿੰਦਾ ਉਹ ਗੱਲ ਤਾਂ ਹੁਣ ਪੁਰਾਣੀ ਹੋ ਗਈ...ਫਰਜ ਕਰ ਜੇ ਮਾਰੇ ਵੀ ਹੋਣ ਤਾਂ ਰਾਸ਼ਟਰੀ ਹਿੱਤ ਵਿਚ ਸ਼ਹੀਦ ਹੋਏ ਸਮਝ ਭੁੱਲ ਜਾਣੇ ਚਾਹੀਦੇ...!

ਆਖਿਆ ਕਿਹੜਾ ਰਾਸ਼ਟਰੀ ਹਿੱਤ...ਓਹੀ ਜਿਸਨੇ ਨਵੰਬਰ ਚੁਰਾਸੀ ਵੇਲੇ ਰੁੱਖ ਡਿੱਗਣ ਤੇ ਧਰਤੀ ਹਿਲਾਈ ਸੀ...ਚਾਰ ਦਹਾਕੇ ਹੋ ਗਏ...ਰਾਸ਼ਟਰ ਹਿੱਤ ਨੇ ਇਕ ਨੂੰ ਵੀ ਫਾਹੇ ਨਹੀਂ ਟੰਗਿਆ...!

ਸੋ ਇਸ ਵੇਰ ਕੋਈ ਗਾਹਲ ਨਹੀਂ ਕੱਢਣੀ...ਲਹਿੰਦੇ ਵਲ ਸਾਡਾ ਨਨਕਾਣਾ...ਸੱਚ ਸੌਦਾ...ਪੁਰਖਿਆਂ ਦੀ ਧਰਤੀ...ਪਿੰਡ...ਖੇਡ ਮਿੱਟੀ...ਗੁਰੂ ਅਰਜਨ ਦੇਵ ਭਾਈ ਮਰਦਾਨਾ ਅਤੇ ਹੋਰ ਵੀ ਕਿੰਨਾ ਕੁਝ...!

ਅਚਾਨਕ ਤੁਰਿਆ ਜਾਂਦਾ ਹਾਏ ਆਖ ਥੱਲੇ ਬੈਠ ਗਿਆ...ਪੁੱਛਿਆ ਤਾਂ ਕਹਿੰਦਾ ਪੈਰੀ ਕੰਡਾ ਚੁੱਭ ਗਿਆ...ਮੈਂ ਆਖਿਆ ਅਜੇ ਤੇ ਤਲੀ ਵਿਚ ਚੁਭਿਆ...ਦਿਲ ਅੰਦਰ ਧੱਸਿਆ ਹੁੰਦਾ ਤਾਂ ਅੰਦਾਜਾ ਲਾ ਲੈ ਕਿੰਨੀ ਪੀੜ ਕਰਦਾ...ਇਹ ਪੀੜ ਸਿਰਫ ਪਹਿਲਗਾਮ ਵਾਲਿਆਂ ਦੇ ਟੱਬਰ ਜਾਣਦੇ ਤੇ ਜਾਂ ਫੇਰ ਮੇਰਾ ਬਾਪ ਜਿਸਨੇ ਸਾਨੂੰ ਆਖ ਰਖਿਆ ਸੀ...ਲਹਿੰਦੇ ਵਾਲੇ ਪਾਸੇ ਨੂੰ ਪੈਂਦ ਕਰ ਕਦੇ ਮੰਜਾ ਨਹੀਂ ਡਾਹੁਣਾ....ਓਧਰ ਪੁਰਖਿਆਂ ਦੇ ਪਿੰਡ ਨੇ!

ਕਿਧਰੇ ਪੜ੍ਹਿਆ ਸੀ...ਖਿਚੜੀ ਚੁੱਲੇ ਉੱਤੇ ਰਿੱਝਦੀ ਹੋਵੇ ਤਾਂ ਸਮਝੋ ਕਿਸੇ ਮਰੀਜ ਦਾ ਭਲਾ ਹੋਣ ਵਾਲਾ ਅਤੇ ਜੇ ਬਿੱਪਰ ਦੇ ਦਿਮਾਗ ਅੰਦਰ ਪੱਕ ਰਹੀ ਹੋਵੇ ਤਾਂ ਸਮਝੋ ਬਿੱਲੀ ਆਪਣੇ ਬਲੂੰਗੜੇ ਖੁਦ ਹੀ ਨਿਗਲਣ ਵਾਲੀ ਏ!

(ਅਕਾਲ ਪੁਰਖ ਮਗਰ ਰਹਿ ਗਿਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ)

-ਹਰਪ੍ਰੀਤ ਸਿੰਘ ਜਵੰਦਾ

# ਗੀਤਕਾਰੀ ਦੇ ਬਾਦਸ਼ਾਹ ਨੰਦ ਲਾਲ ਨੂਰਪੁਰੀ ਨੂੰ ਯਾਦ ਕਰਦਿਆਂ

ਪੰਜਾਬੀ ਕਾਵਿ-ਜਗਤ ਵਿਚ ਸਾਹਿਤਕ ਗੀਤਕਾਰੀ ਨੂੰ ਨਿਭਾਉਣ ਵਾਲ਼ੀ ਜੇ ਕਿਸੇ ਕਲਮ ਨੂੰ ਸਭ ਤੋਂ ਵੱਧ ਸਤਿਕਾਰ ਦੇਣਾ ਹੋਵੇ ਤਾਂ ਮੇਰੇ ਧਿਆਨ ਵਿਚ ਸਭ ਤੋਂ ਪਹਿਲਾਂ ਨਾਂ ਨੰਦ ਲਾਲ ਨੂਰਪੁਰੀ ਦਾ ਹੀ ਆਉਂਦਾ ਹੈ। ਹੁਣ ਤੱਕ ਨੂਰਪੁਰੀ ਦੇ ਲਿਖੇ ਗੀਤਾਂ ਨੇ ਆਪਣੇ-ਆਪ ਨੂੰ ਲੋਕ ਗੀਤਾਂ ਦੇ ਹਾਣੀ ਬਣਾ ਕੇ ਨੂਰਪੁਰੀ ਨੂੰ ਜਿਉਂਦੇ ਰੱਖਿਆ ਹੋਇਆ ਹੈ।

ਨੂਰਪੁਰੀ ਨੂੰ ਸਾਹਿਤਕ ਗੀਤਕਾਰੀ ਦੇ ਬਾਦਸ਼ਾਹ ਹੋਣ ਦਾ ਮਾਣ ਦਿੰਦਿਆਂ ਅਸੀਂ ਉਨ੍ਹਾਂ ਦੀ ਜ਼ਿੰਦਗੀ ਦੇ ਹਾਲਾਤ, ਸਾਹਿਤਕ ਸਫ਼ਰ ਤੇ ਗੀਤਕਾਰੀ ਬਾਰੇ ਵਿਚਾਰਾਂ ਦੀ ਸਾਂਝ ਬਣਾਵਾਂਗੇ।

ਨੰਦ ਲਾਲ ਦਾ ਜਨਮ 3 ਜੂਨ 1906 ਨੂੰ ਪਿੰਡ ਨੂਰਪੁਰ, ਜ਼ਿਲ੍ਹਾ ਲਾਇਲਪੁਰ, ਪਾਕਿਸਤਾਨ ਵਿਚ ਪਿਤਾ ਬਿਸ਼ਨ ਸਿੰਘ ਅਤੇ ਮਾਤਾ ਹੁਕਮ ਦੇਈ ਦੇ ਘਰ ਹੋਇਆ। ਆਪਣੇ ਪਿੰਡ ਦੇ ਨਾਂ ਨੂੰ ਹੀ ਆਪਣੇ ਨਾਂ ਨਾਲ਼ ਜੋੜ ਕੇ ਨੰਦ ਲਾਲ ਨੇ ਨੂਰਪਰ

**ਸੁਖਚੈਨ ਸਿੰਘ ਕੁਰੜ**

ਪਿੰਡ ਦੇ ਮਾਣ ਨੂੰ ਦੁਨੀਆ ਵਿਚ ਪਹਿਚਾਣ ਦਿੱਤੀ। ਮੈਟ੍ਰਿਕ ਦੀ ਪ੍ਰੀਖਿਆ ਖ਼ਾਲਸਾ ਹਾਈ ਸਕੂਲ ਲਾਇਲਪੁਰ ਤੋਂ ਪਾਸ ਕਰਨ ਤੋਂ ਬਾਅਦ ਉਸ ਨੇ ਖ਼ਾਲਸਾ ਕਾਲਜ ਵਿਖੇ ਦਾਖ਼ਲਾ ਲੈ ਲਿਆ। ਬੀਕਾਨੇਰ ਵਿਖੇ ਹੀ ਸੁਮਿੱਤਰਾ ਦੇਵੀ ਨਾਲ਼ ਨੰਦ ਲਾਲ ਨੂਰਪੁਰੀ ਦਾ ਵਿਆਹ ਹੋ ਗਿਆ, ਜਿਸਦੀ ਕੁੱਖੋਂ ਛੇ ਲੜਕੀਆਂ ਅਤੇ ਦੋ ਲੜਕੇ (ਸਤਿਨਾਮ ਤੇ ਸਤਿਕਰਤਾਰ) ਪੈਦਾ ਹੋਏ।

1934 ਤੋਂ 1940 ਤੱਕ ਨੂਰਪੁਰੀ ਨੇ ਪੁਲਿਸ ਦੀ ਨੌਕਰੀ ਕੀਤੀ। ਪੁਲਿਸ ਦੀ ਨੌਕਰੀ ਦੌਰਾਨ ਇੱਕ ਮੁਕਾਬਲੇ ਨੇ ਉਸ ਦੇ ਮਨ ਨੂੰ ਕਾਫ਼ੀ ਠੇਸ ਪਹੁੰਚਾਈ। ਉਹਦਾ ਕਵੀ ਮਨ ਕੁਰਲਾ ਉੱਠਿਆ, ਉਸ ਨੇ ਲਿਖਿਆ:-

ਏਥੋਂ ਉੱਡਜਾ ਭੋਲਿਆ ਪੰਛੀਆ, ਵੇ ਤੂੰ ਆਪਣੀ ਜਾਨ ਬਚਾ।

ਏਥੇ ਘਰ-ਘਰ ਫਾਹੀਆਂ ਗੱਡੀਆਂ, ਵੇ ਤੂੰ ਛੁਰੀਆਂ ਹੇਠ ਨਾ ਆ।

ਪੁਲਿਸ ਦੀ ਨੌਕਰੀ ਛੱਡਣ ਤੋਂ ਬਾਅਦ ਪਰਿਵਾਰ ਦੇ ਗੁਜ਼ਾਰੇ ਲਈ ਨੂਰਪੁਰੀ ਨੇ ਉਸ ਸਮੇਂ ਲੋਕ ਸੰਪਰਕ ਵਿਭਾਗ ਤੇ ਰੇਡੀਓ ਰਾਹੀਂ ਕੁਝ ਸਮਾਂ ਆਪਣਾ ਵਕਤ ਲੰਘਾਇਆ। ਫਿਰ ਭਾਸ਼ਾ ਵਿਭਾਗ ਵਿਚ ਕੁੱਝ ਸਮੇਂ ਲਈ ਨੌਕਰੀ ਕੀਤੀ ਪਰ ਉਹ ਉੱਥੇ ਵੀ ਬਹੁਤਾ ਸਮਾਂ ਟਿਕ ਨਾ ਸਕਿਆ। ਇੱਕ ਸਮੇਂ ਉਸ ਦੀ ਸਾਹਿਤ-ਸੇਵਾ ਤੇ ਦੇਸ-ਸੇਵਾ ਨੂੰ ਧਿਆਨ ਵਿਚ ਰੱਖਦਿਆਂ ਪੰਜਾਬ ਸਰਕਾਰ ਨੇ 75 ਰੁਪਏ ਮਹੀਨਾ ਵਜ਼ੀਫ਼ਾ ਵੀ ਲਗਾ ਦਿੱਤਾ। ਮੁੱਖ ਮੰਤਰੀ ਕਾਮਰੇਡ ਰਾਮ ਕਿਸ਼ਨ ਝਾਂਗੀ ਨੇ ਆਪਣੇ ਸਮੇਂ ਨੂਰਪੁਰੀ ਨੂੰ ਦਿੱਤੀ ਜਾਂਦੀ ਸਰਕਾਰੀ ਸਹਾਇਤਾ ਬੰਦ ਕਰ ਦਿੱਤੀ ਸੀ। ਉਸ ਤੋਂ ਬਾਅਦ ਦੇ ਹਾਲਾਤ ਨੇ ਨੂਰਪੁਰੀ ਨੂੰ ਕਾਫ਼ੀ ਨਿਰਾਸ਼ ਕਰ ਦਿੱਤਾ, ਉਹ ਖ਼ੁਦ ਲਿਖਦਾ ਹੈ:-

ਬੜਾ ਦੁਨੀਆ ਦਾ ਮੈਂ ਸਤਾਇਆ ਹੋਇਆ ਹਾਂ।
ਕਿ ਤੰਗ ਇਸ ਜ਼ਿੰਦਗੀ ਤੋਂ ਆਇਆ ਹੋਇਆ ਹਾਂ।
ਕੱਫ਼ਨ ਵਿਚ ਜ਼ਰਾ ਸੌਣ ਦੇਵੋ ਨਾ ਬੋਲੋ,
ਮੈਂ ਜ਼ਿੰਦਗੀ ਦੇ ਪੰਧ ਦਾ ਥਕਾਇਆ ਹੋਇਆ ਹਾਂ।

1940 ਵਿਚ ਨੂਰਪੁਰੀ ਬੀਕਾਨੇਰ ਤੋਂ ਪੰਜਾਬ ਆ ਗਿਆ। ਪ੍ਰੋ. ਮੋਹਨ ਸਿੰਘ ਅਨੁਸਾਰ, "1940 ਵਿਚ ਸ਼ੋਰੀ ਫ਼ਿਲਮ ਕੰਪਨੀ ਦੀ ਫ਼ਰਮਾਇਸ਼ ਉੱਤੇ ਨੂਰਪੁਰੀ ਨੇ ਪ੍ਰਸਿੱਧ ਫ਼ਿਲਮ 'ਮੰਗਤੀ' ਦੇ ਗਾਣੇ ਲਿਖੇ, ਜਿਸ ਨਾਲ਼ ਇੱਕ ਫਿਲਮੀ ਗੀਤਕਾਰ ਵਜੋਂ ਉਸ ਦੀ ਧਾਂਕ ਬੈਠ ਗਈ।" ਇਸ ਤੋਂ ਇਲਾਵਾ 'ਗੀਤ ਬਹਾਰਾਂ ਦੇ' ਅਤੇ 'ਵਲਾਇਤ ਪਾਸ' ਫ਼ਿਲਮਾਂ ਦੇ ਗੀਤਾਂ ਨੇ ਆਪਣੇ ਸਮੇਂ ਨੂਰਪੁਰੀ ਦੇ ਨਾਂ ਨੂੰ ਖ਼ੂਬ ਚਮਕਾਇਆ।

ਨੰਦ ਲਾਲ ਨੂਰਪੁਰੀ ਨੇ ਸਵਾ ਕੁ ਸੌ ਕਾਵਿ-ਵੰਨਗੀਆਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਜਿਨ੍ਹਾਂ ਵਿਚ ਕਵਿਤਾਵਾਂ, ਗੀਤ ਤੇ ਗ਼ਜ਼ਲਾਂ ਸ਼ਾਮਲ ਹਨ। ਇਨ੍ਹਾਂ ਵਿਚ ਗੀਤਾਂ ਦੀ ਗਿਣਤੀ ਸਭ ਤੋਂ ਵੱਧ ਲਗਪਗ ਛੇ ਦਰਜਨ ਅਤੇ ਸਭ ਤੋਂ ਘੱਟ ਗ਼ਜ਼ਲਾਂ, 12 ਹਨ।

ਨੰਦ ਲਾਲ ਨੂਰਪੁਰੀ ਦੀਆਂ ਵੱਖ-ਵੱਖ ਪ੍ਰਕਾਸ਼ਤ ਪੁਸਤਕਾਂ ਵਿਚ ਸਭ ਤੋਂ ਪਹਿਲਾਂ 'ਨੂਰੀ ਪਰੀਆਂ' ਦਾ ਨਾਂ ਆਉਂਦਾ ਹੈ ਜੋ ਉਸ ਸਮੇਂ ਲਾਹੌਰ ਤੋਂ ਛਪੀ ਸੀ। ਉਸ ਤੋਂ ਬਾਅਦ 'ਵੰਗਾਂ', ਜਿਸ ਦੇ ਗੀਤਾਂ ਨੂੰ "ਰੂਹ ਦੀ ਗਜ਼ਾ" ਦੇ ਤੌਰ 'ਤੇ ਵਡਿਆਇਆ ਗਿਆ ਹੈ। ਕਿਤਾਬ 'ਜਿਉਂਦਾ ਪੰਜਾਬ' ਦੀ ਗੱਲ ਕਰੀਏ ਤਾਂ ਉਸ ਦਾ ਮੁੱਖ ਵਿਸ਼ਾ ਪੰਜਾਬ ਹੀ ਹੈ। ਫਿਰ 'ਨੂਰਪੁਰੀ ਦੇ ਗੀਤ', 'ਸੁਗਾਤ' ਪੁਸਤਕ ਜਿਸਨੂੰ ਕਿ 'ਭਾਸ਼ਾ ਵਿਭਾਗ ਪੰਜਾਬ ਵਲੋਂ ਪਹਿਲਾ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਸੀ। ਇਸ ਕਿਤਾਬ ਦੀ ਭੂਮਿਕਾ ਲਿਖਦਿਆਂ 'ਹੀਰਾ ਸਿੰਘ ਦਰਦ' ਨੂਰਪੁਰੀ ਦੇ ਗੀਤਾਂ ਨੂੰ "ਸਮਾਜ ਲਈ ਸੁਗਾਤ" ਮੰਨਦਾ ਹੈ।

ਨੂਰਪੁਰੀ ਦੀ ਸਮੁੱਚੀ ਰਚਨਾ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰੋਫ਼ੈਸਰ ਮੋਹਨ ਸਿੰਘ ਦੀ ਸੰਪਾਦਨਾ ਹੇਠ 1969 ਵਿਚ 'ਨੰਦ ਲਾਲ ਨੂਰਪੁਰੀ ਕਾਵਿ-ਸੰਗ੍ਰਹਿ' ਨਾਂ ਹੇਠ ਛਾਪਿਆ ਗਿਆ ਸੀ। ਇਸ ਪੁਸਤਕ ਦੀ ਭੂਮਿਕਾ ਪ੍ਰੋ. ਮੋਹਨ ਸਿੰਘ ਨੇ ਲਿਖੀ ਜੋ ਕਿ 11 ਸਫ਼ਿਆਂ ਦੀ ਲੰਮੀ ਭੂਮਿਕਾ ਸੀ।

ਨੂਰਪੁਰੀ ਦੀ ਗੀਤਕਾਰੀ ਦੀ ਸ਼ੁਰੂਆਤ ਦੀ ਗੱਲ ਕਰਨ ਤੋਂ ਪਹਿਲਾਂ ਉਸ ਦੇ ਗੀਤ ਲਿਖਣ ਸੰਬੰਧੀ ਇਹ ਵਿਚਾਰ ਸਮਝਣੇ ਜ਼ਰੂਰੀ ਹਨ। ਨੂਰਪੁਰੀ ਲਿਖਦਾ ਹੈ ਕਿ "ਗੀਤ ਲਿਖਣਾ ਕਵਿਤਾ ਲਿਖਣ ਨਾਲੋਂ ਔਖਾ ਹੈ। ਜਿਸ ਦੇਸ਼ ਦੇ ਗੀਤ ਜਿਊਂਦੇ ਹਨ, ਉਹ ਦੇਸ਼ ਸਦਾ ਜਿਊਂਦਾ ਰਹਿੰਦਾ ਹੈ। ਮੈਂ ਕੋਸ਼ਿਸ਼ ਕਰਦਾ ਰਿਹਾ ਹਾਂ ਕਿ ਅਪਣੇ ਗੀਤਾਂ ਰਾਹੀਂ ਲੋਕਾਂ ਨੂੰ ਕੁੱਝ ਦੇ ਸਕਾਂ, ਅਪਣੇ ਗੀਤਾਂ ਰਾਹੀਂ ਕੌਮ ਤੇ ਦੇਸ਼ ਦੀ ਖ਼ਿਦਮਤ ਕਰ ਸਕਾਂ।" ਨੂਰਪੁਰੀ ਨੇ ਉਪਰੋਕਤ ਵਿਚਾਰ ਨੂੰ ਸਿਰਫ ਕਹਿਣ ਤੱਕ ਹੀ ਸੀਮਤ ਨਹੀਂ ਰੱਖਿਆ ਸਗੋਂ ਸਾਰੀ ਜ਼ਿੰਦਗੀ ਆਪਣੀ ਕਲਮ ਦੀ ਨੋਕ 'ਤੇ ਇਨ੍ਹਾਂ ਕਹੇ ਬੋਲਾਂ ਨੂੰ ਮਾਣ ਬਖ਼ਸ਼ਿਆ।


ਉਸ ਦਾ ਸਭ ਤੋਂ ਪਹਿਲਾ ਗੀਤ 'ਮੈਂ ਵਤਨ ਦਾ ਸ਼ਹੀਦ' ਉਸਨੇ 1925 ਵਿਚ ਲਿਖਿਆ ਸੀ।

ਮੈਂ ਵਤਨ ਦਾ ਸ਼ਹੀਦ ਹਾਂ, ਮੇਰੀ ਯਾਦ ਭੁਲਾ ਦੇਣੀ।
ਮੇਰੇ ਖ਼ੂਨ ਦੀ ਇਕ ਪਿਆਲੀ, ਕਿਸੇ ਪਿਆਸੇ ਨੂੰ ਪਿਲਾ ਦੇਣੀ।

ਇੱਥੇ ਅਸੀਂ ਮਹਿਸੂਸ ਕਰ ਸਕਦੇ ਹਾਂ ਕਿ ਸ਼ੁਰੂਆਤ ਵਿਚ ਹੀ ਦੇਸ-ਪਿਆਰ ਨਾਲ਼ ਭਰੀ ਭਾਵਨਾ ਨਾਲ਼ ਨੂਰਪੁਰੀ ਆਪਣੀ ਕਲਮ ਨੂੰ ਗੁੜ੍ਹਤੀ ਦਿੰਦਾ ਹੋਇਆ ਮਿਲ਼ਦਾ ਹੈ।

ਨੰਦ ਲਾਲ ਨੂਰਪੁਰੀ ਦੇ ਗੀਤ: ਬਾਲੀਵੁੱਡ ਵਿਚ ਮੁਹੰਮਦ ਰਫੀ ਤੋਂ ਲੈ ਕੇ ਗਾਇਕਾ ਲਤਾ ਮੰਗੇਸ਼ਕਰ ਅਤੇ ਆਸ਼ਾ ਭੌਂਸਲੇ ਵਲੋਂ ਉਨ੍ਹਾਂ ਦੇ ਗੀਤਾਂ ਨੂੰ ਆਵਾਜ਼ ਦਿੱਤੀ ਗਈ। ਪੰਜਾਬ ਵਿਚ ਉਸ ਸਮੇਂ ਦੇ ਚਰਚਿਤ ਕਲਾਕਾਰ (ਹਰਚਰਨ ਗਰੇਵਾਲ, ਆਸਾ ਸਿੰਘ ਮਸਤਾਨਾ, ਪ੍ਰਕਾਸ਼ ਕੌਰ, ਸੁਰਿੰਦਰ ਕੌਰ ਆਦਿ) ਨੂਰਪੁਰੀ ਦੇ ਲਿਖੇ ਗੀਤਾਂ ਨੂੰ ਗਾ ਕੇ ਆਪਣੇ ਆਪ ਨੂੰ ਭਾਗਾਂ ਵਾਲ਼ਾ ਸਮਝਦੇ ਸਨ। ਉਸ ਸਮੇਂ ਲਿਖੇ ਤੇ ਗਾਏ ਨੂਰਪੁਰੀ ਦੇ ਗੀਤ ਅੱਜ ਦੀ ਨਵੀਂ ਪੀੜ੍ਹੀ ਨੂੰ ਵੀ ਆਪਣੇ ਹਾਣੀ ਲੱਗਦੇ ਹਨ, ਮੱਲੋ-ਮੱਲੀ ਇਨ੍ਹਾਂ ਗੀਤਾਂ ਦੇ ਬੋਲ ਜਵਾਨ ਮੁੰਡੇ-ਕੁੜੀਆਂ ਦੇ ਬੁੱਲ੍ਹਾਂ 'ਤੇ ਥਿਰਕਣ ਲੱਗ ਜਾਂਦੇ ਹਨ। ਨੂਰਪੁਰੀ ਦੇ ਲਿਖੇ ਗੀਤਾਂ ਨੂੰ ਸਭ ਤੋਂ ਵੱਧ ਗਾਉਣ ਦਾ ਮਾਣ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਦੇ ਹਿੱਸੇ ਹੀ ਆਇਆ। ਉਨ੍ਹਾਂ ਦੇ ਕੁਝ ਗੀਤ, ਜੋ ਅੱਜ ਵੀ ਲੋਕ ਮਨਾਂ ਵਿਚ ਵਸੇ ਹੋਏ ਹਨ:

1. 'ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ'
2. ਚੰਨ ਵੇ! ਕਿ ਸ਼ੌਂਕਣ ਮੇਲੇ ਦੀ।



ਪੈਰ ਧੋ ਕੇ ਝਾਂਜਰਾਂ ਪੌਂਦੀ,
ਮੇਲ੍ਹਦੀ ਆਉਂਦੀ ਕਿ ਸ਼ੌਂਕਣ ਮੇਲੇ ਦੀ।
3. ਗੋਰੀ ਦੀਆਂ ਝਾਂਜਰਾਂ ਬੁਲੌਂਦੀਆਂ ਗਈਆਂ
ਗਲੀਆਂ ਦੇ ਵਿਚ ਡੰਡ ਪੌਂਦੀਆਂ ਗਈਆਂ-ਪ੍ਰਕਾਸ਼ ਕੌਰ
4. ਹਟੋ ਨੀ ਸਹੇਲੀਓ ਹਟਾਓ ਨਾ ਨੀ ਗੋਰੀਓ
ਗੁੜ ਵਾਂਗੂੰ ਮਿੱਠੀਓ ਨੀ ਗੰਨੇ ਦੀਉ ਪੋਰੀਓ
ਨੀ ਮੈਨੂੰ ਅੱਗ ਦੇ ਭਬੂਕੇ ਵਾਂਗੂੰ ਮੱਚ ਲੈਣ ਦੇ
ਨੀ ਮੈਨੂੰ ਦਿਉਰ ਦੇ ਵਿਆਹ ਵਿਚ ਨੱਚ ਲੈਣ ਦੇ-ਸੁਰਿੰਦਰ ਕੌਰ, ਪ੍ਰਕਾਸ਼ ਕੌਰ
5. ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ- ਸੁਰਿੰਦਰ ਕੌਰ

ਨੂਰਪੁਰੀ ਦਿਖਾਵੇ ਦੀ ਥਾਂ ਰੂਹ ਤੋਂ ਧਰਮ ਨੂੰ ਸਤਿਕਾਰ ਦੇਣ ਵਾਲ਼ਾ ਇਨਸਾਨ ਸੀ, ਉਸਦੀ ਇਸ ਸੱਚੀ-ਸੁੱਚੀ ਭਾਵਨਾ ਨੂੰ ਵੀ ਉਸ ਦੇ ਲਿਖੇ ਧਾਰਮਿਕ ਗੀਤਾਂ ਤੋਂ ਸਮਝਿਆ ਜਾ ਸਕਦਾ ਹੈ:

1. ਕਿੱਡੇ ਸੋਹਣੇ ਚੰਦ ਨੀ ਤੇ ਕਿੱਡੇ ਸੋਹਣੇ ਬਾਲ ਨੀ,
ਟੁਰੇ ਜਾਂਦੇ ਸੂਬੇ ਦੇ ਸਿਪਾਹੀਆਂ ਦੇ ਜੋ ਨਾਲ ਨੀ - ਪ੍ਰਕਾਸ਼ ਕੌਰ, ਸੁਰਿੰਦਰ ਕੌਰ
2. ਕਿੱਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ,
ਵੇਹੜੇ ਦੀਆਂ ਰੌਣਕਾਂ ਤੇ ਮਹਿਲਾਂ ਦੀ ਬਹਾਰ ਨੂੰ - ਪ੍ਰਕਾਸ਼ ਕੌਰ, ਸੁਰਿੰਦਰ ਕੌਰ
3. ਅੱਧੀ ਰਾਤੀਂ ਮਾਂ ਗੁਜਰੀ ਬੈਠੀ ਘੋੜੀਆਂ ਚੰਦਾਂ ਦੀਆਂ ਗਾਵੇ -ਪ੍ਰਕਾਸ਼ ਕੌਰ, ਸੁਰਿੰਦਰ ਕੌਰ
4. ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ
ਫੁੱਲਾਂ ਨਾਲ ਗੁੰਦੋ ਲੜੀ ਹੀਰਿਆਂ ਦੇ ਹਾਰ ਦੀ- ਸੁਰਿੰਦਰ ਕੌਰ, ਪ੍ਰਕਾਸ਼ ਕੌਰ

ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ਼ ਮੋਹ ਰੱਖਣ ਵਾਲ਼ੇ ਨੂਰਪੁਰੀ ਦੇ ਗੀਤਾਂ ਦਾ ਹਰ ਉਮਰ ਨੇ ਚਾਅ ਨਾਲ਼ ਹਾਣ ਪ੍ਰਵਾਨ ਕੀਤਾ, ਲੋਕਾਈ ਨੇ ਉਹਦੀ ਕਲਮ ਨੂੰ ਸਤਿਕਾਰ ਦਿੱਤਾ। ਔਰਤ ਦੇ ਵੱਖੋ-ਵੱਖ ਰਿਸ਼ਤਿਆਂ ਤੇ ਮਨ ਦੀਆਂ ਭਾਵਨਾਵਾਂ, ਉਨ੍ਹਾਂ ਦੇ ਚਾਵਾਂ ਨੂੰ ਸੱਚੇ-ਸੁੱਚੇ ਸ਼ਬਦਾਂ ਨਾਲ਼ ਗੀਤਾਂ ਵਿਚ ਪਰੋਣ ਦਾ ਸਭ ਤੋਂ ਵੱਡਾ ਮਾਣ ਵੀ ਨੂਰਪੁਰੀ ਦੀ ਕਲਮ ਦੇ ਹਿੱਸੇ ਹੀ ਆਇਆ ਹੈ। ਨੂਰਪੁਰੀ ਦੇ ਗੀਤ ਪੰਜਾਬੀ ਸੱਭਿਆਚਾਰ ਦਾ ਸ਼ੀਸ਼ਾ ਹਨ। ਉਸ ਦੇ ਗੀਤਾਂ 'ਤੇ ਜਿੰਨੀ ਵੀ ਚਰਚਾ ਕੀਤੀ ਜਾਵੇ, ਥੋੜ੍ਹੀ ਹੋਵੇਗੀ ਕਿਉਂਕਿ ਹਰ ਗੀਤ ਵਿਚ ਪੰਜਾਬੀ ਸੁਭਾਅ ਦੀ ਸੱਭਿਅਕ ਪਹਿਚਾਣ ਨੂੰ ਮਾਣ ਬਖ਼ਸ਼ਿਆ ਹੋਇਆ ਹੈ। ਸੱਭਿਆਚਾਰਕ ਪੱਖ ਤੋਂ ਸ਼ਬਦਾਵਲੀ ਆਧਾਰਤ ਇੱਕ ਕਿਤਾਬ ਲਿਖੀ ਜਾ ਸਕਦੀ ਹੈ। ਇਸ ਮਹਾਨ ਕਲਮਕਾਰ ਨੂੰ ਜੋ ਮਾਣ-ਸਨਮਾਨ ਉਹਦੇ ਜਿਉਂਦੇ ਜੀਅ ਮਿਲ਼ਣਾ ਚਾਹੀਦਾ ਸੀ ਉਹ ਨਹੀਂ ਮਿਲ਼ਿਆ। ਨੂਰਪੁਰੀ ਨੇ ਆਪਣੀ ਜ਼ਿੰਦਗੀ ਦਾ ਗੁਜ਼ਾਰਾ ਚੱਪਲਾਂ ਅਤੇ ਸਾਈਕਲ ਨਾਲ਼ ਹੀ ਗ਼ਰੀਬੀ ਵਿਚ ਕੀਤਾ ਪਰ ਉਸ ਦੇ ਲਿਖੇ ਗੀਤਾਂ ਨੇ ਉਸ ਸਮੇਂ ਦੇ ਨਾਮਵਰ ਗਾਇਕਾਂ ਨੂੰ ਕੋਠੀਆਂ ਵਾਲੇ ਜ਼ਰੂਰ ਬਣਾ ਦਿੱਤਾ ਸੀ।

ਨੂਰਪੁਰੀ ਖ਼ੁਦ ਆਖਿਆ ਕਰਦਾ ਸੀ ਕਿ

"ਸ਼ੇਅਰ ਕਹਿਣਾ ਜਾਂ ਤਾਂ ਬਾਦਸ਼ਾਹਾਂ ਦਾ ਕੰਮ ਹੈ ਜਾਂ ਫਿਰ ਫ਼ਕੀਰਾਂ ਦਾ ਕਿਉਂਕਿ ਇਹ ਦੋਵੇਂ ਹੀ ਆਰਥਿਕ ਪੱਖੋਂ ਪੂਰੀਆਂ ਹੋਣ ਵਾਲੀਆਂ ਸਮੂਹਿਕ ਲੋੜਾਂ ਲਈ ਕਿਸੇ ਦੇ ਮੁਥਾਜ ਨਹੀਂ ਹੁੰਦੇ।"

ਨੰਦ ਲਾਲ ਨੂਰਪੁਰੀ ਦਾ ਇੱਕ ਵਿਸ਼ੇਸ਼ ਗੁਣ ਇਹ ਵੀ ਸੀ ਕਿ ਉਹਨੇ ਹੁਣ ਦੇ ਰਿਵਾਜ਼ਾਂ ਵਾਂਗ ਇਨਾਮ-ਸਨਮਾਨ ਲੈਣ, ਆਪਣੇ 'ਤੇ ਗੋਸ਼ਟੀਆਂ ਕਰਾਉਣ, ਖੋਜ ਪ੍ਰਬੰਧ ਲਿਖਵਾ ਕੇ ਚਰਚਾ ਕਰਾਉਣ ਲਈ ਕਦੇ ਤਰਲੇ ਨਹੀਂ ਮਾਰੇ।

ਬੇਸ਼ੱਕ ਆਪਣੀ ਨਿੱਜੀ ਜ਼ਿੰਦਗੀ ਦੇ ਫ਼ਕੀਰਪੁਣੇ 'ਚ ਉਸ ਨੇ ਸ਼ਬਦਾਂ ਦਾ ਤਾਜ ਪਹਿਨ ਕੇ ਗੀਤਕਾਰੀ ਦੀ ਬਾਦਸ਼ਾਹੀ ਦਾ ਮਾਣ ਖੱਟਿਆ ਪਰ ਪਰਿਵਾਰ ਨੂੰ ਪਾਲਦਿਆਂ ਆਰਥਿਕ ਤੰਗੀਆਂ ਨਾਲ਼ ਜੂਝਦਾ ਅੰਦਰੋਂ-ਅੰਦਰੀ ਮਾਨਸਿਕ ਤੌਰ 'ਤੇ ਹਾਰਦਾ ਆਖਿਰ 13 ਮਈ 1966 ਨੂੰ ਉਹ ਖੂਹ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਗਿਆ।

ਸ਼ਾਹਕਾਰ ਲੋਕ ਗੀਤਾਂ ਦੇ ਹਾਣ ਦੇ ਗੀਤ ਪੰਜਾਬੀ ਮਾਂ-ਬੋਲੀ ਦੀ ਝੋਲੀ ਪਾਉਣ ਵਾਲ਼ੇ ਨੰਦ ਲਾਲ ਨੂਰਪੁਰੀ ਨੂੰ ਉਸ ਦੀ ਮੌਤ ਤੋਂ ਬਾਅਦ ਵੀ ਸਮੇਂ ਦੀਆਂ ਸਰਕਾਰਾਂ ਤੇ ਸਾਹਿਤਕ ਸੰਸਥਾਵਾਂ ਨੇ ਲਗਪਗ ਨਜ਼ਰਅੰਦਾਜ਼ ਕੀਤਾ। ਸਾਲ 2022 ਤੋਂ ਲੋਕ ਮੰਚ ਪੰਜਾਬ ਸੰਸਥਾ ਵੱਲੋਂ ਹਰ ਸਾਲ ਸਾਫ਼-ਸੁਥਰੀ ਗੀਤਕਾਰੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਲੱਖ ਦੇ ਨਗਦ ਇਨਾਮ ਦੇ ਨਾਲ਼ 'ਨੰਦ ਲਾਲ ਨੂਰਪੁਰੀ ਪੁਰਸਕਾਰ' ਸ਼ੁਰੂ ਕੀਤਾ ਗਿਆ ਹੈ। ਇਸ ਸੰਸਥਾ ਵੱਲੋਂ ਸਾਲ 2022 ਦਾ ਪਹਿਲਾ 'ਨੰਦ ਲਾਲ ਨੂਰਪੁਰੀ ਪੁਰਸਕਾਰ' ਉੱਘੇ ਪੰਜਾਬੀ ਕਵੀ ਤੇ ਗੀਤਕਾਰ ਗੁਰਭਜਨ ਸਿੰਘ ਗਿੱਲ ਨੂੰ ਦਿੱਤਾ ਗਿਆ ਅਤੇ ਸਾਲ 2023 ਦਾ ਪੁਰਸਕਾਰ ਉੱਘੇ ਗੀਤਕਾਰ ਅਤੇ ਗਾਇਕ ਪਾਲੀ ਦੇਤਵਾਲੀਆ ਨੂੰ ਦਿੱਤਾ ਗਿਆ।

# ਕੁਦਰਤ ਦੀਆਂ ਸ਼ਾਹਕਾਰ ਰਚਨਾਵਾਂ 'ਚੋਂ ਸਭ ਤੋਂ ਉੱਤਮ ਰਚਨਾ ਹੈ 'ਪਰਿਵਾਰ'

**'ਕੌਮਾਂਤਰੀ ਪਰਿਵਾਰ ਦਿਵਸ' 'ਤੇ ਵਿਸ਼ੇਸ਼**

ਸੰਸਾਰ ਵਿਚ ਪਰਿਵਾਰ ਦੀ ਮਹਿਮਾ ਨੂੰ ਬਿਆਨਦਿਆਂ ਪ੍ਰਸਿੱਧ ਵਿਦਵਾਨ ਜਾਰਜ ਸੈਂਟੀਅਨ ਨੇ ਕਿਹਾ ਸੀ- "ਕੁਦਰਤ ਵੱਲੋਂ ਰਚੀਆਂ ਸ਼ਾਹਕਾਰ ਰਚਨਾਵਾਂ ਵਿਚੋਂ ਸਭ ਤੋਂ ਉੱਤਮ ਰਚਨਾ ਪਰਿਵਾਰ ਹੈ।" ਨਿਰਸੰਦੇਹ ਇਹ ਕਥਨ ਪੂਰੀ ਤਰ੍ਹਾਂ ਸੱਚਾ ਵੀ ਹੈ ਤੇ ਸਾਰਥਕ ਵੀ। ਕਿਸੇ ਵੀ ਮਨੁੱਖ ਦੇ ਸਰਬਪੱਖੀ ਵਿਕਾਸ ਲਈ ਸਭ ਤੋਂ ਉੱਤਮ ਇਕਾਈ ਪਰਿਵਾਰ ਹੀ ਹੈ। ਜੇਕਰ ਅਜੋਕੇ ਸਮੇਂ ਦੀ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਅਜੋਕਾ ਮਨੁੱਖ ਤੇ ਖ਼ਾਸ ਕਰਕੇ ਨੌਕਰੀਪੇਸ਼ਾ ਮਨੁੱਖ ਸ਼ਹਿਰਾਂ ਤੇ ਕਸਬਿਆਂ ਵਿਚ ਰਹਿੰਦਿਆਂ ਹੋਇਆਂ ਇਕਲਾਪੇ ਦਾ ਸ਼ਿਕਾਰ ਹੋ ਕੇ ਭਾਰੀ ਮਾਨਸਿਕ ਪ੍ਰੇਸ਼ਾਨੀ ਜਾਂ ਤਣਾਅ ਹੰਢਾਅ ਰਿਹਾ ਹੈ। ਪਰਿਵਾਰਕ ਝਗੜਿਆਂ ਨੂੰ ਸੁਲਝਾਉਣ ਲਈ ਘਰ ਵਿਚ ਕਿਸੇ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
**ਫੋਨ: 97816-46008**

ਸਿਆਣੇ ਜਾਂ ਬਜ਼ੁਰਗ ਵਿਅਕਤੀ ਦੀ ਗ਼ੈਰਹਾਜ਼ਰੀ ਵੀ ਇਸ ਤਣਾਅ ਨੂੰ ਹੋਰ ਵਧਾ ਰਹੀ ਹੈ। ਦਾਦਾ-ਦਾਦੀ ਦੀ ਗ਼ੈਰ-ਹਾਜ਼ਰੀ ਵਾਲੇ ਪਰਿਵਾਰਾਂ ਵਿਚ ਪਰਵਰਿਸ਼ ਪਾ ਰਹੇ ਨਿੱਕੇ ਬੱਚਿਆਂ ਅੰਦਰ ਨਿਰਾਸ਼ਾ, ਅੱਖੜਪੁਣੇ ਤੇ ਨੈਤਿਕ ਗਿਰਾਵਟ ਦੇ ਨਾਲ-ਨਾਲ ਉਨ੍ਹਾਂ ਦੇ ਮਾਪਿਆਂ ਦਰਮਿਆਨ ਝਗੜਿਆਂ, ਖ਼ੁਦਕੁਸ਼ੀਆਂ ਅਤੇ ਜੁਰਮਾਂ ਦੀ ਦਰ ਵਿਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ। ਅਜੋਕੇ ਸਮੇਂ ਦੀਆਂ ਮੁਟਿਆਰਾਂ ਵਿਆਹ ਤੋਂ ਬਾਅਦ ਆਪਣੇ ਸੱਸ-ਸਹੁਰੇ ਨੂੰ ਨਾਲ ਰੱਖਣ ਦੀ ਥਾਂ ਪਤੀ ਨਾਲ ਇਕੱਲਿਆਂ ਰਹਿਣ ਦੇ ਸੁਫ਼ਨੇ ਵੇਖ਼ਦੀਆਂ ਹਨ ਪਰ ਇਹ ਨਹੀਂ ਜਾਣਦੀਆਂ ਕਿ ਘਰ ਦੇ ਬਜ਼ੁਰਗ ਤਾਂ ਅਸਲ ਵਿਚ ਘਰ ਦੇ 'ਜੰਦਰੇ' ਹੁੰਦੇ ਹਨ ਤੇ ਬਿਨਾ ਜੰਦਰਿਆਂ ਵਾਲੇ ਘਰਾਂ ਦਾ ਸੁੱਖ-ਚੈਨ ਤਾਂ ਕਦੇ ਵੀ ਚੋਰੀ ਹੋ ਸਕਦਾ ਹੈ। ਇਸ ਪ੍ਰਥਾਇ ਬਰੈਡ ਹੈਨਰੀ ਦਾ ਕਥਨ ਹੈ-"ਬਜ਼ੁਰਗਾਂ ਦੀ ਹਾਜ਼ਰੀ ਵਾਲਾ ਪਰਿਵਾਰ ਇਕ ਤਰ੍ਹਾਂ ਦਾ ਕੰਪਾਸ ਹੁੰਦਾ ਹੈ, ਜੋ ਸਾਡਾ ਮਾਰਗ-ਦਰਸ਼ਨ ਕਰਦਾ ਹੈ, ਇਹ ਸਾਨੂੰ ਉਚੇਰੇ ਮੁਕਾਮ ਹਾਸਿਲ ਕਰਨ ਦੀ ਪ੍ਰੇਰਨਾ ਦਿੰਦਾ ਹੈ ਅਤੇ ਜਦੋਂ ਅਸੀਂ ਥਿੜਕਣ ਲਗਦੇ ਹਾਂ ਤਾਂ ਇਹ ਸਾਡਾ ਆਸਰਾ ਬਣਦਾ ਹੈ"।


ਅੱਜ ਦੁਨੀਆਂ ਭਰ ਵਿਚ 'ਪਰਿਵਾਰ ਦਿਵਸ' ਮਨਾਇਆ ਜਾ ਰਿਹਾ ਹੈ ਤੇ ਪਰਿਵਾਰ ਨੂੰ ਸਾਲ ਦਾ ਇਕ ਦਿਨ ਸਮਰਪਿਤ ਕਰਨ ਦਾ ਵਿਚਾਰ ਸੰਯੁਕਤ ਰਾਸ਼ਟਰ ਸੰਘ ਦੀ ਆਮ ਸਭਾ ਦੇ ਸੰਨ 1983 ਅਤੇ ਸੰਨ 1985 ਵਿਚ ਹੋਏ ਇਜਲਾਸਾਂ ਵਿਚ ਰੱਖਿਆ ਗਿਆ ਸੀ ਤੇ ਉਪਰੰਤ ਸੰਨ 1993 ਵਿਚ ਸੰਯੁਕਤ ਰਾਸ਼ਟਰ ਸੰਘ ਵੱਲੋਂ ਇਹ ਐਲਾਨ ਕਰ ਦਿੱਤਾ ਗਿਆ ਸੀ ਕਿ 15 ਮਈ ਦਾ ਦਿਨ 'ਕੌਮਾਂਤਰੀ ਪਰਿਵਾਰ ਦਿਵਸ' ਵਜੋਂ ਹਰ ਸਾਲ ਮਨਾਇਆ ਜਾਵੇਗਾ। ਉਦੋਂ ਤੋਂ ਲੈ ਕੇ ਹੁਣ ਤੱਕ ਉਕਤ ਮਿਤੀ ਨੂੰ ਇਹ ਦਿਵਸ ਮਨਾਉਣ ਦੀ ਪ੍ਰੰਪਰਾ ਚੱਲਦੀ ਆ ਰਹੀ ਹੈ। ਸੰਯੁਕਤ ਰਾਸ਼ਟਰ ਸੰਘ ਅਨੁਸਾਰ ਇਹ ਦਿਵਸ ਪਰਿਵਾਰ ਦੇ ਮਹੱਤਵ ਸਬੰਧੀ ਆਮ ਲੋਕਾਂ ਅੰਦਰ ਜਾਗਰੂਕਤਾ ਪੈਦਾ ਕਰਨ ਅਤੇ ਪਰਿਵਾਰ ਨੂੰ ਪ੍ਰਭਾਵਿਤ ਕਰਨ ਵਾਲੇ ਸਮਾਜਿਕ, ਆਰਥਿਕ ਅਤੇ ਭੂਗੋਲਿਕ ਤੱਤਾਂ ਪ੍ਰਤੀ ਚੇਤਨਤਾ ਪੈਦਾ ਕਰਨ ਦਾ ਦਿਵਸ ਹੈ। ਅੱਜ ਸਭ ਨੂੰ ਇਹ ਸਮਝਾਉਣ ਦੀ ਲੋੜ ਹੈ ਕਿ ਪਰਿਵਾਰ ਕੇਵਲ 'ਨਾਲ ਰਹਿਣ ਨਾਲ' ਨਹੀਂ ਸਗੋਂ 'ਨਾਲ ਜਿਊਣ ਨਾਲ' ਬਣਦਾ ਹੈ। ਇਸਦੇ ਨਾਲ ਹੀ ਇਹ ਤੱਥ ਵੀ ਸਮਝਣਾ ਬਣਦਾ ਹੈ ਕਿ ਆਪਣਿਆਂ ਦਾ ਸਾਥ ਬੇਹੱਦ ਜ਼ਰੂਰੀ ਹੈ। ਆਪਣਿਆਂ ਦੀ ਮੌਜੂਦਗੀ ਤੇ ਸਾਥ ਨਾਲ ਸੁੱਖ ਵਧ ਜਾਂਦਾ ਹੈ ਤੇ ਦੁੱਖ ਵੰਡਿਆ ਜਾਂਦਾ ਹੈ।

ਸਾਲ 2024 ਲਈ 'ਕੌਮਾਂਤਰੀ ਪਰਿਵਾਰ ਦਿਵਸ' ਦਾ ਥੀਮ ਹੈ-"ਵਿਭਿੰਨਤਾ ਨੂੰ ਗਲੇ ਲਗਾਓ ਤੇ ਪਰਿਵਾਰਾਂ ਨੂੰ



ਮਜ਼ਬੂਤ ਕਰੋ"। ਇਹ ਥੀਮ ਦੱਸਦਾ ਹੈ ਕਿ ਸਾਨੂੰ ਪਰਿਵਾਰਕ ਮੈਂਬਰਾਂ ਦਰਮਿਆਨ ਵਿਚਾਰਧਾਰਕ ਅਤੇ ਸੁਭਾਵਾਂ ਦੀ ਭਿੰਨਤਾ ਨੂੰ ਖਿੜੇ ਮੱਥੇ ਕਬੂਲਣਾ ਚਾਹੀਦਾ ਹੈ ਤੇ ਇਸ ਭਿੰਨਤਾ ਨੂੰ 'ਕਮਜ਼ੋਰੀ' ਦੀ ਥਾਂ 'ਤਾਕਤ' ਬਣਾ ਕੇ ਪਰਿਵਾਰਾਂ ਨੂੰ ਹੋਰ ਮਜ਼ਬੂਤ ਬਣਾਉਣਾ ਚਾਹੀਦਾ ਹੈ। ਸਮੂਹ ਸਮਾਜ ਵਿਗਿਆਨੀ ਇਹ ਸਵੀਕਾਰ ਕਰਦੇ ਹਨ ਕਿ ਬੇਸ਼ੱਕ ਬੀਤੇ ਕਈ ਦਹਾਕਿਆਂ ਤੋਂ ਵਿਸ਼ਵ ਪੱਧਰ 'ਤੇ ਵੱਡੇ ਭੂਗੋਲਿਕ ਅਤੇ ਤਕਨੀਕੀ ਪਰਿਵਰਤਨ ਹੋਏ ਹਨ ਪਰ ਇਸਦੇ ਬਾਵਜੂਦ ਅਜੇ ਵੀ ਸਮਾਜ ਦੀ ਮੂਲ ਇਕਾਈ ਪਰਿਵਾਰ ਹੀ ਹੈ। ਕਿਸੇ ਵਿਦਵਾਨ ਨੇ ਸੱਚ ਹੀ ਕਿਹਾ ਹੈ -"ਮਿੱਟੀ ਦੇ ਮਟਕੇ ਦੀ ਤੇ ਪਰਿਵਾਰ ਦੀ ਕੀਮਤ ਬਸ ਬਣਾਉਣ ਵਾਲੇ ਨੂੰ ਹੀ ਪਤਾ ਹੁੰਦੀ ਹੈ, ਤੋੜਨ ਵਾਲੇ ਨੂੰ ਨਹੀਂ।" ਇਕ ਹੋਰ ਵਿਦਵਾਨ ਦੇ ਸੁਨਹਿਰੀ ਬੋਲ ਹਨ-"ਸਾਰਾ ਕੁਝ ਜਿੱਤ ਕੇ ਜਾਂ ਸਾਰਾ ਕੁਝ ਹਾਰ ਕੇ ਇਨਸਾਨ ਜਿਸ ਦੇ ਕੋਲ ਜਾਣਾ ਚਾਹੁੰਦਾ ਹੈ, ਉਹ ਪਰਿਵਾਰ ਹੈ।"


ਸੋ ਅੱਜ ਬੜੀ ਭਾਰੀ ਲੋੜ ਹੈ ਕਿ ਪਰਿਵਾਰ ਦੀ ਮਹਿਮਾ ਨੂੰ ਅਤੇ ਪਰਿਵਾਰ ਵਿਚ ਕਿਸੇ ਵੱਡ-ਵਡੇਰੇ ਦੇ ਮੌਜੂਦ ਹੋਣ ਦੇ ਮਹੱਤਵ ਨੂੰ ਸਮਝਿਆ ਜਾਵੇ ਤਾਂ ਜੋ ਪਰਿਵਾਰ ਦੇ ਬੱਚਿਆਂ ਤੇ ਜਵਾਨਾਂ ਵਿਚ ਕੁਝ ਚੰਗੀਆਂ ਕਦਰਾਂ-ਕੀਮਤਾਂ ਦਾ ਪ੍ਰਸਾਰ ਹੋ ਸਕੇ। ਜੇਕਰ ਪਰਿਵਾਰ ਚੰਗੇ ਅਤੇ ਉਚ-ਨੈਤਿਕ ਕਦਰਾਂ ਕੀਮਤਾਂ ਵਾਲੇ ਬਣ ਜਾਣਗੇ ਤਾਂ ਕੋਈ ਸ਼ੱਕ ਨਹੀਂ ਕਿ ਸਾਡਾ ਸਮਾਜ ਵੀ ਚੰਗੀਆਂ ਨੈਤਿਕ ਕਦਰਾਂ-ਕੀਮਤਾਂ ਅਤੇ ਘੱਟ ਤਣਾਅਗ੍ਰਸਤ ਜੀਵਨ ਵਾਲਾ ਸਮਾਜ ਬਣ ਜਾਵੇਗਾ।




# ਕਰਨ ਜੌਹਰ ਨਾਲ ਹੋਇਆ ਸ਼ਨਾਇਆ ਕਪੂਰ ਦਾ 'ਪੈਚਅੱਪ'



ਇਕ ਅਦਾਕਾਰਾ ਦੇ ਤੌਰ 'ਤੇ ਸ਼ਨਾਇਆ ਕਪੂਰ ਦੀ ਪਹਿਲੀ ਫਿਲਮ 'ਵਿਸ਼ਭ' ਇਕ ਪੈਨ ਇੰਡੀਆ ਫ਼ਿਲਮ ਸੀ। ਜਿਸ ਵਿੱਚ ਫ਼ਿਲਮਾਂ ਦੇ ਸੁਪਰ ਸਟਾਰ ਮੋਹਨ ਲਾਲ ਮੁੱਖ ਭੂਮਿਕਾ ਵਿਚ ਸਨ। ਹੁਣ ਉਹ ਵਿਕਾਂਤ ਮੈਸੀ ਦੇ ਨਾਲ 'ਆਂਖੋਂ ਕੀ ਗੁਸਤਾਖੀਆਂ' ਤੋਂ ਬਾਲੀਵੁੱਡ ਵਿਚ ਡੈਬਿਊ ਕਰਨ ਜਾ ਰਹੀ ਹੈ। ਇਹ ਇਕ ਰੋਮਾਂਟਿਕ ਡ੍ਰਾਮਾ ਹੈ, ਜਿਸ ਵਿਚ ਉਹ ਇਕ ਥੀਏਟਰ ਅਭਿਨੇਤਰੀ ਦਾ ਚੁਣੌਤੀਪੂਰਨ ਅਤੇ ਭਾਵਨਾਤਮਕ ਕਿਰਦਾਰ ਨਿਭਾਅ ਰਹੀ ਹੈ। ਕਰਨ ਜੌਹਰ ਦੇ ਧਰਮਾ ਪ੍ਰੋਡਕਸ਼ਨ ਵਲੋਂ ਆਪਣੇ ਸਭ ਤੋਂ ਜ਼ਿਆਦਾ ਭਰੋਸੇਮੰਦ ਸ਼ਾਗਿਰਦ ਸਸ਼ਾਂਕ ਖੇਤਾਨ ਦੇ ਨਿਰਦੇਸ਼ਨ ਵਿਚ ਬਣਨ ਵਾਲੀ ਫ਼ਿਲਮ 'ਬੇਧੜਕ' ਵਿਚ ਸ਼ਨਾਇਆ ਕਪੂਰ ਨੂੰ ਕਾਸਟ ਕੀਤਾ ਗਿਆ ਸੀ । ਇਸ ਡੈਬਿਊ ਫ਼ਿਲਮ ਵਿਚ ਉਹ ਲਕਸ਼ਯ ਅਤੇ ਗੁਰਫ਼ਤਹਿ ਪੀਰਜ਼ਾਦਾ ਦੇ ਨਾਲ ਮੁੱਖ ਭੂਮਿਕਾ ਵਿਚ ਨਜ਼ਰ ਆਉਣ ਵਾਲੀ ਸੀ। ਇਸ ਤੋਂ ਇਲਾਵਾ ਕਰਨ ਜੌਹਰ ਨੇ ਟਾਈਗਰ ਸ਼ਰਾਫ ਅਤੇ ਸ਼ਨਾਇਆ ਨੂੰ ਲੈ ਕੇ ਫ਼ਿਲਮ 'ਸਕਰੂ ਢੀਲਾ' ਬਣਾਉਣ ਦਾ ਵੀ ਐਲਾਨ ਕੀਤਾ ਸੀ ਪਰ ਸ਼ਨਾਇਆ ਦੇ ਕਰੀਅਰ ਵਿਚ ਇਕ ਵੱਡੀ ਚੁਣੌਤੀ ਉਸ ਸਮੇਂ ਆਈ ਜਦੋਂ ਫ਼ਿਲਮ 'ਬੇਧੜਕ' ਅਤੇ 'ਸਕਰੂ ਢੀਲਾ' ਦੋਵੇਂ ਫ਼ਿਲਮਾਂ ਨੂੰ ਰੱਦ ਕਰ ਦਿੱਤਾ ਗਿਆ। ਇਸ ਦੇ ਪਿੱਛੇ ਵਜ੍ਹਾ ਸ਼ਨਾਇਆ ਦੀ ਮੰਮੀ ਸੀ। ਇਸ ਤੋਂ ਬਾਅਦ ਖਬਰ ਆ ਰਹੀ ਹੈ ਕਿ ਕਰਨ 'ਸਟੂਡੈਂਟ ਆਫ਼ ਦ ਈਅਰ ਨੂੰ ਸੀਰੀਜ਼ ਦੀ ਸ਼ਕਲ ਵਿਚ ਲੈ ਕੇ ਆ ਰਿਹਾ ਹੈ। ਜੀਓ ਹਾਟਸਟਾਰ ਨਾਲ ਮਿਲ ਕੇ ਉਹ ਆਪਣੀ ਇਸ ਫ਼ਿਲਮ ਫ੍ਰੈਂਚਾਈਜ਼ੀ ਨੂੰ ਹੁਣ ਇਕ ਵੈੱਬ ਸੀਰੀਜ਼ ਵਿਚ ਬਦਲਣ ਵਾਲੇ ਹਨ। ਇਸ ਵਿਚ ਸ਼ਨਾਇਆ ਵੀ ਨਜ਼ਰ ਆਵੇਗੀ ਜੋ ਕਿ ਇਸ ਜ਼ਰੀਏ ਓ.ਟੀ.ਟੀ. ਦੀ ਦੁਨੀਆ ਵਿਚ ਕਦਮ ਰੱਖੇਗੀ।



# ਰਣਬੀਰ-ਆਲੀਆ ਦੀ 'ਲਵ ਐਂਡ ਵਾਰ'

ਨਿਰਦੇਸ਼ਕ ਸੰਜੇ ਲੀਲਾ ਭੰਸਾਲੀ ਆਪਣੀ ਪਿਆਰ ਤੇ ਐਕਸ਼ਨ ਭਰਪੂਰ ਫ਼ਿਲਮ 'ਲਵ ਐਂਡ ਵਾਰ' ਲੈ ਕੇ ਆ ਰਹੇ ਹਨ। ਇਸ ਫ਼ਿਲਮ ਵਿਚ ਪਹਿਲੀ ਵਾਰ ਰਣਬੀਰ ਕਪੂਰ, ਆਲੀਆ ਭੱਟ ਅਤੇ ਵਿੱਕੀ ਕੌਸ਼ਲ ਇਕੱਠੇ ਨਜ਼ਰ ਆਉਣਗੇ। ਫ਼ਿਲਮ ਅਗਲੇ ਸਾਲ ਭਾਵ ਮਾਰਚ 2026 ਨੂੰ ਸਿਨੇਮਾ ਘਰਾਂ 'ਚ ਜਾਣ ਲਈ ਟਰੈਕ 'ਤੇ ਹੈ। ਉਂਝ ਫ਼ਿਲਮ ਦੇ ਮਾਰਧਾੜ ਵਾਲੇ ਦ੍ਰਿਸ਼ਾਂ ਦਾ ਫ਼ਿਲਮਾਂਕਣ ਅਗਸਤ ਤਕ ਮੁਕੰਮਲ ਕਰ ਲਿਆ ਜਾਏਗਾ।

# ਦਰਸ਼ਕਾਂ ਨੂੰ ਪਸੰਦ ਹੈ ਕੰਗਨਾ ਸ਼ਰਮਾ ਦਾ ਹਰ ਅੰਦਾਜ਼

ਫ਼ਿਲਮ 'ਗ੍ਰੇਟ ਗੋਡ ਮਸਤੀ' ਤੋਂ ਬਾਲੀਵੁੱਡ ਵਿਚ ਆਪਣੀ ਸ਼ੁਰੂਆਤ ਕਰਨ ਵਾਲੀ ਅਦਾਕਾਰਾ ਕੰਗਨਾ ਸ਼ਰਮਾ ਆਪਣੇ ਬੋਲਡ ਫੈਸ਼ਨ ਅਤੇ ਸੋਸ਼ਲ ਮੀਡੀਆ 'ਤੇ ਆਪਣੀ ਮੌਜੂਦਗੀ ਲਈ ਹਮੇਸ਼ਾ ਚਰਚਾ ਵਿਚ ਰਹਿੰਦੀ ਹੈ।

ਉਸ ਨੂੰ 'ਦ ਕਪਿਲ ਸ਼ਰਮਾ ਸ਼ੋਅ' ਅਤੇ 'ਤੂ ਸੂਰਜ ਮੈਂ ਸਾਂਝ ਪੀਆ ਜੀ' ਵਰਗੇ ਸ਼ੋਆਂ ਤੋਂ ਟੀ.ਵੀ. 'ਤੇ ਬਹੁਤ ਹਰਮਨ ਪਿਆਰਤਾ ਮਿਲੀ। 3 ਅਪ੍ਰੈਲ, 1989 ਨੂੰ ਹਰਿਆਣਾ ਵਿਚ ਪੈਦਾ ਹੋਈ ਤੇ ਮੁੰਬਈ ਵਿਚ ਪਲੀ-ਵੱਡੀ ਹੋਈ, ਕੰਗਨਾ ਨੇ ਸਾਲ 2012 ਵਿਚ ਮਾਡਲਿੰਗ ਦੀ ਦੁਨੀਆ ਵਿਚ ਕਦਮ ਰੱਖਿਆ ਸੀ ਅਤੇ 2014 ਵਿਚ ਉਹ 'ਮਿਸ ਮੈਕਸਿਮ ਪ੍ਰਤੀਯੋਗਿਤਾ' ਵਿਚ ਰਨਰ-ਅਪ ਰਹੀ ਸੀ ਜਿਸ ਨੇ ਉਸ ਨੂੰ ਅਚਾਨਕ ਸੁਰਖੀਆਂ ਵਿਚ ਲਿਆ ਦਿੱਤਾ ਸੀ। ਕੰਗਨਾ ਸ਼ਰਮਾ ਨੇ ਐਕਟਿੰਗ ਕਰੀਅਰ ਦੀ ਸ਼ੁਰੂਆਤ ਇੰਦਰ ਕੁਮਾਰ ਵਲੋਂ ਨਿਰਦੇਸ਼ਿਤ ਅਡਲਟ ਕਾਮੇਡੀ ਫ਼ਿਲਮ 'ਗ੍ਰੇਟ ਗ੍ਰੇਡ ਮਸਤੀ' ਤੋਂ ਕੀਤੀ ਸੀ। ਫ਼ਿਲਮ ਵਿਚ ਕੰਗਨਾ ਦਾ ਕਿਰਦਾਰ ਛੋਟਾ ਸੀ ਪਰ ਧਿਆਨ ਖਿੱਚਣ ਵਾਲਾ ਸੀ। ਉਸ ਨੇ ਆਫ਼ਤਾਬ ਸ਼ਿਵਦਾਸਾਨੀ ਦੀ ਸਾਲੀ ਦਾ ਕਿਰਦਾਰ ਨਿਭਾਇਆ ਸੀ।

ਇਸ ਤੋਂ ਬਾਅਦ ਕੰਗਨਾ ਰੋਮਾਂਟਿਕ ਕਾਮੇਡੀ ਫ਼ਿਲਮ 'ਰਾਮ ਰਤਨ' (2017) ਵਿਚ ਨਜ਼ਰ ਆਈ ਪਰ ਇਹ ਉਸ ਦੀ ਇਹ ਫ਼ਿਲਮ ਓਨੀ ਸਫਲ ਨਹੀਂ ਸੀ ਰਹੀ। ਉਸ ਦੀਆਂ ਹੋਰ ਫ਼ਿਲਮਾਂ ਵਿਚ 'ਯੂਜ਼ੜ' ਅਤੇ 'ਸਾਇਆ-ਏ-ਇਸ਼ਕ' ਦੇ ਨਾਂਅ ਸ਼ਮਿਲ ਹਨ। ਫ਼ਿਲਮਾਂ ਅਤੇ ਟੈਲੀਵਿਜ਼ਨ ਤੋਂ ਇਲਾਵਾ ਕੰਗਨਾ ਸ਼ਰਮਾ ਨੇ 'ਮੋਨਾ ਹੋਮ ਡਿਲੀਵਰੀ' ਅਤੇ 'ਦ ਕਸੀਨ' ਵੈੱਬ ਸੀਰੀਜ਼ ਵਿਚ ਵੀ ਕੰਮ ਕੀਤਾ ਹੈ। ਵੈੱਬ ਸੀਰੀਜ਼ 'ਮੋਨਾ ਹੋਮ ਡਿਲੀਵਰੀ' ਵਿਚ ਉਸ ਨੇ ਇਕ ਵੇਸਵਾ ਦੇ ਕਿਰਦਾਰ ਵਿਚ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਸਨ। ਇਸ ਵੈੱਬ ਸੀਰੀਜ਼ ਲਈ ਉਹ ਬਹੁਤ ਚਰਚਾ ਵਿਚ ਰਹੀ ਸੀ।



ਇਸ ਤੋਂ ਇਲਾਵਾ ਉਸ ਨੇ ਕਈ ਸੰਗੀਤਕ ਵੀਡੀਓਜ਼ ਵਿਚ ਵੀ ਕੰਮ ਕੀਤਾ ਹੈ, ਜਿਨ੍ਹਾਂ ਵਿਚੋਂ 'ਤੇਰੇ ਜਿਸਮ-2' ਕਾਫ਼ੀ ਚਰਚਾ ਵਿਚ ਰਿਹਾ, ਜਿਸ ਵਿਚ ਕੰਗਨਾ ਨੇ ਆਪਣੇ ਆਕਰਸ਼ਕ ਦ੍ਰਿਸ਼ ਅਤੇ ਡਾਂਸ ਜ਼ਰੀਏ ਦਰਸ਼ਕਾਂ ਦਾ ਧਿਆਨ ਖਿੱਚਿਆ। ਲਗਦਾ ਹੈ ਕਿ ਕੰਗਨਾ ਦਾ ਬੋਲਡ ਅੰਦਾਜ਼ ਦਰਸ਼ਕਾਂ ਨੂੰ ਬਹੁਤ ਪਸੰਦ ਆ ਰਿਹਾ ਹੈ। ਸੋਸ਼ਲ ਮੀਡੀਆ 'ਤੇ ਕਾਫ਼ੀ ਜ਼ਿਆਦਾ ਸਰਗਰਮ ਰਹਿਣ ਵਾਲੀ ਕੰਗਨਾ ਦੇ ਇੰਸਟਾਗ੍ਰਾਮ 'ਤੇ 2.8 ਮਿਲੀਅਨ ਫਾਲੋਅਰਜ਼ ਹਨ। ਉਹ ਆਪਣੇ ਇਨ੍ਹਾਂ ਫਾਲੋਅਰਜ਼ ਲਈ ਆਏ ਦਿਨ ਕੁਝ ਨਾ ਕੁਝ ਸਾਂਝਾ ਕਰਦੀ ਰਹਿੰਦੀ ਹੈ। ਕੰਗਨਾ ਦੇ ਫ਼ੈਸ਼ਨ ਸੈਂਸ ਅਤੇ ਸਟਾਈਲ ਦੀ ਵਜ੍ਹਾ ਕਰਕੇ ਉਸ ਨੂੰ ਪੈਪਰਾਜੀ ਅਤੇ ਪ੍ਰਸ਼ੰਸਕਾਂ ਦਾ ਬਹੁਤ ਪਿਆਰ ਮਿਲਦਾ ਹੈ। ਪਿਛਲੇ ਦਿਨੀਂ ਮੁੰਬਈ ਦੇ ਇਕ ਰੈਸਟੋਰੈਂਟ ਤੋਂ ਬਾਹਰ ਕੰਗਨਾ ਪੈਪਰਾਜੀ ਲਈ ਪੋਜ਼ ਦੇ ਰਹੀ ਸੀ। ਜਿਥੇ ਹਾਈ ਹੀਲਜ਼ ਵਿਚ ਉਸ ਦਾ ਸੰਤੁਲਨ ਵਿਗੜ ਗਿਆ ਅਤੇ ਉਹ ਧੜੱਮ ਕਰਕੇ ਹੇਠਾਂ ਡਿੱਗ ਗਈ। ਕੰਗਨਾ ਦਾ ਇਹ ਡਿੱਗਣ ਵਾਲਾ ਵੀਡੀਓ ਸੋਸ਼ਲ ਮੀਡੀਆ 'ਤੇ ਬੜਾ ਵਾਇਰਲ ਹੋਇਆ ਸੀ ।

# ਰਿਚਾ ਚੱਢਾ ਦੀ ਵਿਲੱਖਣਤਾ



ਰਿਚਾ ਚੱਢਾ ਨੇ ਇਕ ਫ਼ਿਲਮੀ ਵੈੱਬ ਪੋਰਟਲ ਨਾਲ ਮੁਲਾਕਾਤ ਦੌਰਾਨ ਕਿਹਾ ਹੈ ਕਿ ਜਦ ਇਥੇ ਵੱਡੇ ਸਿਤਾਰਿਆਂ ਦੀ ਫ਼ਿਲਮ ਫੇਲ੍ਹ ਹੋ ਜਾਂਦੀ ਹੈ ਤਦ ਇੰਡਸਟਰੀ ਬੁਰੀ ਤਰ੍ਹਾਂ ਡਰ ਜਾਂਦੀ ਹੈ ਤੇ ਹੋਰ ਤਾਂ ਹੋਰ ਉਸ ਦੇ ਆਪਣੇ ਕਦਮ ਲੜਖੜਾ ਜਾਂਦੇ ਹਨ। ਰਿਚਾ ਨੇ ਇਹ ਵੀ ਕਿਹਾ ਕਿ ਨਵੇਂ ਚਿਹਰੇ ਅੱਗੇ ਲਿਆਉਣੇ ਇੰਡਸਟਰੀ ਤੇ ਸਟੀਰੀਓ ਟਾਈਪ ਟਰੈਂਡ ਪਿੱਛੇ ਦੌੜਨਾ ਸਾਡੀ ਫ਼ਿਲਮੀ ਦੁਨੀਆ ਨੂੰ ਛੱਡ ਦੇਣਾ ਚਾਹੀਦਾ ਹੈ। ਵਪਾਰ 'ਚ ਠੀਕ ਹੈ ਖ਼ਤਰੇ ਲੈਣੇ ਹਰੇਕ ਦੇ ਵੱਸ ਦੀ ਗੱਲ ਨਹੀਂ ਪਰ ਸਮਾਂ ਇਹੀ ਹੈ ਕਿ ਨਵੇਂ ਨੂੰ ਅੱਗੇ ਲਿਆਓ। ਖ਼ਤਰੇ ਲੈਣੇ ਹੀ ਪੈਣੇ ਹਨ। 'ਗਰਲਜ਼ ਵਿਲ ਬੀ ਗਰਲਜ਼' ਨੂੰ ਰਿਚਾ ਚੱਡਾ ਨੇ ਆਪ ਬਣਾਇਆ ਹੈ। ਰਿਚਾ ਨੇ ਸਾਫ਼ ਕਿਹਾ ਕਿ ਸਾਨੂੰ ਬਾਲੀਵੁੱਡ ਨੂੰ ਦੱਖਣ ਤੋਂ ਸਿੱਖਣ ਦੀ ਲੋੜ ਹੈ। ਦੱਖਣ ਵਾਲੇ ਵਪਾਰਕ ਕਾਮਯਾਬੀ ਤੇ ਖ਼ਤਰੇ ਇਨ੍ਹਾਂ ਦਾ ਸੰਤੁਲਨ ਬਣਾ ਕੇ ਚਲਦੇ ਹਨ ਤੇ ਉਹ ਕਾਮਯਾਬ ਹਨ। ਆਪਣੇ ਪਤੀ ਨਾਲ ਦੁਬਈ ਦੋ ਹਫ਼ਤੇ ਘੁੰਮ ਕੇ ਆਈ ਰਿਚਾ ਨੇ ਕਿਹਾ ਕਿ ਉਹ ਆਪਣੀ ਮਾਸੂਮ ਨਿੱਕੀ ਬੇਟੀ ਨੂੰ ਸਮਾਂ ਦੇਣਾ ਚਾਹੁੰਦੀ ਸੀ, ਪਤੀ ਨੂੰ ਸਮਾਂ ਦੇਣਾ ਚਾਹੁੰਦੀ ਸੀ, ਇਸ ਲਈ ਦੁਬਈ ਗਈ ਤੇ ਪੰਦਰਾਂ ਦਿਨ ਯੂ.ਏ.ਈ. 'ਚ ਤੀਆਂ ਦੀ ਤਰ੍ਹਾਂ ਲੰਘ ਗਏ। ਰਿਚਾ ਨੇ ਫ਼ਿਲਮੀ ਲੇਖਕ ਤੇ ਨਿਰਦੇਸ਼ਕਾਂ 'ਤੇ ਇਸ ਗੱਲ ਲਈ ਗੁੱਸਾ ਕੱਢਿਆ ਕਿ ਧੂੰਆਂ ਕੱਢਦੀ ਔਰਤ ਪਰਦੇ 'ਤੇ ਦਿਖਾ ਕੇ ਕਿਹੜੀ ਆਧੁਨਿਕ ਔਰਤ ਦੀ ਗੱਲ ਕਰ ਰਹੇ ਹਨ। ਜ਼ਰੂਰਤ ਤੋਂ ਜ਼ਿਆਦਾ ਕਲਪਨਾ ਬੁਰੀ ਚੀਜ਼ ਹੈ। ਅਸਲ 'ਚ ਰਿਚਾ ਨੇ ਅਪ੍ਰਤੱਖ ਰੂਪ 'ਚ ਦੀਪਿਕਾ ਪਾਦੂਕੋਨ ਤੇ ਨਿਸ਼ਾਨਾ ਸਾਧਿਆ, ਜਿਹੜੀ ਖਾਣ-ਪੀਣ-ਧੂੰਆਂ ਨੂੰ ਉਤਸ਼ਾਹਿਤ ਕਰਦੀ ਹੈ। ਇਤਿਹਾਸ ਦੀ ਗਰੈਜੂਏਟ ਰਿਚਾ ਚੱਢਾ ਦੀ ਫ਼ਿਲਮ 'ਗਰਲਜ਼ ਵਿਲ ਬੀ ਗਰਲਜ਼' ਨੂੰ ਕਾਫ਼ੀ ਐਵਾਰਡ ਮਿਲੇ ਹਨ ਤੇ ਮਿਲ ਰਹੇ ਹਨ। ਰਿਚਾ ਦੀ ਫ਼ਿਲਮ 'ਸੈਕਸ਼ਨ 375' ਦੀ ਅੱਜ ਵੀ ਚਰਚਾ ਹੁੰਦੀ ਹੈ। ਅੰਮ੍ਰਿਤਸਰੀ ਕੁੜੀ ਰਿਚਾ ਚੱਢਾ ਹਾਲਾਂ 30 ਸਾਲ ਦੀ ਹੈ ਪਰ ਉਹ ਲਗਦੀ ਐਨੀ ਉਮਰ ਦੀ ਨਹੀਂ ਹੈ ਤੇ ਆਖਿਰ 'ਚ ਦਿਲਚਸਪ ਗੱਲ ਇਹ ਕਿ ਰਿਚਾ ਇਕ ਫ਼ਿਲਮ ਮੈਗਜ਼ੀਨ ਦੀ ਪੱਤਰਕਾਰ ਬਣੀ ਸੀ ਤੇ ਉਸ ਨੇ ਅਭੈ ਦਿਓਲ ਦਾ ਇੰਟਰਵਿਊ ਕੀਤਾ ਸੀ, ਜਿਹੜਾ ਉਸ ਦਾ ਪਹਿਲਾ ਇੰਟਰਵਿਊ ਸੀ ਤੇ ਰਿਚਾ ਨੇ ਪਹਿਲੀ ਫ਼ਿਲਮ ਵੀ ਸਬਬ ਨਾਲ ਅਭੈ ਦਿਓਲ ਦੇ ਨਾਲ ਹੀ ਕੀਤੀ। ਵਾਹ! ਕੁਦਰਤ, ਕਹਿੰਦੀ ਰਿਚਾ ਆਪਣੀ ਜ਼ਿੰਦਗੀ ਤੋਂ ਸੰਤੁਸ਼ਟ ਹੈ।

# ਧੂਮ-4 ਵਿਚ ਦਿਸੇਗੀ ਕਿਆਰਾ



ਦੀਪਿਕਾ ਪਾਦੂਕੋਨ ਅਤੇ ਪ੍ਰਿਅੰਕਾ ਚੋਪੜਾ ਤੋਂ ਬਾਅਦ ਸਭ ਤੋਂ ਵੱਧ ਫੀਸ ਲੈਣ ਵਾਲੀ ਅਦਾਕਾਰਾ ਕਿਆਰਾ ਅਡਵਾਨੀ ਬਾਲੀਵੁੱਡ ਦੀਆਂ ਉਨ੍ਹਾਂ ਹੁਨਰਮੰਦ ਮਹਿਲਾ ਅਦਾਕਾਰਾਂ ਦੀ ਸੂਚੀ ਵਿਚ ਸ਼ਾਮਿਲ ਹੈ ਜਿੰਨ੍ਹਾਂ ਨੇ ਕਈ ਹਿਟ ਫ਼ਿਲਮਾਂ ਦੇ ਨਾਲ ਇਸ ਸਨਅਤ ਵਿਚ ਆਪਣੇ ਲਈ ਵਿਸ਼ੇਸ਼ ਥਾਂ ਬਣਾਈ ਹੈ। ਕਿਆਰਾ ਰਿਤਿਕ ਰੌਸ਼ਨ ਅਤੇ ਜੂਨੀਅਰ ਐਨ.ਟੀ.ਆਰ. ਦੇ ਨਾਲ ਫ਼ਿਲਮ 'ਵਾਰ-2' ਕਰ ਰਹੀ ਹੈ। ਯਸ਼ਰਾਜ ' ਫ਼ਿਲਮ ਵਲੋਂ ਬਣਾਈ ਗਈ ਇਹ ਫ਼ਿਲਮ ਆਉਣ ਵਾਲੇ ਦਿਨਾਂ ਵਿਚ ਦੁਨੀਆ ਭਰ ਵਿਚ ਰਿਲੀਜ਼ ਹੋਵੇਗੀ। ਕਿਆਰਾ ਅਡਵਾਨੀ ਦੀਆਂ ਆਉਣ ਵਾਲੀਆਂ ਫ਼ਿਲਮਾਂ ਉਸ ਦੇ ਕਰੀਅਰ ਲਈ ਖ਼ਾਸ ਮਹੱਤਵ ਰੱਖਦੀਆਂ ਹਨ। ਇਨ੍ਹੀਂ ਦਿਨੀਂ ਉਹ ਫ਼ਿਲਮ ਟਾਕਸਿਕ : ਏ ਫੇਅਰੀ ਟੇਲ ਫਾਰ ਗ੍ਰੋਨ-ਅੱਪਸ' ਅਤੇ 'ਵਾਰ-2' ਦੀ ਸ਼ੂਟਿੰਗ ਪੂਰੀ ਕਰਨ ਵਿਚ ਲੱਗੀ ਹੋਈ ਹੈ। ਰਿਪੋਰਟਾਂ ਦੀ ਮੰਨੀਏ ਤਾਂ ਕਿਆਰਾ ਅਡਵਾਨੀ ਦੀ ਝੋਲੀ ਵਿਚ ਦਿਨੇਸ਼ ਵਿਜ਼ਨ ਦੇ ਨਿਰਦੇਸ਼ਨ ਵਿਚ ਬਣਨ ਵਾਲੀ ਡਰਾਉਣੀ, ਕਾਮੇਡੀ ਫ਼ਿਲਮ 'ਸ਼ਕਤੀ ਸ਼ਾਲਿਨੀ' ਵੀ ਹੈ। ਇਸ ਤਰ੍ਹਾਂ ਦੀਆਂ ਵੀ ਖ਼ਬਰਾਂ ਹਨ ਕਿ ਯਸ਼ਰਾਜ ਫ਼ਿਲਮਜ਼ ਦੇ ਮੁਖੀਆ ਅੱਦਿਤਿਆ ਚੋਪੜਾ ਫ੍ਰੈਂਚਾਈਜ਼ੀ ਫ਼ਿਲਮ 'ਧੂਮ-4' ਲਈ ਰਣਬੀਰ ਕਪੂਰ ਨਾਲ ਕਿਆਰਾ ਅਡਵਾਨੀ ਨੂੰ ਲੈਣਾ ਚਾਹੁੰਦੇ ਹਨ। ਜੇਕਰ ਇਹ ਸੰਭਵ ਹੁੰਦਾ ਹੈ ਤਾਂ ਵੀ ਕਿਆਰਾ ਅਡਵਾਨੀ ਫ਼ਿਲਮ 'ਸ਼ਕਤੀ ਸ਼ਾਲਿਨੀ' ਅਤੇ 'ਧੂਮ-4' ਦੀ ਸ਼ੂਟਿੰਗ ਮਾਂ ਬਣਨ ਤੋਂ ਬਾਅਦ ਕਰੇਗੀ।


ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ
ਸ਼ਿਕਾਗੋ ਕਬੱਡੀ ਕੱਪ ਤੇ ਵਾਲੀਬਾਲ ਮੁਕਾਬਲੇ
31 ਮਈ 2025
ਸਥਾਨ: ਬਸੀ ਵੁੱਡਜ਼, ਐਲਕ ਗਰੋਵ ਵਿਲੇਜ
ਮੇਲੇ ਦੇ ਰੂਹ-ਏ-ਰਵਾਂ
ਹਰਦੀਪ ਸਿੰਘ ਭੱਟੀ (ਸਾਬਕਾ ਚੇਅਰਮੈਨ)
ਭੁਪਿੰਦਰ ਸਿੰਘ ਧਾਲੀਵਾਲ
ਸੁਖਵਿੰਦਰ ਸਿੰਘ ਘੱਗਰ
ਦੀਦਾਰ ਸਿੰਘ ਧਨੋਆ
ਰਣਬੀਰ ਸਿੰਘ ਧਾਲੀਵਾਲ
ਸੋਹਣ ਸਿੰਘ ਗਿੱਲ
ਨੋਨਾ ਗਰੇਵਾਲ
ਗੁਰਚਰਨ ਸਿੰਘ ਝੱਜ
ਜੈਦੇਵ ਸਿੰਘ ਭੱਠਲ
ਲਵ ਮਿਨਹਾਸ
ਗੁਰਿੰਦਰਜੀਤ ਸਿੰਘ ਗਰੇਵਾਲ
ਬਲਦੇਵ ਸਿੰਘ ਗਿੱਲ
ਵਿਛੜੀਆਂ ਰੂਹਾਂ
ਲਖਵਿੰਦਰ ਬਿਹਾਰੀਪੁਰੀਆ
ਗੁਰਪ੍ਰੀਤ ਤੂਰ
ਹਰਦੀਪ ਸਿੰਘ
ਵਾਲੀਬਾਲ ਦਾ ਪਹਿਲਾ ਇਨਾਮ ਢੀਂਡਸਾ ਪਰਿਵਾਰ ਅਤੇ ਦੂਜਾ ਇਨਾਮ ਸਮਰਾ ਪਰਿਵਾਰ ਵਲੋਂ
ਸਵ. ਮਿਹਰ ਸਿੰਘ ਢੀਂਡਸਾ
Sharan Kaur CEO,
Singh Financing
Ph: 832-604-6905
F 800-886-4082
SINGH FINANCING
www.singhfinancing.com
10206 Fairbanks N. Houston Rd.Houston, TX 77064
Invoice Factoring Services
ਮੁੱਖ ਮਹਿਮਾਨ
ਢੀਂਡਸਾ ਬਰਦਰਜ਼
ਚੇਅਰਮੈਨ
ਬੱਬੂ ਐਪਲਟਨ
ਖੁੱਲ੍ਹਾ ਅਖਾੜਾ
Deepak Dhillon
R Nait
Amar Sehmbi
Preet Thind
ਪੰਜਾਬ ਦੇ ਮਸ਼ਹੂਰ ਗਾਇਕ ਕਰਨਗੇ ਦਰਸ਼ਕਾਂ ਦਾ ਮਨੋਰੰਜਨ
ਜਿੰਦਰ ਬੈਨੀਪਾਲ ਸਾਬਕਾ ਪ੍ਰਧਾਨ
ਕਾਬਲ ਸਿੰਘ ਭੁੱਲਰ ਸਾਬਕਾ ਪ੍ਰਧਾਨ
ਬਲਜੀਤ ਟਿਵਾਣਾ ਸਾਬਕਾ ਪ੍ਰਧਾਨ
ਦੀਪਇੰਦਰ ਵਿਰਕ ਸਾਬਕਾ ਪ੍ਰਧਾਨ
ਹਨੀ ਖੰਘੂੜਾ ਸਾਬਕਾ ਪ੍ਰਧਾਨ
ਕਮਲਜੀਤ ਘੁਮਾਣ ਪ੍ਰਧਾਨ
ਪਿੰਦੀ ਛੀਨਾ ਮੀਤ ਪ੍ਰਧਾਨ
ਕਲੱਬ ਮੈਂਬਰ
ਜਿੰਦੀ ਖੰਘੂੜਾ
ਜਸਵਿੰਦਰ ਗਿੱਲ
ਜੱਸੀ ਸਹੋਤਾ
ਗਗਨ ਬਾਜਵਾ
ਗੋਲਡੀ ਲਾਲੀ
ਹਰਜਿੰਦਰ ਸਮਰਾ
ਸੁਖਰਾਜ ਸਿੰਘ ਤੱਖਰ
ਵਿੱਕੀ ਸ਼ੰਮੀਪੁਰੀਆ
ਹਰਪ੍ਰੀਤ ਗਿੱਲ
ਸ਼ੇਰਾ ਖਾਂਬੜਾ
ਪਾਲੀ ਧਾਲੀਵਾਲ
ਮਿੰਦਰ ਭੱਠਲ
ਜਗਜੀਤ ਨਾਹਲ
ਸੁਖਦੀਪ ਸਿੰਘ
ਜਸਪ੍ਰੀਤ ਮਠਾੜੂ
ਸੋਨੂੰ ਸਹੋਤਾ
ਨੰਨਾ ਸਹੋਤਾ
ਓਂਕਾਰ ਸਹੋਤਾ
ਜਗਦੀਸ਼ ਸੰਧੂ
ਹਰਬੰਤ ਗਰੇਵਾਲ
ਸੁਖਵੀਰ ਉੱਪਲ
ਅੰਮ੍ਰਿਤਪਾਲ ਬੱਟੂ
ਮਨਜੀਤ ਸਿੰਘ
ਮਨਮੋਹਨ ਸਿੰਘ ਭੱਠਲ
ਸੁਰਿੰਦਰ ਭੱਟੀ
ਹਰਕਮਲਦੀਪ ਸਿੰਘ
ਗੁਰਜੀਤ ਸੰਧੂ
ਪਰਮਿੰਦਰ ਸਿੰਘ
ਇੰਦਰਜੀਤ ਸਿੰਘ
ਲੱਖਾ ਦਾਖਾ
ਗੁਰਪਾਲ ਸੰਧੂ
ਜੋਤੀ ਸਹੋਤਾ
ਸੁਰਜੀਤ ਸਿੰਘ ਡੀ ਸੀ
ਬੰਟੀ ਕਨੌਜ਼ਾ
ਯਾਦਵਿੰਦਰ ਗਿੱਲ
ਨਵਜੋਤ ਸਿੰਘ
ਜਗਦੀਪ ਬਰਿਆਣਾ
ਮਨਦੀਪ ਨਿੱਝਰ
ਗੋਗਾ ਘੁਮਾਣ
ਯਾਦਵਿੰਦਰ ਗਿੱਲ
ਦੀਪਾ ਹੀਰ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਵਿੱਕੀ ਸ਼ੰਮੀਪੁਰੀਆ 215-917-9885
ਬਲਜੀਤ ਟਿਵਾਣਾ 773-469-9384
ਜਤਿੰਦਰ ਖੰਘੂੜਾ 224-381-2830
ਜਿੰਦੀ ਖੰਘੂੜਾ 847-529-1464
ਜਗਜੀਤ ਨਾਹਲ 224-678-4900
ਓਂਕਾਰ ਸਹੋਤਾ 708-745-1815
ਕਾਬਲ ਸਿੰਘ ਭੁੱਲਰ 847-732-9813
ਜੱਸੀ ਗਿੱਲ 773-759-0433
ਲੱਖਾ ਬਿਹਾਰੀਪੁਰ 630-706-0925